**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969



*Jassi Gill*
CA DRE# 00966763



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

FARMERS INSURANCE
*Auto *Home *Life
*Business *Work Comp



Gurcharan S. Mann
License # 0C70672
Do You Drive with
Uber - Curb – Lyft - SideCar
Need Insurance?
We have Special Coverage for You!!
Call: 510-797-7989
Duabba Insurance Agency
2450 Peralta Blvd, Suite 203
Fremont CA 94536



Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 29, July 18, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਅਨੰਦ ਮੈਰਿਜ ਐਕਟ ਬਾਰੇ ਸੁੱਤੀ ਰਹੀ ਸਰਕਾਰ

## ਹਰਿਆਣਾ ਤੋਂ ਬਗੈਰ ਕਿਤੇ ਲਾਗੂ ਨਾ ਹੋਇਆ ਸੋਧਿਆ ਐਕਟ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਥਕ ਕਹਾਉਂਦੀ ਪੰਜਾਬ ਦੀ ਅਕਾਲੀ ਸਰਕਾਰ ਸੂਬੇ ਵਿਚ ਅਨੰਦ ਮੈਰਿਜ ਐਕਟ ਲਾਗੂ ਕਰਨਾ ਹੀ ਭੁੱਲ ਗਈ ਜਦਕਿ ਗੁਆਂਢੀ ਸੂਬੇ ਹਰਿਆਣੇ ਵਿਚ ਪਿਛਲੀ ਭੁਪਿੰਦਰ ਸਿੰਘ ਹੁੱਡਾ ਸਰਕਾਰ ਨੇ ਦੋ ਸਾਲ ਪਹਿਲਾਂ ਇਹ ਐਕਟ ਲਾਗੂ ਕਰ ਦਿੱਤਾ ਸੀ। ਆਰ.ਟੀ.ਆਈ. ਤਹਿਤ ਹੋਏ ਖੁਲਾਸੇ ਪਿੱਛੋਂ ਬਾਦਲ ਸਰਕਾਰ ਜਿਥੇ ਨਾਮੋਸ਼ੀ ਦਾ ਸਾਹਮਣਾ ਕਰ ਰਹੀ ਹੈ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਆਖ ਰਹੇ ਹਨ ਕਿ ਉਹ ਹਰਿਆਣੇ ਦੀ ਇਸ ਪਹਿਲ 'ਤੇ ਹੈਰਾਨ ਹਨ ਤੇ ਵਿਧਾਨ ਸਭਾ ਵਿਚ ਆਉਂਦੇ ਸੈਸ਼ਨ ਦੌਰਾਨ ਐਕਟ ਪਾਸ ਕਰਵਾਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੱਕ ਪਹੁੰਚ ਕਰਨਗੇ।

ਯਾਦ ਰਹੇ, ਸੰਵਿਧਾਨ ਦੀ ਧਾਰਾ 25 ਵਿਚ ਸਿੱਖਾਂ ਨੂੰ ਬੋਧੀਆਂ ਤੇ ਜੈਨੀਆਂ ਵਾਂਗ ਹੀ ਹਿੰਦੂਆਂ ਦਾ ਹਿੱਸਾ ਮੰਨਿਆ ਗਿਆ ਹੈ ਜਦਕਿ ਭਾਰਤ ਵਿਚ ਬਾਕੀ ਤਿੰਨ ਘੱਟ-ਗਿਣਤੀ ਭਾਈਚਾਰਿਆਂ ਮੁਸਲਮਾਨਾਂ, ਈਸਾਈਆਂ ਤੇ ਪਾਰਸੀਆਂ ਲਈ ਵੱਖੋ-ਵੱਖਰੇ ਵਿਆਹ-ਸ਼ਾਦੀ ਕਾਨੂੰਨ ਹਨ। ਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਅਤੇ ਸੰਘਰਸ਼ ਦੇ ਸਿੱਟੇ ਵਜੋਂ ਹੀ ਭਾਰਤ ਸਰਕਾਰ ਵੱਲੋਂ ਅਨੰਦ ਮੈਰਿਜ ਐਕਟ-1909 ਵਿਚ ਸੋਧਾਂ ਕੀਤੀਆਂ ਗਈਆਂ ਸਨ। ਬਰਤਾਨਵੀ ਸਾਮਰਾਜ ਵੇਲੇ ਹੋਂਦ ਵਿਚ ਆਏ ਇਸ ਇਤਿਹਾਸਕ ਕਾਨੂੰਨ ਤਹਿਤ 2012 ਵਿਚ ਅਹਿਮ ਸੋਧ ਵਜੋਂ ਧਾਰਾ-6 ਸ਼ਾਮਲ ਕੀਤੀ ਗਈ ਸੀ। ਇਹ ਧਾਰਾ ਸਿੱਖ ਮੁੰਡੇ-ਕੁੜੀਆਂ ਦੇ ਵਿਆਹ ਹਿੰਦੂ ਮੈਰਿਜ ਐਕਟ ਤੋਂ ਵੱਖਰੇ ਤੌਰ ਉਤੇ ਦਰਜ ਕਰਨ ਦਾ ਹੱਕ ਦਿੰਦੀ ਹੈ। ਇਸ ਤਹਿਤ ਸਿੱਖਾਂ ਨੂੰ ਆਪਣੇ ਸੂਬਿਆਂ ਅੰਦਰ ਹੀ ਅਨੰਦ ਮੈਰਿਜ ਐਕਟ ਤਹਿਤ ਵਿਆਹ ਰਜਿਸਟਰ ਕਰਵਾਉਣ ਦਾ ਹੱਕ ਦਿੱਤਾ ਗਿਆ ਸੀ। ਕੇਂਦਰ ਨੇ ਸਮੂਹ ਸੂਬਾ ਸਰਕਾਰਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ (ਯੂ.ਟੀਜ਼) ਨੂੰ ਆਪੋ-ਆਪਣੇ ਪੱਧਰ ਉਤੇ ਨਿਯਮ (ਰੂਲਜ਼) ਬਣਾਉਣ ਲਈ ਕਿਹਾ ਗਿਆ ਸੀ, ਪਰ ਹਰਿਆਣਾ ਤੋਂ ਬਗੈਰ ਕਿਸੇ ਵੀ ਸੂਬੇ ਨੇ ਇਸ

*(ਬਾਕੀ ਸਫਾ 6 'ਤੇ)*



### ...ਤੇ ਧਾਰਾ 6 ਦੀ ਖੁਸ਼ੀ ਵਿਚਾਲੇ ਰਹਿ ਗਈ

ਸਿੱਖ ਜਥੇਬੰਦੀਆਂ ਪੰਜਾਬ ਸਰਕਾਰ ਦੀ ਇਸ ਅਣਗਹਿਲੀ ਤੋਂ ਹੈਰਾਨ ਹਨ। ਕੇਂਦਰ ਨੇ 2012 ਵਿਚ ਜਦੋਂ ਤਰਮੀਮ ਕਰ ਕੇ ਅਨੰਦ ਮੈਰਿਜ ਐਕਟ 1909 'ਚ ਧਾਰਾ 6 ਜੋੜੀ ਸੀ ਤਾਂ ਸਿੱਖਾਂ ਨੇ ਇਸ ਦਾ ਵੱਡੇ ਪੱਧਰ 'ਤੇ ਸਵਾਗਤ ਕੀਤਾ ਸੀ। ਇਥੋਂ ਤੱਕ ਕਿ ਪੰਜਾਬ ਦੀ ਬਾਦਲ ਸਰਕਾਰ ਨੇ ਵੀ ਇਸ ਸੋਧ ਲਈ ਆਪਣੀ ਪਿੱਠ ਥਾਪੜੀ ਸੀ। ਪੰਜਾਬ ਤੇ ਹੋਰ ਸੂਬਿਆਂ ਵਿਚ ਸਿੱਖਾਂ ਦੇ ਤਲਾਕ ਸਮੇਤ ਹੋਰ ਪਰਿਵਾਰਕ ਝਗੜੇ ਅਜੇ ਵੀ ਹਿੰਦੂ ਮੈਰਿਜ ਕਾਨੂੰਨ ਹੇਠ ਹੀ ਸੁਲਝਾਏ ਜਾਂਦੇ ਹਨ।

# 'ਆਪ' ਵੱਲੋਂ ਪੰਜਾਬ ਵਿਚ ਬਾਗੀਆਂ ਨੂੰ ਸੋਧਾ ਲਾਉਣ ਦੀ ਮੁਹਿੰਮ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਨਵੇਂ ਜਥੇਬੰਧਕ ਢਾਂਚੇ ਵਿਰੁਧ ਆਵਾਜ਼ ਬੁਲੰਦ ਕਰਨ ਵਾਲੇ ਪਾਰਟੀ ਆਗੂਆਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। 'ਆਪ' ਦੀ ਪੰਜਾਬ ਕਾਰਜਕਾਰਨੀ ਕਮੇਟੀ ਦੇ ਮੈਂਬਰ ਤੇ ਜ਼ਾਬਤਾ ਕਮੇਟੀ ਦੇ ਚੇਅਰਮੈਨ ਡਾ. ਦਲਜੀਤ ਸਿੰਘ ਨੂੰ ਪਾਰਟੀ ਦੇ ਕੇਂਦਰੀ ਆਗੂ ਸੰਜੇ ਸਿੰਘ ਤੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦੀ ਜਨਤਕ ਆਲੋਚਨਾ ਕਰਨ ਦੇ ਦੋਸ਼ ਹੇਠ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਡਾ. ਦਲਜੀਤ ਸਿੰਘ ਨੇ ਨਵੇਂ ਜਥੇਬੰਦਕ ਢਾਂਚੇ ਦਾ ਵਿਰੋਧ ਕਰਦਿਆਂ ਦੋਸ਼ ਲਾਇਆ ਸੀ ਕਿ ਸ. ਛੋਟੇਪੁਰ ਤੇ ਸੰਜੇ ਸਿੰਘ ਪਾਰਟੀ ਨੂੰ ਤਬਾਹ ਕਰਨ 'ਤੇ ਤੁਲੇ ਹੋਏ ਹਨ। ਉਧਰ 'ਆਪ' ਹਾਈਕਮਾਨ ਨੇ ਪੰਜਾਬ ਦੇ ਸੰਸਦ ਮੈਂਬਰਾਂ ਤੋਂ ਉਨ੍ਹਾਂ ਦੀ ਇਕ ਸਾਲ ਦੀ ਕਾਰਗੁਜ਼ਾਰੀ ਬਾਰੇ ਰਿਪੋਰਟ ਮੰਗ ਲਈ ਹੈ। ਪਟਿਆਲਾ ਤੋਂ 'ਆਪ'



ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਹਾਈਕਮਾਨ ਦੀ ਇਸ ਕਾਰਵਾਈ ਨੂੰ ਧੱਕਾ ਦੱਸਦਿਆਂ ਕਿਹਾ ਹੈ ਕਿ ਨਵੇਂ ਜਥੇਬੰਦਕ ਢਾਂਚੇ ਦੇ ਐਲਾਨ ਖ਼ਿਲਾਫ਼ ਬੋਲਣ ਕਾਰਨ ਹੀ ਸੰਸਦ ਮੈਂਬਰਾਂ 'ਤੇ ਇਹ ਦਬਾਅ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸੇ ਵੀ ਸੰਸਦ ਮੈਂਬਰ ਨੂੰ ਸੂਬੇ ਵਿਚ ਜਥੇਬੰਦਕ ਢਾਂਚਾ ਐਨਾਨਣ ਬਾਰੇ ਭਰੋਸੇ ਵਿਚ ਨਹੀਂ ਲਿਆ ਗਿਆ। ਤਿੰਨ ਸੰਸਦ ਮੈਂਬਰਾਂ ਵੱਲੋਂ ਇਸ ਉਤੇ ਇਤਰਾਜ਼ ਜਤਾਉਣ ਤੋਂ ਤੁਰੰਤ ਬਾਅਦ ਉਨ੍ਹਾਂ ਨੂੰ ਕਾਰਗੁਜ਼ਾਰੀ ਰਿਪੋਰਟ ਦੇਣ ਬਾਰੇ ਕਿਹਾ ਗਿਆ ਹੈ।

ਦੱਸਣਯੋਗ ਹੈ ਕਿ ਕੇਂਦਰੀ ਆਗੂਆਂ ਨੇ ਜ਼ਿਲ੍ਹਾ ਪੱਧਰੀ ਪੁਰਾਣਾ ਜਥੇਬੰਦਕ ਢਾਂਚਾ ਭੰਗ ਕਰ ਕੇ ਵਿਧਾਨ ਸਭਾ ਹਲਕਾ ਵਾਰ ਕੋਆਰਡੀਨੇਟਰ ਨਿਯੁਕਤ ਕੀਤੇ ਹਨ। ਤੇਰਾਂ ਲੋਕ ਸਭਾ ਸੀਟਾਂ ਦੇ ਇਨ੍ਹਾਂ ਕੋਆਰਡੀਨੇਟਰਾਂ ਉਤੇ ਗਿਆਰਾਂ ਦਿੱਲੀ ਦੇ ਇੰਚਾਰਜ ਥਾਪ ਦਿੱਤੇ ਹਨ ਤੇ ਸੁੱਚਾ ਸਿੰਘ ਛੋਟੇਪੁਰ

*(ਬਾਕੀ ਸਫਾ 6 'ਤੇ)*


**We Do Real Estate in Bay Area & Central Valley**
We do loans anywhere in California



Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime Realty & Mortgage
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਕਾਗਜ਼ਾਂ ’ਚ ਹਰਿਆ-ਭਰਿਆ ਦਿਸਣ ਲੱਗਾ ਪੰਜਾਬ

**ਜਲੰਧਰ:** ਦੋ ਸਾਲ ਪਹਿਲਾਂ ਪੰਜਾਬ ਨੂੰ ਹਰਿਆ-ਭਰਿਆ ਬਣਾਉਣ ਲਈ ਸੂਬੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਂ ਸਾਲਾਂ ‘ਚ 40 ਕਰੋੜ ਬੂਟੇ ਲਗਾਉਣ ਦੇ ਦਿੱਤੇ ਟੀਚੇ ਨੂੰ ‘ਬੂਰ’ ਪੈਂਦਾ ਨਜ਼ਰ ਨਹੀਂ ਆ ਰਿਹਾ। ਮੁੱਖ ਮੰਤਰੀ ਵੱਲੋਂ ਕੀਤੇ ਐਲਾਨ ਮੁਤਾਬਕ ਸਰਕਾਰ ਨੂੰ ਹਰ ਸਾਲ ਔਸਤਨ 8 ਕਰੋੜ ਬੂਟੇ ਲਗਾਉਣੇ ਪੈਣਗੇ ਤਾਂ ਜਾ ਕੇ ਸਾਲ 2017 ਤੱਕ 40 ਕਰੋੜ ਬੂਟੇ ਲਗਾਉਣ ਦਾ ਟੀਚਾ ਪੂਰਾ ਹੋ ਸਕਦਾ ਹੈ। ਹੁਣ ਜਦੋਂ ਸਰਕਾਰ ਦਾ ਕਾਰਜਕਾਲ ਹੀ 18 ਮਹੀਨਿਆਂ ਦਾ ਰਹਿ ਗਿਆ ਹੈ, ਤਾਂ ਅਫ਼ਸਰਾਂ ਨੇ ਵੀ ਧੜਾਧੜ ਫਾਈਲਾਂ ਵਿਚ ਹੀ ਪੰਜਾਬ ਨੂੰ ਹਰਿਆ-ਭਰਿਆ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ।

ਬੂਟੇ ਲਗਾਉਣ ਦੀਆਂ ਸਕੀਮਾਂ ਵਾਲੀਆਂ ਫਾਈਲਾਂ ਵਿਚ ਬੂਟਿਆਂ ਦੀ ਖਰੀਦ, ਉਨ੍ਹਾਂ ਦੀ ਢੋਆ-ਢੁਆਈ ਅਤੇ ਪਾਣੀ ਪਾਉਣ ਦੇ ਖਰਚਿਆਂ ਸਮੇਤ ਕਈ ਫੁਟਕਲ ਖਰਚੇ ਵੀ ਦਿਖਾਏ ਗਏ ਹਨ। ਇਸ ਬਾਰੇ ਜੰਗਲਾਤ ਵਿਭਾਗ ਦਾ ਕੋਈ ਵੀ ਅਧਿਕਾਰੀ ਅਧਿਕਾਰਤ ਤੌਰ ‘ਤੇ ਮੂੰਹ ਖੋਲ੍ਹਣ ਲਈ ਤਿਆਰ ਨਹੀਂ। ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਰਾਜ ਦੇ ਰੁੱਖ ਵਜੋਂ ਦਰਜਾ ਪ੍ਰਾਪਤ ਟਾਹਲੀ ਦੇ ਬੂਟੇ ਲਗਾਉਣਾ ਵੀ ਸਰਕਾਰ ਦੇ ਏਜੰਡੇ ਵਿਚ ਨਹੀਂ ਹੈ। ਬਰਸਾਤ ਦੇ ਚਾਲੂ ਮੌਸਮ ਵਿਚ ਪੰਜਾਬ ਦੇ ਰਵਾਇਤੀ ਰੁੱਖਾਂ ਟਾਹਲੀਆਂ, ਕਿੱਕਰਾਂ, ਨਿੰਮਾਂ, ਪਿੱਪਲਾਂ, ਬੋਹੜਾਂ, ਅੰਬਾਂ ਤੇ ਜਾਮਣਾਂ ਆਦਿ ਨੂੰ ਛੱਡ ਕੇ ਬੋਤਲ ਬੁਰਸ਼, ਸੁਖਚੈਨ ਤੇ ਅਮਲਤਾਸ਼ ਸਮੇਤ ਹੋਰ ਅਜਿਹੇ ਰੁੱਖ ਲਗਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਪਿਛਲੇ ਸਾਲ ਦੋਆਬੇ ਦੇ ਚਾਰ ਜ਼ਿਲ੍ਹਿਆਂ ਵਿਚ ਲੱਖਾਂ ਬੂਟੇ ਲਾਏ ਗਏ ਸਨ ਪਰ ਇਲਾਕੇ ਦੇ ਲੋਕਾਂ ਨੂੰ ਇਹ ਕਿਧਰੇ ਵੀ ਨਜ਼ਰ ਨਹੀਂ ਆ ਰਹੇ। ਜੰਗਲਾਤ ਵਿਭਾਗ ਨੇ ਇਸ ਸਾਲ 15 ਅਗਸਤ ਤੱਕ ਜਲੰਧਰ ਅਤੇ ਕਪੂਰਥਲਾ ਜ਼ਿਲ੍ਹੇ ‘ਚ ਤਿੰਨ ਲੱਖ ਰੁੱਖ ਲਗਾਉਣ ਦਾ ਟੀਚਾ ਮਿੱਥਿਆ ਹੋਇਆ ਹੈ। ਇਹ ਰੁੱਖ ਸ਼ਹਿਰੀ ਇਲਾਕੇ ‘ਚ ਲਗਪਗ 200 ਹੈਕਟੇਅਰ ਜ਼ਮੀਨ ‘ਚ ਲਾਏ ਜਾਣਗੇ। ਉਥੇ ਹੀ ਇਕ ਲੱਖ ਬੂਟੇ ਮਗਨਰੇਗਾ ਦੀ ਸਕੀਮ ਤਹਿਤ ਪੇਂਡੂ ਖੇਤਰਾਂ ‘ਚ ਲਾਏ ਜਾਣੇ ਹਨ। ਜੰਗਲਾਤ ਵਿਭਾਗ ਵੱਲੋਂ ਕਿਸਾਨਾਂ ਨੂੰ ਬੂਟੇ ਮੁਫਤ ਵੰਡਣ ‘ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ।

ਜਲੰਧਰ ਤੋਂ ਪਾਣੀਪਤ ਤੱਕ ਬਣ ਰਹੀ 6 ਮਾਰਗੀ ਸੜਕ ਤੋਂ ਲੱਖਾਂ ਰੁੱਖਾਂ ਦਾ ਉਜਾੜ ਹੋਣ ਦੇ ਬਾਵਜੂਦ ਜੰਗਲਾਤ ਵਿਭਾਗ ਨੇ ਉਸ ਦੇ ਬਦਲੇ ਇੱਕ ਵੀ ਬੂਟਾ ਨਹੀਂ ਲਾਇਆ ਜਦ ਕਿ ਜੰਗਲਾਤ ਵਿਭਾਗ ਦੇ ਨਿਯਮਾਂ ਮੁਤਾਬਿਕ ਕਿਧਰੇ ਵੀ ਸਰਕਾਰੀ ਥਾਂ ਤੋਂ ਰੁੱਖ ਕੱਟੇ ਜਾਣ ਤੋਂ ਪਹਿਲਾ ਉਸ ਦੇ ਬਦਲਵੇਂ ਪ੍ਰਬੰਧ ਵਜੋਂ ਢੁੱਕੀਂ ਥਾਂ ਲੱਭ ਕੇ ਬੂਟੇ ਲਗਾਉਣ ਹੁੰਦੇ ਹਨ ਪਰ ਜੰਗਲਾਤ ਵਿਭਾਗ ਨੇ ਅਜਿਹਾ ਕਰਨ ਦੀ ਜ਼ਹਿਮਤ ਨਹੀਂ ਉਠਾਈ। ਪੰਜਾਬ ‘ਚ 33 ਫੀਸਦੀ ਰਕਬਾ ਜੰਗਲਾਂ ਹੇਠ ਚਾਹੀਦਾ ਹੈ ਪਰ ਇਹ ਰਕਬਾ ਸੁੰਗੜ ਕੇ ਸਿਰਫ 6 ਫੀਸਦੀ ਰਹਿ ਗਿਆ ਹੈ।

## ਬਰਤਾਨੀਆ ਵੱਲੋਂ ਹਿੰਦੂ ਤੇ ਸਿੱਖਾਂ ਲਈ ਸ਼ਮਸ਼ਾਨਘਾਟ ਸਹੂਲਤਾਂ ਦਾ ਜਾਇਜ਼ਾ

**ਲੰਡਨ:** ਬਰਤਾਨੀਆ ਸਰਕਾਰ ਨੇ ਹਿੰਦੂ ਅਤੇ ਸਿੱਖਾਂ ਦੀ ਲੰਮੇ ਸਮੇਂ ਤੋਂ ਚਲੀ ਆ ਰਹੀ ਮੰਗ ਕਿ ਸ਼ਮਸ਼ਾਨਘਾਟ ਬਹੁਤ ਛੋਟੇ ਹਨ ਅਤੇ ਉਨ੍ਹਾਂ ਦੀਆਂ ਲੋੜਾਂ ਮੁਤਾਬਕ ਠੀਕ ਨਹੀਂ, ਮੁਲਕ ਦੀਆਂ ਸ਼ਮਸ਼ਾਨਘਾਟ ਸਹੂਲਤਾਂ ਦਾ ਜਾਇਜ਼ਾ ਲੈਣਾ ਸ਼ੁਰੂ ਕਰ ਦਿੱਤਾ ਗਿਆ ਹੈ।

ਬਰਤਾਨੀਆ ਦੇ ਚਾਂਸਲਰ ਜਾਰਜ ਓਸਬੋਰ ਨੇ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਨੇਤਾਵਾਂ ਵਲੋਂ ਮੰਗ ਪੱਤਰ ਦੇਣ ਪਿੱਛੋਂ ਹਾਊਸ ਆਫ ਕਾਮਨਜ਼ ਵਿਚ ਜਾਇਜ਼ਾ ਲੈਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਇਕ ਸਾਲ ਤੋਂ ਵੀ ਵੱਧ ਸਮੇਂ ਤੋਂ ਬਰਤਾਨੀਆ ਦੇ ਹਿੰਦੂ ਅਤੇ ਸਿੱਖਾਂ ਨੇ ਉਨ੍ਹਾਂ ਦਾ ਭਾਈਚਾਰਿਆਂ ਲਈ ਸ਼ਮਸ਼ਾਨਘਾਟ ਦੀ ਸਹੂਲਤਾਂ ਬਾਰੇ ਆਪਣੇ ਸਮੱਸਿਆਵਾਂ ਤੋਂ ਉਨ੍ਹਾਂ ਨੂੰ ਜਾਣੂੰ ਕਰਵਾਇਆ ਹੈ।

# ਖਾਲਿਸਤਾਨ ਟਾਈਗਰਜ਼ ਫੋਰਸ ਦੇ ਕਾਰਕੁਨਾਂ ਨੇ ਪੇਸ਼ੀ ਭੁਗਤੀ

**ਪਟਿਆਲਾ:** ਇਥੇ ਆਰੀਆ ਸਮਾਜ ਚੌਕ ਵਿਚ ਪੰਜ ਸਾਲ ਪਹਿਲਾਂ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਖਾਲਿਸਤਾਨ ਟਾਈਗਰ ਫੋਰਸ ਦੇ ਕਾਰਕੁਨ ਰਮਨਦੀਪ ਸਿੰਘ ਗੋਲਡੀ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਵਧੀਕ ਸੈਸ਼ਨ ਜੱਜ ਪੁਸ਼ਵਿੰਦਰ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ, ਪਰ ਅੱਜ ਦੂਜੀ ਵਾਰ ਵੀ ਗਵਾਹ ਵਜੋਂ ਡੀ.ਐਸ.ਪੀ. ਦੇ ਨਾ ਆਉਣ ਕਾਰਨ ਕੇਸ ਦੀ ਸੁਣਵਾਈ 27 ਜੁਲਾਈ ‘ਤੇ ਪੈ ਗਈ।

ਜ਼ਿਕਰਯੋਗ ਹੈ ਕਿ 28 ਅਪਰੈਲ 2010 ਦੀ ਰਾਤ ਨੂੰ ਵਾਪਰੀ ਇਸ ਘਟਨਾ ਵਿਚ ਦਰਜਨ ਦੇ ਕਰੀਬ ਵਿਅਕਤੀ ਜ਼ਖ਼ਮੀ ਹੋ ਗਏ ਸਨ। ਇਸ ਸਬੰਧੀ ਥਾਣਾ ਕੋਤਵਾਲੀ ਵਿਚ ਕੇਸ ਦਰਜ ਕੀਤਾ ਗਿਆ ਸੀ ਜਿਸ ਵਿਚੋਂ ਚਾਰ ਨੌਜਵਾਨ ਬਰੀ ਹੋ ਚੁੱਕੇ ਹਨ ਪਰ ਗੋਲਡੀ ਦੀ ਗ੍ਰਿਫਤਾਰੀ ਨਵੰਬਰ 2014 ਵਿਚ ਹੋਈ ਸੀ ਜਿਸ ਨੂੰ ਮਲੇਸ਼ੀਆ ਤੋਂ ਲਿਆਂਦਾ ਗਿਆ ਸੀ। ਉਸ ਖ਼ਿਲਾਫ਼ 2 ਫਰਵਰੀ 2015 ਨੂੰ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਗਿਆ ਸੀ।

ਇਸੇ ਦੌਰਾਨ 2010 ਵਿਚ ਨਾਭਾ ਨੇੜੇ ਸਥਿਤ ਗੈਸ ਪਲਾਂਟ ‘ਤੇ ਬੰਬ ਰੱਖਣ ਅਤੇ ਇਕ ਹੋਰ ਮਾਮਲੇ ਵਿਚ ਥਾਣਾ ਸਦਰ ਨਾਭਾ ਵਿਚ ਦਰਜ ਕੇਸ ਦੀ ਸੁਣਵਾਈ ਲਈ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਕਾਰਕੁਨ ਹਰਮਿੰਦਰ ਸਿੰਘ ਮਿੰਟੂ ਨੂੰ ਇਥੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਮਾਮਲੇ ਦੀ ਸੁਣਵਾਈ 30 ਜੁਲਾਈ ‘ਤੇ ਪੈ ਗਈ ਹੈ। ਕਈ ਸਾਲ ਪਾਕਿਸਤਾਨ ਵਿਚ ਰਹੇ ਜਲੰਧਰ ਜ਼ਿਲ੍ਹੇ ਦੇ ਪਿੰਡ ਡੱਲੀ ਦੇ ਵਾਸੀ ਮਿੰਟੂ ਨੂੰ ਵੀ ਕੁਝ ਮਹੀਨੇ ਪਹਿਲਾਂ ਮਲੇਸ਼ੀਆ ਤੋਂ ਫੜ ਕੇ ਭਾਰਤ ਲਿਆਂਦਾ ਗਿਆ ਸੀ।

# ਸੱਟੇਬਾਜ਼ੀ ਦੇ ਦੋਸ਼ ਵਿਚ ਸੁਪਰ ਕਿੰਗਜ਼ ਅਤੇ ਰਾਇਲਜ਼ ‘ਤੇ ਪਾਬੰਦੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਵੱਲੋਂ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਵਿਚ ਸੱਟੇਬਾਜ਼ੀ ਦੀ ਜਾਂਚ ਲਈ ਕਾਇਮ ਕਮੇਟੀ ਨੇ ਚੇਨਈ ਸੁਪਰ ਕਿੰਗਜ਼ ਅਤੇ ਰਾਜਸਥਾਨ ਰਾਇਲਜ਼ ਦੇ ਆਈ.ਪੀ.ਐਲ. ਖੇਡਣ ਉਤੇ ਦੋ ਸਾਲ ਦੀ ਪਾਬੰਦੀ ਲਾ ਦਿੱਤੀ ਹੈ। ਇਹ ਪਾਬੰਦੀ ਚੇਨਈ ਸੁਪਰ ਕਿੰਗਜ਼ ਦੇ ਅਧਿਕਾਰੀ ਗੁਰੂਨਾਥ ਮਯੱਪਨ ਅਤੇ ਰਾਜਸਥਾਨ ਰਾਇਲਜ਼ ਦੇ ਸਹਿ-ਮਾਲਕ ਰਾਜ ਕੁੰਦਰਾ ਦੇ ਆਈ.ਪੀ.ਐਲ. 2013 ਦੇ ਸੀਜ਼ਨ ਦੌਰਾਨ ਸੱਟੇਬਾਜ਼ੀ ਵਿਚ ਸ਼ਾਮਲ ਹੋਣ ਦੇ ਮੱਦੇਨਜ਼ਰ ਲਾਈ ਗਈ ਹੈ।

ਸੁਪਰੀਮ ਕੋਰਟ ਦੇ ਸੇਵਾ ਮੁਕਤ ਮੁੱਖ ਜੱਜ ਆਰ.ਐਮ. ਲੋਧਾ ਦੀ ਅਗਵਾਈ ਵਿਚ ਕਾਇਮ ਕਮੇਟੀ ਨੇ ਮਯੱਪਨ ਅਤੇ ਰਾਜ ਕੁੰਦਰਾ ਉੱਤੇ ਕ੍ਰਿਕਟ ਨਾਲ ਸਬੰਧਤ ਕਿਸੇ ਵੀ ਪ੍ਰਕਾਰ ਦੀ ਗਤੀਵਿਧੀ ਵਿਚ ਸ਼ਾਮਲ ਹੋਣ ਉਤੇ ਉਮਰ ਭਰ ਲਈ ਪਾਬੰਦੀ ਲਾ ਦਿੱਤੀ ਹੈ। ਇਸ ਕਮੇਟੀ ਦੇ ਦੋ ਹੋਰ ਮੈਂਬਰਾਂ ਵਿਚ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਅਸ਼ੋਕ ਭਾਨ ਅਤੇ ਸੇਵਾਮੁਕਤ ਜੱਜ ਆਰ.ਵੀ. ਰਵੀਂਦਰਨ ਸ਼ਾਮਲ ਹਨ। ਗੁਰੂਨਾਥ ਮਯੱਪਨ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਤਤਕਾਲੀ ਪ੍ਰਧਾਨ ਅਤੇ ਕੌਮਾਂਤਰੀ ਕ੍ਰਿਕਟ ਕੌਂਸਲ ਦੇ ਮੌਜੂਦਾ ਮੁਖੀ ਐਨ. ਸ੍ਰੀਨਿਵਾਸਨ ਦਾ ਜੁਆਈ ਹੈ। ਚੇਨਈ ਸੁਪਰ ਕਿੰਗਜ਼ ਦੀ ਮਾਲਕ ਕੰਪਨੀ ਇੰਡੀਆ ਸੀਮੈਂਟਸ ਲਿਮਿਟਡ ਦਾ ਮਾਲਕ ਵੀ ਸ੍ਰੀਨਿਵਾਸਨ ਹੈ। ਜਸਟਿਸ ਲੋਧਾ ਨੇ ਕਿਹਾ ਕਿ ਆਈ.ਪੀ.ਐਲ. ਦੇ ਚੀਫ ਓਪਰੇਟਿੰਗ ਆਫੀਸਰ ਸੁੰਦਰ ਰਾਮਨ ਦੇ ਸੱਟੇਬਾਜ਼ੀ ਵਿਚ ਸ਼ਾਮਲ ਹੋਣ ਸਬੰਧੀ ਜਾਂਚ ਅਜੇ ਜਾਰੀ ਹੈ। ਜਾਂਚ ਰਿਪੋਰਟ ਆਉਣ ਤੋਂ ਬਾਅਦ ਉਸ ਬਾਰੇ ਕਮੇਟੀ ਫੈਸਲਾ ਲਵੇਗੀ।

## ਮੁੱਖ ਮੰਤਰੀ ਦਾ ਚੰਡੀਗੜ੍ਹ ਵਿਚ ਵੀ ‘ਲੰਬੀ ਦਰਸ਼ਨ’

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ ‘ਤੇ ਆਪਣੀਆਂ ਦੁੱਖ ਤਕਲੀਫਾਂ ਲੈ ਕੇ ਆਉਣ ਵਾਲੇ ਫਰਿਆਦੀਆਂ ਦੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਦਬੁਰਜੀ ਵਾਸੀ ਰਘਬੀਰ ਸਿੰਘ ਨੇ ਦੱਸਿਆ ਕਿ ਅੰਮ੍ਰਿਤਸਰ ਵਿਚ ਸਰਗਰਮ ਭੂ-ਮਾਫੀਆ ਦੇ ਖਿਲਾਫ਼ ਸ਼ਿਕਾਇਤ ਲੈ ਕੇ ਉਨ੍ਹਾਂ ਨੇ 13 ਜੁਲਾਈ ਨੂੰ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਦਾ ਯਤਨ ਕੀਤਾ। ਉਹ ਸਵੇਰੇ 9 ਵਜੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ‘ਤੇ ਪਹੁੰਚ ਗਿਆ ਸੀ ਪਰ ਸ਼ਾਮ 4 ਵਜੇ ਤੱਕ ਮੁੱਖ ਮੰਤਰੀ ਦੇ ਸੱਦੇ ਦੀ ਉਡੀਕ ਕਰਦਾ ਰਿਹਾ। ਇਸ ਵਿਅਕਤੀ ਨੇ ਦੱਸਿਆ ਕਿ ਲੰਬੀ ਹਲਕੇ ਤੋਂ ਆਉਣ ਵਾਲੇ ਵਿਅਕਤੀਆਂ ਨੂੰ ਝੱਟ ਅੰਦਰ ਬੁਲਾ ਲਿਆ ਜਾਂਦਾ ਹੈ ਜਦਕਿ ਪੰਜਾਬ ਦੇ ਹੋਰਨਾਂ ਸ਼ਹਿਰਾਂ ਤੋਂ ਆਉਣ ਵਾਲੇ ਵਿਅਕਤੀਆਂ ਨੂੰ ਅੰਦਰ ਵੜਨ ਨਹੀਂ ਦਿੱਤਾ ਜਾਂਦਾ।

# ਇਰਾਨ ਨਾਲ ਪਰਮਾਣੂ ਸਮਝੌਤੇ ‘ਤੇ ਸਹਿਮਤੀ ਬਣੀ

**ਵਿਆਨਾ:** ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਲੈ ਕੇ ਕੁਝ ਅੰਤਰਿਮ ਰੁਕਾਵਟਾਂ ਨੂੰ ਦੂਰ ਕੀਤੇ ਜਾਣ ਪਿੱਛੋਂ ਇਤਿਹਾਸਕ ਸਮਝੌਤੇ ‘ਤੇ ਸਹਿਮਤੀ ਬਣ ਗਈ ਹੈ ਜਿਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਇਰਾਨ ਪਰਮਾਣੂ ਬੰਬ ਨਹੀਂ ਬਣਾਵੇਗਾ ਅਤੇ ਇਸ ਦੇ ਇਵਜ਼ ਵਿਚ ਉਸ ਨੂੰ ਮਾਰੂ ਆਰਥਿਕ ਪਾਬੰਦੀਆਂ ਤੋਂ ਰਾਹਤ ਮਿਲੇਗੀ।

ਇਕ ਸੀਨੀਅਰ ਡਿਪਲੋਮੈਟ ਨੇ ਕਿਹਾ ਕਿ ਇਸ ਵਿਚ ਤਹਿਰਾਨ ਅਤੇ ਵਾਸ਼ਿੰਗਟਨ ਵਿਚਕਾਰ ਉਹ ਸਮਝੌਤਾ ਵੀ ਸ਼ਾਮਿਲ ਹੈ ਜਿਸ ਤਹਿਤ ਸੰਯੁਕਤ ਰਾਸ਼ਟਰ ਦੇ ਨਿਰੀਖਕਾਂ ਨੂੰ ਨਿਗਰਾਨੀ ਕਾਰਜ ਲਈ ਇਰਾਨੀ ਸੈਨਿਕ ਟਿਕਾਣਿਆਂ ‘ਤੇ ਜਾਣ ਦੀ ਇਜਾਜ਼ਤ ਹੋਵੇਗੀ ਪਰ ਇਹ ਜ਼ਰੂਰੀ ਨਹੀਂ ਕਿ ਕਿਸੇ ਵੀ ਥਾਂ ‘ਤੇ ਜਾਣ ਦੀ ਇਜਾਜ਼ਤ ਦੇ ਦਿੱਤੀ ਜਾਵੇ। ਜੇ ਇਜਾਜ਼ਤ ਦੇ ਵੀ ਦਿੱਤੀ ਜਾਂਦੀ ਹੈ ਤਾਂ ਇਸ ਵਿਚ ਦੇਰੀ ਕੀਤੀ ਜਾ ਸਕਦੀ ਹੈ। ਇਹ ਇਕ ਸ਼ਰਤ ਹੈ ਜਿਸ ਬਾਰੇ ਕਰਾਰ ਦੇ ਅਲੋਚਕਾਂ ਦਾ ਕਹਿਣਾ ਕਿ ਇਸ ਨਾਲ ਸੰਭਵ ਹੈ ਕਿ ਇਰਾਨ ਨੂੰ ਆਪਣੀ ਪ੍ਰਤੀਬੱਧਤਾ ਨੂੰ ਪੂਰਾ ਨਾ ਕਰਨ ਦੇ ਕਿਸੇ ਵੀ ਨਿਸ਼ਾਨ ਨੂੰ ਲੁਕਾਉਣ ਲਈ ਸਮਾਂ ਮਿਲ ਜਾਵੇਗਾ।

ਸਮਝੌਤੇ ਤਹਿਤ ਇਰਾਨ ਨੂੰ ਸੰਯੁਕਤ ਰਾਸ਼ਟਰ ਦੀ ਅਪੀਲ ਨੂੰ ਚੁਣੌਤੀ ਦੇਣ ਦਾ ਅਧਿਕਾਰ ਹੋਵੇਗਾ ਅਤੇ ਇਸ ਸਥਿਤੀ ਵਿਚ ਇਰਾਨ ਅਤੇ 6 ਵਿਸ਼ਵ ਸ਼ਕਤੀਆਂ ਦਾ ਸਾਲਸ ਬੋਰਡ ਮੁੱਦੇ ‘ਤੇ ਫ਼ੈਸਲਾ ਕਰਨ ਲਈ ਸਮਝੌਤਾ ਗੱਲਬਾਤ ਕਰੇਗਾ। ਉਧਰ ਇਰਾਨ ਦੇ ਰਵਾਇਤੀ ਕੱਟੜ ਵਿਰੋਧੀ ਇਸਰਾਈਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਨੇ ਇਸ ਸਮਝੌਤੇ ਨੂੰ ਸੰਸਾਰ ਲਈ ਵੱਡੀ ਗਲਤੀ ਕਰਾਰ ਦਿੱਤਾ ਹੈ।

# ਉਫਾ ਐਲਾਨਨਾਮੇ ਦੀ ਭਾਵਨਾ ਤਹਿਤ ਅੱਗੇ ਵਧੇਗਾ ਭਾਰਤ

ਨਵੀਂ ਦਿੱਲੀ: ਪਾਕਿਸਤਾਨ ਦੇ ਕੌਮੀ ਸਲਾਹਕਾਰ ਸਰਤਾਜ ਅਜ਼ੀਜ਼ ਵੱਲੋਂ ਦਿੱਤੇ ਬਿਆਨ ਦਾ ਭਾਰਤ ਪਾਕਿਸਤਾਨ ਵਿਚਕਾਰ ਗੱਲਬਾਤ ਚਲਾਉਣ ਲਈ ਭਾਰਤ ਦੀਆਂ ਕੋਸ਼ਿਸ਼ਾਂ ਉੱਤੇ ਕੋਈ ਅਸਰ ਨਹੀਂ ਪਵੇਗਾ। ਸਰਤਾਜ ਅਜ਼ੀਜ਼ ਨੇ ਬਿਆਨ ਦਿੱਤਾ ਸੀ ਕਿ ਭਾਰਤ ਪਾਕਿਸਤਾਨ ਨਾਲ ਗੱਲਬਾਤ ਦੌਰਾਨ ਕਸ਼ਮੀਰ ਏਜੰਡੇ ਉਤੇ ਰਹਿਣਾ ਚਾਹੀਦਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਸੁਰੱਖਿਆ ਤੇ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਸਰਤਾਜ ਅਜ਼ੀਜ਼ ਦੇ ਬਿਆਨ ਨੂੰ ਕੋਈ ਅਹਿਮੀਅਤ ਨਾ ਦਿੰਦਿਆਂ ਭਾਰਤ ਨੇ ਕਿਹਾ ਹੈ ਕਿ ਕਿਸੇ ਵੀ ਅਜਿਹੇ ਬਿਆਨ, ਕਾਰਵਾਈ ਆਦਿ ਨੂੰ ਅਹਿਮੀਅਤ ਨਹੀਂ ਦਿੱਤੀ ਜਾਵੇਗੀ ਜਿਸ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵਿਚਕਾਰ ਗੱਲਬਾਤ ਉਤੇ ਕਿਸੇ ਪ੍ਰਕਾਰ ਦਾ ਅਸਰ ਪੈਂਦਾ ਹੋਵੇ।

ਇਸੇ ਦੌਰਾਨ ਭਾਰਤ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਥੇ ਕਿਹਾ ਕਿ ਜੇ ਪਾਕਿਸਤਾਨ ਗੋਲੀਬੰਦੀ ਦੀ ਉਲੰਘਣਾ ਕਰੇਗਾ ਤਾਂ ਭਾਰਤ ਦੀ ਫੌਜ ਇਸ ਦਾ ਢੁਕਵਾਂ ਜਵਾਬ ਦੇਵੇਗੀ। ਉਨ੍ਹਾਂ ਇਹ ਵੀ ਦੁਹਰਾਇਆ ਕਿ ਕਸ਼ਮੀਰ ਭਾਰਤ ਦਾ ਅਨਿੱਖੜ ਅੰਗ ਹੈ।

## ਆਸਾ ਰਾਮ ਕੇਸ ਦੇ ਮੁੱਖ ਗਵਾਹ ਦੀ ਹੱਤਿਆ

**ਬਰੇਲੀ:** ਸਾਧ ਆਸਾਰਾਮ ਵਿਰੁੱਧ ਦਰਜ ਜਬਰ ਜਨਾਹ ਦੇ ਮਾਮਲੇ ਵਿਚ ਮੁੱਖ ਗਵਾਹ ਕਿਰਪਾਲ ਸਿੰਘ ਦੀ ਮੋਟਰਸਾਈਕਲ ਸਵਾਰ ਦੋ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਅਨੁਸਾਰ ਹਮਲਾ ਸ਼ਾਹਜਹਾਨਪੁਰ ਜਿਲ੍ਹੇ ਵਿਚ ਲੰਘੇ ਸ਼ੁੱਕਰਵਾਰ ਦੀ ਰਾਤ ਨੂੰ ਹੋਇਆ ਸੀ। ਉਸ ਨੂੰ ਗੰਭੀਰ ਜਖਮੀ ਹਾਲਤ ’ਚ ਬਰੇਲੀ ਦੇ ਇਕ ਹਸਪਤਾਲ ਦਾਖਲ ਕਰਵਾਇਆ ਗਿਆ ਸੀ ਜਿਥੇ ਉਹ ਦਮ ਤੋੜ ਗਿਆ।

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Jammu Chiropractic
ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?
ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

We Accept Personal Injury (PI) Cases
Medicare & Most Private Insurances Accepted

Contact: Dr. Baljit Jammu
Doctor of Chiropractic
Ph: 510-940-8236
1090 La Playa Dr., Hayward CA 94545

# ਅਕਾਲੀਆਂ ਵੱਲੋਂ ਪਰਵਾਸੀ ਪੰਜਾਬੀਆਂ ਦੀ ਹਮਾਇਤ ਲਈ ਕਮਰ ਕੱਸੇ

## ਸਿੱਖ ਕੈਦੀਆਂ ਨੂੰ ਪੰਜਾਬ ਲਿਆਉਣ ਲਈ ਸਰਗਰਮੀ

**ਚੰਡੀਗੜ੍ਹ:** ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਪਰਵਾਸੀ ਪੰਜਾਬੀਆਂ ਦੀ ਹਮਾਇਤ ਜੁਟਾਉਣ ਲਈ ਅਕਾਲੀ ਦਲ ਨੇ ਹੁਣੇ ਤੋਂ ਕਮਰ ਕੱਸ ਲਈ ਹੈ। ਅਕਾਲੀ ਦਲ ਪੰਥਕ ਏਜੰਡੇ ਦਾ ਪੱਤਾ ਖੇਡ ਕੇ ਸਰਕਾਰ ਵਿਰੋਧੀ ਲਹਿਰ ਦਾ ਮੁਕਾਬਲਾ ਕਰਨ ਦੇ ਰੌਂਅ ਵਿਚ ਹੈ। ਪੰਜਾਬ ਸਰਕਾਰ ਨੇ ਪਰਵਾਸੀ ਪੰਜਾਬੀਆਂ ਵਿਚ ਆਪਣੀ ਪੈਂਠ ਬਣਾਉਣ ਲਈ ਹੁਣ ਦੇਸ਼ ਤੋਂ ਬਾਹਰ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਨੂੰ ਪੰਜਾਬ ਲਿਆਉਣ ਦੀ ਮੁਹਿੰਮ ਆਰੰਭੀ ਹੈ। ਇਨ੍ਹਾਂ ਕੈਦੀਆਂ ਨੂੰ ਪੰਜਾਬ ਵਿਚ ਸਲਾਖਾਂ ਪਿੱਛੇ ਉਸ ਸਮੇਂ ਤਕ ਬੰਦ ਰੱਖਿਆ ਜਾਵੇਗਾ ਜਦੋਂ ਤੱਕ ਉਨ੍ਹਾਂ ਦੀ ਸਜ਼ਾ ਮੁੱਕ ਨਹੀਂ ਜਾਂਦੀ।

ਦੋ ਸਿੱਖ ਕੈਦੀਆਂ ਨੂੰ ਇੰਗਲੈਂਡ ਤੇ ਇਕ ਨੂੰ ਥਾਈਲੈਂਡ ਤੋਂ ਲਿਆਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਭਾਰਤ ਸਰਕਾਰ ਦਾ ਇਨ੍ਹਾਂ ਮੁਲਕਾਂ ਨਾਲ ਸਜ਼ਾਯਾਫ਼ਤਾ ਕੈਦੀਆਂ ਦੇ ਤਬਾਦਲੇ ਬਾਰੇ ਸਮਝੌਤਾ ਹੋਇਆ ਹੈ ਅਤੇ ਇਸੇ ਤਹਿਤ ਉਨ੍ਹਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਹਰਦਿਆਲ ਸਿੰਘ ਢੀਂਡਸਾ ਥਾਈਲੈਂਡ, ਜਸਕਰਨ ਸਿੰਘ ਬਲ ਅਤੇ ਹਰਵੀਰ ਸਿੰਘ ਇੰਗਲੈਂਡ ਦੀਆਂ ਜੇਲ੍ਹਾਂ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ। ਉਨ੍ਹਾਂ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਾਦਲੇ ਦੀ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਫਰਿਆਦ ਕੀਤੀ ਸੀ ਜਿਸ ਨੂੰ ਹੁਣ ਪੰਜਾਬ ਕੋਲ ਭੇਜਿਆ ਗਿਆ ਹੈ। ਸੂਬਾ ਸਰਕਾਰ ਕੋਲੋਂ ਇਸ ਬਾਰੇ 'ਕੋਈ ਇਤਰਾਜ਼ ਨਹੀਂ' ਦਾ ਸਰਟੀਫਿਕੇਟ ਮੰਗਿਆ ਗਿਆ ਹੈ ਅਤੇ ਇਹ ਜਾਰੀ ਹੋਣ ਨਾਲ ਇਨ੍ਹਾਂ ਕੈਦੀਆਂ ਨੂੰ ਆਪਣੇ ਗ੍ਰਹਿ ਸੂਬੇ ਵਿਚ ਲਿਆਉਣ ਦਾ ਰਾਹ ਸਾਫ਼ ਹੋ ਜਾਏਗਾ।



ਸਿੱਖ ਕੈਦੀਆਂ ਨੂੰ ਪੰਜਾਬ ਲਿਆਉਣ ਦੇ ਫ਼ੈਸਲੇ ਨਾਲ ਹੁਕਮਰਾਨ ਅਕਾਲੀ ਦਲ ਦੀ ਸਾਖ ਪਰਵਾਸੀ ਪੰਜਾਬੀਆਂ ਵਿਚ ਸੁਧਰੇਗੀ। ਅਕਾਲੀ ਦਲ ਦੇ ਆਗੂਆਂ ਦੀ ਟੀਮ ਵੱਲੋਂ ਅਮਰੀਕਾ ਅਤੇ ਕੈਨੇਡਾ ਵਿਚ ਪਹਿਲਾਂ ਹੀ ਦੌਰੇ ਕੀਤੇ ਜਾ ਰਹੇ ਹਨ।

ਸੀਨੀਅਰ ਸਰਕਾਰੀ ਅਹੁਦੇਦਾਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਪਰਵਾਸੀ ਪੰਜਾਬੀਆਂ ਤੋਂ ਚੰਗੀ ਹਮਾਇਤ ਮਿਲ ਰਹੀ ਹੈ ਅਤੇ ਉਨ੍ਹਾਂ ਦਾ ਅਕਾਲੀ ਦਲ ਖ਼ਿਲਾਫ਼ ਗੁੱਸਾ ਵਧਦਾ ਜਾ ਰਿਹਾ ਹੈ। ਉਸ ਨੇ ਕਿਹਾ ਕਿ ਸਰਕਾਰ ਉਨ੍ਹਾਂ ਦਾ ਭਰੋਸਾ ਜਿੱਤਣ ਲਈ ਹਰ ਹੀਲਾ ਵਰਤ ਰਹੀ ਹੈ। ਇਸੇ ਰਣਨੀਤੀ ਤਹਿਤ ਦਵਿੰਦਰ ਪਾਲ ਸਿੰਘ ਭੁੱਲਰ ਤੇ ਗੁਰਪ੍ਰੀਤ ਸਿੰਘ ਖੇੜਾ ਨੂੰ ਪਿਛਲੇ ਮਹੀਨੇ ਅੰਮ੍ਰਿਤਸਰ ਜੇਲ੍ਹ ਵਿਚ ਤਬਦੀਲ ਕਰਵਾ ਲਿਆ ਗਿਆ। ਰਾਜ ਸਰਕਾਰ ਵੱਲੋਂ ਹੁਣ ਬਰੇਲੀ ਦੀ ਜੇਲ੍ਹ ਵਿਚ ਬੰਦ ਵਰਿਆਮ ਸਿੰਘ ਦੇ ਤਬਾਦਲੇ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ ਪੀ.ਐਸ. ਗਿੱਲ ਨੇ ਖਾੜਕੂਆਂ ਦੀ ਰਿਹਾਈ ਤੇ ਉਨ੍ਹਾਂ ਨੂੰ ਮਾਨਵੀ ਆਧਾਰ ਉਤੇ ਸੂਬੇ ਦੀਆਂ ਜੇਲ੍ਹਾਂ ਵਿਚ ਤਬਾਦਲਾ ਕਰਾਉਣ ਦੀ ਰਣਨੀਤੀ ਦਾ ਤਿੱਖਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਦੂਜੇ ਵਿਅਕਤੀ ਦੀ ਜਾਨ ਲੈਣ ਵਾਲੇ ਨਾਲ ਨਰਮੀ ਵਾਲਾ ਵਤੀਰਾ ਨਹੀਂ ਅਪਣਾਇਆ ਜਾਣਾ ਚਾਹੀਦਾ। ਅਜਿਹੇ ਮਾਮਲਿਆਂ ਵਿਚ ਉਨ੍ਹਾਂ ਨੂੰ ਛੱਡਣਾ ਨਹੀਂ ਚਾਹੀਦਾ ਅਤੇ ਜੇਲ੍ਹ ਵਿਚ ਰੱਖਣਾ ਚਾਹੀਦਾ ਹੈ।

ਸ੍ਰੀ ਗਿੱਲ ਨੇ ਕਿਹਾ ਕਿ ਸਿਆਸੀ ਪਾਰਟੀਆਂ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਕਰਨ ਵਿਚ ਨਾਕਾਮ ਰਹੀਆਂ ਹਨ ਤੇ ਇਸੇ ਕਾਰਨ ਅਤਿਵਾਦ ਫੈਲਦਾ ਹੈ। ਉਨ੍ਹਾਂ ਖਾੜਕੂਆਂ ਦੇ ਤਬਾਦਲੇ ਪਿੱਛੇ ਅਕਾਲੀ ਦਲ ਦੀ ਖਾਸ ਰਣਨੀਤੀ ਤੋਂ ਇਨਕਾਰ ਕੀਤਾ ਪਰ ਭਾਜਪਾ ਆਗੂਆਂ ਵੱਲੋਂ ਵਿਰੋਧ ਕੀਤੇ ਜਾਣ ਉਤੇ ਉਨ੍ਹਾਂ ਹੈਰਾਨੀ ਪ੍ਰਗਟ ਕੀਤੀ।

# ਸਰਕਾਰ ਨੇ ਪੜ੍ਹਨੇ ਪਾਏ ਠੇਕੇ 'ਤੇ ਰੱਖੇ ਅਧਿਆਪਕ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਠੇਕੇ ਦੇ ਆਧਾਰ 'ਤੇ ਭਰਤੀ ਕੀਤੇ ਸੈਂਕੜੇ ਅਧਿਆਪਕ ਮੁੱਢਲੀਆਂ ਅਤੇ ਅੱਧੀਆਂ-ਅਧੂਰੀਆਂ ਤਨਖਾਹਾਂ ਨਾਲ ਜ਼ਿੰਦਗੀ ਦੀ ਗੱਡੀ ਰੇੜ੍ਹ ਰਹੇ ਹਨ। ਕਈ ਸਾਲ ਪਹਿਲਾਂ ਠੇਕੇ 'ਤੇ ਭਰਤੀ ਕੀਤੇ 7654 ਅਧਿਆਪਕਾਂ ਵਿਚੋਂ ਕਈਆਂ ਨੂੰ ਹਾਲੇ ਵੀ ਅਧੂਰੀਆਂ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ ਜਦਕਿ ਢਾਈ ਸਾਲ ਪਹਿਲਾਂ ਭਰਤੀ ਕੀਤੇ 3442 ਅਧਿਆਪਕ ਮੁੱਢਲੀ ਤਨਖਾਹ 10,300 ਨਾਲ ਡੰਗ ਟਪਾ ਰਹੇ ਹਨ।

ਜਾਣਕਾਰੀ ਅਨੁਸਾਰ ਭਾਵੇਂ ਠੇਕੇ ਦੇ ਆਧਾਰ 'ਤੇ ਰੱਖੇ 7654 ਅਧਿਆਪਕਾਂ ਨੂੰ 3 ਸਾਲਾਂ ਦੀ ਨੌਕਰੀ ਤੋਂ ਬਾਅਦ 6 ਅਪਰੈਲ 2014 ਨੂੰ ਰੈਗੂਲਰ ਕਰ ਦਿੱਤਾ ਗਿਆ ਸੀ ਪਰ ਹਾਲੇ ਤੱਕ ਇਨ੍ਹਾਂ ਵਿਚਲੇ ਪੋਸਟ ਗਰੈਜੂਏਟ ਦੀ ਡਿਗਰੀ ਦੀ ਯੋਗਤਾ ਰੱਖਣ ਵਾਲੇ ਵੋਕੇਸ਼ਨਲ ਮਾਸਟਰਾਂ ਨੂੰ ਅਧੂਰਾ ਗਰੇਡ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਪੰਜਵੇਂ ਤਨਖਾਹ ਕਮਿਸ਼ਨ ਵੱਲੋਂ ਡਿਗਰੀ ਜਾਂ ਬੀ.ਟੈਕ. ਦੀ ਯੋਗਤਾ ਵਾਲੇ ਵੋਕੇਸ਼ਨਲ ਮਾਸਟਰਾਂ ਨੂੰ 10,300-34,800 ਅਤੇ ਗਰੇਡ ਪੇ 5400 ਦੇਣ ਦੀ ਸਿਫਾਰਸ਼ ਕੀਤੀ। ਇਸ ਦੇ ਬਾਵਜੂਦ ਇਸ ਵਰਗ ਨੂੰ ਮਹਿਜ਼ ਪੰਜ ਹਜ਼ਾਰ ਗਰੇਡ ਪੇ ਦਿੱਤਾ ਜਾ ਰਿਹਾ ਹੈ। ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ) ਵੱਲੋਂ ਇਸੇ ਵਰ੍ਹੇ 16 ਜਨਵਰੀ ਨੂੰ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤਾਂ ਜਾਰੀ ਕਰ ਕੇ ਵਿੱਤ ਵਿਭਾਗ ਦੇ 23 ਦਸੰਬਰ 2011 ਦੇ ਪੱਤਰ ਤਹਿਤ ਪੋਸਟ ਗਰੈਜੂਏਟ ਦੀ ਡਿਗਰੀ ਦੀ ਯੋਗਤਾ ਵਾਲੇ ਵੋਕੇਸ਼ਨਲ ਮਾਸਟਰਾਂ ਨੂੰ ਪੰਜ ਹਜ਼ਾਰ ਰੁਪਏ ਦੀ ਥਾਂ 5400 ਗਰੇਡ ਪੇ ਦੇਣ ਲਈ ਆਖਿਆ ਸੀ। ਪੱਤਰ ਵਿਚ ਸਪਸ਼ਟ ਕੀਤਾ ਹੈ ਕਿ ਵਿੱਤ ਵਿਭਾਗ ਨੇ 7654 ਅਧਿਆਪਕਾਂ ਨੂੰ 1 ਦਸੰਬਰ 2011 ਨੂੰ ਨੌਕਰੀ ਵਿਚ ਰੈਗੂਲਰ ਨਹੀਂ ਮੰਨਿਆ ਗਿਆ ਕਿਉਂਕਿ ਇਹ ਅਧਿਆਪਕ 6 ਅਪਰੈਲ 2014 ਤੋਂ ਰੈਗੂਲਰ ਕੀਤੇ ਗਏ ਸਨ ਜਿਸ ਤਹਿਤ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਅਜਿਹੇ ਅਧਿਆਪਕਾਂ ਦੇ ਕੇਸ ਰੈਗੂਲਰ ਨਿਯੁਕਤੀ ਪੱਤਰ ਸਮੇਤ ਭੇਜਣ ਲਈ ਆਖਿਆ ਗਿਆ ਹੈ, ਤਾਂ ਜੋ ਇਨ੍ਹਾਂ ਨੂੰ 5400 ਗਰੇਡ ਪੇ ਦਿੱਤਾ ਜਾ ਸਕੇ। ਪੱਤਰ ਦੇ ਜਾਰੀ ਹੋਣ ਤੋਂ ਛੇ ਮਹੀਨਿਆਂ ਬਾਅਦ ਵੀ ਇਸ ਵਰਗ ਨੂੰ ਬਣਦਾ ਗਰੇਡ ਪੇ ਨਹੀਂ ਮਿਲਿਆ।

# ਸਾਬਕਾ ਮੁੱਖ ਸਕੱਤਰ 'ਤੇ ਜ਼ਮੀਨ ਹੜੱਪਣ ਦੇ ਦੋਸ਼

**ਚੰਡੀਗੜ੍ਹ:** ਪੰਜਾਬ ਦੇ ਇਕ ਸਾਬਕਾ ਮੁੱਖ ਸਕੱਤਰ 'ਤੇ ਜ਼ਿਲ੍ਹਾ ਕਪੂਰਥਲਾ ਵਿਚ ਗ਼ਲਤ ਤਰੀਕੇ ਨਾਲ ਜ਼ਮੀਨ ਹਥਿਆਉਣ ਦੇ ਦੋਸ਼ ਲੱਗੇ ਹਨ। ਕਪੂਰਥਲਾ ਜ਼ਿਲ੍ਹੇ ਨਾਲ ਸਬੰਧਤ ਕੇਵਲ ਕ੍ਰਿਸ਼ਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਸਾਬਕਾ ਮੁੱਖ ਸਕੱਤਰ ਨੇ ਆਪਣਾ ਰਸੂਖ਼ ਵਰਤ ਕੇ 500 ਮਰਲੇ ਜ਼ਮੀਨ ਆਪਣੇ ਪਿਤਾ ਦੇ ਨਾਮ ਕਰਵਾ ਲਈ। ਉਨ੍ਹਾਂ ਦੋਸ਼ ਲਾਇਆ ਕਿ ਇਹ ਜ਼ਮੀਨ 1991 ਵਿਚ 4200 ਰੁਪਏ ਵਿਚ ਹਾਸਲ ਕੀਤੀ ਗਈ ਸੀ ਜਿਸ ਦੀ ਇਸ ਸਮੇਂ ਕੀਮਤ 500 ਕਰੋੜ ਰੁਪਏ ਹੈ।

ਸ੍ਰੀ ਕੇਵਲ ਕ੍ਰਿਸ਼ਨ ਨੇ ਦਾਅਵਾ ਕੀਤਾ ਕਿ ਜਿਸ ਨੋਟੀਫਿਕੇਸ਼ਨ ਨੂੰ ਆਧਾਰ ਬਣਾ ਕੇ ਇਸ ਸਾਬਕਾ ਆਈ.ਏ.ਐਸ. ਅਧਿਕਾਰੀ ਨੇ ਜ਼ਮੀਨ ਹਾਸਲ ਕੀਤੀ ਸੀ, ਉਸ ਨੋਟੀਫਿਕੇਸ਼ਨ ਨੂੰ 25 ਅਪਰੈਲ 2000 ਨੂੰ ਤਤਕਾਲੀ ਵਿੱਤ ਕਮਿਸ਼ਨਰ (ਮਾਲ) ਸ਼ਿਆਮਾ ਮਾਨ ਨੇ ਰੱਦ ਕਰ ਦਿੱਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਇਸ ਜ਼ਮੀਨ ਨੂੰ ਹਾਸਲ ਕਰਨ ਤੋਂ ਬਾਅਦ ਇਸ ਦੀ ਅਗਲੀ ਵਰਤੋਂ ਉਤੇ ਰੋਕ ਲਾ ਦਿੱਤੀ ਸੀ, ਪਰ ਅਦਾਲਤੀ ਰੋਕ ਅਤੇ ਐਫ.ਸੀ.ਆਰ. ਵੱਲੋਂ ਨੋਟੀਫਿਕੇਸ਼ਨ ਰੱਦ ਕਰਨ ਦੇ ਬਾਵਜੂਦ ਸਾਬਕਾ ਮੁੱਖ ਸਕੱਤਰ ਦੇ ਪਰਿਵਾਰ ਨੇ ਜ਼ਮੀਨ ਵੇਚਣੀ ਸ਼ੁਰੂ ਕਰ ਦਿੱਤੀ। 27 ਸਤੰਬਰ 2010 ਨੂੰ ਇਹ ਜ਼ਮੀਨ 67 ਲੱਖ 31 ਹਜ਼ਾਰ ਰੁਪਏ ਵਿਚ ਵੇਚਣ ਦਾ ਸੌਦਾ ਹੋਇਆ ਸੀ।

ਸੌਦਾ ਕਰਨ ਵਾਲੇ ਬੰਦੇ ਨੂੰ ਜਦੋਂ ਮਾਮਲੇ ਦੀਆਂ ਕਾਨੂੰਨੀ ਪੇਚੀਦਗੀਆਂ ਦਾ ਪਤਾ ਲੱਗਿਆ ਤਾਂ ਸੌਦਾ ਰੱਦ ਕਰ ਕੇ ਪੈਸੇ ਦੀ ਮੰਗ ਕੀਤੀ ਗਈ। ਇਸ ਤੋਂ ਬਾਅਦ ਇਹ ਸਾਬਕਾ ਅਧਿਕਾਰੀ ਤੇ ਪਰਿਵਾਰ ਸੁਪਰੀਮ ਕੋਰਟ ਵਿਚੋਂ ਵੀ ਹਾਰ ਗਿਆ।


The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ
ਫੋਨ: 510-689-4625

JAGDEV SINGH
Realtor
CalBre #01423409
42820 Albrae, St.,
Fremont, CA 94538

# ਬਾਦਲ ਪਰਿਵਾਰ ਮੁੜ ਆਇਆ ਲੋਕ ਰੋਹ ਦੇ ਨਿਸ਼ਾਨੇ ਉਤੇ

**ਚੰਡੀਗੜ੍ਹ:** ਬਾਦਲ ਪਰਿਵਾਰ ਦੀ ਮਾਲਕੀ ਵਾਲੀ ਡੱਬਵਾਲੀ ਟਰਾਂਸਪੋਰਟ ਕੰਪਨੀ ਦੀ ਬੱਸ ਦੀ ਫੇਟ ਨਾਲ ਰੋਪੜ ਜ਼ਿਲ੍ਹੇ ਦੇ ਪਿੰਡ ਬਹਿਰਾਮਪੁਰ ਜ਼ਿਮੀਦਾਰਾ ਦੇ 34 ਸਾਲ ਦੇ ਵਿਅਕਤੀ ਸਵਰਨ ਸਿੰਘ ਦੀ ਮੌਤ ਤੋਂ ਬਾਅਦ ਇਕ ਵਾਰ ਮੁੜ ਸੱਤਾਧਾਰੀ ਪਰਿਵਾਰ ਲੋਕ ਰੋਹ ਦੇ ਨਿਸ਼ਾਨੇ ਉਤੇ ਆ ਗਿਆ ਹੈ। ਮੋਗਾ ਤੋਂ ਬਾਅਦ ਰੋਪੜ ਵਿਚ ਵਾਪਰੇ ਹਾਦਸੇ ਨੇ ਬਾਦਲ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿਚ ਖੜ੍ਹਾ ਕੀਤਾ ਹੈ ਕਿਉਂਕਿ ਔਰਬਿਟ ਜਾਂ ਡੱਬਵਾਲੀ ਟਰਾਂਸਪੋਰਟ ਕੰਪਨੀ ਬਾਦਲ ਪਰਿਵਾਰ ਨਾਲ ਸਬੰਧਤ ਹੈ। ਦੋਵਾਂ ਹੀ ਹਾਦਸਿਆਂ ਵਿਚ ਪੀੜਤ ਪਰਿਵਾਰ ਨੂੰ ਮੋਟਾ ਮੁਆਵਜ਼ਾ ਦਿੱਤਾ ਗਿਆ ਹੈ।

ਪੁਲਿਸ ਅਧਿਕਾਰੀਆਂ ਵੱਲੋਂ ਹਾਦਸੇ ਦਾ ਸ਼ਿਕਾਰ ਹੋਈ ਕਾਰ ਦੇ ਡਰਾਈਵਰ ਖਿਲਾਫ਼ ਕੇਸ ਦਰਜ ਕਰ ਦਿੱਤਾ ਗਿਆ ਹੈ ਜਦੋਂਕਿ ਮ੍ਰਿਤਕ ਦੇ ਪਰਿਵਾਰਕ ਮੈਂਬਰ ਤੇ ਹੋਰ ਲੋਕਾਂ ਦਾ ਦਾਅਵਾ ਹੈ ਕਿ ਸਵਰਨ ਸਿੰਘ ਦੀ ਮੌਤ ਬੱਸ ਦੀ ਫੇਟ ਕਾਰਨ ਹੋਈ। ਪੁਲਿਸ ਨੇ ਐਫ.ਆਈ.ਆਰ. ਵਿਚ ਬੱਸ ਡਰਾਈਵਰ ਦਾ ਨਾਂ ਦਰਜ ਨਹੀਂ ਕੀਤਾ ਸੀ ਜਿਸ ਕਰਕੇ ਗੁੱਸੇ ਵਿਚ ਆਏ ਲੋਕਾਂ ਵੱਲੋਂ ਦੋ ਦਿਨ ਤੱਕ ਲਾਸ਼ ਨੂੰ ਸੜਕ ਉੱਤੇ ਰੱਖ ਕੇ ਚੰਡੀਗੜ੍ਹ-ਰੋਪੜ ਕੌਮੀ ਸ਼ਾਹਰਾਹ ਜਾਮ ਕਰ ਦਿੱਤਾ ਗਿਆ। ਸਿਆਸੀ ਆਗੂਆਂ ਨੇ ਵੀ ਇਸ ਰੋਸ ਵਿਚ ਸ਼ਮੂਲੀਅਤ ਕਰਕੇ ਬੱਸ ਸਟਾਫ ਖਿਲਾਫ਼ ਕਾਰਵਾਈ ਦੀ ਮੰਗ ਕੀਤੀ। ਮਾਮਲੇ ਦੀ ਜਾਂਚ ਲਈ ਡੀ.ਜੀ.ਪੀ. ਵੱਲੋਂ ਏ.ਡੀ.ਜੀ.ਪੀ. ਪੱਧਰ ਦੇ ਅਧਿਕਾਰੀ ਦੀ ਅਗਵਾਈ ਵਿਚ ਇਕ ਵਿਸ਼ੇਸ਼ ਜਾਂਚ ਟੀਮ ਬਣਾਉਣ ਤੇ ਬੱਸ ਕਬਜ਼ੇ ਵਿਚ ਲੈਣ ਤੋਂ ਬਾਅਦ ਲੋਕਾਂ ਨੇ ਧਰਨਾ ਤਾਂ ਚੁੱਕ ਲਿਆ ਪਰ ਇਹ ਘਟਨਾ ਕਈ ਸੁਆਲ ਖੜ੍ਹੇ ਕਰ ਗਈ ਹੈ।

ਇਸ ਘਟਨਾ ਮੌਕੇ ਨੇੜੇ ਦੇ ਇਕ ਢਾਬੇ ਦੇ ਮਾਲਕ ਵੱਲੋਂ ਪ੍ਰਤੱਖਦਰਸ਼ੀ ਦੇ ਤੌਰ ਉੱਤੇ ਪੁਲਿਸ ਨੂੰ ਕਿਹਾ ਗਿਆ ਕਿ ਸਵਰਨ ਸਿੰਘ ਦੀ ਮੌਤ ਬੱਸ ਦੀ ਫੇਟ ਨਾਲ ਹੋਈ ਹੈ। ਪੁਲਿਸ ਵੱਲੋਂ ਜਾਂਚ ਸ਼ੁਰੂ ਕਰਨ ਤੋਂ ਪਹਿਲਾਂ ਐਫ.ਆਈ.ਆਰ. ਦਰਜ ਕੀਤੀ ਗਈ ਪਰ ਅਜਿਹਾ ਕਰਨ ਵੇਲੇ ਪ੍ਰਤੱਖਦਰਸ਼ੀ ਦੇ ਬਿਆਨ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਬਾਅਦ ਦੀ ਜਾਂਚ ਵਿਚ ਤੱਥਾਂ ਦੇ ਆਧਾਰ ਉਤੇ ਰਿਪੋਰਟ ਜੋ ਵੀ ਸਾਹਮਣੇ ਆਏ, ਪਰ ਪੁਲਿਸ ਵੱਲੋਂ ਮੌਕੇ ਉੱਤੇ ਮੌਜੂਦ ਲੋਕਾਂ ਦੀ ਗੱਲ ਨਾ ਮੰਨਣਾ ਇਹ ਸ਼ੱਕ ਖੜ੍ਹੇ ਕਰਦਾ ਹੈ ਕਿ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੁਝ ਦਿਨ ਪਹਿਲਾਂ ਹੀ ਬਾਦਲ ਪਰਿਵਾਰ ਦੀ ਇਕ ਬੱਸ ਵਿਚ ਬਜ਼ੁਰਗ ਦੀ ਕੁਟਮਾਰ ਦੀ ਘਟਨਾ ਵੀ ਚਰਚਾ ਵਿਚ ਰਹੀ ਹੈ।

ਮੋਗਾ ਨੇੜੇ ਇਕ ਨਾਬਾਲਗ ਲੜਕੀ ਦੀ ਬੱਸ ਵਿਚੋਂ ਡਿੱਗਣ ਨਾਲ ਹੋਈ ਮੌਤ ਦਾ ਮਾਮਲਾ ਤਾਂ ਕਈ ਦਿਨਾਂ ਤੱਕ ਪੰਜਾਬ ਦੇ ਸਿਆਸੀ ਤੇ ਸਮਾਜਿਕ ਮੰਚ ਉੱਤੇ ਛਾਇਆ ਰਿਹਾ ਸੀ। ਆਖ਼ਰ ਗ਼ਰੀਬ ਪਰਿਵਾਰ ਨੂੰ ਮਾਇਕ ਮਦਦ ਦੇਣ ਤੋਂ ਬਾਅਦ ਮਾਮਲਾ ਰਫ਼ਾ-ਦਫ਼ਾ ਹੋ ਗਿਆ ਸੀ। ਇਸ ਘਟਨਾ ਬਾਅਦ ਉਪ ਮੁੱਖ ਮੰਤਰੀ ਨੇ ਬਾਦਲ ਪਰਿਵਾਰ ਦੀਆਂ ਬੱਸਾਂ ਦੇ ਸਟਾਫ਼ ਨੂੰ ਲੋਕਾਂ ਨਾਲ ਚੰਗੇ ਵਿਵਹਾਰ ਦੀ ਟਰੇਨਿੰਗ ਦੇਣ ਦਾ ਉਪਰਾਲਾ ਵੀ ਕੀਤਾ ਸੀ ਪਰ ਪਰਨਾਲਾ ਉੱਥੇ ਦਾ ਉੱਥੇ ਹੀ ਹੈ।

### ਰੋਪੜ 'ਚ ਬਾਦਲਾਂ ਦੀ ਬੱਸ ਨੇ ਦਰੜਿਆ ਸਕੂਟਰ ਸਵਾਰ



### ਲਾਚਾਰ ਨਜ਼ਰ ਆਈ ਪੰਜਾਬ ਪੁਲਿਸ

ਡੱਬਵਾਲੀ ਟਰਾਂਸਪੋਰਟ ਕੰਪਨੀ ਦੀ ਬੱਸ ਦੇ ਚਾਲਕਾਂ ਉਤੇ ਕਾਰਵਾਈ ਕਰਨ ਵਿਚ ਪੁਲਿਸ ਦੀ ਲਾਚਾਰੀ ਸਾਫ਼ ਦੇਖਣ ਨੂੰ ਮਿਲੀ। ਤਤਕਸਾਰ ਹੀ ਇਸੇ ਹਾਦਸੇ ਵਿਚ ਹਾਦਸਾ ਗ੍ਰਸਤ ਹੋਈ ਆਈ-20 ਕਾਰ ਦੇ ਚਾਲਕਾਂ ਨੂੰ ਪੁਲਿਸ ਫੜ ਕੇ ਥਾਣੇ ਲੈ ਗਈ ਤੇ ਇਹ ਦਲੀਲਾਂ ਦਿੰਦੀ ਰਹੀ ਕਿ ਸਕੂਟਰ ਸਵਾਰ ਨੂੰ ਬੱਸ ਨੇ ਨਹੀਂ ਬਲਕਿ ਉਕਤ ਕਾਰ ਨੇ ਕੁਚਲਿਆ ਹੈ, ਹਾਲਾਂਕਿ ਇਸ ਮੌਕੇ ਕੋਈ ਵੀ ਪੁਲਿਸ ਅਧਿਕਾਰੀ ਮੌਕੇ ਉਤੇ ਮੌਜੂਦ ਨਹੀਂ ਸੀ। ਇਸ ਬਾਰੇ ਕਾਰ ਚਾਲਕ ਇਹ ਸਫਾਈ ਵੀ ਦਿੰਦੇ ਰਹੇ ਕਿ ਉਹ ਤਾਂ ਬੱਸ ਦੇ ਪਿੱਛੇ ਆ ਰਹੇ ਸਨ ਤੇ ਖੁਦ ਨੂੰ ਬਚਾਉਣ ਦੇ ਚੱਕਰ ਵਿਚ ਉਨ੍ਹਾਂ ਦੀ ਕਾਰ ਹਾਦਸਾ ਗ੍ਰਸਤ ਹੋਈ ਪਰ ਸਰਪੰਚ ਢਾਬੇ ਦੇ ਮਾਲਕ ਪ੍ਰਤੱਖਦਰਸ਼ੀ ਜਗਤਾਰ ਸਿੰਘ ਤੇ ਹਰਪ੍ਰੀਤ ਸਿੰਘ ਚੱਕਲਾਂ ਦੇ ਪੁਲਿਸ ਅਧਿਕਾਰੀਆਂ ਨੂੰ ਦਿੱਤੇ ਬਿਆਨਾਂ ਵਿਚ ਸਾਫ ਤੌਰ ਉਤੇ ਬੱਸ ਚਾਲਕਾਂ ਨੂੰ ਕਸੂਰਵਾਰ ਦੱਸਣ ਉਤੇ ਪੁਲਿਸ ਵੱਲੋਂ ਹੁਣ ਫੋਰੈਂਸਿਕ ਮਾਹਰਾਂ ਨੂੰ ਮਾਮਲੇ ਦੀ ਜਾਂਚ ਲਈ ਸੱਦਿਆ ਗਿਆ। ਏ.ਡੀ.ਜੀ.ਪੀ. (ਕਰਾਈਮ) ਇਕਬਾਲ ਪ੍ਰੀਤ ਸਿੰਘ ਸਹੋਤਾ ਵੱਲੋਂ ਪ੍ਰੈਸ ਕਾਨਫਰੰਸ ਕਰਕੇ ਡੱਬਵਾਲੀ ਟਰਾਂਸਪੋਰਟ ਬੱਸ ਦੇ ਚਾਲਕਾਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ।

### ਕਾਰੋਬਾਰ ਤੇ ਸਿਆਸਤ ਦੇ ਰਿਸ਼ਤੇ ਬਾਰੇ ਬਾਦਲ ਖ਼ਾਮੋਸ਼

**ਚੰਡੀਗੜ੍ਹ:** ਪੰਜਾਬ ਵਿਚ ਸੱਤਾਧਾਰੀਆਂ ਦੀਆਂ ਵਪਾਰਕ ਰੁਚੀਆਂ ਕਾਰਨ 'ਹਿੱਤਾਂ ਦਾ ਟਕਰਾਅ' ਦੇ ਪੈਦਾ ਹੋਏ ਵਿਵਾਦ ਦਾ ਫੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੋਕਾਂ ਦੀ ਕਚਹਿਰੀ ਉਤੇ ਛੱਡ ਦਿੱਤਾ ਹੈ। ਇਥੇ ਪ੍ਰੈਸ ਕਲੱਬ ਵੱਲੋਂ ਕਰਵਾਏ 'ਮੀਟ ਦਿ ਪ੍ਰੈਸ' ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਨੂੰ ਬਾਦਲ ਪਰਿਵਾਰ ਅਤੇ ਮੰਤਰੀਆਂ ਦੇ ਵਪਾਰਕ ਕੰਮਾਂ ਬਾਰੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਸ. ਬਾਦਲ ਨੇ ਪਹਿਲਾਂ ਤਾਂ ਇਸ ਵਿਵਾਦਤ ਮੁੱਦੇ ਬਾਰੇ ਪੁੱਛੇ ਸਵਾਲਾਂ ਨੂੰ ਟਾਲਣ ਦਾ ਯਤਨ ਕੀਤਾ ਪਰ ਅਖੀਰ ਕਿਹਾ, ''ਸਾਡੇ ਪਰਿਵਾਰ ਵੱਲੋਂ ਰਾਜਨੀਤੀ ਨਾਲ ਵਪਾਰ ਕਰਨ ਬਾਰੇ ਫੈਸਲਾ ਲੋਕਾਂ ਦੀ ਅਦਾਲਤ ਵਿਚ ਹੋਵੇਗਾ।'' ਮੁੱਖ ਮੰਤਰੀ ਨੇ ਇਹ ਵੀ ਦਾਅਵਾ ਕੀਤਾ ਕਿ ਰੋਪੜ ਜ਼ਿਲ੍ਹੇ ਵਿਚ ਵਾਪਰੇ ਹਾਦਸੇ ਦੇ ਪੀੜਤ ਪਰਿਵਾਰ ਨੂੰ 22.50 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਸਰਕਾਰ ਨੇ ਨਹੀਂ ਦਿੱਤੀ।

## ਚਾਰ ਸਾਲਾਂ ਤੋਂ ਰੁਕੇ ਪੁਰਸਕਾਰਾਂ ਦੀ ਵੰਡ ਬਾਰੇ ਆਸ ਬੱਝੀ

**ਪਟਿਆਲਾ (ਬਿਊਰੋ):** ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤੇ ਜਾਣ ਵਾਲੇ ਸਾਲਾਨਾ ਸ਼੍ਰੋਮਣੀ ਪੁਰਸਕਾਰਾਂ ਦੀ ਵੰਡ ਦੇ ਆਸਾਰ ਬਣ ਗਏ ਹਨ। ਪੰਜਾਬ ਸਰਕਾਰ ਨੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰਾਂ ਦੀ ਇਨਾਮੀ ਰਾਸ਼ੀ ਦੁੱਗਣੀ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤੇ ਜਾਣ ਵਾਲੇ ਸਾਲਾਨਾ ਸ਼੍ਰੋਮਣੀ ਪੁਰਸਕਾਰਾਂ ਦੀ ਵੰਡ ਪਿਛਲੇ ਤਿੰਨ ਸਾਲਾਂ ਤੋਂ ਬਕਾਇਆ ਪਈ ਹੈ। ਚਾਲੂ ਵਰ੍ਹੇ 2015 ਨੂੰ ਜੋੜ ਲਈਏ ਤਾਂ ਚਾਰ ਸਾਲਾਂ ਦੇ ਪੁਰਸਕਾਰ ਵੰਡਣ ਵਾਲੇ ਬਾਕੀ ਪਏ ਹਨ। ਅਜਿਹੇ ਹਾਲਾਤ ਵਿਚ ਚਿੰਤਕਾਂ ਵੱਲੋਂ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ ਜਾਣ ਲੱਗੀ ਸੀ।

ਅਖੀਰ ਹੁਣ ਰਾਜ ਸਰਕਾਰ ਨੇ ਇਨ੍ਹਾਂ ਪੁਰਸਕਾਰਾਂ ਲਈ ਅਹਿਮ ਫੈਸਲਾ ਲੈਂਦਿਆਂ ਰਾਸ਼ੀ ਦੁੱਗਣੀ ਕਰ ਦਿੱਤੀ ਹੈ। ਭਾਵੇਂ ਪੁਰਸਕਾਰਾਂ ਦੀ ਰਾਸ਼ੀ ਵਧਾਏ ਜਾਣ ਬਾਰੇ ਐਲਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕਈ ਸਾਲ ਪਹਿਲਾਂ ਕੀਤਾ ਗਿਆ ਸੀ ਪਰ ਇਸ ਕਰਾਰ ਉਤੇ ਪੰਜਾਬ ਸਰਕਾਰ ਨੇ ਮੋਹਰ ਹੁਣ ਹੀ ਲਗਾਈ ਹੈ। ਦੋ ਜੁਲਾਈ 2015 ਨੂੰ ਜਾਰੀ ਨੋਟੀਫਿਕੇਸ਼ਨ ਮੁਤਾਬਕ ਪੰਜਾਬੀ ਸਾਹਿਤ ਰਤਨ ਪੁਰਸਕਾਰ ਦੀ ਪੰਜ ਲੱਖ ਦੀ ਰਾਸ਼ੀ ਨੂੰ ਵਧਾ ਕੇ ਹੁਣ 10 ਲੱਖ ਰੁਪਏ ਕਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਬਾਕੀ ਦੇ ਪੁਰਸਕਾਰ, ਜਿਨ੍ਹਾਂ ਵਿਚ ਸ਼੍ਰੋਮਣੀ ਪੰਜਾਬੀ, ਹਿੰਦੀ, ਉਰਦੂ ਤੇ ਸੰਸਕ੍ਰਿਤ ਸਾਹਿਤਕਾਰ ਪੁਰਸਕਾਰ, ਸ਼੍ਰੋਮਣੀ ਪੰਜਾਬੀ ਆਲੋਚਕ, ਸ਼੍ਰੋਮਣੀ ਪੰਜਾਬੀ ਕਵੀ, ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ, ਸ਼੍ਰੋਮਣੀ ਪੰਜਾਬੀ ਸਾਹਿਤਕਾਰ ਵਿਦੇਸ਼ੀ, ਸ਼੍ਰੋਮਣੀ ਸਾਹਿਤਕਾਰ ਪੰਜਾਬੀ ਪੰਜਾਬੋਂ ਬਾਹਰ, ਬਾਲ ਸਾਹਿਤਕਾਰ, ਸ਼੍ਰੋਮਣੀ ਪੰਜਾਬੀ ਪੱਤਰਕਾਰ, ਸ਼੍ਰੋਮਣੀ ਰਾਗੀ, ਢਾਡੀ ਤੇ ਕਵੀਸ਼ਰ, ਟੈਲੀਵਿਜ਼ਨ ਤੇ ਫਿਲਮ, ਨਾਟਕ ਤੇ ਥੀਏਟਰ, ਗਾਇਕ ਤੇ ਸੰਗੀਤਕਾਰ ਪੁਰਸਕਾਰ ਤੇ ਸ਼੍ਰੋਮਣੀ ਸਾਹਿਤਕ ਪੱਤਰਕਾਰ ਸ਼ਾਮਲ ਹਨ, ਦੀ ਇਨਾਮੀ ਰਾਸ਼ੀ ਜੋ ਪਹਿਲਾਂ ਢਾਈ ਲੱਖ ਸੀ, ਨੂੰ ਵਧਾ ਕੇ ਹੁਣ ਪੰਜ ਲੱਖ ਕਰ ਦਿੱਤਾ ਗਿਆ ਹੈ।

ਭਾਸ਼ਾ ਵਿਭਾਗ ਪੰਜਾਬ ਨੇ ਇਨ੍ਹਾਂ ਪੁਰਸਕਾਰਾਂ ਨੂੰ ਵੰਡਣ ਲਈ ਤਿਆਰੀਆਂ ਆਰੰਭ ਦਿੱਤੀਆਂ ਹਨ। ਉਂਜ ਅਜੇ ਇਹ ਸਾਫ਼ ਨਹੀਂ ਹੋ ਸਕਿਆ ਕਿ ਪੰਜਾਬ ਸਰਕਾਰ ਵੱਲੋਂ ਚਾਰ ਸਾਲਾਂ ਦੇ ਇਨਾਮ ਇਕੱਠੇ ਹੀ ਵੰਡੇ ਜਾਣਗੇ ਜਾਂ ਦੋ ਦੋ ਸਾਲਾਂ ਦੇ ਵੰਡਣ ਦਾ ਪ੍ਰੋਗਰਾਮ ਹੈ। ਸੂਤਰਾਂ ਦਾ ਕਹਿਣਾ ਹੈ ਸ਼ਾਇਦ ਨਵੰਬਰ ਮਹੀਨੇ ਵਿਚ ਦੋ ਸਾਲਾਂ ਦੇ ਇਨਾਮਾਂ ਦੀ ਹੀ ਵੰਡ ਸੰਭਵ ਬਣ ਸਕੇ। ਪ੍ਰਤੀ ਸਾਲ ਇਨਾਮੀ ਰਾਸ਼ੀ ਕਰੋੜ ਰੁਪਏ ਨੂੰ ਢੁੱਕੇਗੀ ਜਦ ਕਿ ਸਰਕਾਰ ਦਾ ਹੱਥ ਪਹਿਲਾਂ ਹੀ ਤੰਗ ਮੰਨਿਆ ਜਾ ਰਿਹਾ ਹੈ।

### ਸ਼੍ਰੋਮਣੀ ਪੁਰਸਕਾਰਾਂ ਦੀ ਰਾਸ਼ੀ ਵਧਾਉਣ ਪਿਛੋਂ ਕੋਸ਼ਿਸ਼ਾਂ ਤੇਜ਼




## ਜਗਤਾਰ ਸਿੰਘ ਤਾਰਾ ਵੱਲੋਂ ਜੇਲ੍ਹ ਤੋੜੂ ਕੇਸ ਲੜਨ ਤੋਂ ਨਾਂਹ

**ਚੰਡੀਗੜ੍ਹ:** ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਜਗਤਾਰ ਸਿੰਘ ਤਾਰਾ ਨੇ ਜੇਲ੍ਹ ਬਰੇਕ ਕੇਸ ਵਿਚ ਅਦਾਲਤੀ ਲੜਾਈ ਲੜਨ ਤੋਂ ਨਾਂਹ ਕਰ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਉਹ ਆਪਣੇ ਬਚਾਅ ਲਈ ਅਦਾਲਤ ਅੱਗੇ ਕੋਈ ਦਲੀਲ ਦੇਣ ਦੀ ਇੱਛਾ ਨਹੀਂ ਰੱਖਦਾ ਹੈ। ਚੰਡੀਗੜ੍ਹ ਪ੍ਰਸ਼ਾਸਨ ਨੇ ਤਾਰਾ ਖਿਲਾਫ਼ ਜੇਲ੍ਹ ਬਰੇਕ ਕੇਸ ਵਿਚ ਵੱਖਰੀ ਸੁਣਵਾਈ ਸ਼ੁਰੂ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ। ਤਾਰਾ ਦੇ ਵਕੀਲ ਸਿਮਰਜੀਤ ਸਿੰਘ ਨੇ ਦੱਸਿਆ ਕਿ ਉਹ ਜੇਲ੍ਹ ਬਰੇਕ ਕੇਸ ਵਿਚ ਅਦਾਲਤੀ ਲੜਾਈ ਲੜਨ ਦੇ ਰੌਂਅ ਵਿਚ ਨਹੀਂ ਹੈ।



ਜਗਤਾਰ ਸਿੰਘ ਤਾਰਾ ਇਨ੍ਹੀਂ ਦਿਨੀਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਲੰਘ ਰਿਹਾ ਹੈ। ਉਸ ਦੇ ਮਨ ਵਿਚ ਪੁਲਿਸ ਤੇ ਜੇਲ੍ਹ ਅਧਿਕਾਰੀਆਂ ਵੱਲੋਂ ਮਾੜਾ ਵਰਤਾਅ ਕਰਨ ਕਰਕੇ ਰੋਸ ਹੈ ਤੇ ਕੇਸ ਨਾ ਲੜਨ ਦਾ ਫੈਸਲਾ ਇਸੇ ਦਾ ਨਤੀਜਾ ਹੈ। ਉਹ ਮਰਹੂਮ ਬੇਅੰਤ ਸਿੰਘ ਕਤਲ ਕੇਸ ਵਿਚ ਵੀ ਅਦਾਲਤ ਵਿਚ ਆਪਣੇ ਪੱਖ ਵਿਚ ਦਲੀਲ ਦੇਣ ਤੋਂ ਨਾਂਹ ਕਰ ਚੁੱਕਾ ਹੈ। ਉਸ ਨੇ ਬੇਅੰਤ ਕਤਲ ਕੇਸ ਵੇਲੇ ਅਦਾਲਤ ਨੂੰ ਦਿੱਤੇ ਬਿਆਨਾਂ ਵਿਚ ਵੀ ਕਿਹਾ ਸੀ ਕਿ ਉਹ ਭਾਰਤ ਦੇ ਸੰਵਿਧਾਨ ਤੇ ਕਾਨੂੰਨ ਵਿਚ ਵਿਸ਼ਵਾਸ ਨਹੀਂ ਰੱਖਦਾ ਹੈ ਜਿਸ ਕਰਕੇ ਕੁਝ ਕਹਿਣ ਦੀ ਜ਼ਰੂਰਤ ਨਹੀਂ ਰਹਿ ਗਈ ਹੈ। ਜੇਲ੍ਹ ਬਰੇਕ ਕੇਸ ਵਿਚ ਉਸ ਦੇ ਦੋ ਹੋਰ ਸਾਥੀਆਂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਓਰਾ ਵਿਰੁੱਧ ਚੰਡੀਗੜ੍ਹ ਦੀ ਅਦਾਲਤ ਵਿਚ ਵੱਖਰਾ ਕੇਸ ਚੱਲ ਰਿਹਾ ਹੈ। ਬੇਅੰਤ ਕਤਲ ਕੇਸ ਵਿਚ ਹਵਾਰਾ ਤੇ ਭਿਓਰਾ ਨੂੰ ਅਦਾਲਤ ਵੱਲੋਂ ਸਜ਼ਾ ਸੁਣਾਈ ਜਾ ਚੁੱਕੀ ਹੈ।

ਤਾਰਾ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਚੰਡੀਗੜ੍ਹ ਪ੍ਰਸ਼ਾਸਨ ਨੇ ਹੁਣ ਆ ਕੇ ਵੱਖਰਾ ਕੇਸ ਚਲਾਉਣ ਦੀ ਆਗਿਆ ਦਿੱਤੀ ਹੈ। ਹਵਾਰਾ ਤੇ ਭਿਓਰਾ ਇਸ ਵੇਲੇ ਤਿਹਾੜ ਜੇਲ੍ਹ ਵਿਚ ਬੰਦ ਹਨ ਤੇ ਉਹ ਵੀਡੀਓ ਕਾਨਫਰਸਿੰਗ ਰਾਹੀਂ ਤਰੀਕਾਂ ਭੁਗਤ ਰਹੇ ਹਨ। ਤਾਰਾ ਬੁੜੈਲ ਜੇਲ੍ਹ ਵਿਚ ਬੰਦ ਹੈ।

## ਇੰਟਰਪੋਲ ਨੇ ਪਵਾਰ ਦੇ ਕਾਤਲ ਨੂੰ 'ਮੋਸਟ ਵਾਂਟਿਡ' ਐਲਾਨਿਆ

**ਜਲੰਧਰ:** ਇੰਗਲੈਂਡ ਦੇ ਹੋਟਲੀਅਰ ਰਣਜੀਤ ਸਿੰਘ ਪਵਾਰ ਕਤਲ ਕੇਸ ਦੇ ਮੁੱਖ ਮੁਲਜ਼ਮ ਬਲਦੇਵ ਸਿੰਘ ਦਿਉਲ ਨੂੰ ਯੂ.ਕੇ. ਇੰਟਰਪੋਲ ਨੇ 'ਮੋਸਟ ਵਾਂਟਿਡ' ਅਪਰਾਧੀਆਂ ਦੀ ਸੂਚੀ ਵਿਚ ਪਾ ਦਿੱਤਾ ਹੈ ਤੇ ਉਸ ਖਿਲਾਫ ਨੋਟਿਸ ਜਾਰੀ ਕਰ ਦਿੱਤਾ ਹੈ। ਆਪਣੇ ਦੋਸਤ ਦਾ ਕਤਲ ਕਰ ਕੇ ਫ਼ਰਾਰ ਹੋਏ ਬਲਦੇਵ ਸਿੰਘ ਨੂੰ ਬਰਤਾਨੀਆ ਪੁਲਿਸ ਵੀ ਹਾਲੇ ਤੱਕ ਨਹੀਂ ਲੱਭ ਸਕੀ ਹੈ ਜਦਕਿ ਕਤਲ ਵਿਚ ਉਸ ਦਾ ਸਾਥ ਦੇਣ ਵਾਲੇ ਸੁਖਦੇਵ ਸਿੰਘ ਨੂੰ ਜਲੰਧਰ ਪੁਲਿਸ ਨੇ ਕਾਬੂ ਕਰ ਲਿਆ ਸੀ।

ਜਾਣਕਾਰੀ ਅਨੁਸਾਰ ਇੰਟਰਪੋਲ ਨੇ ਬਲਦੇਵ ਸਿੰਘ ਦਿਉਲ ਨੂੰ 'ਮੋਸਟ ਵਾਂਟਿਡ' ਦੀ ਸੂਚੀ ਵਿਚ ਪਾ ਕੇ ਉਸ ਦੀ ਭਾਲ ਤੇਜ਼ ਕਰ ਦਿੱਤੀ ਹੈ। ਰਣਜੀਤ ਪਵਾਰ ਦਾ ਪਰਿਵਾਰ ਵੀ ਲਗਾਤਾਰ ਪੁਲਿਸ ਤੋਂ ਉਸ ਨੂੰ ਜਲਦ ਤੋਂ ਜਲਦ ਫੜਨ ਦੀ ਮੰਗ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਰਣਜੀਤ ਪਵਾਰ ਦਾ ਕਤਲ ਕਰਕੇ ਬਲਦੇਵ ਪੰਜਾਬ ਤੋਂ ਫ਼ਰਾਰ ਹੋ ਗਿਆ ਸੀ।

ਬਲਦੇਵ ਸਿੰਘ ਦਾ ਪਿੰਡ ਸੇਖਾਂ ਸ਼ਾਹਕੋਟ ਹਲਕੇ ਵਿਚ ਪੈਂਦਾ ਹੈ ਤੇ ਉਸ ਦੀ ਕੋਠੀ ਇਸ ਘਟਨਾ ਤੋਂ ਬਾਅਦ ਸੁੰਨੀ ਪਈ ਹੈ। ਸੱਤ ਮਈ ਨੂੰ ਰਣਜੀਤ ਸਿੰਘ ਪਵਾਰ ਇੰਗਲੈਂਡ ਤੋਂ ਅੰਮ੍ਰਿਤਸਰ ਆਇਆ ਸੀ ਤੇ ਬਲਦੇਵ ਸਿੰਘ ਹੀ ਉਸ ਨੂੰ ਆਪਣੇ ਭਾਣਜੇ ਸੁਖਦੇਵ ਸਿੰਘ ਨਾਲ ਹਵਾਈ ਅੱਡੇ ਤੋਂ ਲੈਣ ਗਿਆ ਸੀ। ਇਸ ਤੋਂ ਅਗਲੇ ਹੀ ਦਿਨ ਅੱਠ ਮਈ ਨੂੰ ਉਨ੍ਹਾਂ ਨੇ ਗਲਾ ਘੁੱਟ ਕੇ ਰਣਜੀਤ ਪਵਾਰ ਦੀ ਹੱਤਿਆ ਕਰ ਦਿੱਤੀ ਤੇ ਫਿਰ ਲਾਸ਼ ਨੂੰ ਆਨੰਦਪੁਰ ਸਾਹਿਬ ਕੋਲ ਭਾਖੜਾ ਨਹਿਰ ਵਿਚ ਸੁੱਟ ਦਿੱਤਾ ਸੀ।

## ਕੈਪਟਨ ਨੇ ਮਿਸ਼ਨ-2017 ਲਈ ਖੇਡਿਆ ਦਲਿਤ ਪੱਤਾ

**ਸ੍ਰੀ ਆਨੰਦਪੁਰ ਸਾਹਿਬ:** ਕਾਂਗਰਸ ਦੇ ਲੋਕ ਸਭਾ ਵਿਚ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਮਿਸ਼ਨ 2017 ਤਹਿਤ ਸੂਬੇ ਦੇ ਦਲਿਤ ਵੋਟ ਬੈਂਕ ਨੂੰ ਆਪਣੇ ਵੱਲ ਕਰਨ ਲਈ ਕੋਸ਼ਿਸ਼ਾਂ ਆਰੰਭ ਦਿੱਤੀਆਂ ਹਨ। ਕੈਪਟਨ ਨੇ ਬਾਬੂ ਕਾਂਸ਼ੀ ਰਾਮ ਨੂੰ ਭਾਰਤ ਰਤਨ ਦਿਵਾਉਣ ਲਈ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਗੱਲ ਕਰਨ ਤੇ ਲੋਕ ਸਭਾ ਵਿਚ ਇਸ ਬਾਰੇ ਆਵਾਜ਼ ਬੁਲੰਦ ਕਰਨ ਦੀ ਹਾਮੀ ਭਰੀ ਹੈ। ਕੈਪਟਨ ਬਾਬੂ ਕਾਂਸ਼ੀ ਰਾਮ ਦੇ ਪਿੰਡ ਬੂੰਗਾ ਸਾਹਿਬ ਵਿਖੇ ਉਨ੍ਹਾਂ ਦੇ ਨਿਵਾਸ ਸਥਾਨ ਉਤੇ ਪੁੱਜੇ, ਜਿਥੇ ਉਨ੍ਹਾਂ ਬੁੱਤ ਉਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸਾਬਕਾ ਸੰਸਦੀ ਸਕੱਤਰ ਰਾਣਾ ਕੰਵਰਪਾਲ ਸਿੰਘ ਨਾਲ ਬੂੰਗਾ ਸਾਹਿਬ ਪਹੁੰਚੇ ਕੈਪਟਨ ਨੇ ਮੀਡੀਆ ਨਾਲ ਕਿਸੇ ਵੀ ਤਰ੍ਹਾਂ ਦੀ ਸਿਆਸੀ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਇਹ ਜ਼ਰੂਰ ਕਿਹਾ ਕਿ ਉਹ ਕਾਂਸ਼ੀ ਰਾਮ ਨੂੰ ਉਚੇਚੇ ਤੌਰ ਉਤੇ ਸ਼ਰਧਾਂਜਲੀ ਦੇਣ ਆਏ ਹਨ।

ਉਨ੍ਹਾਂ ਮਰਹੂਮ ਬਾਬੂ ਕਾਂਸ਼ੀ ਰਾਮ ਦੀ ਭੈਣ ਸਵਰਣ ਕੌਰ ਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਸਵਰਣ ਕੌਰ ਤੇ ਹੋਰ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਕੈਪਟਨ ਨੂੰ ਅਪੀਲ ਕੀਤੀ ਕਿ ਬਾਬੂ ਕਾਂਸ਼ੀ ਰਾਮ ਨੂੰ ਭਾਰਤ ਰਤਨ ਦਿਵਾਉਣ ਲਈ ਉਹ ਸੰਸਦ ਵਿਚ ਆਵਾਜ਼ ਬੁਲੰਦ ਕਰਨ। ਕੈਪਟਨ ਨੇ ਇਸ ਬਾਰੇ ਆਪਣੀ ਸਹਿਮਤੀ ਪ੍ਰਗਟ ਕਰਦੇ ਹੋਏ ਕਿਹਾ ਕਿ ਕਾਂਸ਼ੀ ਰਾਮ ਨੇ ਮਨੁੱਖਤਾ ਦੇ ਭਲੇ, ਖਾਸ ਕਰਕੇ ਦਲਿਤ ਸਮਾਜ ਲਈ ਉਮਰ ਭਰ ਆਪਣਾ ਬਣਦਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਕਾਂਸ਼ੀ ਰਾਮ ਨੂੰ ਭਾਰਤ ਰਤਨ ਦਿਵਾਉਣ ਲਈ ਉਹ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਗੱਲ ਕਰਨਗੇ ਤੇ ਲੋਕ ਸਭਾ ਵਿਚ ਵੀ ਇਸ ਬਾਰੇ ਆਵਾਜ਼ ਬੁਲੰਦ ਕਰਨਗੇ।

### ਕਾਂਸ਼ੀ ਰਾਮ ਨੂੰ ਭਾਰਤ ਰਤਨ ਦਿਵਾਉਣ ਦਾ ਵਾਅਦਾ



# ਪਰਵਾਸੀ ਭਰਾ ਵੱਲੋਂ ਸਰਪੰਚ ਦੀ ਹੱਤਿਆ

**ਲੁਧਿਆਣਾ:** ਸਾਊਥ ਸਿਟੀ ਇਲਾਕੇ ਵਿਚ ਸਵੇਰੇ ਜਿੰਮ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਅਕਾਲੀ ਸਰਪੰਚ ਭੁਪਿੰਦਰ ਸਿੰਘ ਗਰੇਵਾਲ ਨੂੰ ਉਸ ਦੇ ਐਨ.ਆਰ.ਆਈ. ਭਰਾ ਨਰਿੰਦਰ ਸਿੰਘ ਨੇ ਗੋਲੀ ਮਾਰ ਦਿੱਤੀ। ਪਿੰਡ ਝੰਮਟ ਦੇ ਇਸ ਪਰਿਵਾਰ ਦਾ ਆਪਸੀ ਵਿਵਾਦ ਚੱਲ ਰਿਹਾ ਸੀ। ਜਿੰਮ ਦੇ ਟਰੇਨਰ ਵੱਲੋਂ ਸਰਪੰਚ ਨੂੰ ਡੀ.ਐਮ.ਸੀ. ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਹ ਸਾਰੀ ਘਟਨਾ ਜਿੰਮ ਦੇ ਬਾਹਰ ਲੱਗੇ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਈ। ਪੁਲਿਸ ਨੇ ਕੈਮਰੇ ਦੀ ਫੁਟੇਜ ਲੈ ਲਈ ਹੈ ਤੇ ਕੇਸ ਦਰਜ ਕਰ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਘਟਨਾ ਵੇਲੇ ਨਰਿੰਦਰ ਸਿੰਘ ਨਾਲ ਇਕ ਹੋਰ ਬੰਦਾ ਵੀ ਸੀ।

ਸਰਪੰਚ ਦੇ ਚਾਚੇ ਮਨਜੀਤ ਸਿੰਘ ਨੇ ਦੱਸਿਆ ਕਿ ਜਿੰਮ ਪਿੰਡ ਤੋਂ ਕਰੀਬ ਇਕ ਕਿਲੋਮੀਟਰ ਦੂਰ ਹੈ ਤੇ ਭੁਪਿੰਦਰ ਸਿੰਘ ਆਪਣੀ ਇਨੋਵਾ ਕਾਰ ਵਿਚ ਬੈਠਾ ਜਿੰਮ ਖੁੱਲ੍ਹਣ ਦੀ ਉਡੀਕ ਕਰ ਰਿਹਾ ਸੀ ਕਿ ਉਸ ਦਾ ਛੋਟਾ ਭਰਾ ਨਰਿੰਦਰ ਸਿੰਘ ਆਪਣੇ ਸਾਥੀ ਸੋਨੀ ਘਵੱਦੀ ਨਾਲ ਉਥੇ ਪੁੱਜਿਆ। ਉਸ ਨੇ ਪਹਿਲਾਂ ਕੁਝ ਸਮਾਂ ਆਪਣੇ ਭਰਾ ਨਾਲ ਬਹਿਸ ਕੀਤੀ ਤੇ ਉਸ ਤੋਂ ਬਾਅਦ ਛੇ ਗੋਲੀਆਂ ਚਲਾ ਦਿੱਤੀਆਂ ਅਤੇ ਸਾਥੀ ਸਮੇਤ ਫ਼ਰਾਰ ਹੋ ਗਿਆ। ਭੁਪਿੰਦਰ ਸਿੰਘ ਦੇ ਸਿਰ, ਛਾਤੀ ਤੇ ਢਿੱਡ ਵਿਚ ਗੋਲੀਆਂ ਲੱਗੀਆਂ ਹਨ।

ਉਨ੍ਹਾਂ ਦੱਸਿਆ ਕਿ ਨਰਿੰਦਰ ਸਿੰਘ ਤੇ ਭੁਪਿੰਦਰ ਸਿੰਘ ਵਿਚ ਤਕਰਾਰ ਚੱਲ ਰਹੀ ਸੀ। ਕੁਝ ਮਹੀਨੇ ਪਹਿਲਾਂ ਵੀ ਨਰਿੰਦਰ ਨੇ ਭੁਪਿੰਦਰ ਦੇ ਦੋਹਾਂ ਬੱਚਿਆਂ ਅਤੇ ਡਰਾਈਵਰ ਨੂੰ ਧਮਕਾਇਆ ਸੀ। ਏ.ਸੀ.ਪੀ. ਰਛਪਾਲ ਸਿੰਘ ਢੀਂਡਸਾ ਨੇ ਕਿਹਾ ਕਿ ਰੰਜਿਸ਼ ਕਾਰਨ ਹੀ ਨਰਿੰਦਰ ਨੇ ਆਪਣੇ ਭਰਾ ਦਾ ਕਤਲ ਕੀਤਾ ਹੈ। ਨਰਿੰਦਰ ਦਾ ਪਿਛਲਾ ਰਿਕਾਰਡ ਵੀ ਚੈੱਕ ਕੀਤਾ ਜਾ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਭੁਪਿੰਦਰ ਸਿੰਘ ਸ਼੍ਰੋਮਣੀ ਅਕਾਲੀ ਦੇ ਵਿਧਾਇਕ ਦਰਸ਼ਨ ਸਿੰਘ ਸ਼ਿਵਾਲਿਕ ਅਤੇ ਮਨਪ੍ਰੀਤ ਸਿੰਘ ਇਆਲੀ ਦਾ ਕਰੀਬੀ ਸੀ। ਡੀ. ਐਮ.ਸੀ. ਹਸਪਤਾਲ ਵਿਚ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਵੀ ਪੁੱਜੇ ਤੇ ਵਾਰਦਾਤ ਬਾਰੇ ਪਰਿਵਾਰਕ ਮੈਂਬਰਾਂ ਤੋਂ ਜਾਣਕਾਰੀ ਹਾਸਲ ਕੀਤੀ।

# ਪੰਜਾਬ ਵਿਚ ਏਡਜ਼ ਨੇ ਪੈਰ ਪਸਾਰੇ

**ਪਟਿਆਲਾ:** ਪੰਜਾਬ ਵਿਚ ਏਡਜ਼ ਰੋਗੀਆਂ ਦੀ ਗਿਣਤੀ ਘੱਟਣ ਦੀ ਬਜਾਏ ਲਗਾਤਾਰ ਵਧ ਰਹੀ ਹੈ। ਸੂਬੇ ਵਿਚ ਪਿਛਲੇ ਇਕ ਸਾਲ ਦੌਰਾਨ ਏਡਜ਼ ਦੇ 6323 ਨਵੇਂ ਕੇਸ ਸਾਹਮਣੇ ਆਏ ਹਨ ਤੇ ਏਡਜ਼ ਵਾਲੇ ਵਾਇਰਸ ਐਚ.ਆਈ.ਵੀ. ਪੀੜਤਾਂ ਦੀ ਗਿਣਤੀ ਪਿਛਲੇ ਸਾਲ 39625 ਦੇ ਮੁਕਾਬਲੇ ਵਧ ਕੇ 45948 ਹੋ ਗਈ ਹੈ। ਇਸ ਅਰਸੇ ਦੌਰਾਨ ਸੂਬੇ ਵਿਚ 7,11,165 ਲੋਕਾਂ ਦਾ ਐਚ.ਆਈ.ਵੀ. ਟੈਸਟ ਕੀਤਾ ਗਿਆ ਸੀ ਜਿਸ ਵਿਚੋਂ 6323 ਕੇਸ ਪਾਜ਼ਿਟਿਵ ਨਿਕਲੇ ਹਨ। ਕਾਫ਼ੀ ਗਿਣਤੀ ਏਡਜ਼ ਪੀੜਤ ਆਪਣਾ ਇਲਾਜ ਪੰਜਾਬ ਤੋਂ ਬਾਹਰ ਜਾਂ ਦੇਸੀ ਦਵਾਈਆਂ ਜ਼ਰੀਏ ਕਰਵਾ ਰਹੇ ਹਨ। ਅਜਿਹੇ ਲੋਕ ਇਨ੍ਹਾਂ ਅੰਕੜਿਆਂ ਵਿਚ ਸ਼ਾਮਲ ਨਹੀਂ ਹਨ।

ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਫਰਵਰੀ ਤੋਂ ਲੈ ਕੇ ਇਸ ਵਰ੍ਹੇ ਅਪਰੈਲ ਤੱਕ ਏਡਜ਼ ਰੋਗੀਆਂ ਵਿਚ ਸਭ ਤੋਂ ਵੱਧ ਵਾਧਾ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੋਇਆ ਹੈ ਜਿਥੇ 1212 ਨਵੇਂ ਪੀੜਤ ਸਾਹਮਣੇ ਆਏ ਹਨ। ਦੂਜੇ ਨੰਬਰ 'ਤੇ ਲੁਧਿਆਣਾ ਜ਼ਿਲ੍ਹਾ ਹੈ ਜਿਥੇ 903 ਨਵੇਂ ਰੋਗੀ ਸਾਹਮਣੇ ਆਏ ਹਨ ਜਦਕਿ 806 ਨਵੇਂ ਕੇਸਾਂ ਨਾਲ ਪਟਿਆਲਾ ਤੀਜੇ ਅਤੇ 639 ਕੇਸਾਂ ਨਾਲ ਜਲੰਧਰ ਚੌਥੇ ਸਥਾਨ 'ਤੇ ਰਿਹਾ ਹੈ। ਇਹ ਰੋਗ ਦਿਹਾਤੀ ਖੇਤਰਾਂ ਵਿਚ ਵੀ ਪੈਰ ਪਸਾਰ ਰਿਹਾ ਹੈ। ਪਿਛਲੇ ਇਕ ਸਾਲ ਵਿਚ ਬਠਿੰਡਾ ਵਿਚ 360 ਨਵੇਂ ਰੋਗੀ ਸਾਹਮਣੇ ਆਏ ਹਨ ਜਦਕਿ ਕਪੂਰਥਲਾ 'ਚ 270, ਫਿਰੋਜ਼ਪੁਰ 'ਚ 256, ਗੁਰਦਾਸਪੁਰ 'ਚ 220, ਹੁਸ਼ਿਆਰਪੁਰ ਵਿਚ 202, ਤਰਨ ਤਾਰਨ ਵਿਚ 206, ਮੋਗਾ 'ਚ 173, ਫਰੀਦਕੋਟ 'ਚ 183, ਫਾਜ਼ਿਲਕਾ 'ਚ 105, ਨਵਾਂ ਸ਼ਹਿਰ 'ਚ 124, ਪਠਾਨਕੋਟ 'ਚ 120, ਸੰਗਰੂਰ 'ਚ 169, ਰੂਪਨਗਰ 'ਚ 75, ਪਠਾਨਕੋਟ 'ਚ 120, ਮੁਕਤਸਰ ਵਿਚ 48, ਮੁਹਾਲੀ ਵਿਚ 54, ਮਾਨਸਾ ਵਿਚ 64, ਫਤਿਹਗੜ੍ਹ ਸਾਹਿਬ ਵਿਚ 48 ਅਤੇ ਬਰਨਾਲਾ ਜ਼ਿਲ੍ਹੇ 'ਚ 86 ਨਵੇਂ ਕੇਸ ਐਚ. ਆਈ. ਵੀ. ਪਾਜ਼ਿਟਿਵ ਨਿਕਲੇ ਹਨ।


## Matrimonial

### ਵਰ ਦੀ ਲੋੜ ਹੈ

Wanted US citizen/green card holder beautiful girl from Nai family for a handsome boy from Nai family, US Visa holder (Family visa), 27, 5'-9'', B.B.A (convent educated), industrialist high status family. Contact: Advjatinderpalsingh@gmail.com

29-

Wanted well educated US born clean shave boy for Jatt Sikh girl, 30, 5'-5", slim & beautiful, to be pharmacist graduate next year, working part time. Parents well settled in US since long time. Contact: 916-710-1891 or hnurpuri@gmail.com

27-

### ਕੰਨਿਆ ਦੀ ਲੋੜ ਹੈ

ਬੇਅ ਏਰੀਏ ਵਿਚ ਇਕ ਵੱਡੀ ਕੰਪਨੀ 'ਚ ਅਕਾਊਂਟ ਮੈਨੇਜਰ ਵਜੋਂ ਕੰਮ ਕਰਦੇ 32 ਸਾਲਾ ਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 301-292-1494, E-mail: amriknagi@yahoo.com

29-

Wanted suitable US citizen girl for a Jatt Sikh Gill electro-mechanical engineer boy, 28, 6', PR in Canada. Contact: 216-543-5210 or ds.gill@hotmail.com

27-30

Suitable match for Kamboj Sikh boy 25, 6', masters in Business Administration from USA, working in banking profession on work visa in USA. Contacts: 1-503-580-2001, +91-85618-53000 or ssukhvinder1965@gmail.com

27-30

ਰਵੀਦਾਸੀਆ ਸਿੱਖ 27 ਸਾਲ, 5'9'', ਬੀ ਕਾਮ (ਅਕਾਊਂਟਿੰਗ), ਐਲ ਐਲ ਬੀ ਇੰਡੀਆ ਰਹਿੰਦੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਪਾਸ 15 ਕਿਲੇ ਜ਼ਮੀਨ ਹੈ। ਸੰਪਰਕ ਕਰੋ, ਫੋਨ: 347-445-3381


# ਸ਼ਹੀਦ ਊਧਮ ਸਿੰਘ ਤੇ ਢੀਂਗਰਾ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਭਾਸ਼ਣ ਮੁਕਾਬਲੇ 9 ਅਗਸਤ ਨੂੰ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਊਧਮ ਸਿੰਘ ਅਤੇ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਵਸ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 9 ਅਗਸਤ, ਐਤਵਾਰ ਨੂੰ ਸਥਾਨਕ ਇੰਡੀਆ ਓਵਨ ਰੈਸਟੋਰੈਂਟ (4045 ਡਬਲਿਊ ਐਸ਼ਲਨ ਐਵਨਿਊ) ਵਿਚ ਬਾਅਦ ਦੁਪਹਿਰ 2 ਵਜੇ ਕਰਵਾਏ ਜਾ ਰਹੇ ਹਨ। ਮਾਹਰਾਂ ਦੀਆਂ ਤਕਰੀਰਾਂ ਵੀ ਹੋਣਗੀਆਂ।

ਫੋਰਮ ਦੇ ਇਕ ਬੁਲਾਰੇ ਹਰਜਿੰਦਰ ਢੇਸੀ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਨੂੰ ਵੱਖ ਵੱਖ ਵਰਗਾਂ ਵਿਚ ਵੰਡਿਆ ਗਿਆ ਹੈ। ਗਰੁਪ 'ਏ' (ਪ੍ਰੀ-ਸਕੂਲ ਤੋਂ ਐਲੀਮੈਂਟਰੀ) ਦਾ ਵਿਸ਼ਾ 'ਭਾਰਤੀ ਆਜ਼ਾਦੀ ਘੁਲਾਟੀਆਂ ਦੀ ਜੀਵਨ ਕਥਾ' (1947 ਤੋਂ ਪਹਿਲਾਂ, ਸਮਾਂ 4 ਮਿੰਟ), ਗਰੁਪ 'ਬੀ' (ਮਿਡਲ ਸਟੈਂਡਰਡ 7 ਤੇ 8 ਗਰੇਡ) ਦਾ



ਸ਼ਹੀਦ ਊਧਮ ਸਿੰਘ ਮਦਨ ਲਾਲ ਢੀਂਗਰਾ

ਵਿਸ਼ਾ 'ਭਾਰਤੀ ਅਜ਼ਾਦੀ ਦੇ ਸੰਘਰਸ਼ ਗਦਰ ਪਾਰਟੀ ਲਹਿਰ ਜਾਂ ਆਈ ਐਨ ਏ ਲਹਿਰ' (ਸਮਾਂ 4 ਮਿੰਟ), ਗਰੁਪ 'ਸੀ' (ਹਾਈ ਸਕੂਲ ਵਿਦਿਆਰਥੀ) ਦਾ ਵਿਸ਼ਾ 'ਨੌਜਵਾਨਾਂ ਵਿਚ ਨਸ਼ੇ ਦਾ ਰੁਝਾਨ, ਸਮਾਜ ਦੇ ਵੱਖ ਵੱਖ ਖੇਤਰਾਂ ਤੇ ਅਸਰ ਅਤੇ ਨਸ਼ਾ ਰਹਿਤ ਸਮਾਜ ਦੀ ਸਿਰਜਣਾ ਲਈ ਹੱਲ' (ਸਮਾਂ 4-5 ਮਿੰਟ), ਗਰੁਪ 'ਡੀ' (ਕਾਲਜ ਅਤੇ ਯੂਨੀਵਰਸਿਟੀ ਵਿਦਿਆਰਥੀ) ਦਾ ਵਿਸ਼ਾ 'ਵਿਸ਼ਵਵਿਆਪੀ ਅਤਿਵਾਦ ਦੀ ਸਮੱਸਿਆ, ਕਾਰਨ, ਸਮਾਜ ਤੇ ਪ੍ਰਭਾਵ ਅਤੇ ਹੱਲ' (ਸਮਾਂ 4-5 ਮਿੰਟ) ਹੋਣਗੇ।

ਪ੍ਰਬੰਧਕਾਂ ਅਨੁਸਾਰ ਮੁਕਾਬਲੇ ਵਿਚ ਭਾਗ ਲੈਣ ਦੇ ਚਾਹਵਾਨ 28 ਜੁਲਾਈ ਤੋਂ ਪਹਿਲਾਂ ਰਜਿਸਟ੍ਰੇਸ਼ਨ ਕਰਵਾ ਲੈਣ ਅਤੇ ਰਜਿਸਟਰੇਸ਼ਨ ਲਈ ਸਪੀਚ ਕੰਪੀਟੀਸ਼ਨ ਸਬਜੈਕਟ ਲਿਖ ਕੇ ਈਮੇਲ IAHForum@Gmail.com 'ਤੇ ਆਪਣਾ ਨਾਮ, ਗਰੁਪ ਅਤੇ ਸੰਪਰਕ ਜਾਣਕਾਰੀ ਭੇਜੀ ਜਾ ਸਕਦੀ ਹੈ। ਦਿੱਤੇ ਹੋਏ ਮਜਮੂਨਾਂ ਤੋਂ ਬਾਹਰ ਦੀ ਸਪੀਚ ਨੂੰ ਮਨਜ਼ੂਰ ਨਹੀਂ ਕੀਤਾ ਜਾਵੇਗਾ। 'ਏ' ਤੇ 'ਬੀ' ਤੱਕ ਦੇ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲਿਆਂ ਨੂੰ ਕ੍ਰਮਵਾਰ $150, $100 ਅਤੇ $75 ਇਨਾਮ ਵਜੋਂ ਦਿੱਤੇ ਜਾਣਗੇ ਜਦਕਿ 'ਸੀ' ਤੇ 'ਡੀ' ਗਰੁਪ ਵਾਲੇ ਪਹਿਲੇ ਤਿੰਨ ਉਮੀਦਵਾਰਾਂ ਨੂੰ ਕ੍ਰਮਵਾਰ $200, $150 ਅਤੇ $100 ਇਨਾਮ ਵਜੋਂ ਦਿੱਤੇ ਜਾਣਗੇ।

## ਭਾਰਤ-ਮਿਆਂਮਾਰ ਸੀਮਾ ਉਤੇ ਅਤਿਵਾਦੀਆਂ ਦਾ ਗ਼ਲਬਾ: ਰਾਜਨਾਥ

**ਗੁਹਾਟੀ:** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਮਿਆਂਮਾਰ ਤੇ ਭੂਟਾਨ ਨਾਲ ਲੱਗਦੀ ਸਰਹੱਦ ਉਤੇ ਸੁਰੱਖਿਆ ਦੇ ਮਾੜੇ ਹਾਲਾਤ ਦੀ ਨਿਸ਼ਾਨਦੇਹੀ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਰਹੱਦਾਂ ਉਤੇ ਅਤਿਵਾਦੀਆਂ, ਹਥਿਆਰਾਂ ਤੇ ਨਸ਼ਿਆਂ ਦੀ ਬੇਰੋਕ-ਟੋਕ ਸਮਗਲਿੰਗ ਦੀਆਂ ਰਿਪੋਰਟਾਂ ਮਿਲ ਰਹੀਆਂ ਹਨ ਤੇ ਉਨ੍ਹਾਂ ਦਾ ਮੰਤਰਾਲਾ ਇਨ੍ਹਾਂ ਸਰਹੱਦਾਂ ਉਤੇ ਪ੍ਰਭਾਵਸ਼ਾਲੀ ਬੰਦੋਬਸਤ ਲਈ ਢੁਕਵੇਂ ਕਦਮ ਚੁੱਕ ਰਿਹਾ ਹੈ। ਉੱਤਰੀ ਪੂਰਬੀ ਰਾਜਾਂ ਦੇ ਮੁੱਖ ਮੰਤਰੀਆਂ ਦੀ ਕਾਨਫਰੰਸ ਵਿਚ ਸ੍ਰੀ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ-ਮਿਆਂਮਾਰ ਸਰਹੱਦ ਦੇ 10 ਕਿਲੋਮੀਟਰ ਖੇਤਰ ਵਿਚ 240 ਪਿੰਡਾਂ ਦੀ ਦੋ ਲੱਖ ਤੋਂ ਵੱਧ ਆਬਾਦੀ ਬਿਨਾਂ ਕਿਸੇ ਸੁਰੱਖਿਆ ਛਤਰੀ ਤੋਂ ਰਹਿ ਰਹੀ ਹੈ।

## ਪੀ ਸੀ ਏ ਵੱਲੋਂ ਗਿੱਧੇ-ਭੰਗੜੇ ਦੇ ਮੁਕਾਬਲੇ 18 ਜੁਲਾਈ ਨੂੰ

**ਯੂਨੀਅਨ ਸਿਟੀ (ਬਿਊਰੋ):** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ ਸੀ ਏ) ਵੱਲੋਂ ਸੱਤਵਾਂ ਗਿੱਧੇ-ਭੰਗੜੇ ਦਾ ਅੰਤਰਰਾਸ਼ਟਰੀ ਮੁਕਾਬਲਾ 18 ਮਈ, ਸਨਿਚਰਵਾਰ ਨੂੰ ਸੈਂਟਰ ਆਫ ਪ੍ਰਫਾਰਮਿੰਗ ਆਰਟਸ ਜ਼ੇਮਜ਼ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਕਰਵਾਇਆ ਜਾ ਰਿਹਾ ਹੈ।

ਪ੍ਰਬੰਧਕਾਂ ਅਨੁਸਾਰ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਪਰਿਵਾਰਾਂ ਨੂੰ ਸੁਰੱਖਿਆ ਦੇ ਮੱਦੇਨਜ਼ਰ ਸਕਿਉਰਿਟੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਗਾਇਕ ਭਿੰਦਾ ਜੱਟ ਵੀ ਇਸ ਮੌਕੇ ਦਰਸ਼ਕਾਂ ਦਾ ਮਨੋਰੰਜਨ ਕਰੇਗਾ। ਹੋਰ ਜਾਣਕਾਰੀ ਮਿੱਕੀ ਸਰਾਂ (408-966-7019) ਜਾਂ ਪਰਮਜੀਤ ਸਿੱਧੂ (510-709-8000) ਤੋਂ ਲਈ ਜਾ ਸਕਦੀ ਹੈ।


**Punjab Times**
**Our New E-mail**
***Punjabtimes1@gmail.com***


# ਅਤਿਵਾਦੀਆਂ ਦੇ ਪੈਰਾਂ ਉਤੇ ਟ੍ਰੈਕਿੰਗ ਚਿਪਸ ਲਾਏਗਾ ਪਾਕਿਸਤਾਨ

**ਲਾਹੌਰ:** ਪਾਕਿਸਤਾਨ ਵੱਲੋਂ ਪਹਿਲੀ ਵਾਰ 1600 ਮਸ਼ਕੂਕ ਅਤਿਵਾਦੀਆਂ ਦੇ ਪੈਰਾਂ ਵਿਚ 'ਟ੍ਰੈਕਿੰਗ ਚਿਪਸ' ਲਾਈਆਂ ਜਾਣਗੀਆਂ। ਅਜਿਹਾ ਮਸ਼ਕੂਕ ਅਤਿਵਾਦੀਆਂ ਦੀਆਂ ਗਤੀਵਿਧੀਆਂ ਉਤੇ ਨਜ਼ਰਸਾਨੀ ਤਹਿਤ ਇਸ ਮਹੀਨੇ ਦੇ ਅੰਤ ਤੱਕ ਕੀਤਾ ਜਾਵੇਗਾ। ਮਸ਼ਕੂਕ ਅਤਿਵਾਦੀਆਂ ਨੂੰ 'ਐਂਟੀ ਟੈਰੇਰਿਜ਼ਮ ਐਕਟ, 1997' ਦੀ ਚੌਥੀ ਅਨੁਸੂਚੀ ਤਹਿਤ ਰੱਖਿਆ ਗਿਆ ਹੈ। ਇਸ ਸਬੰਧੀ ਸੂਚੀ ਵਿਚ ਅਜਿਹੇ ਸਮੂਹਾਂ ਨੂੰ ਰੱਖਿਆ ਜਾਂਦਾ ਹੈ ਜਿਨ੍ਹਾਂ 'ਤੇ ਪਾਬੰਦੀਸ਼ੁਦਾ ਅਤਿਵਾਦੀ ਸਮੂਹਾਂ ਨਾਲ ਤਾਲਮੇਲ ਰੱਖਣ ਦਾ ਸ਼ੱਕ ਹੋਵੇ ਜਾਂ ਜਿਨ੍ਹਾਂ ਨੇ ਜਨਤਕ ਸ਼ਾਂਤੀ ਤੇ ਸੁਰੱਖਿਆ ਨੂੰ ਭੰਗ ਕਰਨ ਜਿਹੀਆਂ ਕਾਰਵਾਈਆਂ ਕੀਤੀਆਂ ਹੋਣ। ਸਬੰਧਤ ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪਾਕਿਸਤਾਨ ਵੱਲੋਂ ਪਹਿਲੀ ਵਾਰ ਲਹਿੰਦੇ ਪੰਜਾਬ ਵਿਚ ਅਜਿਹੇ ਮਸ਼ਕੂਕ ਅਤਿਵਾਦੀਆਂ ਦੀਆਂ ਗਤੀਵਿਧੀਆਂ ਉਤੇ ਨਜ਼ਰ ਰੱਖਣ ਲਈ ਉਨ੍ਹਾਂ ਦੇ ਪੈਰਾਂ ਵਿਚ 'ਟ੍ਰੈਕਿੰਗ ਚਿਪਸ' ਲਾਈਆਂ ਜਾਣਗੀਆਂ।

# ਅਫਰੀਕੀ ਨੌਜਵਾਨ ਯਾਨਿਕ ਦਾ ਮੈਡੀਕਲ ਬਿੱਲ ਦੇਣ ਤੋਂ ਟਾਲਾ

**ਪਟਿਆਲਾ:** ਅਫ਼ਰੀਕੀ ਮੁਲਕ ਬੁਰੁੰਡੀ ਦੇ ਨੌਜਵਾਨ ਯਾਨਿਕ ਨਿਹਨਗਾਜ਼ਾ ਦੇ ਇਲਾਜ ਉਤੇ ਖ਼ਰਚ ਹੋਏ 58 ਲੱਖ ਰੁਪਏ ਦਾ ਬਿੱਲ ਪੰਜਾਬ ਸਰਕਾਰ ਨੇ ਕੋਲੰਬੀਆ ਏਸ਼ੀਆ ਹਸਪਤਾਲ ਨੂੰ ਅਦਾ ਨਹੀਂ ਕੀਤਾ। ਯਾਨਿਕ ਨੂੰ ਦੋ ਸਾਲ ਤੋਂ ਵੱਧ ਸਮੇਂ ਤੱਕ ਹਸਪਤਾਲ ਵਿਚ ਇਲਾਜ ਲਈ ਰੱਖਿਆ ਗਿਆ ਤੇ ਉਸ ਦਾ ਖ਼ਰਚਾ ਇਕ ਕਰੋੜ 37 ਲੱਖ ਰੁਪਏ ਆਇਆ। ਇਸ ਵਿਚੋਂ ਵੱਡੀ ਰਕਮ ਅਮਰੀਕੀ ਸੰਸਥਾ ਨੇ ਚੁਕਾ ਦਿੱਤੀ ਸੀ ਜਦਕਿ ਕੁਝ ਰਕਮ ਹਸਪਤਾਲ ਨੇ ਘਟਾ ਦਿੱਤੀ ਸੀ। ਪੰਜਾਬ ਸਰਕਾਰ ਨੇ ਇਸ ਵਿਚੋਂ 63 ਲੱਖ ਰੁਪਏ ਮੋੜਨੇ ਸਨ ਪਰ ਅਜੇ ਤੱਕ ਸਿਰਫ਼ ਪੰਜ ਲੱਖ ਰੁਪਏ ਅਦਾ ਕੀਤੇ ਗਏ ਹਨ।

ਇਸ ਮਾਮਲੇ ਬਾਰੇ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਨਾਲ ਕਈ ਵਾਰ ਰਕਮ ਉਤਾਰਨ ਦਾ ਮਸਲਾ ਵਿਚਾਰਿਆ ਗਿਆ। ਪਹਿਲਾਂ ਬਿੱਲ ਗੁਆਚ ਗਏ ਸਨ ਅਤੇ ਇਨ੍ਹਾਂ ਨੂੰ ਦੁਬਾਰਾ ਤੋਂ ਬਣਾ ਕੇ ਜਮ੍ਹਾਂ ਕਰਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਪ੍ਰਾਈਵੇਟ ਯੂਨੀਵਰਸਿਟੀ ਵਿਚ ਪੜ੍ਹਦੇ ਯਾਨਿਕ ਨੂੰ ਕੁਝ ਵਿਦਿਆਰਥੀਆਂ ਨੇ ਕੁਟਿਆ ਸੀ ਜਿਸ ਤੋਂ ਬਾਅਦ ਉਹ ਬੇਸੁਰਤ ਹੋ ਗਿਆ ਸੀ ਤੇ ਪੰਜਾਬ ਸਰਕਾਰ ਨੇ ਐਲਾਨ ਕੀਤਾ ਸੀ ਕਿ ਉਸ ਦੇ ਇਲਾਜ ਦਾ ਖ਼ਰਚਾ ਸਰਕਾਰ ਚੁੱਕੇਗੀ। ਪਿਛਲੇ ਸਾਲ ਉਸ ਨੂੰ ਵਿਸ਼ੇਸ਼ ਉਡਾਣ ਰਾਹੀਂ ਬੁਰੁੰਡੀ ਭੇਜ ਦਿੱਤਾ ਗਿਆ ਸੀ ਜਿਥੇ ਉਸ ਦੀ ਮੌਤ ਹੋ ਗਈ ਸੀ।


**Philips-66 Truck Stop Convenience Store**

*For Sale or Lease*

**11 Pumps, 30 Trucks Parking**
**Diesel & Gas With Restaurant, Liquor, Lottery**
*Good Profit Margin*
**Prime Location (4 States Traffic Area on State Hwy I-44/I-49 in Missouri)**

**Also available commercial bulding (SCF), partially rented in Mohali, India**
**Commercial plot in business growing area (in Walmart, Home Office area)**

**Serious Parties Only, Please.**

**Contact: 417-825-7602**

Email: shaanmann5@gmail.com

28+

**Motel For Sale**

**103 Room Motel For Sale in Texarkana, Arkansas located on interstate I-30.**
**900 Realtor Ave., Texarkana, AR 71854**
***About 2.5 hours east of Dallas, Texas.***

**Motel has 4 bedroom manager apartment and is estimated to do 550k in revenue this year.**

**Asking Price: $1.4 Millon**
**Can view listing on loopnet.com and the property id#19249997**
**Call listing broker:**
**Jerry Brewer 903-793-2666 or**
**Call: Harvinder Sandhu 870-648-5489**
**or email: Gurmail2300@yahoo.com**

29-32

**Punjab Times**
**Established in 2000**
**16th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.
**All disputes subject to Chicago jurisdiction.**

# ਇਨਸਾਨੀਅਤ ਨੂੰ ਸ਼ਰਮਸਾਰ ਕਰ ਗਿਆ ਜ਼ੁਲਫ਼ਿਕਾਰ ਦਾ ਕਾਰਾ

**ਚੰਡੀਗੜ੍ਹ:** ਤਕਰੀਬਨ 20 ਸਾਲ ਤੋਂ ਕਲਾ ਜਗਤ ਵਿਚ ਵੱਡਾ ਨਾਮ ਕਮਾ ਚੁੱਕੇ ਐਨ.ਜੀ.ਓ. ਥੀਏਟਰ ਏਜ ਦੇ ਸੰਸਥਾਪਕ ਜ਼ੁਲਫ਼ਿਕਾਰ ਖਾਨ ਦਾ ਸ਼ਰਮਨਾਕ ਕਾਰਾ ਸਾਹਮਣੇ ਆਇਆ ਹੈ। ਪੁਲਿਸ ਨੇ ਸ਼ਹਿਰ ਵਿਚ ਗਰੀਬ ਬੱਚਿਆਂ ਦਾ ਮਸੀਹਾ ਹੋਣ ਦਾ ਭੁਲੇਖਾ ਪਾਉਣ ਵਾਲੇ ਜ਼ੁਲਫ਼ੀਕਾਰ ਖਾਨ ਨੂੰ ਉਸ ਦੇ ਸਕੂਲ ਵਿਚ ਪੜ੍ਹਦੇ ਗਰੀਬ ਮੁੰਡਿਆਂ ਨਾਲ ਬਦਫੈਲੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਸੀ। ਪੁਲਿਸ ਅਨੁਸਾਰ ਜ਼ੁਲਫ਼ਿਕਾਰ ਖ਼ਾਨ ਪਹਿਲਾਂ ਆਪਣੇ ਉਤੇ ਲੱਗੇ ਦੋਸ਼ਾਂ ਨੂੰ ਲਗਾਤਾਰ ਨਕਾਰਦਾ ਰਿਹਾ, ਪਰ ਆਪਣੇ 'ਕਾਰਨਾਮਿਆਂ' ਦੀਆਂ ਤਸਵੀਰਾਂ ਅਤੇ ਵੀਡੀਓ ਕਲਿਪਿੰਗਜ਼ ਵਾਲੇ ਸਬੂਤ ਦੇਖਣ ਤੋਂ ਬਾਅਦ ਉਸ ਨੇ ਆਪਣਾ ਗੁਨਾਹ ਕਬੂਲ ਲਿਆ ਹੈ।



ਦੱਸਣਯੋਗ ਹੈ ਕਿ ਗਰੀਬ ਬੱਚਿਆਂ ਨੂੰ ਮੁਫ਼ਤ ਪੜ੍ਹਾਉਣ ਦੇ ਦਾਅਵੇ ਕਰ ਕੇ ਇਹ ਸਖ਼ਸ਼ ਤਾਰਾ ਚੰਦ ਸਾਬੂ ਐਕਸੀਲੈਂਸ ਐਵਾਰਡ ਸਮੇਤ ਹੋਰ ਕਈ ਪੁਰਸਕਾਰਾਂ ਨਾਲ ਨਿਵਾਜਿਆ ਜਾ ਚੁੱਕਾ ਹੈ। ਉਸ ਨੇ ਸਾਲ 1992 ਵਿਚ ਝੌਂਪੜਪੱਟੀਆਂ ਦੇ ਗਰੀਬ ਬੱਚਿਆਂ ਦੀ ਮਦਦ ਲਈ ਇਹ ਸੰਸਥਾ ਬਣਾ ਕੇ ਖੂਬ ਨਾਮ ਖੱਟਿਆ ਸੀ। ਉਸ ਦੀ ਸੰਸਥਾ ਵਿਚ 60 ਦੇ ਕਰੀਬ ਬੱਚੇ ਮੁਫ਼ਤ ਪੜ੍ਹਾਈ ਕਰਦੇ ਹਨ। ਚੰਡੀਗੜ੍ਹ ਪ੍ਰਸ਼ਾਸਨ ਸਮੇਤ ਕਈ ਸੰਸਥਾਵਾਂ ਅਤੇ ਹੋਰ ਲੋਕ ਵੀ ਜ਼ੁਲਫ਼ਿਕਾਰ ਦੀ ਇਸ ਸੰਸਥਾ ਨੂੰ ਵੱਡੀਆਂ ਰਕਮਾਂ ਦਾਨ ਵਜੋਂ ਦਿੰਦੇ ਆ ਰਹੇ ਹਨ। ਪਹਿਲਾਂ ਉਹ ਇਨ੍ਹਾਂ ਬੱਚਿਆਂ ਰਾਹੀਂ ਹਰ ਮਹੀਨੇ ਦਾਨੀਆਂ ਦੇ ਘਰੋਂ ਅਖ਼ਬਾਰਾਂ ਦੀ ਰੱਦੀ ਇਕੱਠੀ ਕਰ ਕੇ ਫੰਡਾਂ ਦਾ ਪ੍ਰਬੰਧ ਕਰਦਾ ਸੀ। ਦਾਨੀ ਇਸ ਕਾਰਜ ਲਈ ਖੁੱਲ੍ਹਦਿਲੀ ਨਾਲ ਦਾਨ ਦਿੰਦੇ ਸਨ। ਕੁਝ ਸਮਾਂ ਪਹਿਲਾਂ ਕੁਝ ਪੀੜਤ ਬੱਚਿਆਂ ਨੇ ਆਪਣੀ ਦਰਦ ਕਹਾਣੀ ਚੰਡੀਗੜ੍ਹ ਸਟੇਟ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ ਨੂੰ ਸੁਣਾਈ ਸੀ। ਇਸ ਤੋਂ ਬਾਅਦ ਕਮਿਸ਼ਨ ਦੀ ਚੇਅਰਪਰਸਨ ਦੇਵੀ ਸਰੋਹੀ ਨੇ ਇਹ ਮਾਮਲਾ ਐਸ.ਐਸ.ਪੀ. ਦੇ ਧਿਆਨ ਵਿਚ ਲਿਆਂਦਾ ਸੀ, ਜਿਸ ਤੋਂ ਬਾਅਦ ਪੁਲਿਸ ਵਲੋਂ ਕੀਤੀ ਲੰਮੀ-ਚੌੜੀ ਪੜਤਾਲ ਕਰਨ ਉਪਰੰਤ ਜ਼ੁਲਫ਼ਿਕਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੁੱਛ-ਪੜਤਾਲ ਦੌਰਾਨ ਪਹਿਲਾਂ ਜ਼ੁਲਫ਼ਿਕਾਰ ਪਰਾਂ ਉਪਰ ਪਾਣੀ ਹੀ ਨਹੀਂ ਪੈਣ ਦੇ ਰਿਹਾ ਸੀ। ਉਹ ਵਾਰ ਵਾਰ ਇਹੋ ਕਹਿ ਰਿਹਾ ਸੀ ਕਿ ਉਸ ਨੂੰ ਸਾਜ਼ਿਸ਼ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਪਰ ਜਦੋਂ ਇਕ ਪੁਲਿਸ ਅਧਿਕਾਰੀ ਨੇ ਉਸ ਦੇ ਕਾਰਨਾਮਿਆਂ ਦੀਆਂ ਫੋਟੋਆਂ ਤੇ ਵੀਡੀਓਜ਼ ਉਸ ਦੇ ਮੂਹਰੇ ਰੱਖੀਆਂ ਤਾਂ ਉਹ ਲਾਜਵਾਬ ਹੋ ਗਿਆ। ਜਦੋਂ ਜ਼ੁਲਫਿਕਾਰ ਨੇ ਗੁਨਾਹ ਕਬੂਲਿਆ ਤਾਂ ਪੁਲਿਸ ਨੇ ਕੁਝ ਹਲਕਿਆਂ ਵਿਚ ਪੈਦਾ ਹੋ ਰਹੇ ਸ਼ੰਕਿਆਂ ਨੂੰ ਦੂਰ ਕਰਨ ਲਈ ਉਸ ਦੀ ਪਤਨੀ ਨੂੰ ਵੀ ਬੁਲਾਇਆ। ਅਧਿਕਾਰੀਆਂ ਨੇ ਪਤਨੀ ਨੂੰ ਸਾਹਮਣੇ ਬਿਠਾ ਕੇ ਉਸ ਦੇ ਗੁਨਾਹਾਂ ਦੀਆਂ ਪਰਤਾਂ ਖੋਲ੍ਹੀਆਂ। ਇਸ ਮਾਮਲੇ ਵਿਚ ਪੁਲਿਸ ਦੇ ਨਿਸ਼ਾਨੇ ਉਪਰ ਇਕ ਔਰਤ ਸਮੇਤ ਦੋ ਹੋਰ ਵਿਅਕਤੀ ਵੀ ਹਨ। ਫਿਲਹਾਲ ਭਾਵੇਂ 6-7 ਮੁੰਡਿਆਂ ਨੇ ਹੀ ਸ਼ਿਕਾਇਤ ਦਿੱਤੀ ਹੈ, ਪਰ 3-4 ਹੋਰ ਮੁੰਡੇ ਹਾਲੇ ਦੁਬਿਧਾ ਵਿਚ ਹਨ। ਉਹ ਸ਼ਰਮਿੰਦਗੀ ਕਾਰਨ ਅੱਗੇ ਨਹੀਂ ਆ ਰਹੇ। ਮੁਲਜ਼ਮ ਵੱਲੋਂ ਸੰਸਥਾ ਦੀ ਆੜ ਹੇਠ ਆਪਣੇ ਨਾਂ ਬਣਾਈ ਜਾਇਦਾਦ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

# ਅਨੰਦ ਮੈਰਿਜ ਐਕਟ ਬਾਰੇ ਸੁੱਤੀ ਰਹੀ ਸਰਕਾਰ

*(ਸਫਾ ਇਕ ਦੀ ਬਾਕੀ)*

ਪਾਸੇ ਪਹਿਲ ਨਹੀਂ ਕੀਤੀ।

ਇਸ ਬਾਬਤ ਨਾਮੀ ਵਕੀਲ ਨਵਕਿਰਨ ਸਿੰਘ ਦੀ ਅਗਵਾਈ ਵਾਲੀ 'ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ' ਵੱਲੋਂ ਭਾਰਤ ਦੇ ਸਮੂਹ ਰਾਜਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਕੋਲੋਂ ਇਸ ਐਕਟ ਤਹਿਤ ਉਲੀਕੇ ਨਿਯਮਾਂ ਦੀ ਸਥਿਤੀ ਬਾਰੇ ਜਾਣਕਾਰੀ ਮੰਗੀ ਗਈ, ਜਿਸ ਦੇ ਜਵਾਬ ਵਿਚ ਸਿਰਫ ਤੇ ਸਿਰਫ ਹਰਿਆਣੇ ਵੱਲੋਂ ਹੀ 'ਦਿ ਹਰਿਆਣਾ ਅਨੰਦ ਮੈਰਿਜਸ ਰਜਿਸਟਰੇਸ਼ਨ ਰੂਲਜ਼-2014' ਤਿਆਰ ਤੇ ਲਾਗੂ ਕੀਤੇ ਜਾਣ ਦਾ ਖੁਲਾਸਾ ਹੋਇਆ, ਜਦਕਿ ਪੰਜਾਬ ਸਰਕਾਰ ਨੇ ਸਾਫ਼ ਕਹਿ ਦਿੱਤਾ ਕਿ ਇਥੇ ਹਾਲੇ ਤੱਕ ਇਹ ਨਿਯਮ ਨਹੀਂ ਬਣਾਏ ਗਏ।

ਇਸ ਤੋਂ ਇਲਾਵਾ ਮਿਜ਼ੋਰਮ ਸਰਕਾਰ ਦਾ ਹੁੰਗਾਰਾ ਵੀ ਕਾਫੀ ਹਾਂ-ਪੱਖੀ ਹੈ। ਮਿਜ਼ੋਰਮ ਵਿਚ ਵੀ ਅਨੰਦ ਮੈਰਿਜ ਐਕਟ ਰਜਿਸਟਰੇਸ਼ਨ ਰੂਲਜ਼-2012 ਬਾਰੇ ਮਤਾ ਪਾਇਆ ਜਾ ਚੁੱਕਾ ਹੈ ਅਤੇ ਮੰਤਰੀ ਮੰਡਲ ਦੀ ਪ੍ਰਵਾਨਗੀ ਹਿੱਤ ਮਿਜ਼ੋਰਮ ਦੇ ਪੁਲੀਟੀਕਲ ਤੇ ਕੈਬਨਿਟ ਵਿਭਾਗ ਨੂੰ ਭੇਜ ਦਿੱਤਾ ਗਿਆ ਹੈ। ਹਿਮਾਚਲ ਪ੍ਰਦੇਸ਼ ਵੱਲੋਂ ਵੀ ਕਾਰਵਾਈ ਜਾਰੀ ਹੋਣ ਦੀ ਗੱਲ ਕਹੀ ਗਈ ਹੈ। ਕਰਨਾਟਕ ਸਰਕਾਰ ਨੇ ਜਿਥੇ ਇਸ ਵਿਸ਼ੇ ਉਤੇ ਜਾਣਕਾਰੀ ਬਾਰੇ ਸਰਕਾਰੀ ਘੱਟ-ਗਿਣਤੀ ਵਿਕਾਸ ਵਿਭਾਗ ਵਿਕਾਸ ਸੁਧਾ ਬੰਗਲੌਰ ਨਾਲ ਸੰਪਰਕ ਕਰਨ ਲਈ ਕਿਹਾ ਹੈ, ਉਥੇ ਹੀ ਲਕਸ਼ਦੀਪ ਨੇ ਸਪਸ਼ਟ ਕਰ ਦਿੱਤਾ ਹੈ ਕਿ ਸੂਬੇ ਦੀ ਜਨਸੰਖਿਆ ਸਿਰਫ ਮੁਸਲਿਮ ਧਰਮ ਨਾਲ ਹੀ ਸਬੰਧਤ ਹੈ, ਜੇ ਕੋਈ ਨਿਯਮ ਬਣਾਏ ਜਾਣੇ ਹਨ ਤਾਂ ਕੇਂਦਰ ਹੀ ਬਣਾਏਗਾ। ਜਿਥੋਂ ਤੱਕ ਸਭ ਤੋਂ ਵੱਧ ਸਿੱਖ ਬਹੁ-ਗਿਣਤੀ ਵਾਲੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦਾ ਸਵਾਲ ਹੈ, ਇਥੇ ਵੀ ਅਜਿਹੇ ਕੋਈ ਨਿਯਮ ਹਾਲੇ ਤੱਕ ਨਹੀਂ ਬਣਾਏ ਜਾ ਸਕੇ।

ਦੱਸਣਯੋਗ ਹੈ ਕਿ ਆਰਟੀਕਲ 25 ਤਹਿਤ ਜੈਨੀਆਂ ਤੇ ਬੋਧੀਆਂ ਵਾਂਗ ਸਿੱਖਾਂ ਉਤੇ ਵੀ ਭਾਰਤ ਵਿਚ ਹਿੰਦੂ ਕਾਨੂੰਨ ਲਾਗੂ ਹੁੰਦੇ ਹਨ। ਅੰਗਰੇਜ਼ ਰਾਜ ਵੇਲੇ ਅਨੰਦ ਮੈਰਿਜ ਐਕਟ 1909 ਬਣਾਇਆ ਗਿਆ ਸੀ ਤੇ ਬ੍ਰਿਟਿਸ਼ ਸਰਕਾਰ ਨੇ ਸਿੱਖ ਕੌਮ ਦੀ ਵੱਖਰੀ ਹੋਂਦ ਨੂੰ ਮੰਨਦੇ ਹੋਏ ਇਸ ਐਕਟ ਤਹਿਤ ਸਿੱਖ ਲੜਕੇ-ਲੜਕੀਆਂ ਦਾ ਵਿਆਹ ਰਜਿਸਟਰ ਕਰਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਸੀ।

ਆਜ਼ਾਦੀ ਮਗਰੋਂ ਨਵਾਂ ਸੰਵਿਧਾਨ ਲਾਗੂ ਹੋਇਆ ਪਰ ਸੰਵਿਧਾਨ ਦੀ ਧਾਰਾ 25 ਮੁਤਾਬਕ ਸ਼ਾਦੀ-ਵਿਆਹ ਦੀ ਰਸਮ ਦੀ ਰਜਿਸਟ੍ਰੇਸ਼ਨ ਹਿੰਦੂ ਮੈਰਿਜ ਐਕਟ ਹੇਠ ਹੀ ਕੀਤੀ ਜਾਂਦੀ ਰਹੀ। ਵਕੀਲ ਨਵਕਿਰਨ ਸਿੰਘ ਦਾ ਕਹਿਣਾ ਹੈ ਕਿ ਹੁਣ ਉਹ ਸੁਪਰੀਮ ਕੋਰਟ ਵਿਚ ਪਟੀਸ਼ਨ ਪਾ ਕੇ ਪੰਜਾਬ ਸਮੇਤ ਸਾਰੀਆਂ ਸੂਬਾ ਸਰਕਾਰਾਂ ਨੂੰ ਹਦਾਇਤਾਂ ਜਾਰੀ ਕਰਵਾਉਣ ਦੀ ਕੋਸ਼ਿਸ਼ ਕਰਨਗੇ।

# 'ਆਪ' ਵੱਲੋਂ ਪੰਜਾਬ 'ਚ ਬਾਗੀਆਂ ਨੂੰ ਸੋਧਾ ਲਾਉਣ ਦੀ ਮੁਹਿੰਮ

*(ਸਫਾ ਇਕ ਦੀ ਬਾਕੀ)*

ਦੇ ਸੂਬਾਈ ਕਨਵੀਨਰ ਬਣੇ ਰਹਿਣ ਉੱਤੇ ਮੋਹਰ ਲਗਾ ਦਿੱਤੀ ਗਈ। 'ਆਪ' ਦੇ ਕੌਮੀ ਆਗੂ ਸੰਜੇ ਸਿੰਘ ਨੇ ਨਵੇਂ ਐਲਾਨੇ ਅਹੁਦੇਦਾਰਾਂ ਉੱਤੇ ਇਹ ਤਲਵਾਰ ਵੀ ਲਟਕਾ ਦਿੱਤੀ ਕਿ ਤਿੰਨ ਮਹੀਨੇ ਬਾਅਦ ਸਭ ਦਾ ਕੰਮਕਾਜ ਦੇਖ ਕੇ ਮੁੜ ਫੈਸਲਾ ਕੀਤਾ ਜਾਵੇਗਾ। ਕੇਂਦਰੀ ਆਗੂਆਂ ਵੱਲੋਂ ਕੀਤਾ ਗਿਆ ਇਹ ਫ਼ੈਸਲਾ ਸੂਬਾਈ ਆਗੂਆਂ ਦੇ ਗਲੇ ਨਹੀਂ ਉੱਤਰ ਰਿਹਾ। ਡਾ. ਦਲਜੀਤ ਸਿੰਘ ਨੇ ਇਸ ਨਵੇਂ ਢਾਂਚੇ ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੱਤਾ ਹੈ। ਉਨ੍ਹਾਂ ਮੁਤਾਬਕ ਪੰਜਾਬ ਦੀ ਕਾਰਜਕਾਰਨੀ ਨੇ ਬਹੁ-ਸੰਮਤੀ ਨਾਲ ਸ. ਛੋਟੇਪੁਰ ਨੂੰ ਕਨਵੀਨਰ ਦੇ ਅਹੁਦੇ ਤੋਂ ਹਟਾਉਣ ਦਾ ਐਲਾਨ ਕਰ ਦਿੱਤਾ ਸੀ। ਪਾਰਟੀ ਦੇ ਤਿੰਨ ਸੰਸਦ ਮੈਂਬਰ ਵੀ ਇਸ ਫ਼ੈਸਲੇ ਵਿਚ ਸ਼ਾਮਲ ਦੱਸੇ ਗਏ ਸਨ।

ਅਸਲ ਵਿਚ 'ਆਪ' ਹਾਈਕਮਾਨ ਵੱਲੋਂ ਪੰਜਾਬ ਵਿਚ ਪਾਰਟੀ ਦਾ ਆਧਾਰ ਮਜ਼ਬੂਤ ਕਰਨ ਪ੍ਰਤੀ ਅਪਣਾਏ ਜਾ ਰਹੀ ਅਣਦੇਖੀ ਵਾਲੇ ਰਵੱਈਏ ਤੋਂ ਵੱਡੀ ਗਿਣਤੀ ਆਗੂ ਨਿਰਾਸ਼ ਹਨ। ਲੋਕ ਸਭਾ ਚੋਣਾਂ ਦੌਰਾਨ ਬਣਾਈ ਚੋਣ ਮੁਹਿੰਮ ਕਮੇਟੀ ਭੰਗ ਕਰ ਕੇ ਬਣਾਈ ਸੂਬਾਈ ਕਾਰਜਕਾਰਨੀ ਵੀ ਹੁਣ ਤੱਕ ਡੰਗ-ਟਪਾਊ ਤਰੀਕੇ ਨਾਲ ਚੱਲਦੀ ਰਹੀ ਹੈ। ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਮਾਯੂਸ ਹੋ ਕੇ ਆਮ ਆਦਮੀ ਪਾਰਟੀ ਦੇ ਨੇਤਾ ਅਰਵਿੰਦ ਕੇਜਰੀਵਾਲ ਨੇ ਦੇਸ਼ ਪੱਧਰ ਉਤੇ ਪਾਰਟੀ ਦਾ ਢਾਂਚਾ ਉਸਾਰਨ ਦੇ ਬਜਾਏ ਦਿੱਲੀ ਉੱਤੇ ਹੀ ਸਾਰਾ ਧਿਆਨ ਕੇਂਦਰਿਤ ਕਰ ਦਿੱਤਾ। ਪੰਜਾਬ ਦੇ ਚਾਰਾਂ ਵਿਚੋਂ ਤਿੰਨ ਲੋਕ ਸਭਾ ਮੈਂਬਰ ਤਾਂ ਕੇਜਰੀਵਾਲ ਦੇ ਨਾਲ ਹਨ ਪਰ ਪਟਿਆਲਾ ਤੋਂ ਸੰਸਦ ਮੈਂਬਰ ਡਾ. ਗਾਂਧੀ ਵੱਖਰੀ ਸੁਰ ਰੱਖਦੇ ਹਨ। ਕੇਜਰੀਵਾਲ ਖਿਲਾਫ਼ ਬੋਲਣ ਦਾ ਖਮਿਆਜ਼ਾ ਉਹ ਲੋਕ ਸਭਾ ਵਿਚ 'ਆਪ' ਦੇ ਪਾਰਲੀਮਾਨੀ ਗਰੁਪ ਦੇ ਆਗੂ ਦਾ ਅਹੁਦਾ ਗੁਆ ਕੇ ਭੁਗਤ ਚੁੱਕੇ ਹਨ।

ਲੋਕ ਸਭਾ ਚੋਣਾਂ ਤੋਂ ਬਾਅਦ ਮਿਸ਼ਨ ਵਿਸਤਾਰ ਦੇ ਦਾਅਵਿਆਂ ਦੇ ਬਾਵਜੂਦ ਪਾਰਟੀ ਨੇ ਪੰਜਾਬ ਅੰਦਰ ਨਾ ਤਾਂ ਮੈਂਬਰਸ਼ਿਪ ਭਰਤੀ ਕਰਨ ਦਾ ਸਿਲਸਿਲਾ ਆਰੰਭਿਆ ਤੇ ਨਾ ਹੀ ਜਮਹੂਰੀ ਤਰੀਕੇ ਨਾਲ ਹੇਠਾਂ ਤੋਂ ਉੱਪਰ ਤੱਕ ਕਮੇਟੀਆਂ ਦੀ ਚੋਣ ਜਾਂ ਆਗੂ ਟੀਮ ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ। ਦਿੱਲੀ ਦੇ ਆਗੂਆਂ ਦਾ ਹੁਕਮ ਇਲਾਹੀ ਹੁਕਮ ਵਾਂਗ ਸਵੀਕਾਰਿਆ ਜਾਣ ਲੱਗਾ ਹੈ। ਹੁਣ ਪੰਜਾਬ ਦੇ ਬਹੁਤੇ ਸੀਨੀਅਰ ਆਗੂ ਅਤੇ ਤਿੰਨ ਲੋਕ ਸਭਾ ਮੈਂਬਰ ਕੇਂਦਰੀ ਲੀਡਰਸ਼ਿਪ ਦੇ ਫ਼ੈਸਲੇ ਵਿਰੁੱਧ ਡਟ ਗਏ ਹਨ ਤੇ ਉਨ੍ਹਾਂ ਵੱਲੋਂ ਖੁੱਲ੍ਹਮ-ਖੁੱਲ੍ਹਾ ਬਗ਼ਾਵਤ ਦਾ ਰਾਹ ਅਖ਼ਤਿਆਰ ਕਰ ਲਿਆ ਗਿਆ ਹੈ।

# ਪਰਵਾਸੀ ਬਣੇ ਸਰਕਾਰੀ ਅਫਸਰ ਹੁਣ ਵਤਨ ਪਰਤਣ ਲਈ ਹੋਏ ਤਿਆਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਦੀ ਸਥਾਈ ਰਿਹਾਇਸ਼ (ਪੀ.ਆਰ.), ਇਮੀਗਰੇਸ਼ਨ ਜਾਂ ਸਿਟੀਜ਼ਨਸ਼ਿਪ ਹਾਸਲ ਕਰਨ ਵਾਲੇ ਅਫ਼ਸਰਾਂ ਅਤੇ ਕਰਮਚਾਰੀਆਂ ਵਿਰੁੱਧ ਕਾਰਵਾਈ ਦੀ ਤਿਆਰੀ ਖਿੱਚਣ ਤੋਂ ਬਾਅਦ ਵਿਦੇਸ਼ ਬੈਠੇ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਵਤਨ ਦਾ ਮੋਹ ਜਾਗ ਪਿਆ ਹੈ।

ਯਾਦ ਰਹੇ ਕਿ ਗ੍ਰਹਿ, ਪਸ਼ੂ ਪਾਲਣ ਵਿਭਾਗ, ਸਿੰਜਾਈ, ਲੋਕ ਨਿਰਮਾਣ, ਸਿਹਤ, ਸਿੱਖਿਆ, ਖੇਤੀਬਾੜੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਹੋਰ ਕਈ ਵਿਭਾਗਾਂ ਦੇ ਤਿੰਨ ਦਰਜਨ ਅਫ਼ਸਰਾਂ ਅਤੇ ਕਰਮਚਾਰੀਆਂ ਨੇ ਆਪੋ-ਆਪਣੇ ਵਿਭਾਗਾਂ ਦੇ ਮੁਖੀਆਂ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਦੀ ਵਿਦੇਸ਼ ਛੁੱਟੀ ਵਿਚ ਤੁਰੰਤ ਕਟੌਤੀ ਕਰ ਕੇ ਨੌਕਰੀਆਂ 'ਤੇ ਜੁਆਇਨ ਕਰਾਇਆ ਜਾਵੇ। ਇਨ੍ਹਾਂ ਵਿਭਾਗਾਂ ਦੇ ਅਧਿਕਾਰੀਆਂ ਨੇ ਦੱਸਿਆ ਕਿ ਬਰਖ਼ਾਸਤਗੀ ਤੋਂ ਡਰਦਿਆਂ ਵੱਡੀ ਗਿਣਤੀ ਅਫ਼ਸਰਾਂ ਨੇ 20 ਸਾਲ ਦਾ ਸੇਵਾ ਕਾਲ ਖ਼ਤਮ ਹੋਣ ਤੋਂ ਬਾਅਦ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ ਲਈ ਵੀ ਵਿਭਾਗਾਂ ਤੱਕ ਪਹੁੰਚ ਕਰਨੀ ਸ਼ੁਰੂ ਕਰ ਦਿੱਤੀ ਹੈ। ਉਧਰ ਵਿਜੀਲੈਂਸ ਵਿਭਾਗ ਨੇ ਸੇਵਾ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਫ਼ਸਰਾਂ ਤੇ ਕਰਮਚਾਰੀਆਂ ਵਿਰੁੱਧ ਕਾਰਵਾਈ ਲਈ ਇਹ ਸਾਰਾ ਮਾਮਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਵਾਲੇ ਕਰਨ ਦਾ ਫ਼ੈਸਲਾ ਕੀਤਾ ਹੈ। ਵਿਭਾਗ ਦੇ ਅਧਿਕਾਰੀਆਂ ਮੁਤਾਬਕ ਮੁੱਖ ਮੰਤਰੀ ਦੀ ਪ੍ਰਵਾਨਗੀ ਤੋਂ ਬਾਅਦ ਜਲਦੀ ਕਾਰਵਾਈ ਕੀਤੀ ਜਾਵੇਗੀ।

ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਅਫ਼ਸਰਾਂ ਨੂੰ ਦਿੱਤੀ 5 ਸਾਲਾ ਛੁੱਟੀ ਦੀ ਸਹੂਲਤ ਦਾ ਲਾਹਾ ਲੈਂਦਿਆਂ 500 ਤੋਂ ਵੱਧ ਮੁਲਾਜ਼ਮ ਵਿਦੇਸ਼ਾਂ ਵਿਚ ਸਥਾਈ ਰਿਹਾਇਸ਼, ਇਮੀਗਰੇਸ਼ਨ ਜਾਂ ਸਿਟੀਜ਼ਨਸ਼ਿਪ ਦਾ ਸਟੇਟਸ ਹਾਸਲ ਕਰ ਕੇ ਬੈਠੇ ਹਨ। ਸਰਕਾਰ ਵੱਲੋਂ ਲਏ ਤਾਜ਼ਾ ਫ਼ੈਸਲੇ ਮੁਤਾਬਕ 5 ਸਾਲਾ ਛੁੱਟੀ ਦੀ ਸਹੂਲਤ ਖ਼ਤਮ ਕਰ ਦਿੱਤੀ ਗਈ ਹੈ ਅਤੇ ਜਿਹੜੇ ਮੁਲਾਜ਼ਮ 5 ਸਾਲਾਂ ਲਈ ਛੁੱਟੀ 'ਤੇ ਗਏ ਹਨ, ਉਨ੍ਹਾਂ ਨੇ ਹੁਣ ਛੁੱਟੀ ਵਿਚ ਕਟੌਤੀ ਕਰਨ ਦੀ ਬੇਨਤੀ ਕੀਤੀ ਹੈ।

ਪਸ਼ੂ ਪਾਲਣ ਵਿਭਾਗ ਦੇ ਮੁਲਾਜ਼ਮ ਹਰਪਾਲ ਸਿੰਘ ਦੀ ਵਿਦੇਸ਼ ਛੁੱਟੀ 19 ਮਈ 2017 ਨੂੰ ਖ਼ਤਮ ਹੋਣੀ ਹੈ। ਹੁਣ ਇਸ ਮੁਲਾਜ਼ਮ ਨੇ ਵਾਪਸ ਆਉਣ ਦੀ ਇੱਛਾ ਪ੍ਰਗਟਾਈ ਹੈ। ਇਸੇ ਵਿਭਾਗ ਦੇ ਡਾਕਟਰ ਗੁਰਪਾਲ ਸਿੰਘ ਵਾਲੀਆ ਦੀ ਛੁੱਟੀ ਵੀ 31 ਜੁਲਾਈ 2016 ਖ਼ਤਮ ਹੋਣੀ ਹੈ ਪਰ ਵਿਭਾਗ ਨੂੰ ਛੁੱਟੀਆਂ ਘਟਾਉਣ ਲਈ ਕਿਹਾ ਹੈ। ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ (ਐਕਸੀਅਨ) ਮਲਕੀਤ ਸਿੰਘ ਦੀ ਛੁੱਟੀ 16 ਫਰਵਰੀ 2017 ਨੂੰ ਖ਼ਤਮ ਹੋਣੀ ਹੈ ਪਰ ਇਸ ਅਫ਼ਸਰ ਨੇ ਵੀ ਆਪਣੇ ਵਿਭਾਗ ਨੂੰ ਛੁੱਟੀਆਂ ਘਟਾਉਣ ਲਈ ਕਿਹਾ ਹੈ ਤਾਂ ਜੋ ਵਾਪਸ ਆ ਕੇ ਨੌਕਰੀ ਕਰ ਸਕੇ। ਇਨ੍ਹਾਂ ਮੁਲਾਜ਼ਮਾਂ ਵਿਚ ਪੰਜਾਬ ਪੁਲਿਸ ਦੇ ਹੌਲਦਾਰ ਰਘਬੀਰ ਸਿੰਘ ਤੇ ਸਿਹਤ ਵਿਭਾਗ ਦੀ ਨਰਸ ਜਸਵਿੰਦਰ ਕੌਰ ਦਾ ਨਾਮ ਵੀ ਸ਼ਾਮਲ ਹੈ। ਵੱਖ ਵੱਖ ਵਿਭਾਗਾਂ ਨਾਲ ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਤਿੰਨ ਦਰਜਨ ਦੇ ਕਰੀਬ ਅਜਿਹੇ ਦਰਜਾ ਇਕ ਅਫ਼ਸਰ ਤੇ ਕਰਮਚਾਰੀ ਹਨ ਜਿਨ੍ਹਾਂ ਨੇ ਵਾਪਸ ਵਤਨ ਪਰਤਣ ਦੀ ਤਰੀਕੇ ਲੱਭਣੇ ਸ਼ੁਰੂ ਕਰ ਦਿੱਤੇ ਹਨ ਤਾਂ ਜੋ ਨੌਕਰੀਆਂ ਬਚੀਆਂ ਰਹਿਣ।

ਵਿਦੇਸ਼ ਗਏ ਅਫ਼ਸਰਾਂ ਨੇ ਛੁੱਟੀ ਵਧਾਉਣ ਲਈ ਆਪਣੇ ਪਿਤਰੀ ਵਿਭਾਗਾਂ ਤੱਕ ਪਹੁੰਚ ਹੀ ਨਹੀਂ ਕੀਤੀ ਸਗੋਂ ਦੋਸ਼ਾਂ ਵਿਚ ਘਿਰੇ ਅਫ਼ਸਰਾਂ ਅਤੇ ਕਰਮਚਾਰੀਆਂ ਵੱਲੋਂ ਯਤਨ ਕੀਤੇ ਜਾ ਰਹੇ ਹਨ ਕਿ ਉਹ (ਵਿਦੇਸ਼ ਬੈਠੇ ਅਫ਼ਸਰ ਤੇ ਕਰਮਚਾਰੀ) ਕਿਸੇ ਨਾ ਕਿਸੇ ਤਰੀਕੇ ਪੰਜਾਬ ਆ ਕੇ ਨੌਕਰੀਆਂ ਜੁਆਇਨ ਕਰ ਲੈਣ ਤੇ ਫਿਰ ਅਗਾਊਂ ਸੇਵਾ ਮੁਕਤੀ ਲੈ ਕੇ ਇਸ ਦੇ ਲਾਭ ਅਤੇ ਪੈਨਸ਼ਨ ਆਦਿ ਦੀ ਸਹੂਲਤ ਲੈ ਲੈਣ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਸੌੜੀ ਸਿਆਸਤ ਨੇ ਸਮਾਜ ਭਲਾਈ ਸਕੀਮਾਂ ਦੀ ਫੂਕ ਕੱਢੀ

**ਚੰਡੀਗੜ੍ਹ:** ਪੰਜਾਬ ਵਿਚ ਸਮਾਜਿਕ ਤੇ ਆਰਥਿਕ ਪੱਖੋਂ ਨਿਤਾਣੇ ਵਰਗਾਂ ਦੀ ਮਦਦ ਦਾ ਮੁੱਦਾ ਉਨ੍ਹਾਂ ਨਾਲ ਹਮਦਰਦੀ ਦੀ ਬਜਾਏ ਸੌੜੀ ਵੋਟਾਂ ਬਟੋਰੂ ਰਾਜਨੀਤੀ ਦੀ ਭੇਟ ਚੜ੍ਹ ਚੁੱਕਿਆ ਹੈ। ਸੂਬਾ ਸਰਕਾਰ ਵੱਲੋਂ ਬਿਨਾ ਕਿਸੇ ਠੋਸ ਯੋਜਨਾਬੰਦੀ ਤੇ ਪੱਕੀ ਬਜਟ ਰਾਸ਼ੀ ਤੋਂ ਚਲਾਈਆਂ ਜਾ ਰਹੀਆਂ ਲੋਕ-ਲੁਭਾਊ ਸਕੀਮਾਂ ਲੋੜਵੰਦਾਂ ਲਈ ਪਰੇਸ਼ਾਨੀ ਦਾ ਸਬੱਬ ਬਣ ਰਹੀਆਂ ਹਨ। ਸਿਆਸੀ ਪਾਰਟੀਆਂ ਨੇ ਲੋੜਵੰਦ ਵਰਗਾਂ ਨੂੰ ਰਾਹਤ ਦੇਣ ਦੇ ਇਸ ਕਾਰਜ ਨੂੰ ਆਪੋ-ਆਪਣੇ ਵੋਟ ਬੈਂਕ ਬਣਾਉਣ ਲਈ ਵਰਤਣ ਦਾ ਰੁਝਾਨ ਬਣਾ ਲਿਆ ਹੈ। ਪੰਜਾਬ ਸਰਕਾਰ ਵੱਲੋਂ 250 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਵਧਾ ਕੇ 300 ਰੁਪਏ ਕੀਤੇ ਜਾਣ ਦੀ ਤਜਵੀਜ਼ ਇਨ੍ਹਾਂ ਨਿਤਾਣੇ ਵਰਗਾਂ ਨਾਲ ਕੋਝਾ ਮਖੌਲ ਕਰਨ ਦੇ ਤੁੱਲ ਹੈ।

ਵਿਧਾਨ ਸਭਾ ਚੋਣਾਂ ਸਮੇਂ ਅਕਾਲੀ-ਭਾਜਪਾ ਗੱਠਜੋੜ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਇਹ ਪੈਨਸ਼ਨ 250 ਤੋਂ ਵਧਾ ਕੇ 500 ਰੁਪਏ ਪ੍ਰਤੀ ਮਹੀਨਾ ਕਰਨ ਦਾ ਵਾਅਦਾ ਕੀਤਾ ਸੀ। ਸਰਕਾਰ ਬਣਨ ਮਗਰੋਂ ਅਕਾਲੀ-ਭਾਜਪਾ ਗੱਠਜੋੜ ਨੇ ਪੈਨਸ਼ਨਾਂ ਵਧਾਉਣੀਆਂ ਤਾਂ ਕੀ ਸੀ, ਪਹਿਲਾਂ ਤੋਂ ਮਿਲ ਰਹੀਆਂ ਪੈਨਸ਼ਨਾਂ ਦੀ ਅਦਾਇਗੀ ਵੀ ਸਮੇਂ ਸਿਰ ਕਰਨ ਵਿਚ ਅਸਫ਼ਲ ਰਹੀ ਹੈ। ਸਿਰਫ ਪੈਨਸ਼ਨ ਸਕੀਮ ਹੀ ਨਹੀਂ, ਸੂਬਾ ਸਰਕਾਰ ਦੀਆਂ ਸਮਾਜਿਕ ਸੁਰੱਖਿਆ ਸਕੀਮਾਂ ਤਹਿਤ ਸ਼ਗਨ ਸਕੀਮ ਦਾ ਵੀ ਇਹੀ ਹਾਲ ਹੈ। ਹੋਰ ਤਾਂ ਹੋਰ ਕੇਂਦਰ ਸਰਕਾਰ ਵੱਲੋਂ ਗ਼ਰੀਬ ਤੇ ਘੱਟ ਗਿਣਤੀਆਂ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜ਼ੀਫ਼ੇ ਲਈ ਭੇਜੇ ਗਏ ਪੈਸੇ ਵੀ ਲੋੜਵੰਦਾਂ ਨੂੰ ਨਹੀਂ ਦਿੱਤੇ ਜਾ ਰਹੇ। 2012 ਵਿਚ ਵਿਧਾਨ ਸਭਾ ਦੀਆਂ ਚੋਣਾਂ ਸਮੇਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਲੈਪਟਾਪ ਦੇਣ ਦੇ ਵਾਅਦੇ ਵੀ ਹਵਾ ਹੋ ਗਏ ਹਨ ਜਦੋਂਕਿ ਕੁੜੀਆਂ ਨੂੰ ਸਾਈਕਲ ਦੇਣ ਦੀ ਸਕੀਮ ਵੀ ਅੱਧ-ਵਿਚਾਲੇ ਦਮ ਤੋੜ ਚੁੱਕੀ ਹੈ।

ਢਾਈ ਮਹੀਨੇ ਪਹਿਲਾਂ ਕਪੂਰਥਲਾ ਜ਼ਿਲ੍ਹੇ ਦੇ ਕਸਬਾ ਢਿੱਲਵਾਂ ਦੇ ਇਕ ਗ਼ਰੀਬ ਬਜ਼ੁਰਗ ਨੇ ਕਈ ਮਹੀਨੇ ਪੈਨਸ਼ਨ ਨਾ ਮਿਲਣ ਕਾਰਨ ਆਤਮ ਹੱਤਿਆ ਕਰ ਲਈ ਸੀ। ਇਸ ਘਟਨਾ ਦੇ ਬਾਵਜੂਦ ਸਰਕਾਰ ਸੂਬੇ ਦੇ 20 ਲੱਖ ਲਾਭਪਾਤਰੀਆਂ ਨੂੰ ਸਮੇਂ ਸਿਰ ਪੈਨਸ਼ਨਾਂ ਦੇਣੀਆਂ ਯਕੀਨੀ ਨਹੀਂ ਬਣਾ ਸਕੀ ਹਾਲਾਂਕਿ ਇਸ ਮੰਤਵ ਲਈ ਬਾਕਾਇਦਾ ਸਮਰਪਿਤ ਫੰਡ ਮੌਜੂਦ ਹੈ ਤੇ ਹਾਈਕੋਰਟ ਨੇ ਸਰਕਾਰ ਨੂੰ ਇਹ ਪੈਨਸ਼ਨਾਂ ਸਮੇਂ ਸਿਰ ਦੇਣ ਲਈ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਹੋਏ ਹਨ। ਮਾਮਲਾ ਸਿਰਫ ਪੈਨਸ਼ਨ ਵਿਚ ਵਾਧੇ ਅਤੇ ਸਮੇਂ ਸਿਰ ਅਦਾਇਗੀ ਦਾ ਹੀ ਨਹੀਂ ਬਲਕਿ ਇਨ੍ਹਾਂ ਦੀ ਵੰਡ ਵਿਚ ਘਪਲੇਬਾਜ਼ੀ ਦਾ ਵੀ ਹੈ। ਤਿੰਨ ਮਹੀਨੇ ਪਹਿਲਾਂ ਕਈ ਪਿੰਡਾਂ ਦੇ ਸਰਪੰਚਾਂ ਵੱਲੋਂ ਕੁਝ ਰਸੂਖ਼ਵਾਨਾਂ ਦੀ ਸ਼ਹਿ ਅਤੇ ਸਮਾਜਿਕ ਸੁਰੱਖਿਆ ਵਿਭਾਗ ਦੇ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਹਜ਼ਾਰਾਂ ਬਜ਼ੁਰਗਾਂ ਦੀਆਂ ਪੈਨਸ਼ਨਾਂ ਦੇ 164 ਕਰੋੜ ਰੁਪਏ ਹੜੱਪਣ ਦਾ ਮਾਮਲਾ ਸਾਹਮਣੇ ਆਇਆ ਸੀ ਪਰ ਸਰਕਾਰ ਨੇ ਨਾ ਹੀ ਦੋਸ਼ੀਆਂ ਵਿਰੁੱਧ ਕੋਈ ਠੋਸ ਕਾਰਵਾਈ ਕੀਤੀ ਅਤੇ ਨਾ ਹੀ ਇਹ ਘਪਲੇਬਾਜ਼ੀ ਰੋਕਣ ਲਈ ਕੋਈ ਕਾਰਗਰ ਪ੍ਰਣਾਲੀ ਲਾਗੂ ਕੀਤੀ ਹੈ। ਇਸ ਦਾ ਖ਼ਮਿਆਜ਼ਾ ਸਮਾਜ ਦੇ ਨਿਤਾਣੇ ਵਰਗਾਂ ਦੇ ਲਾਭਪਾਤਰੀਆਂ ਨੂੰ ਭੁਗਤਣਾ ਪੈ ਰਿਹਾ ਹੈ।

ਸੱਤਾਧਾਰੀ ਧਿਰ ਵੋਟਾਂ ਤੋਂ ਪਹਿਲਾਂ ਆਪਣੇ ਵਰਕਰਾਂ ਰਾਹੀਂ ਸਰਕਾਰੀ ਕਰਮਚਾਰੀਆਂ ਉਤੇ ਦਬਾਅ ਪਾ ਕੇ ਅਯੋਗ ਵਿਅਕਤੀਆਂ ਨੂੰ ਪੈਨਸ਼ਨਾਂ ਲਗਵਾ ਦਿੰਦੀ ਹੈ। ਇਹੀ ਕਾਰਨ ਹੈ ਕਿ ਸਰਕਾਰ ਦੇ ਕਾਰਜਕਾਲ ਦੇ ਅਖ਼ੀਰਲੇ ਸਾਲ ਵਿਚ ਅਜਿਹੇ ਲਾਭਪਾਤਰੀਆਂ ਦੀ ਗਿਣਤੀ ਅਚਾਨਕ ਵਧ ਜਾਂਦੀ ਹੈ। ਨਵੀਂ ਸਰਕਾਰ ਵੱਲੋਂ ਜਾਅਲੀ ਪੈਨਸ਼ਨਰਾਂ ਦੀ ਜਾਂਚ-ਪੜਤਾਲ ਕਰਨ ਦੇ ਪੱਜ ਸਾਰਿਆਂ ਦੀਆਂ ਅਦਾਇਗੀਆਂ ਰੋਕਣ ਨਾਲ ਸਹੀ ਲਾਭਪਾਤਰੀਆਂ ਲਈ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਉਨ੍ਹਾਂ ਨੂੰ ਪੈਨਸ਼ਨ ਮੁੜ ਜਾਰੀ ਕਰਵਾਉਣ ਲਈ ਸਿਆਸੀ ਵਿਅਕਤੀਆਂ ਵੱਲੋਂ ਇਕ ਵਾਰ ਫਿਰ ਗੁਮਰਾਹ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਸਮਾਜ ਦੇ ਇਨ੍ਹਾਂ ਨਿਤਾਣੇ ਤੇ ਨਿਮਾਣੇ ਵਰਗਾਂ ਨੂੰ ਜੂਨ-ਗੁਜ਼ਾਰੇ ਲਈ ਦਿੱਤੀ ਜਾਣ ਵਾਲੀ ਪੈਨਸ਼ਨ ਸਿਆਸਤ ਤੇ ਭ੍ਰਿਸ਼ਟਾਚਾਰ ਦਾ ਵਰਤਾਰਾ ਬਣ ਕੇ ਰਹਿ ਗਈ ਹੈ।

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਇਨ੍ਹਾਂ ਸਮਾਜਿਕ ਪੱਖੋਂ ਊਣੇ ਵਰਗਾਂ ਦੀ ਮਹੀਨਾਵਾਰ ਪੈਨਸ਼ਨ ਵਿਚ 50 ਰੁਪਏ ਵਾਧਾ ਕਰਨ ਦੀ ਤਜਵੀਜ਼ ਡੇਢ ਸਾਲ ਬਾਅਦ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਵੋਟ ਬੈਂਕ ਪੱਕੇ ਕਰਨ ਦੀ ਲਾਲਸਾ ਦੀ ਉਪਜ ਜਾਪਦੀ ਹੈ।

## ਲੋਕ ਲੁਭਾਊ ਸਕੀਮਾਂ ਲੋੜਵੰਦਾਂ ਲਈ ਪਰੇਸ਼ਾਨੀ ਦਾ ਸਬੱਬ



## ਲੋਕ ਨੁਮਾਇੰਦਿਆਂ ਨੂੰ ਸਿਰਫ ਆਪਣਾ ਖਿਆਲ

ਗੱਠਜੋੜ ਸਰਕਾਰ ਨੇ ਮੁੱਖ ਮੰਤਰੀ, ਸਾਰੇ ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ ਤੇ ਵਿਧਾਇਕਾਂ ਦੀਆਂ ਤਨਖ਼ਾਹਾਂ, ਬਲਕਿ ਪੈਨਸ਼ਨਾਂ ਵੀ ਦੂਣੀਆਂ ਕਰ ਦਿੱਤੀਆਂ ਹਨ। ਹੁਣ ਜੇ ਆਗਾਮੀ ਚੋਣਾਂ ਦੇ ਮੱਦੇਨਜ਼ਰ ਪੈਨਸ਼ਨ ਵਿਚ ਵਾਧਾ ਕਰਨ ਦਾ ਖ਼ਿਆਲ ਆ ਵੀ ਗਿਆ ਹੈ ਤਾਂ ਲਾਭਪਾਤਰੀਆਂ ਨੂੰ ਤਾਂ ਸਰਕਾਰੀ ਖ਼ਜ਼ਾਨੇ ਦੀ ਲੱਸੀ ਦੇਣ ਦੀ ਤਜਵੀਜ਼ ਹੀ ਘੜੀ ਗਈ ਹੈ, ਮੱਖਣ ਤਾਂ ਇਨ੍ਹਾਂ ਆਪ ਹੀ ਦਬੋਚ ਲਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਗੁਆਂਢੀ ਸੂਬੇ ਹਰਿਆਣਾ ਵਿਚ ਇਹ ਪੈਨਸ਼ਨ 1200 ਰੁਪਏ ਪ੍ਰਤੀ ਮਹੀਨਾ ਦਿੱਤੀ ਜਾ ਰਹੀ ਹੈ, ਪਰ ਪੰਜਾਬ ਸਰਕਾਰ ਇਸ ਵਿਚ 50 ਰੁਪਏ ਦਾ ਮਾਮੂਲੀ ਵਾਧਾ ਕਰਕੇ 300 ਰੁਪਏ ਮਹੀਨਾ ਦੇਣ ਨੂੰ ਵੀ ਇਨ੍ਹਾਂ ਵਰਗਾਂ ਉੱਤੇ ਅਹਿਸਾਨ ਵਾਂਗ ਪੇਸ਼ ਕਰ ਰਹੀ ਜਾਪਦੀ ਹੈ।


Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com



ਚੱਕ ਲਓ, ਚੱਕ ਲਓ !!

ਐਚ ਡੀ ਅਤੇ ਆਈ ਪੀ
ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ
ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices




*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.

Installation Available



*"Ask us about the...*
**AARP® Auto Insurance Program from The Hartford."**

***NOW AVAILABLE IN YOUR AREA!***

**Find out more about the Special Benefits of The Hartford's Program for AARP members and our Competitive Rates!**



*Satwant Singh*

Call today for your FREE, no-obligation quote:
**+1-408-771-2438**

Satwant Singh: 2774 Aborn Rd,
San Jose, CA 95121
satwant@satwantins.com
www.satwantins.com
CA License# 0H11256

You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.
*-Satwant Singh!*

AARP® Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

# ਭਾਰਤੀਆਂ ਦੇ ਕੰਨੀਂ ਨਾ ਪਿਆ 'ਹਮ ਦੋ, ਹਮਾਰੇ ਦੋ' ਦਾ ਹੋਕਾ

**ਨਵੀਂ ਦਿੱਲੀ:** ਭਾਰਤ ਦੀ ਆਬਾਦੀ ਇਸ ਵੇਲੇ ਇਕ ਅਰਬ 23 ਕਰੋੜ ਨੂੰ ਪਾਰ ਚੁੱਕੀ ਹੈ। ਇਕ ਅੰਦਾਜ਼ੇ ਅਨੁਸਾਰ 2015 ਦੇ ਅੰਤ ਤੱਕ ਭਾਰਤ ਦੀ ਅਬਾਦੀ ਇਕ ਅਰਬ 28 ਕਰੋੜ ਹੋ ਜਾਵੇਗੀ। ਭਾਰਤ ਦੀ ਜਨ ਸੰਖਿਆ ਦੁਨੀਆਂ ਦੀ ਕੁੱਲ ਆਬਾਦੀ ਦਾ 17.31 ਫੀਸਦੀ ਹੈ। ਦੁਨੀਆਂ ਦਾ ਹਰ ਛੇਵਾਂ ਵਿਅਕਤੀ ਭਾਰਤੀ ਹੈ। ਸੰਨ 2030 ਵਿਚ ਭਾਰਤ ਆਬਾਦੀ ਦੇ ਪੱਖੋਂ ਚੀਨ ਨੂੰ ਮਾਤ ਦੇ ਦੇਵੇਗਾ। 1.58 ਦੇ ਵਾਧੇ ਦਰ ਨਾਲ 2030 ਤੱਕ ਭਾਰਤ ਦੀ ਆਬਾਦੀ ਇਕ ਅਰਬ 53 ਕਰੋੜ ਹੋਣ ਦੇ ਅਨੁਮਾਨ ਲਗਾਏ ਜਾ ਰਹੇ ਹਨ। ਭਾਰਤ ਵਿਚ ਹਰ ਮਿੰਟ ਬਾਅਦ 25 ਬੱਚੇ ਪੈਦਾ ਹੋ ਜਾਂਦੇ ਹਨ। ਜੇ ਇਹੋ ਹਾਲ ਰਿਹਾ ਤਾਂ ਸਾਲ 2026 ਤੱਕ 40 ਕਰੋੜ ਲੋਕ ਹੋਰ ਜੁੜ ਜਾਣਗੇ।।ਅੰਕੜੇ ਗਵਾਹ ਹਨ ਕਿ ਚੀਨ, ਭਾਰਤ, ਅਮਰੀਕਾ, ਇੰਡੋਨੇਸ਼ੀਆ, ਪਾਕਿਸਤਾਨ ਤੇ ਬ੍ਰਾਜ਼ੀਲ ਦੀ ਆਬਾਦੀ ਪੂਰੀ ਦੁਨੀਆਂ ਦਾ ਅੱਧ ਬਣ ਜਾਂਦੀ ਹੈ। ਇਸ ਲਈ ਇਨ੍ਹਾਂ ਦੇਸ਼ਾਂ ਲਈ ਇਹ ਮੁੱਦਾ ਹੋਰ ਵੀ ਚਿੰਤਾਜਨਕ ਹੈ। ਰੋਜ਼ਾਨਾ 25 ਹਜ਼ਾਰ ਲੋਕ ਭੁੱਖ ਜਾਂ ਕੁਪੋਸ਼ਣ ਕਾਰਨ ਮਰ ਰਹੇ ਹਨ ਜਿਨ੍ਹਾਂ ਵਿਚੋਂ 18 ਹਜ਼ਾਰ ਪੰਜ ਸਾਲ ਤੋਂ ਘੱਟ ਉਮਰ ਦੇ ਮਾਸੂਮ ਬੱਚੇ ਹੀ ਹੁੰਦੇ ਹਨ।

ਇਕੱਲਾ ਏਸ਼ੀਆ ਮਹਾਂਦੀਪ ਦੁਨੀਆਂ ਦੀ 60 ਫੀਸਦੀ ਆਬਾਦੀ ਨੂੰ ਸੰਭਾਲੀ ਬੈਠਾ ਹੈ। ਵਿਸ਼ਵ ਆਬਾਦੀ ਦਿਵਸ ਹਰ ਸਾਲ 11 ਜੁਲਾਈ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਮਨਾਉਣ ਦੀ ਸ਼ੁਰੂਆਤ ਸਾਲ 1989 ਤੋਂ ਸੰਯੁਕਤ ਰਾਸ਼ਟਰ ਵੱਲੋਂ ਦੁਨੀਆਂ ਦੀ ਆਬਾਦੀ ਪੰਜ ਅਰਬ ਹੋ ਜਾਣ ਉਤੇ ਕੀਤੀ ਗਈ। ਭਾਰਤ ਦੀ ਜਨ ਸੰਖਿਆ ਵਿਚ ਵਾਧਾ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ। ਇਸ ਦੀ ਗੰਭੀਰਤਾ ਨੂੰ ਬਹੁਤ ਹੀ ਪਹਿਲਾਂ ਸਮਝ ਲਿਆ ਗਿਆ ਸੀ। ਇਸ ਕਰਕੇ 1952 ਵਿਚ ਪਰਿਵਾਰ ਨਿਯੋਜਨ ਪ੍ਰੋਗਰਾਮ ਸ਼ੁਰੂ ਕਰਨ ਵਾਲਾ ਸੰਸਾਰ ਦਾ ਪਹਿਲਾ ਦੇਸ਼ ਬਣ ਗਿਆ ਸੀ। ਇਸ ਪ੍ਰੋਗਰਾਮ ਅਧੀਨ 'ਹਮ ਦੋ, ਹਮਾਰੇ ਦੋ' ਦਾ ਨਾਅਰਾ ਦਿੱਤਾ ਗਿਆ ਸੀ ਪਰ ਭਾਰਤ ਆਬਾਦੀ ਦੇ ਵਾਧੇ ਨੂੰ ਕਾਬੂ ਕਰਨ ਵਿਚ ਅਸਫਲ ਰਿਹਾ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਵਿਚ 80 ਫ਼ੀਸਦੀ ਲੋਕ 20 ਰੁਪਏ ਪ੍ਰਤੀ ਦਿਨ ਆਮਦਨ ਨਾਲ ਜਿਊਂਦੇ ਹਨ।

ਇਕ ਅਨੁਮਾਨ ਮੁਤਾਬਕ ਭਾਰਤ ਦੀ ਜਨ-ਸੰਖਿਆ ਚੀਨ ਨਾਲੋਂ ਵੀ ਤੇਜ਼ੀ ਨਾਲ ਵਧ ਰਹੀ ਹੈ ਜਿਸ ਦੀ ਆਬਾਦੀ ਸੰਸਾਰ ਭਰ ਵਿਚ ਸਭ ਤੋਂ ਜ਼ਿਆਦਾ ਇਕ ਅਰਬ 39 ਕਰੋੜ (1.39 ਬਿਲੀਅਨ) ਦੇ ਕਰੀਬ ਹੈ। ਜੇਕਰ ਭਾਰਤ ਦੀ ਆਬਾਦੀ ਇਸੇ ਤਰ੍ਹਾਂ ਵਧਦੀ ਰਹੀ ਤਾਂ ਸਾਲ 2050 ਤੱਕ ਭਾਰਤੀਆਂ ਦੀ ਗਿਣਤੀ ਇਕ ਅਰਬ 63 ਕਰੋੜ (1.63 ਬਿਲੀਅਨ ) ਹੋ ਜਾਵੇਗੀ ਜੋ ਚੀਨ ਨਾਲੋਂ ਜ਼ਿਆਦਾ ਹੋਵੇਗੀ।

### ਆਬਾਦੀ ਪੱਖੋਂ 2030 'ਚ ਚੀਨ ਨੂੰ ਮਾਤ ਦੇ ਦੇਵੇਗਾ ਭਾਰਤ



### ਪੰਜਾਬ ਵਿਚ ਹੈ ਹਾਲਾਤ ਬਿਲਕੁਲ ਉਲਟ

**ਚੰਡੀਗੜ੍ਹ:** ਵਿਸ਼ਵ ਆਬਾਦੀ ਦਿਵਸ ਦੇ ਮੱਦੇਨਜ਼ਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇਹ ਸੂਬਾ ਨਵੀਂ ਚਿੰਤਾ ਵਿਚ ਘਿਰਿਆ ਦਿਖਾਈ ਦੇ ਰਿਹਾ ਹੈ। ਪੰਜਾਬ ਦੀ 1980 ਵਿਚ ਇਕ ਹਜ਼ਾਰ ਆਬਾਦੀ ਪਿੱਛੇ ਜਨਮ ਦਰ 29.90 ਫ਼ੀਸਦੀ ਸੀ ਜੋ 2013 ਵਿਚ ਘਟ ਕੇ 15.70 ਫ਼ੀਸਦੀ ਰਹਿ ਗਈ ਹੈ। ਇਸੇ ਸਮੇਂ ਦੌਰਾਨ ਮੌਤ ਦਰ 8.7 ਫ਼ੀਸਦੀ ਤੋਂ ਘਟ ਕੇ ਫ਼ੀਸਦੀ 6.7 ਹੋਈ ਹੈ। ਇਹ ਅੰਕੜੇ ਸਾਬਤ ਕਰਦੇ ਹਨ ਕਿ ਜਨਮ ਦਰ ਵਿਚ ਤਕਰੀਬਨ ਪੰਜਾਹ ਫ਼ੀਸਦੀ ਕਮੀ ਆਈ ਹੈ, ਜਦੋਂ ਕਿ ਮੌਤ ਦਰ ਵਿਚ 25 ਫ਼ੀਸਦੀ ਕਮੀ ਦਿਖਾਈ ਦੇ ਰਹੀ ਹੈ। ਪੰਜਾਬ ਵਿਚ 0 ਤੋਂ 14 ਸਾਲ ਦੇ ਬੱਚਿਆਂ ਦੀ ਗਿਣਤੀ 1971 ਦੀ ਆਬਾਦੀ ਦੇ ਅਨੁਪਾਤ ਵਿਚ 42 ਫ਼ੀਸਦੀ ਸੀ, ਜੋ 2011 ਦੀ ਜਨਗਣਨਾ ਮੁਤਾਬਕ ਘਟ ਕੇ 28 ਫ਼ੀਸਦੀ ਰਹਿ ਗਈ ਹੈ। ਆਬਾਦੀ ਨੂੰ ਬਰਾਬਰੀ ਦੇ ਪੱਧਰ ਉਤੇ ਰੱਖਣ ਲਈ ਆਪਣੇ ਜੀਵਨ ਸਮੇਂ ਦੌਰਾਨ ਇਕ ਔਰਤ ਵਿਚ ਬੱਚੇ ਨੂੰ ਜਨਮ ਦੇਣ ਦੀ ਔਸਤ ਸੰਭਾਵਨਾ 2.1 ਫ਼ੀਸਦੀ ਹੋਣੀ ਚਾਹੀਦੀ ਹੈ। ਪੰਜਾਬ ਵਿਚ ਇਹ ਔਸਤ 1.9 ਫ਼ੀਸਦੀ ਰਹਿ ਗਈ ਹੈ। ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੇ ਸਾਬਕਾ ਰਜਿਸਟਰਾਰ ਡਾ. ਪੀ.ਐਲ. ਗਰਗ ਨੇ ਕਿਹਾ ਕਿ ਪੰਜਾਬ, ਹਿਮਾਚਲ ਤੇ ਜੰਮੂ ਕਸ਼ਮੀਰ ਦੇਸ਼ ਦੇ ਉਨ੍ਹਾਂ ਦਸ ਸੂਬਿਆਂ ਵਿਚ ਸ਼ਾਮਲ ਹਨ ਜਿਨ੍ਹਾਂ ਵਿਚ ਆਬਾਦੀ ਘਾਟੇ ਦਾ ਰੁਝਾਨ ਹੈ।

## ਭਾਰਤ-ਬੰਗਲਾਦੇਸ਼ ਵੱਲੋਂ ਨਾਗਰਿਕਤਾ ਬਾਰੇ ਰਾਇ ਲੈਣ ਲਈ ਸਰਵੇਖਣ ਸ਼ੁਰੂ

**ਢਾਕਾ:** ਭਾਰਤ ਤੇ ਬੰਗਲਾਦੇਸ਼ ਨੇ ਇਤਿਹਾਸਕ ਜ਼ਮੀਨ ਸਰਹੱਦੀ ਸਮਝੌਤੇ ਤਹਿਤ 31 ਜੁਲਾਈ ਤੋਂ ਪਹਿਲਾਂ ਪਹਿਲਾਂ ਆਪਣੇ-ਆਪਣੇ ਖੇਤਰਾਂ ਵਿਚ ਆਉਣ ਵਾਲੇ ਹਿੱਸਿਆਂ ਦੇ ਏਕੇ ਲਈ ਇਕ ਦੂਜੇ ਦੇ ਸਰਹੱਦੀ ਖੇਤਰਾਂ ਵਿਚ ਪੈਂਦੀਆਂ 162 ਬਸਤੀਆਂ ਵਿਚ ਰਹਿਣ ਵਾਲੇ 51,584 ਵਿਅਕਤੀਆਂ ਦੀ ਨਾਗਰਿਕਤਾ ਦੀ ਪਸੰਦ ਨੂੰ ਦਰਜ ਕਰਾਉਣ ਲਈ ਸਾਂਝਾ ਸਰਵੇਖਣ ਆਰੰਭ ਦਿੱਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ 50 ਟੀਮਾਂ ਨੇ ਬੰਗਲਾਦੇਸ਼ ਵਿਚ 111 ਭਾਰਤੀ ਬਸਤੀਆਂ ਤੇ 25 ਟੀਮਾਂ ਨੇ ਭਾਰਤ ਵਿਚ 51 ਅਜਿਹੀਆਂ ਬਸਤੀਆਂ ਵਿਚ ਸਰਵੇਖਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਟੀਮਾਂ ਵੱਲੋਂ 23 ਜੁਲਾਈ ਤੱਕ ਸਰਵੇਖਣ ਦਾ ਕੰਮ ਮੁਕੰਮਲ ਕਰ ਲੈਣ ਦੀ ਆਸ ਹੈ। ਦੋਹਾਂ ਮੁਲਕਾਂ ਵੱਲੋਂ 41 ਸਾਲ ਪੁਰਾਣੇ ਜ਼ਮੀਨੀ ਸਰਹੱਦੀ ਵਿਵਾਦ ਨੂੰ ਇਲਾਕਿਆਂ ਦੀ ਅਦਲਾ ਬਦਲੀ ਨਾਲ ਸੁਲਝਾਉਣ ਲਈ ਕੀਤੇ ਗਏ ਸਮਝੌਤੇ ਦੇ ਇਕ ਮਹੀਨੇ ਬਾਅਦ ਇਹ ਸਰਵੇਖਣ ਸ਼ੁਰੂ ਕੀਤਾ ਗਿਆ ਹੈ।

ਗ੍ਰਹਿ ਮੰਤਰਾਲੇ ਦੇ ਤਰਜਮਾਨ ਨੇ ਦੱਸਿਆ ਕਿ ਹਰੇਕ ਟੀਮ ਵਿਚ ਦੋਹਾਂ ਮੁਲਕਾਂ ਦੇ ਪੰਜ-ਪੰਜ ਵਿਅਕਤੀ ਸ਼ਾਮਲ ਹਨ ਤੇ ਉਹ ਬਸਤੀਆਂ ਦੇ ਲੋਕਾਂ ਤੋਂ ਜਾਣਕਾਰੀ ਲੈ ਰਹੇ ਹਨ ਕਿ ਉਨ੍ਹਾਂ ਨੂੰ ਕਿਸ ਮੁਲਕ ਦੀ ਨਾਗਰਿਕਤਾ ਚਾਹੀਦੀ ਹੈ। ਪਹਿਲੀਆਂ ਰਿਪੋਰਟਾਂ ਮੁਤਾਬਕ ਬੰਗਲਾਦੇਸ਼ ਤੇ ਭਾਰਤ ਦਾ ਸਾਂਝਾ ਵਫ਼ਦ ਸਰਵੇਖਣ ਨੂੰ ਅੰਤਮ ਰੂਪ ਦੇਵੇਗਾ ਅਤੇ ਇੱਛੁਕ ਬੰਗਲਾਦੇਸ਼ੀ ਤੇ ਭਾਰਤੀ ਨਾਗਰਿਕਾਂ ਦੀ ਸੂਚੀ ਤਿਆਰ ਕਰੇਗਾ।

ਉਸ ਤੋਂ ਬਾਅਦ ਦੋਵੇਂ ਸਰਕਾਰਾਂ 31 ਜੁਲਾਈ ਤੱਕ ਲਿਸਟ ਨੂੰ ਅੰਤਿਮ ਰੂਪ ਦੇਣਗੀਆਂ ਤੇ ਲੋਕਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰਨਗੀਆਂ। ਬੰਗਲਾਦੇਸ਼ ਵਿਚ 111 ਭਾਰਤੀ ਬਸਤੀਆਂ ਵਿਚ ਕੁਲ 37,369 ਵਿਅਕਤੀ ਹਨ ਜਦਕਿ ਭਾਰਤੀ ਇਲਾਕੇ ਵਿਚ 51 ਬੰਗਲਾਦੇਸ਼ੀ ਬਸਤੀਆਂ ਵਿਚ 14,215 ਲੋਕ ਰਹਿੰਦੇ ਹਨ।



## ਪ੍ਰਸਿੱਧ ਕਵੀ ਸਰਦਾਰ ਅੰਜੁਮ ਚੱਲ ਵਸੇ

**ਚੰਡੀਗੜ੍ਹ:** ਪ੍ਰਸਿੱਧ ਕਵੀ ਸਰਦਾਰ ਅੰਜੁਮ ਦਾ ਲੰਬੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਪਿਛਲੇ ਕਈ ਮਹੀਨਿਆਂ ਤੋਂ ਉਹ ਬਰੇਨ ਹੈਮਰਜ ਕਾਰਨ ਜ਼ੇਰੇ ਇਲਾਜ ਸਨ। ਸਰਦਾਰ ਅੰਜੁਮ ਜਿਥੇ ਪੰਜਾਬ ਆਰਟਸ ਕੌਂਸਲ ਚੰਡੀਗੜ੍ਹ ਦੇ ਚੇਅਰਮੈਨ ਰਹੇ, ਉਥੇ ਉਨ੍ਹਾਂ ਦੀਆਂ ਸਾਹਿਤਕ ਗਤੀਵਿਧੀਆਂ ਤੇ ਸਾਹਿਤ ਨੂੰ ਚੰਗੀ ਦੇਣ ਪ੍ਰਤੀ ਸਾਲ 1991 ਵਿਚ 'ਪਦਮ ਸ੍ਰੀ, 2001 ਵਿਚ ਪੰਜਾਬ ਰਤਨ ਤੇ 2005 ਵਿਚ ਪਦਮ ਭੂਸ਼ਨ ਐਵਾਰਡ ਨਾਲ ਸਨਮਾਨਿਆ ਗਿਆ। ਸਰਦਾਰ ਅੰਜੁਮ (73) ਵੱਲੋਂ ਟੈਲੀਵਿਜ਼ਨ ਲੜੀਵਾਰ 'ਗੂੰਗੀ ਤਾਰਿਕ' ਨੂੰ ਵੀ ਦਰਸ਼ਕਾਂ ਦਾ ਭਰਪੂਰ ਹੁੰਗਾਰਾ ਹਾਸਲ ਹੋਇਆ। ਪੰਜਾਬ ਕਲਾ ਪ੍ਰੀਸ਼ਦ ਦੀ ਚੇਅਰਪਰਸਨ ਬੀਬੀ ਹਰਜਿੰਦਰ ਕੌਰ, ਵਾਈਸ ਚੇਅਰਮੈਨ ਇੰਜ: ਐਸ.ਐਸ. ਵਿਰਦੀ, ਕੌਂਸਲ ਦੇ ਸਕੱਤਰ ਜਨਰਲ ਪ੍ਰੋ. ਨਿਰਮਲ ਦੱਤ ਨੇ ਵੀ ਸਰਦਾਰ ਅੰਜੁਮ ਦੀ ਮੌਤ ਉਤੇ ਦੁੱਖ ਦਾ ਇਜ਼ਹਾਰ ਕੀਤਾ।



## ਸਮਾਰਟ ਸਿਟੀ ਲੱਭਣ ਲੱਗੀ ਪੰਜਾਬ ਸਰਕਾਰ

**ਜਲੰਧਰ:** ਪੰਜਾਬ ਸਰਕਾਰ 31 ਜੁਲਾਈ ਤੱਕ ਉਨ੍ਹਾਂ ਸ਼ਹਿਰਾਂ ਦੀ ਚੋਣ ਕਰ ਲਏਗੀ ਜਿਨ੍ਹਾਂ ਨੂੰ ਸਮਾਰਟ ਸਿਟੀ ਦਾ ਦਰਜਾ ਦਿੱਤਾ ਜਾਣਾ ਹੈ ਤੇ ਇਸ ਸਿਫਾਰਸ਼ ਉਤੇ ਹੀ ਕੇਂਦਰ ਵੱਲੋਂ ਸਮਾਰਟ ਸਿਟੀ ਦਾ ਦਰਜਾ ਦੇਣ ਲਈ 100 ਸ਼ਹਿਰਾਂ ਵਿਚ ਨਾਂ ਸ਼ਾਮਲ ਕਰ ਲਿਆ ਜਾਏਗਾ।

ਇਸ ਲਈ ਪੀ.ਐਮ.ਆਈ.ਡੀ.ਬੀ. (ਪੰਜਾਬ ਮਿਊਂਸੀਪਲ ਬੁਨਿਆਦੀ ਢਾਂਚਾ ਵਿਕਾਸ ਬੋਰਡ) ਨੂੰ ਤੈਅ ਸਮੇਂ ਵਿਚ ਸਾਰੀ ਕਾਰਵਾਈ ਕਰਨ ਦੀ ਹਦਾਇਤ ਕਰ ਦਿੱਤੀ ਹੈ। ਬੀਤੇ ਦਿਨੀਂ ਸਮਾਰਟ ਸਿਟੀ ਦਾ ਦਰਜਾ ਲੈਣ ਲਈ ਚਾਹਵਾਨ ਨਿਗਮਾਂ ਜਲੰਧਰ, ਮੋਹਾਲੀ, ਲੁਧਿਆਣਾ, ਅੰਮ੍ਰਿਤਸਰ, ਪਠਾਨਕੋਟ, ਮੋਹਾਲੀ ਨੇ ਹੋਈ ਮੀਟਿੰਗ ਵਿਚ ਆਪਣੇ ਸ਼ਹਿਰਾਂ ਲਈ ਸਮਾਰਟ ਸਿਟੀ ਦਾ ਮਜ਼ਬੂਤੀ ਨਾਲ ਦਾਅਵਾ ਪੇਸ਼ ਕਰ ਦਿੱਤਾ ਹੈ। ਸਮਾਰਟ ਸਿਟੀ ਲਈ ਛੇ ਨਗਰ ਨਿਗਮਾਂ ਵੱਲੋਂ ਪੇਸ਼ ਕੀਤੇ ਗਏ ਦਾਅਵਿਆਂ ਨੂੰ ਤਸਦੀਕ ਕਰਨ ਦਾ ਕੰਮ ਪੀ.ਐਮ.ਆਈ.ਡੀ.ਬੀ. ਨੇ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ ਹੈ।

ਏਜੰਸੀ ਵੱਲੋਂ 31 ਜੁਲਾਈ ਤੱਕ ਕਾਰਵਾਈ ਪੂਰੀ ਕਰਕੇ ਤਿੰਨ ਸ਼ਹਿਰਾਂ ਦੀ ਸਮਾਰਟ ਸਿਟੀ ਦੀ ਚੋਣ ਕਰ ਲਈ ਜਾਏਗੀ। ਦੱਸਿਆ ਜਾਂਦਾ ਹੈ ਕਿ 15 ਅਗਸਤ ਤੱਕ ਕੇਂਦਰ ਸਰਕਾਰ ਦੇਸ਼ ਭਰ ਦੇ 100 ਸਮਾਰਟ ਸਿਟੀ ਬਣਾਉਣ ਲਈ ਸ਼ਹਿਰਾਂ ਦਾ ਐਲਾਨ ਕਰ ਦੇਵੇਗਾ। ਸੂਤਰਾਂ ਮੁਤਾਬਕ ਕੇਂਦਰ ਵੱਲੋਂ ਸਮਾਰਟ ਸਿਟੀ ਦਾ ਦਰਜਾ ਲੈਣ ਲਈ ਸ਼ਹਿਰਾਂ ਵਿਚ ਮੁਫ਼ਤ ਦਿੱਤੀਆਂ ਜਾਂਦੀਆਂ ਸਕੀਮਾਂ ਨੂੰ ਬੰਦ ਕਰਨ ਬਾਰੇ ਵੀ ਹਦਾਇਤਾਂ ਜਾਰੀ ਕੀਤੀਆਂ ਜਾ ਸਕਦੀਆਂ ਹਨ।

## ਉਰਦੂ ਸ਼ਾਇਰ ਬਸ਼ਰ ਨਵਾਜ਼ ਨਹੀਂ ਰਹੇ

**ਮੁੰਬਈ:** ਉੱਘੇ ਉਰਦੂ ਕਵੀ, ਆਲੋਚਕ ਤੇ ਬੁਲਾਰੇ ਬਸ਼ਰ ਨਵਾਜ਼ ਦਾ ਸੰਖੇਪ ਬਿਮਾਰੀ ਤੋਂ ਬਾਅਦ ਔਰੰਗਾਬਾਦ ਵਿਚ ਦੇਹਾਂਤ ਹੋ ਗਿਆ। ਔਰੰਗਾਬਾਦ ਵਿਚ 18 ਅਗਸਤ 1935 ਨੂੰ ਜੰਮੇ ਨਵਾਜ਼ ਦੀਆਂ ਲਿਖਤਾਂ ਭਾਰਤ ਤੇ ਵਿਦੇਸ਼ਾਂ ਵਿਚ ਵੱਖ-ਵੱਖ ਸਾਹਿਤਕ ਪੱਤਰਾਂ ਤੇ ਰਸਾਲਿਆਂ ਵਿਚ ਨਿਯਮਤ ਤੌਰ ਉਤੇ ਪ੍ਰਕਾਸ਼ਤ ਹੁੰਦੀਆਂ ਰਹੀਆਂ। ਮੁੱਢਲੇ ਤੌਰ ਉਤੇ ਉਨ੍ਹਾਂ ਉਪਰ ਖੱਬੇ ਪੱਖੀ ਵਿਚਾਰਧਾਰਾ ਦਾ ਪ੍ਰਭਾਵ ਸੀ, ਜਿਹੜਾ ਉਨ੍ਹਾਂ ਦੀਆਂ ਕਵਿਤਾਵਾਂ ਤੋਂ ਵੀ ਝਲਕਦਾ ਸੀ। ਬਸ਼ਰ ਨੇ ਕੁਝ ਹਿੰਦੀ ਫਿਲਮਾਂ ਲਈ ਗਾਣੇ, ਰੇਡੀਓ ਲਈ ਨਾਟਕ ਤੇ ਟੈਲੀਵਿਜ਼ਨ ਲੜੀਵਾਰ ਅਮੀਰ ਖੁਸਰੋ ਲਿਖਿਆ ਸੀ।

## ਅਤਿਵਾਦ ਦੇ ਟਾਕਰੇ ਲਈ ਭਾਰਤ ਤੋਂ ਸਬਕ ਸਿੱਖੇਗਾ ਮਿਸਰ

**ਕਾਹਿਰਾ:** ਮਿਸਰ ਵਿਚ ਦਹਿਸ਼ਤੀ ਹਮਲਿਆਂ ਤੋਂ ਝੰਬੇ ਰਾਸ਼ਟਰਪਤੀ ਅਬਦਲ ਫ਼ਤਿਹ ਅਲ ਸਿਸੀ ਨੇ ਭਾਰਤ ਦੇ ਤਜਰਬੇ ਤੋਂ ਲਾਹਾ ਲੈਣ ਦਾ ਫ਼ੈਸਲਾ ਲਿਆ ਹੈ। ਉਨ੍ਹਾਂ ਦਹਿਸ਼ਤਗਰਦੀ ਨਾਲ ਨਜਿੱਠਣ ਵਿਚ ਭਾਰਤ ਤੋਂ ਸਬਕ ਸਿੱਖਣ ਦੀ ਇੱਛਾ ਜ਼ਾਹਰ ਕੀਤੀ ਹੈ। ਸਿਸੀ ਨੇ ਇਹ ਪ੍ਰਤੀਕਰਮ ਉਸ ਸਮੇਂ ਦਿੱਤਾ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਸ਼ੇਸ਼ ਦੂਤ ਤੇ ਕੇਂਦਰੀ ਮੰਤਰੀ ਮੁਖਤਾਰ ਅੱਬਾਸ ਨਕਵੀ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਸ੍ਰੀ ਨਕਵੀ ਨੇ ਸਿਸੀ ਨੂੰ ਅਕਤੂਬਰ ਵਿਚ ਦਿੱਲੀ ਵਿਚ ਹੋਣ ਵਾਲੇ ਤੀਜੇ ਭਾਰਤ-ਅਫ਼ਰੀਕਾ ਫੋਰਮ ਸਿਖਰ ਸੰਮੇਲਨ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਹੈ। ਦੋਹਾਂ ਆਗੂਆਂ ਨੇ ਆਪਸੀ ਰਿਸ਼ਤਿਆਂ ਤੋਂ ਇਲਾਵਾ ਦੁਵੱਲੇ ਮੁੱਦਿਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ।

ਮਿਸਰ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਸਿਸੀ ਨੇ ਮਿਸਰ ਤੇ ਭਾਰਤ ਨੂੰ ਜੋੜਨ ਵਾਲੇ ਪੁਰਾਣੇ ਰਿਸ਼ਤਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਵੱਖ-ਵੱਖ ਖੇਤਰਾਂ ਵਿਚ ਦੁਵੱਲੇ ਸਬੰਧਾਂ ਨੂੰ ਹੱਲਾਸ਼ੇਰੀ ਦੇਣ ਲਈ ਮਿਸਰ ਵਚਨਬੱਧ ਹੈ ਤੇ ਉਨ੍ਹਾਂ ਸਿਆਸੀ ਤੇ ਆਰਥਿਕ ਮੁਹਾਜ਼ ਉਤੇ ਭਾਰਤ ਦੇ ਤਜਰਬੇ ਦੀ ਸ਼ਲਾਘਾ ਕੀਤੀ ਹੈ।

# ਸਾਲ ਪਿੱਛੋਂ ਵੀ ਨਾ ਮਿਟੇ ਗਾਜ਼ਾ ਪੱਟੀ 'ਚ ਤਬਾਹੀ ਦੇ ਨਿਸ਼ਾਨ

**ਬੇਈਤ ਹਨਾਊਨ (ਗਾਜ਼ਾ):** ਇਕ ਸਾਲ ਬੀਤਣ ਦੇ ਬਾਅਦ ਵੀ ਇਸਰਾਈਲ ਤੇ ਹਮਾਸ ਵਿਚਕਾਰ 50 ਦਿਨ ਚੱਲੀ ਜੰਗ ਕਾਰਨ ਹੋਈ ਤਬਾਹੀ ਦੇ ਨਿਸ਼ਾਨ ਬਾਕੀ ਹਨ। ਲੋਕਾਂ ਦੇ ਜੀਵਨ ਵਿਚ ਵੀ ਕੋਈ ਸੁਧਾਰ ਨਹੀਂ ਹੋਇਆ ਸਗੋਂ ਉਨ੍ਹਾਂ ਦੀਆਂ ਮੁਸੀਬਤਾਂ ਵਿਚ ਵਾਧਾ ਹੀ ਹੋਇਆ ਹੈ। ਇਸਰਾਈਲ ਦੇ ਹਮਲਿਆਂ ਵਿਚ 12 ਹਜ਼ਾਰ ਤੋਂ ਵੱਧ ਘਰ ਮਲੀਆਮੇਟ ਹੋ ਗਏ ਸਨ ਤੇ ਇਕ ਲੱਖ ਦੇ ਕਰੀਬ ਨੁਕਸਾਨੇ ਗਏ ਸਨ ਪਰ ਇਨ੍ਹਾਂ ਵਿਚੋਂ ਅਜੇ ਤੱਕ ਇਕ ਨੂੰ ਵੀ ਮੁੜ ਤੋਂ ਉਸਾਰਿਆ ਨਹੀਂ ਗਿਆ ਹੈ। ਜੰਗ ਦੇ ਖ਼ੌਫ਼ ਕਰਕੇ ਲੱਖਾਂ ਲੋਕ ਬੇਘਰ ਹੋ ਗਏ ਸਨ। 18 ਲੱਖ ਲੋਕਾਂ ਵਿਚੋਂ ਦੋ ਤਿਹਾਈ ਨੂੰ ਸੰਯੁਕਤ ਰਾਸ਼ਟਰ ਤੋਂ ਕਿਸੇ ਨਾ ਕਿਸੇ ਰੂਪ ਵਿਚ ਸਹਾਇਤਾ ਮਿਲ ਰਹੀ ਹੈ। ਜ਼ਿਕਰਯੋਗ ਹੈ ਕਿ ਜੰਗ ਦੌਰਾਨ 2100 ਫਲਸਤੀਨੀਆਂ ਦੀ ਮੌਤ ਹੋਈ ਸੀ ਜਿਨ੍ਹਾਂ ਵਿਚੋਂ 500 ਤੋਂ ਵੱਧ ਬੱਚੇ ਸਨ। ਇਸਰਾਈਲ ਦੇ 73 ਵਿਅਕਤੀਆਂ ਦੀ ਜਾਨ ਗਈ ਸੀ ਜਿਨ੍ਹਾਂ ਵਿਚੋਂ ਜ਼ਿਆਦਾਤਰ ਫ਼ੌਜੀ ਸਨ।

ਗਾਜ਼ਾ ਵਿਚ ਗਣਿਤ ਦੇ ਅਧਿਆਪਕ ਅਲੀ ਵਾਹਦਾਨ ਨੇ ਜੰਗ ਵਿਚ ਪਤਨੀ ਸਮੇਤ 11 ਪਰਿਵਾਰਕ ਮੈਂਬਰ ਗੁਆਏ ਹਨ। ਜੰਗ ਦੌਰਾਨ ਉਸ ਦੀ ਆਪਣੀ ਇਕ ਲੱਤ ਵੀ ਉੱਡ ਗਈ ਸੀ। ਹੁਣ ਡਾਕਟਰਾਂ ਨੇ ਦੱਸਿਆ ਹੈ ਕਿ ਉਸ ਦੀ ਦੂਜੀ ਲੱਤ ਵਿਚ ਵੀ ਜ਼ਹਿਰ ਫੈਲ ਗਿਆ ਹੈ ਤੇ ਉਸ ਨੂੰ ਕੱਟਣਾ ਪਏਗਾ। ਉਸ ਦੇ ਸੁਨਹਿਰੇ ਦਿਨਾਂ ਦੀ ਆਸ ਉਤੇ ਪਾਣੀ ਫਿਰ ਗਿਆ ਹੈ।

36 ਵਰ੍ਹਿਆਂ ਦੇ ਅਲੀ ਦਾ ਕਹਿਣਾ ਹੈ ਕਿ ਜੰਗ ਭਾਵੇਂ ਖ਼ਤਮ ਹੋ ਗਈ ਹੈ ਪਰ ਮੇਰੀਆਂ ਮੁਸ਼ਕਲਾਂ ਅਜੇ ਵੀ ਜਾਰੀ ਹਨ। ਮੇਰਾ ਪਿਛਲਾ ਵਰ੍ਹਾ ਇਕ ਹਸਪਤਾਲ ਤੋਂ ਦੂਜੇ ਹਸਪਤਾਲ ਦੇ ਗੇੜੇ ਲਾਉਣ ਵਿਚ ਬੀਤ ਗਿਆ ਹੈ। ਸਾਲ ਪਹਿਲਾਂ ਮੈਂ ਆਪਣੇ ਵਿਦਿਆਰਥੀਆਂ ਸਾਹਮਣੇ ਖੜ੍ਹ ਕੇ ਉਨ੍ਹਾਂ ਨੂੰ ਪੜ੍ਹਾਉਂਦਾ ਸੀ ਪਰ ਅੱਜ ਮੈਂ ਆਪਣੇ ਬੱਚਿਆਂ ਨੂੰ ਪਾਲਣ ਦੇ ਅਸਮਰੱਥ ਹਾਂ। ਅਲੀ ਵਾਹਦਾਨ ਦੇ ਪਰਿਵਾਰ ਨੂੰ ਕੱਚੇ ਘਰ ਵਿਚ ਗੁਜ਼ਾਰਾ ਕਰਨਾ ਪੈ ਰਿਹਾ ਹੈ। ਜੰਗ ਤੋਂ ਪਹਿਲਾਂ ਉਹ ਚਾਰ ਮੰਜ਼ਿਲਾ ਘਰ ਵਿਚ ਰਹਿ ਰਹੇ ਸਨ। ਉਨ੍ਹਾਂ ਕੋਲ ਫਰਿੱਜ ਹੈ ਪਰ ਪਕਾਉਣ ਲਈ ਉਨ੍ਹਾਂ ਕੋਈ ਵਸਤੂ ਨਹੀਂ ਹੈ। ਇਸਰਾਈਲ ਤੇ ਹਮਾਸ ਵਿਚਕਾਰ ਸਮਝੌਤੇ ਤੋਂ ਬਾਅਦ ਜੰਗ ਖ਼ਤਮ ਹੋਈ ਸੀ ਪਰ ਉਨ੍ਹਾਂ ਨੂੰ ਵੀ ਯਕੀਨ ਨਹੀਂ ਹੈ ਕਿ ਇਹ ਸ਼ਾਂਤੀ ਕਦੋਂ ਤੱਕ ਕਾਇਮ ਰਹੇਗੀ। ਗਾਜ਼ਾ ਵਿਚ ਸੰਘਰਸ਼ ਦੇ ਨਿਸ਼ਾਨ ਅਜੇ ਵੀ ਕਾਇਮ ਹਨ।

ਸੰਯੁਕਤ ਰਾਸ਼ਟਰ ਰਾਹਤ ਵਰਕਸ ਏਜੰਸੀ ਦੇ ਮੁਖੀ ਪਿਯਰੇ ਕਰਾਹਨਬੁਹਲ ਨੇ ਕਿਹਾ ਕਿ ਖ਼ਿੱਤੇ ਵਿਚ ਹਾਲਾਤ ਟਾਈਮ ਬੰਬ ਵਾਂਗ ਹਨ। ਇਸਰਾਈਲ ਵਿਚ ਜੰਗ ਦੌਰਾਨ ਗਾਜ਼ਾ ਤੋਂ ਭਾਵੇਂ ਰਾਕਟ ਦਾਗੇ ਜਾਂਦੇ ਰਹੇ ਸਨ ਪਰ ਉਨ੍ਹਾਂ ਦਾ ਐਨਾ ਅਸਰ ਦੇਖਣ ਨੂੰ ਨਹੀਂ ਮਿਲਿਆ। ਗਾਡੀ ਯਾਰਕੋਨੀ ਦਾ ਗਾਜ਼ਾ ਨਾਲ ਲੱਗਦੀ ਸਰਹੱਦ ਨੇੜੇ ਫਾਰਮ ਹੈ। ਜੰਗ ਦੇ ਆਖਰੀ ਦਿਨ ਉਥੇ ਗੋਲਾ ਡਿੱਗਿਆ। ਧਮਾਕੇ ਵਿਚ ਉਸ ਦੇ ਦੋ ਮਿੱਤਰ ਹਲਾਕ ਹੋ ਗਏ ਅਤੇ ਉਸ ਦੀਆਂ ਆਪਣੀਆਂ ਦੋਵੇਂ ਲੱਤਾਂ ਨਕਾਰਾ ਹੋ ਗਈਆਂ।

ਇਲਾਕੇ ਦੇ ਤਕਰੀਬਨ 500 ਬੱਚਿਆਂ ਨੂੰ ਜੰਗ ਤੋਂ ਬਾਅਦ ਅਜੇ ਵੀ ਕਾਉਂਸਲਿੰਗ ਦਿੱਤੀ ਜਾ ਰਹੀ ਹੈ। ਯਾਰਕੋਨੀ ਸਥਾਨਕ ਪ੍ਰੀਸ਼ਦ ਦਾ ਮੁਖੀ ਹੈ ਤੇ ਉਹ ਖੇਤਰੀ ਆਰਥਿਕਤਾ ਨੂੰ ਹੁਲਾਰਾ ਦੇਣ ਦੇ ਜਤਨ ਕਰ ਰਿਹਾ ਹੈ। ਉਸ ਨੇ ਕਿਹਾ ਕਿ ਜੇਕਰ ਗਾਜ਼ਾ ਪੱਟੀ ਤੇ ਇਸਰਾਈਲ ਵਿਚ ਵਿਕਾਸ ਹੁੰਦਾ ਹੈ ਤਾਂ ਖ਼ੂਨ ਖ਼ਰਾਬੇ ਨਾਲੋਂ ਇਸ ਦਾ ਵੱਧ ਅਸਰ ਦੇਖਣ ਨੂੰ ਮਿਲੇਗਾ।

### ਤਬਾਹ ਹੋਏ ਘਰਾਂ 'ਤੇ ਤੰਬੂ ਗੱਡ ਕੇ ਗੁਜ਼ਾਰਾ ਕਰ ਰਹੇ ਨੇ ਲੋਕ



# ਦੁਬਈ ਦੇ ਗੁਰਦੁਆਰੇ 'ਚ ਭਾਈਚਾਰਕ ਸਾਂਝ ਦਾ ਹੋਕਾ

## ਗੁਰਦੁਆਰਾ ਗੁਰੂ ਨਾਨਕ ਦਰਬਾਰ 'ਚ ਪੜ੍ਹੀ ਨਮਾਜ਼

**ਦੁਬਈ:** ਰਮਜ਼ਾਨ ਦੇ ਮਹੀਨੇ ਦੌਰਾਨ ਮੁਸਲਿਮ ਭਾਈਚਾਰੇ ਵੱਲੋਂ ਰੱਖੇ ਗਏ ਰੋਜ਼ਿਆਂ ਦਾ ਸਤਿਕਾਰ ਕਰਦੇ ਹੋਏ ਗੁਰਦੁਆਰਾ ਗੁਰੂ ਨਾਨਕ ਦਰਬਾਰ, ਦੁਬਈ ਵਿਖੇ ਇਫ਼ਤਾਰ ਪਾਰਟੀ ਦੌਰਾਨ ਨਮਾਜ਼ ਅਦਾ ਕਰਕੇ ਰੋਜ਼ੇ ਖੁੱਲ੍ਹਵਾਉਣ ਦੀ ਨਵੀਂ ਭਾਈਚਾਰਕ ਸਾਂਝ ਪੇਸ਼ ਕੀਤੀ ਗਈ। ਯੂ.ਏ.ਈ. ਦੇ ਅਖ਼ਬਾਰ 'ਖਲੀਜ ਟਾਈਮਜ਼' ਅਤੇ 'ਗਲਫ਼ ਨਿਊਜ਼' ਵਿਚ ਇਸ ਭਾਈਚਾਰਕ ਸਾਂਝ ਦੀ ਸ਼ਲਾਘਾ ਕਰਦਿਆਂ ਦੱਸਿਆ ਗਿਆ ਕਿ ਇਸ ਮੌਕੇ ਅਲ ਮੀਨਾਰ ਸੈਂਟਰ ਤੋਂ ਬੁਲਾਏ ਗਏ ਵਿਸ਼ੇਸ਼ ਮਹਿਮਾਨਾਂ ਨੂੰ ਗੁਰੂ ਨਾਨਕ ਦਰਬਾਰ ਦੇ ਚੇਅਰਮੈਨ ਸੁਰਿੰਦਰ ਸਿੰਘ ਕੰਧਾਰੀ ਵੱਲੋਂ ਗੁਰਦੁਆਰੇ ਸੱਦਿਆ ਗਿਆ ਸੀ।

ਇਫ਼ਤਾਰ ਦੀ ਪਹਿਲ ਕਰਨ ਵਾਲੀ ਗ਼ੈਰ ਮੁਸਲਿਮ ਸੰਸਥਾ ਦੁਬਈ ਦੇ ਇਸ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਸੀ। ਇਫ਼ਤਾਰ ਵਿਚ ਸ਼ਾਮਲ ਹੋਏ ਮਹਿਮਾਨਾਂ ਵਿਚ ਮੁੱਖ ਮਹਿਮਾਨ ਇਸਲਾਮਿਕ ਸਪੀਕਰ ਅਹਿਮਦ ਹਾਮਿਦ ਤੇ ਅਲ ਮੀਨਾਰ ਸੈਂਟਰ ਦੇ ਨੁਮਾਇੰਦੇ ਅਬਦੁਲ ਹਾਦੀ ਸਨ। ਭਾਵੇਂ ਕਿ ਦੋਵੇਂ ਆਗੂ ਜਲਦੀ ਨਾਲ ਉਥੋਂ ਰੁਖ਼ਸਤ ਹੋ ਗਏ ਪਰ ਹਾਮਿਦ ਨੇ ਆਖਿਆ ਕਿ ਧਰਮ ਦੇ ਸਿਧਾਂਤਾਂ ਨੂੰ ਹਰੇਕ ਨਾਲ ਸਾਂਝਾ ਕਰਨਾ ਸਭ ਤੋਂ ਵਧੀਆ ਸੁਨੇਹਾ ਹੈ। ਦਿਲਚਸਪ ਤੱਥ ਇਹ ਹੈ ਕਿ ਗੁਰਦੁਆਰੇ ਦੇ ਬਾਹਰ ਲਗਾਤਾਰ ਦੂਜੇ ਸਾਲ ਅੰਗਰੇਜ਼ੀ ਤੇ ਗੁਰਮੁਖੀ ਵਿਚ ਇਹ ਵਿਸ਼ੇਸ਼ ਸੂਚਨਾ ਲਗਾਈ ਗਈ ਕਿ ਰਮਜ਼ਾਨ ਦੌਰਾਨ 'ਲੰਗਰ ਪਾਰਸਲ' ਦੀ ਮੰਗ ਨਾ ਕੀਤੀ ਜਾਵੇ।

ਸਾਲ ਵਿਚ ਗੁਰਦੁਆਰੇ ਦੇ ਰੁਟੀਨ ਵਿਚ ਸਿਰਫ ਇਹੀ ਬਦਲਾਅ ਦੇਖਿਆ ਜਾਂਦਾ ਹੈ, ਜੋ ਕਿ ਮੁਸਲਿਮ ਭਾਈਚਾਰੇ ਦੇ ਇਸ ਪਵਿੱਤਰ ਤਿਉਹਾਰ ਦੀ ਮਰਿਆਦਾ ਨੂੰ ਸਤਿਕਾਰ ਦੇਣ ਲਈ ਕੀਤਾ ਜਾਂਦਾ ਹੈ।

ਪਿਛਲੇ ਸਾਲ ਅਲ ਮੀਨਾਰ ਸੈਂਟਰ ਵੱਲੋਂ ਰਮਜ਼ਾਨ ਦੇ ਰੋਜ਼ੇ ਖੋਲ੍ਹਣ ਲਈ ਰੱਖੀ ਗਈ ਇਫ਼ਤਾਰ ਵਿਚ ਈਸਾਈ ਭਾਈਚਾਰੇ ਸਮੇਤ ਹੋਰਨਾਂ ਧਰਮਾਂ ਦੇ ਨੁਮਾਇੰਦਿਆਂ ਨੂੰ ਸੱਦਾ ਦੇ ਕੇ ਭਾਈਚਾਰਕ ਸਾਂਝ ਦੀ ਮਿਸਾਲ ਦਿੱਤੀ ਗਈ ਸੀ। ਇਸ ਵਾਰ ਵੀ ਅਲ ਮੀਨਾਰ ਕਮਿਊਨਿਟੀ ਤੇ ਇਸਲਾਮਿਕ ਸੈਂਟਰ ਦੁਬਈ ਵੱਲੋਂ ਜੁਲਾਈ ਦੇ ਪਹਿਲੇ ਹਫ਼ਤੇ ਵਿਚ ਆਉਂਦੇ ਜੁੰਮੇ ਦੇ ਵਾਰ ਨੂੰ ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੂੰ ਇਫ਼ਤਾਰ ਵਿਚ ਬੁਲਾ ਕੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਗਿਆ। ਅਲ ਮੀਨਾਰ ਦੇ ਕੌਮਾਂਤਰੀ ਬੁਲਾਰੇ ਅਹਿਮਦ ਹਾਮਿਦ ਨੇ ਆਖਿਆ ਕਿ ਧਾਰਮਿਕ ਅਸਹਿਣਸ਼ੀਲਤਾ ਤੇ ਮਤਭੇਦਾਂ ਨੂੰ ਸਿਰਫ਼ ਗੱਲਬਾਤ ਹੀ ਖ਼ਤਮ ਕਰ ਸਕਦੀ ਹੈ। ਸੰਸਾਰ ਭਰ ਵਿਚ ਸਾਂਝੀਵਾਲਤਾ ਦੀ ਇਸ ਅਨੋਖੀ, ਨਿਵੇਕਲੀ ਅਤੇ ਵਧੀਆ ਮਿਸਾਲ ਦੀ ਚਰਚਾ ਹੋ ਰਹੀ ਹੈ ਅਤੇ ਪ੍ਰਬੰਧਕਾਂ ਨੂੰ ਵਧਾਈਆਂ ਮਿਲ ਰਹੀਆਂ ਹਨ।

# ਇੰਗਲੈਂਡ 'ਚ ਵਿਦਿਆਰਥੀਆਂ ਉਤੇ ਕੰਮ ਕਰਨ ਦੀ ਪਾਬੰਦੀ

**ਲੰਡਨ:** ਇੰਗਲੈਂਡ ਸਰਕਾਰ ਨੇ ਯੂਰਪੀ ਯੂਨੀਅਨ ਤੋਂ ਬਾਹਰਲੇ ਦੇਸ਼ਾਂ ਦੇ ਵਿਦਿਆਰਥੀਆਂ ਉਤੇ ਪੜ੍ਹਾਈ ਦੇ ਨਾਲ ਨਾਲ ਕੰਮ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫੈਸਲਾ ਅਗਲੇ ਮਹੀਨੇ ਤੋਂ ਲਾਗੂ ਹੋਵੇਗਾ ਜਿਸ ਨਾਲ ਭਾਰਤ ਸਮੇਤ ਯੂਰਪੀ ਯੂਨੀਅਨ ਤੋਂ ਬਾਹਰਲੇ ਦੇਸ਼ਾਂ ਦੇ ਲੱਖਾਂ ਵਿਦਿਆਰਥੀ ਪ੍ਰਭਾਵਿਤ ਹੋਣਗੇ। ਇਸ ਦੇ ਨਾਲ ਹੀ ਸਰਕਾਰ ਨੇ ਐਫ.ਈ. ਕਾਲਜਾਂ ਦੇ ਵਿਦਿਆਰਥੀ ਵੀਜ਼ੇ ਦੀ ਮਿਆਦ ਵੀ 3 ਸਾਲ ਤੋਂ ਘਟਾ ਕੇ 2 ਸਾਲ ਕਰ ਦਿੱਤੀ ਅਤੇ ਹੁਣ ਕੋਰਸ ਪੂਰਾ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਬਰਤਾਨੀਆ ਛੱਡ ਕੇ ਜਾਣਾ ਲਾਜ਼ਮੀ ਹੋਵੇਗਾ।

ਇੰਗਲੈਂਡ ਦੇ ਇਮੀਗ੍ਰੇਸ਼ਨ ਮਾਮਲਿਆਂ ਦੇ ਮੰਤਰੀ ਜੇਮਸ ਬ੍ਰੋਕਨਸ਼ਾਇਰ ਨੇ ਦੱਸਿਆ ਕਿ ਬਰਤਾਨੀਆ ਦੇ ਉਚੇਰੀ ਸਿੱਖਿਆ ਕਾਲਜਾਂ ਵਿਚ ਪੜ੍ਹਾਈ ਕਰਨ ਆਏ ਯੂਰਪੀ ਯੂਨੀਅਨ ਤੋਂ ਬਾਹਰਲੇ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਅਗਲੇ ਮਹੀਨੇ ਤੋਂ ਹਫਤੇ ਵਿਚ 10 ਘੰਟੇ ਕੰਮ ਕਰਨ ਦਾ ਅਧਿਕਾਰ ਨਹੀਂ ਮਿਲੇਗਾ। ਉਨ੍ਹਾਂ ਦੱਸਿਆ ਕਿ ਕੁਝ ਲੋਕ ਬਰਤਾਨੀਆ ਦੇ ਆਵਾਸ ਸਬੰਧੀ ਨਿਯਮਾਂ ਦੀ ਉਲੰਘਣਾ ਕਰ ਕੇ ਦੇਸ਼ ਦੀ ਰੁਜਗਾਰ ਬਾਜ਼ਾਰ ਵਿਚ ਗੈਰ-ਕਾਨੂੰਨੀ ਢੰਗ ਨਾਲ ਬਾਹਰਲੇ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਦਾਖਲੇ ਵੇਚਣ ਦੀ ਤਾਕ ਵਿਚ ਹਨ ਅਤੇ ਬਹੁਤ ਸਾਰੇ ਲੋਕ ਇਨ੍ਹਾਂ ਨੂੰ ਖਰੀਦਣ ਦੇ ਚਾਹਵਾਨ ਹਨ। ਸਖਤ ਮਿਹਨਤ ਕਰ ਕੇ ਟੈਕਸ ਅਦਾ ਕਰ ਕੇ ਇਨ੍ਹਾਂ ਕਾਲਜਾਂ ਵਾਸਤੇ ਫੰਡ ਮੁਹੱਈਆ ਕਰਨ ਵਾਲੇ ਲੋਕ ਉਚ ਦਰਜੇ ਦੀ ਸਿੱਖਿਆ ਚਾਹੁੰਦੇ ਹਨ, ਨਾ ਕਿ ਪਿਛਲੇ ਦਰਵਾਜ਼ੇ ਰਸਤਿਓਂ ਬਰਤਾਨੀਆ ਦਾ ਵਰਕ ਵੀਜ਼ਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਸ਼ੁਰੂ ਕੀਤੇ ਜਾਣ ਵਾਲੇ ਸੁਧਾਰਾਂ ਵਿਚ ਅੰਗਰੇਜ਼ੀ ਭਾਸ਼ਾ ਦੀ ਪਰਖ, ਹਜ਼ਾਰਾਂ ਬੋਗਸ ਕਾਲਜਾਂ ਤੋਂ ਸਪਾਂਸਰਸ਼ਿਪ ਅਧਿਕਾਰ ਵਾਪਸ ਲੈਣਾ ਅਤੇ ਬਰਤਾਨੀਆ ਦੇ ਨੌਕਰੀਆਂ ਦੇ ਬਾਜ਼ਾਰ ਵਿਚ ਵਿਦਿਆਥੀਆਂ ਦੇ ਦਾਖਲੇ ਨੂੰ ਰੋਕਣਾ ਸ਼ਾਮਿਲ ਹਨ। ਇਹ ਸਾਰੀਆਂ ਯੋਜਨਾਵਾਂ ਆਵਾਸ ਨੂੰ ਕੰਟਰੋਲ ਕਰਨ ਲਈ ਕੀਤੀਆਂ ਜਾ ਰਹੀਆਂ ਹਨ। ਯਾਦ ਰਹੇ ਕਿ ਪਿਛਲੇ ਸਾਲ ਯੂਰਪੀ ਯੂਨੀਅਨ ਤੋਂ ਬਾਹਰਲੇ ਦੇਸ਼ਾਂ ਦੇ ਇਕ ਲੱਖ 21 ਹਜ਼ਾਰ ਵਿਦਿਆਰਥੀ ਪੜ੍ਹਾਈ ਲਈ ਬਰਤਾਨੀਆ ਵਿਚ ਆਏ ਪਰ ਇਨ੍ਹਾਂ ਵਿਚੋਂ ਸਿਰਫ 51000 ਵਿਦਿਆਰਥੀ ਹੀ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਬਰਤਾਨੀਆ ਛੱਡ ਕੇ ਗਏ।

**Punjab Times**
**Our New E-mail**
*Punjabtimes1@gmail.com*

# ਅੰਮ੍ਰਿਤਸਰ ਜ਼ਮੀਨ ਘੁਟਾਲਾ ਕੇਸ ਵਿਚ ਕੈਪਟਨ ਪੇਸ਼ ਨਾ ਹੋਏ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਸਾਬਕਾ ਕੈਬਨਿਟ ਮੰਤਰੀ ਚੌਧਰੀ ਜਗਜੀਤ ਸਿੰਘ ਸਮੇਤ ਹੋਰਨਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਮਾਮਲੇ ਦੀ ਅਗਲੀ ਸੁਣਵਾਈ ਜ਼ਿਲ੍ਹਾ ਅਦਾਲਤ ਨੇ 17 ਸਤੰਬਰ 'ਤੇ ਅੱਗੇ ਪਾ ਦਿੱਤੀ ਹੈ। ਇਸ ਸਬੰਧੀ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ (ਸੀਨੀਅਰ ਡਿਵੀਜ਼ਨ) ਪਰਮਿੰਦਰਪਾਲ ਸਿੰਘ ਦੀ ਅਦਾਲਤ ਵਿਚ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕਰਨ ਬਾਰੇ ਕਾਰਵਾਈ ਚੱਲ ਰਹੀ ਹੈ।

ਕੇਸ ਦੀ ਸੁਣਵਾਈ ਮੌਕੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਜੁਗਲ ਕਿਸ਼ੋਰ ਸ਼ਰਮਾ, ਸੇਵਾਮੁਕਤ ਬ੍ਰਿਗੇਡੀਅਰ ਗੁਰਚਰਨ ਸਿੰਘ ਖਾਰਾ, ਸੁਭਾਸ਼ ਸ਼ਰਮਾ ਅਤੇ ਪਰਮਿੰਦਰ ਸਿੰਘ ਤੁੰਗ ਅਦਾਲਤ ਵਿਚ ਪੇਸ਼ ਨਹੀਂ ਹੋਏ। ਬਾਕੀ ਨਾਮਜ਼ਦ ਮੁਲਜ਼ਮ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ, ਰਜਿੰਦਰ ਸ਼ਰਮਾ, ਬਲਜੀਤ ਸਿੰਘ, ਵਿੱਕੀ ਸ਼ਰਮਾ, ਪੰਜਾਬ ਵਿਧਾਨ ਸਭਾ ਦੇ ਸਾਬਕਾ ਸਕੱਤਰ ਨਛੱਤਰ ਸਿੰਘ ਮਾਵੀ, ਸਾਬਕਾ ਵਧੀਕ ਸਕੱਤਰ ਤਾਰਾ ਸਿੰਘ, ਪੁੱਡਾ ਦੇ ਤਤਕਾਲੀ ਜ਼ਿਲ੍ਹਾ ਯੋਜਨਾਕਾਰ ਕ੍ਰਿਸ਼ਨ ਕੁਮਾਰ ਕੌਲ, ਮਹੇਸ਼ ਖੰਨਾ, ਰੋਹਿਤ ਸ਼ਰਮਾ, ਅਸ਼ਵਨੀ ਕਾਲੇ ਸ਼ਾਹ, ਰਾਜੀਵ ਭਗਤ ਅਤੇ ਦਲਜੀਤ ਸਿੰਘ ਅਦਾਲਤ ਵਿਚ ਪੇਸ਼ ਹੋਏ।

ਇਸੇ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਇਸ ਜ਼ਮੀਨ ਘੁਟਾਲੇ ਦੀ ਵੱਖ ਵੱਖ ਪਹਿਲੂਆਂ 'ਤੇ ਨਵੇਂ ਸਿਰਿਓਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਵਿਜੀਲੈਂਸ ਦੇ ਡੀ.ਆਈ.ਜੀ. ਰੈਂਕ ਦੇ ਅਧਿਕਾਰੀ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਕਮੇਟੀ ਕਾਇਮ ਕੀਤੀ ਗਈ ਹੈ। ਇਹ ਕਮੇਟੀ ਕੈਪਟਨ ਦੀ ਅਪੀਲ ਨੂੰ ਆਧਾਰ ਬਣਾ ਕੇ ਬਣਾਈ ਗਈ ਹੈ। ਉਧਰ, ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਵਕੀਲਾਂ ਰਾਹੀਂ ਅਦਾਲਤ ਵਿਚ ਅਰਜ਼ੀ ਦਾਇਰ ਕਰ ਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਹੈ।

# ਇੰਗਲੈਂਡ 'ਚ ਬਜ਼ੁਰਗ ਸਿੱਖ 'ਤੇ ਹਮਲਾ

**ਲੰਡਨ:** ਇੰਗਲੈਂਡ ਦੇ ਸ਼ਹਿਰ ਹੇਜ਼ ਵਿਖੇ 63 ਸਾਲਾ ਸਿੱਖ ਭੁਪਿੰਦਰ ਸਿੰਘ 'ਤੇ ਇਕ ਗੋਰੇ ਵੱਲੋਂ ਹਮਲਾ ਕਰਨ ਦਾ ਸਮਾਚਾਰ ਹੈ। ਬੀਤੇ ਸ਼ਨਿਚਰਵਾਰ 12:15 ਵਜੇ ਉਹ ਓਕਸਬ੍ਰੈਜ਼ ਰੋਡ 'ਤੇ ਸੈਂਟਰਲ ਐਵੇਨਿਊ ਟਰੈਫਿਕ ਲਾਈਟਾਂ 'ਤੇ ਜਾ ਰਿਹਾ ਸੀ ਕਿ 25-26 ਵਰ੍ਹਿਆਂ ਦੇ ਗੋਰੇ ਨੇ ਉਸ ਉਤੇ ਹਮਲਾ ਕਰ ਦਿੱਤਾ। ਉਸ ਦੇ ਗੰਭੀਰ ਸੱਟਾਂ ਲੱਗੀਆਂ ਹਨ।

ਭੁਪਿੰਦਰ ਸਿੰਘ ਜੋ ਸਾਊਥਾਲ ਸਥਿਤ ਅਜੀਤ ਸਟੂਡੀਓ ਦਾ ਮਾਲਕ ਹੈ, ਦੇ ਬੇਟੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਆਪਣੀ ਕਾਰ 'ਚ ਸਨ, ਲਾਈਟਾਂ ਤੋਂ ਇਕ ਗੋਰਾ ਲੰਘਿਆ ਅਤੇ ਲਾਈਟਾਂ ਗਰੀਨ ਹੋਣ 'ਤੇ ਵਾਪਸ ਉਸ ਦੇ ਪਿਤਾ ਦੀ ਕਾਰ ਸਾਹਮਣੇ ਖੜ੍ਹਾ ਹੋ ਗਿਆ। ਜਿਉਂ ਹੀ ਉਸ ਦੇ ਪਿਤਾ ਨੇ ਕਾਰਨ ਜਾਨਣ ਦੀ ਕੋਸ਼ਿਸ਼ ਕੀਤੀ ਤੇ ਕਾਰ 'ਚੋਂ ਬਾਹਰ ਆਏ, ਗੋਰੇ ਲੜਕੇ ਨੇ ਕਾਰ ਦਾ ਦਰਵਾਜ਼ਾ ਖੋਲ੍ਹ ਕੇ ਜ਼ਰੂਰੀ ਕਾਗਜ਼ਾਤ ਤੇ ਹੋਰ ਸਾਮਾਨ ਬਾਹਰ ਸੁੱਟਣਾ ਸ਼ੁਰੂ ਕਰ ਦਿੱਤਾ ਤੇ ਨਾਲ ਹੀ ਹਮਲਾ ਕਰ ਦਿੱਤਾ। ਬਾਅਦ ਵਿਚ ਉਹ ਫਰਾਰ ਹੋ ਗਿਆ, ਪਰ ਇਕ ਨੌਜਵਾਨ ਨੇ ਕੁਝ ਦੇਰ ਬਾਅਦ ਉਸ ਗੋਰੇ ਨੂੰ ਇਕ ਹੋਰ ਸੜਕ 'ਤੇ ਜਾਂਦਿਆਂ ਪਛਾਣ ਲਿਆ ਤੇ ਪੁਲਿਸ ਨੂੰ ਸੂਚਿਤ ਕਰ ਕੇ ਗ੍ਰਿਫਤਾਰ ਕਰਵਾ ਦਿੱਤਾ। ਗੋਰੇ ਨੂੰ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ।

**Golden State Realty**

9912 Kapalua Ln., Elk Grove, CA 95624



*Please Contact For*
**Commercial or Residential Needs**

Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
**Ph: 916-612-5773**

**email:** samchahal@hotmail.com

***Serving all over California***

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

**For Sale & Purchase of Residential, Commercial Property and AG-Land**

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER VALLEY CENTRAL
EQUAL HOUSING OPPORTUNITY
REALTOR



Gurbans Singh Gill
Realtor
DRE#01227109

17 Years Experiance in Real Estate
e-mail: gurbans@gotracy.com
Fax: 209-836-0706
www.gotracy.com

**Gurbans Gill**
**Office 209-835-4545**
**Direct 209-815-1869**

1486 W 11th Street, Tracy, CA 95376

# ਆਟਾ-ਦਾਲ: ਸਰਕਾਰ ਵੱਲੋਂ ਜਾਅਲੀ ਰਾਸ਼ਨ ਕਾਰਡਾਂ ਦੀ ਓਟ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਵੱਲੋਂ ਗ਼ਰੀਬਾਂ ਦੀ ਭਲਾਈ ਲਈ ਤਕਰੀਬਨ ਸੱਤ ਸਾਲ ਪਹਿਲਾਂ ਸ਼ੁਰੂ ਕੀਤੀ ਗਈ ਆਟਾ-ਦਾਲ ਸਕੀਮ ਉਤੇ ਸੰਕਟ ਦੇ ਬੱਦਲ ਮੰਡਰਾ ਰਹੇ ਹਨ। ਸੂਬਾ ਸਰਕਾਰ ਨੇ ਇਸ ਕਾਰਜ ਦੀ ਜ਼ਿੰਮੇਵਾਰੀ ਖ਼ੁਰਾਕ ਸਪਲਾਈ ਵਿਭਾਗ ਦੀ ਏਜੰਸੀ ਪਨਸਪ ਨੂੰ ਸੌਂਪੀ ਸੀ ਜਿਸ ਨੇ ਕੁਝ ਸਮਾਂ ਤਾਂ ਇਸ ਸਕੀਮ ਨੂੰ ਸ਼ਿੱਦਤ ਨਾਲ ਚਲਾਇਆ ਪਰ ਲੋੜੀਂਦੇ ਬਜਟ ਦੀ ਘਾਟ ਤੇ ਤਕਰੀਬਨ 1600 ਕਰੋੜ ਰੁਪਏ ਦੀ ਅਦਾਇਗੀ ਸਰਕਾਰ ਵੱਲੋਂ ਨਾ ਕੀਤੇ ਜਾਣ ਕਾਰਨ ਉਸ ਨੇ ਹੱਥ ਖੜ੍ਹੇ ਕਰ ਦਿੱਤੇ। ਜਾਅਲੀ ਰਾਸ਼ਨ ਕਾਰਡਾਂ ਦਾ ਰੌਲਾ ਦਮ ਤੋੜ ਰਹੀ ਸਕੀਮ ਲਈ ਠੰਢੀ ਹਵਾ ਦਾ ਬੁੱਲ੍ਹਾ ਬਣ ਕੇ ਆਇਆ ਤੇ ਸਰਕਾਰ ਨੇ ਰਾਸ਼ਨ ਕਾਰਡਾਂ ਦੀ ਜਾਂਚ-ਪੜਤਾਲ ਦੇ ਬਹਾਨੇ ਸਕੀਮ ਮੁਲਤਵੀ ਕਰ ਦਿੱਤੀ ਹੈ।

ਇਸ ਸਕੀਮ ਲਈ ਲੋੜੀਂਦਾ ਬਜਟ ਜੁਟਾਉਣ ਤੇ ਸਹੀ ਵਿਉਂਤਬੰਦੀ ਕਰਨ ਵਿਚ ਅਸਮਰੱਥ ਰਹੀ ਸਰਕਾਰ ਨੇ ਕੁਝ ਸਮੇਂ ਬਾਅਦ ਆਟੇ ਦੀ ਥਾਂ ਕਣਕ ਦੇਣੀ ਸ਼ੁਰੂ ਕਰ ਦਿੱਤੀ ਤੇ ਦਾਲ ਦੇਣ ਤੋਂ ਹੱਥ ਪਿੱਛੇ ਖਿੱਚ ਲਿਆ। ਫਿਰ ਕੇਂਦਰ ਸਰਕਾਰ ਦੀ ਅੰਨਤੋਦਿਆ ਸਕੀਮ ਦਾ ਲਾਹਾ ਆਪ ਖੱਟਣ ਲਈ ਦਿੱਤੀ ਜਾਣ ਵਾਲੀ ਕਣਕ ਦੇ ਰੇਟ ਹੋਰ ਘਟਾ ਦਿੱਤੇ ਜਿਸ ਨਾਲ ਆਰਥਿਕ ਬੋਝ ਹੋਰ ਵਧ ਗਿਆ। ਇਸੇ ਦੌਰਾਨ ਕੁਝ ਨੇਤਾਵਾਂ ਵੱਲੋਂ ਆਪਣੇ ਸੌੜੇ ਸਿਆਸੀ ਮੰਤਵਾਂ ਲਈ ਇਸ ਸਕੀਮ ਤਹਿਤ ਨਾ ਆਉਣ ਵਾਲੇ ਲੋਕਾਂ ਦੇ ਵੀ ਨੀਲੇ ਰਾਸ਼ਨ ਕਾਰਡ ਬਣਵਾ ਕੇ ਉਨ੍ਹਾਂ ਨੂੰ ਸਸਤੇ ਭਾਅ ਆਟਾ-ਦਾਲ ਦਿਵਾਉਣੀ ਸ਼ੁਰੂ ਕਰ ਦਿੱਤੀ ਗਈ। ਸਿੱਟੇ ਵਜੋਂ ਸਕੀਮ ਆਪਣੇ ਅਸਲੀ ਮਕਸਦ ਤੋਂ ਭਟਕ ਗਈ। ਆਰਥਿਕ ਸੰਕਟ ਕਾਰਨ ਗ਼ਰੀਬਾਂ ਨੂੰ ਇਸ ਸਕੀਮ ਤਹਿਤ ਕਣਕ ਦੇਣ ਤੋਂ ਅਸਮਰੱਥ ਸਰਕਾਰ ਨੂੰ ਫਿਰ ਕਰਮਚਾਰੀਆਂ ਤੇ ਅਧਿਕਾਰੀਆਂ ਦੇ ਕਣਕ ਖ਼ਰੀਦ ਵਿਚ ਰੁੱਝੇ ਹੋਣ ਤੇ ਬੀ.ਪੀ.ਐਲ. ਕਾਰਡਾਂ ਨੂੰ ਆਧਾਰ ਕਾਰਡਾਂ ਨਾਲ ਜੋੜਨ ਦਾ ਵਧੀਆ ਬਹਾਨਾ ਮਿਲ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪਿਛਲੇ ਅੱਠ ਮਹੀਨਿਆਂ ਤੋਂ ਲੋੜਵੰਦ ਗ਼ਰੀਬਾਂ ਨੂੰ ਇਸ ਸਕੀਮ ਤਹਿਤ ਕਣਕ ਨਹੀਂ ਮਿਲ ਸਕੀ। ਸੂਬਾ ਸਰਕਾਰ ਵੱਲੋਂ ਲੋੜਵੰਦ ਗ਼ਰੀਬਾਂ ਨੂੰ ਵੰਡਣ ਲਈ ਲੋੜੀਂਦੀ ਕਣਕ ਦਾ ਪੂਰਾ ਪ੍ਰਬੰਧ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਜਿਨ੍ਹਾਂ ਗ਼ਰੀਬਾਂ ਨੂੰ ਅੱਠ ਮਹੀਨਿਆਂ ਤੋਂ ਕਣਕ ਨਹੀਂ ਮਿਲੀ, ਉਨ੍ਹਾਂ ਨੂੰ ਇਹ ਦਾਅਵੇ ਸੰਤੁਸ਼ਟ ਨਹੀਂ ਕਰ ਸਕਦੇ। ਕੇਂਦਰ ਸਰਕਾਰ ਨੇ ਰਸੋਈ ਗੈਸ ਕੁਨੈਕਸ਼ਨਾਂ ਨੂੰ ਆਧਾਰ ਕਾਰਡ ਨਾਲ ਜੋੜਨ ਦਾ ਕਾਰਜ ਮਹੀਨੇ ਵਿਚ ਹੀ ਪੂਰਾ ਕਰ ਲਿਆ ਅਤੇ ਕਿਸੇ ਵੀ ਉਪਭੋਗਤਾ ਨੂੰ ਇਕ ਦਿਨ ਵੀ ਸਪਲਾਈ ਤੋਂ ਵਾਂਝੇ ਨਹੀਂ ਰੱਖਿਆ ਗਿਆ, ਪਰ ਸੂਬਾ ਸਰਕਾਰ ਇਸ ਬਹਾਨੇ ਮਹੀਨਿਆਂ ਬੱਧੀ ਅਨਾਜ ਦੇਣ ਤੋਂ ਕੰਨੀ ਕਤਰਾ ਰਹੀ ਹੈ। ਪੰਜਾਬ ਸਰਕਾਰ ਦੇ ਆਟਾ ਦਾਲ ਸਕੀਮ ਦੇ ਲਾਭਪਾਤਰੀਆਂ ਦੇ ਕਣਕ ਵਾਲੇ ਭੜੋਲੇ ਪਿਛਲੇ ਅੱਠ ਮਹੀਨਿਆਂ ਤੋਂ ਖ਼ਾਲੀ ਪਏ ਹਨ। ਲਾਭਪਾਤਰੀ ਨਿੱਤ ਕਣਕ ਦੀ ਉਡੀਕ ਕਰ ਰਹੇ ਹਨ। ਡਿੱਪੂਆਂ ਵਾਲੇ ਲਾਰੇ ਲਾ ਕੇ ਡੰਗ ਟਪਾ ਰਹੇ ਹਨ।

### ਜਾਂਚ ਦੇ ਬਹਾਨੇ ਅੱਠ ਮਹੀਨਿਆਂ ਤੋਂ ਸਕੀਮ ਬੰਦ



### ਲਾਭਪਾਤਰੀ ਪੱਲਿਓਂ ਲਵਾ ਬੈਠੇ ਦਾਅ

ਕਈ ਪਿੰਡਾਂ ਵਿਚ ਆਟਾ-ਦਾਲ ਸਕੀਮ ਦੇ ਲਾਭਪਾਤਰੀ ਸਸਤੀ ਕਣਕ ਲੈਣ ਦੇ ਚੱਕਰ ਵਿਚ ਠੱਗੇ ਗਏ। ਪਿੰਡ ਉਦੇਕਰਨ ਦੇ ਲੋਕਾਂ ਨਾਲ ਤਾਂ ਵੱਡੀ ਧੱਕੇਸ਼ਾਹੀ ਹੋ ਗਈ। ਖ਼ੁਰਾਕ ਤੇ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੇ ਲਾਭਪਾਤਰੀਆਂ ਕੋਲੋਂ ਕਣਕ ਦੀ ਰਕਮ ਤਾਂ ਵਸੂਲ ਲਈ ਹੈ ਪਰ ਕਣਕ ਦੀ ਅਜੇ ਤੱਕ ਨਹੀਂ ਦਿੱਤੀ। ਲਾਭਪਾਤਰੀਆਂ ਦਾ ਕਹਿਣਾ ਹੈ ਕਿ ਖ਼ੁਰਾਕ ਸਪਲਾਈ ਵਿਭਾਗ ਦਾ ਇਕ ਅਧਿਕਾਰੀ ਉਨ੍ਹਾਂ ਕੋਲੋਂ ਤਿੰਨ ਮਹੀਨੇ ਪਹਿਲਾਂ ਦੋ ਰੁਪਏ ਕਿੱਲੋ ਦੇ ਹਿਸਾਬ ਨਾਲ ਕਣਕ ਦੇ ਪੈਸੇ ਲੈ ਗਿਆ ਸੀ। ਉਸ ਅਧਿਕਾਰੀ ਨੇ ਇਕ ਰਸੀਦ ਉਪਰ ਮੋਹਰ ਲਾ ਕੇ ਆਪਣੇ ਦਸਤਖ਼ਤ ਕਰ ਦਿੱਤੇ ਸਨ ਕਿ ਇਕ-ਦੋ ਦਿਨਾਂ ਵਿਚ ਹੀ ਕਣਕ ਮਿਲ ਜਾਵੇਗੀ। ਤਿੰਨ ਮਹੀਨਿਆਂ ਤੋਂ ਪਰਚੀਆਂ ਸਾਂਭ-ਸਾਂਭ ਕੇ ਰੱਖੀ ਬੈਠੇ ਇਹ ਲਾਭਪਾਤਰੀ ਅਜੇ ਵੀ ਵਿਭਾਗ ਦੇ ਹੱਥਾਂ ਵੱਲ ਝਾਕ ਰਹੇ ਹਨ।

# ਹੋਦ ਚਿਲੜ ਪੀੜਤਾਂ ਨੂੰ 5-5 ਲੱਖ ਦੀ ਅੰਤ੍ਰਿਮ ਰਾਹਤ

## ਗੁੜਗਾਉਂ ਕੇਸ ਬਾਰੇ ਜਿਰ੍ਹਾ ਮੁਕੰਮਲ, ਪਟੌਦੀ ਕੇਸ ਦੀ ਸੁਣਵਾਈ ਸ਼ੁਰੂ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਹੋਦ ਚਿਲੜ ਬਾਰੇ ਇਕ ਮੈਂਬਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਉਤੇ ਪਿੰਡ ਦੇ ਪੀੜਤ ਪਰਿਵਾਰਾਂ ਨੂੰ ਸਹਾਇਤਾ ਰਕਮ ਜਾਰੀ ਕੀਤੀ ਹੈ। 1984 ਦੇ ਕਤਲੇਆਮ ਵੇਲੇ ਹੋਦ ਚਿਲੜ ਪਿੰਡ ਵਿਚ 32 ਸਿੱਖ ਮਾਰੇ ਗਏ ਸਨ। ਸਰਕਾਰ ਵੱਲੋਂ ਮ੍ਰਿਤਕਾਂ ਦੇ ਵਾਰਸਾਂ ਨੂੰ ਪੰਜ-ਪੰਜ ਲੱਖ ਦੀ ਰਕਮ ਅੰਤ੍ਰਿਮ ਰਾਹਤ ਵਜੋਂ ਜਾਰੀ ਕੀਤੀ ਗਈ ਹੈ ਤੇ ਬਕਾਇਆ ਰਕਮ ਦਾ ਪ੍ਰਬੰਧ ਸੋਧੇ ਹੋਏ ਬਜਟ ਵਿਚ ਕਰਨ ਤੋਂ ਬਾਅਦ ਇਹ ਰਕਮ ਦਿੱਤੀ ਜਾਵੇਗੀ। ਕਮਿਸ਼ਨ ਨੇ ਤਕਰੀਬਨ ਤਿੰਨ ਮਹੀਨੇ ਪਹਿਲਾਂ ਰਿਪੋਰਟ ਹਰਿਆਣਾ ਸਰਕਾਰ ਨੂੰ ਸੌਂਪ ਦਿੱਤੀ ਸੀ। ਇਸ ਵਿਚ ਮ੍ਰਿਤਕਾਂ ਦੇ ਵਾਰਸਾਂ ਨੂੰ ਵੀਹ-ਵੀਹ ਲੱਖ ਰੁਪਏ ਮੁਆਵਜ਼ੇ ਵਜੋਂ ਦੇਣ ਦੀ ਸਿਫ਼ਾਰਸ਼ ਕੀਤੀ ਗਈ ਸੀ। ਮੁਆਵਜ਼ਾ ਮਿਲਣ ਵਿਚ ਹੋ ਰਹੀ ਦੇਰੀ ਖ਼ਿਲਾਫ਼ ਪੀੜਤ ਪਰਿਵਾਰਾਂ ਨੇ ਸੂਬਾ ਸਰਕਾਰ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਇਕ ਮਹੀਨੇ ਵਿਚ ਮੁਆਵਜ਼ਾ ਨਾ ਦਿੱਤਾ ਗਿਆ ਤਾਂ ਉਹ ਮੁੱਖ ਮੰਤਰੀ ਦੀ ਕੋਠੀ ਸਾਹਮਣੇ ਆਤਮਦਾਹ ਕਰ ਲੈਣਗੇ। ਇਸ ਚਿਤਾਵਨੀ ਦੇ ਕੁਝ ਦਿਨਾਂ ਬਾਅਦ ਮੁੱਖ ਮੰਤਰੀ ਨੇ ਐਲਾਨ ਕੀਤਾ ਸੀ ਕਿ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੋ ਕਿਸ਼ਤਾਂ ਵਿਚ ਦਿੱਤਾ ਜਾਵੇਗਾ। ਪਹਿਲੀ ਕਿਸ਼ਤ ਅੰਤ੍ਰਿਮ ਰਾਹਤ ਦੇ ਰੂਪ ਵਿਚ ਜਲਦੀ ਦੇ ਦਿੱਤੀ ਜਾਵੇਗੀ।

ਜਾਣਕਾਰੀ ਅਨੁਸਾਰ ਸੂਬਾ ਸਰਕਾਰ ਨੇ ਅੰਤ੍ਰਿਮ ਰਾਹਤ ਦੀ ਰਕਮ ਰਿਵਾੜੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਭੇਜ ਦਿੱਤੀ ਹੈ ਤੇ ਡਿਪਟੀ ਕਮਿਸ਼ਨਰ ਪੀੜਤਾਂ ਨੂੰ ਰਕਮ ਦੀ ਵੰਡ ਕਰਨਗੇ। ਬਕਾਇਆ ਰਕਮ ਦਾ ਪ੍ਰਬੰਧ ਸੋਧੇ ਬਜਟ ਅਨੁਮਾਨਾਂ ਵਿਚ ਕੀਤਾ ਜਾਵੇਗਾ ਤੇ ਅਕਤੂਬਰ ਮਹੀਨੇ ਵਿਚ ਬਕਾਇਆ ਰਕਮ ਵੀ ਜਾਰੀ ਕਰ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਕਮਿਸ਼ਨ ਗੁੜਗਾਉਂ ਅਤੇ ਪਟੌਦੀ ਕਸਬੇ ਵਿਚ ਮਾਰੇ ਗਏ ਹੋਰ ਸਿੱਖ ਪਰਿਵਾਰਾਂ ਦੇ ਮਾਮਲਿਆਂ ਦੀ ਸੁਣਵਾਈ ਕਰ ਰਿਹਾ ਹੈ ਤੇ ਅਗਲੇ ਦੋ ਮਹੀਨਿਆਂ ਵਿਚ ਸੁਣਵਾਈ ਮੁਕੰਮਲ ਹੋਣ ਦੇ ਆਸਾਰ ਹਨ।

ਰਿਪੋਰਟ ਦੇਣ ਤੋਂ ਬਾਅਦ ਕਮਿਸ਼ਨ ਦਾ ਕੰਮ ਖ਼ਤਮ ਹੋ ਜਾਵੇਗਾ ਤੇ ਰਿਪੋਰਟ ਮਿਲਣ ਉਤੇ ਸਰਕਾਰ ਕਾਰਵਾਈ ਕਰੇਗੀ। ਹਰਿਆਣਾ ਸਰਕਾਰ ਨੇ ਹੋਦ ਚਿਲੜ ਬਾਰੇ ਕਮਿਸ਼ਨ ਦੀ ਰਿਪੋਰਟ ਪ੍ਰਵਾਨ ਕਰ ਲਈ ਹੈ ਤੇ ਇਸ ਰਿਪੋਰਟ ਦੇ ਆਧਾਰ ਉਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਹਰਿਆਣਾ ਵਿਚ 1984 ਦੇ ਕਤਲੇਆਮ ਵਿਚ ਸੌ ਤੋਂ ਵੱਧ ਸਿੱਖ ਮਾਰੇ ਗਏ ਸਨ। ਇਨ੍ਹਾਂ ਵਿਚ ਹੋਦ ਚਿਲੜ ਦੇ 32, ਗੁੜਗਾਉਂ ਦੇ 39 ਤੇ ਪਟੌਦੀ ਦੇ 17 ਨਾਂ ਸ਼ਾਮਲ ਹਨ। ਕਮਿਸ਼ਨ ਨੇ ਗੁੜਗਾਉਂ ਬਾਰੇ ਜਿਰ੍ਹਾ ਮੁਕੰਮਲ ਕਰ ਲਈ ਹੈ ਤੇ ਹੁਣ ਤੋਂ ਪਟੌਦੀ ਕੇਸ ਦੀ ਸੁਣਵਾਈ ਸ਼ੁਰੂ ਹੋ ਗਈ ਹੈ। ਹੋਦ ਚਿਲੜ ਕੇਸ ਵਿਚ ਕਮਿਸ਼ਨ ਨੇ ਪਿੰਡ ਦੇ ਗੁਰਦੁਆਰੇ ਲਈ ਵੀ ਪੰਜ ਲੱਖ ਰੁਪਏ ਮਨਜ਼ੂਰ ਕੀਤੇ ਹਨ।

# ਮੁੱਖ ਸਕੱਤਰ ਦੀ ਨਿਯੁਕਤੀ ਬਾਰੇ ਸ਼੍ਰੋਮਣੀ ਕਮੇਟੀ ਤਲਬ

**ਅੰਮ੍ਰਿਤਸਰ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਸੰਸਥਾ ਦੇ ਪ੍ਰਬੰਧਾਂ ਵਾਸਤੇ ਮੁੱਖ ਸਕੱਤਰ ਨਿਯੁਕਤ ਕਰਨ ਦੇ ਫ਼ੈਸਲੇ ਬਾਰੇ ਜਵਾਬ ਮੰਗਿਆ ਗਿਆ ਹੈ। ਇਹ ਜਵਾਬਤਲਬੀ ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਵੱਲੋਂ ਇਸ ਸਬੰਧੀ ਰਾਸ਼ਟਰਪਤੀ ਨੂੰ ਭੇਜੇ ਗਏ ਪੱਤਰ ਦੇ ਆਧਾਰ ਉਤੇ ਕੀਤੀ ਗਈ ਹੈ।

ਰਾਸ਼ਟਰਪਤੀ ਭਵਨ ਵੱਲੋਂ ਇਹ ਪੱਤਰ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤਾ ਗਿਆ ਸੀ। ਵੇਰਵਿਆਂ ਅਨੁਸਾਰ ਕੇਂਦਰੀ ਗ੍ਰਹਿ ਮੰਤਰਾਲੇ ਦੇ ਅੰਦਰੂਨੀ ਸੁਰੱਖਿਆ ਵਿਭਾਗ ਦੇ ਅੰਡਰ ਸੈਕਟਰੀ ਰਜੀਵ ਅੱਤਰੀ ਵੱਲੋਂ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਨੂੰ ਪੱਤਰ ਭੇਜ ਕੇ ਜਵਾਬ ਭੇਜਣ ਲਈ ਆਖਿਆ ਹੈ।

ਇਸ ਦੀ ਪੁਸ਼ਟੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਇਸ ਪੱਤਰ ਦੇ ਸਬੰਧੀ ਕਾਨੂੰਨੀ ਰਾਇ ਲਈ ਜਾ ਰਹੀ ਹੈ, ਜਿਸ ਮੁਤਾਬਕ ਕੇਂਦਰੀ ਗ੍ਰਹਿ ਵਿਭਾਗ ਨੂੰ ਨਿਰਧਾਰਤ ਸਮੇਂ ਵਿਚ ਜਵਾਬ ਭੇਜਿਆ ਜਾਵੇਗਾ। ਉਨ੍ਹਾਂ ਆਖਿਆ ਕਿ ਇਹ ਨਿਯੁਕਤੀ ਸੰਸਥਾ ਦੇ ਪ੍ਰਬੰਧਾਂ ਨੂੰ ਵਧੇਰੇ ਸੁਚਾਰੂ ਢੰਗ ਨਾਲ ਚਲਾਉਣ ਲਈ ਕੀਤੀ ਜਾ ਰਹੀ ਹੈ ਤੇ ਇਸ ਸਬੰਧੀ ਫ਼ੈਸਲਾ ਅੰਤ੍ਰਿੰਗ ਕਮੇਟੀ ਵੱਲੋਂ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਅੰਤਿਮ ਫ਼ੈਸਲਾ ਬੀਤੇ ਦਿਨੀਂ ਫਤਿਹਗੜ੍ਹ ਸਾਹਿਬ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ ਸੀ। ਇਸ ਵਿਚ ਵਿਰੋਧੀ ਧਿਰ ਦੇ ਦੋ ਮੈਂਬਰਾਂ ਮੰਗਲ ਸਿੰਘ ਤੇ ਉਸਦੇ ਸਾਥੀ ਨੇ ਵਿਰੋਧ ਪ੍ਰਗਟਾਇਆ ਸੀ।

ਉਨ੍ਹਾਂ ਇਸ ਸਬੰਧੀ ਲਿਖਤੀ ਰੂਪ ਵਿਚ ਆਪਣਾ ਇਤਰਾਜ਼ ਦਰਜ ਕੀਤਾ ਸੀ ਪਰ ਉਨ੍ਹਾਂ ਦੇ ਇਤਰਾਜ਼ ਨੂੰ ਅਣਡਿੱਠਾ ਕਰਦੇ ਹੋਏ ਅੰਤ੍ਰਿੰਗ ਕਮੇਟੀ ਵੱਲੋਂ ਬਹੁਸੰਮਤੀ ਨਾਲ ਇਸ ਫ਼ੈਸਲੇ ਨੂੰ ਹਰੀ ਝੰਡੀ ਦਿੱਤੀ ਗਈ। ਅਕਾਲੀ ਦਲ 1920 ਇਸ ਨਿਯੁਕਤੀ ਦਾ ਵਿਰੋਧ ਕਰਦੇ ਹੋਏ ਇਸ ਮਾਮਲੇ ਨੂੰ ਹਾਈਕੋਰਟ ਵਿਚ ਲਿਜਾਣ ਦੀ ਵੀ ਚਿਤਾਵਨੀ ਦੇ ਚੁੱਕਾ ਹੈ।

ਸ਼੍ਰੋਮਣੀ ਅਕਾਲੀ ਦਲ 1920 ਦੇ ਮੀਤ ਪ੍ਰਧਾਨ ਰਘਬੀਰ ਸਿੰਘ ਰਾਜਾਸਾਂਸੀ ਦਾ ਦਾਅਵਾ ਹੈ ਕਿ ਇਹ ਨਿਯੁਕਤੀ ਸਿੱਖ ਗੁਰਦੁਆਰਾ ਐਕਟ 1925 ਦੀ ਉਲੰਘਣਾ ਹੈ, ਕਿਉਂਕਿ ਐਕਟ ਮੁਤਾਬਕ ਸੰਸਥਾ ਦੇ ਪ੍ਰਬੰਧਕੀ ਨਿਯਮਾਂ ਵਿਚ ਮੁੱਖ ਸਕੱਤਰ ਦਾ ਕੋਈ ਅਹੁਦਾ ਨਹੀਂ ਹੈ।

# ਕੇਂਦਰੀ ਸਿੱਖ ਅਜਾਇਬ ਘਰ ਦੇ ਨਵੀਨੀਕਰਨ ਦਾ ਅਮਲ ਸ਼ੁਰੂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ 1958 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸਿੱਖ ਇਤਿਹਾਸ ਦੀਆਂ ਅਲੌਕਿਕ ਯਾਦਾਂ ਦੇ ਸੰਗ੍ਰਹਿਣ ਵਜੋਂ ਹੋਂਦ ਵਿਚ ਲਿਆਂਦੇ ਕੇਂਦਰੀ ਸਿੱਖ ਅਜਾਇਬ ਘਰ ਦੇ ਨਵੀਨੀਕਰਨ ਦੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ। ਇਸ ਅਜਾਇਬ ਘਰ ਵਿਚ ਗੁਰੂ ਸਾਹਿਬਾਨ ਤੇ ਹੋਰਨਾਂ ਸਿੱਖ ਸ਼ਖ਼ਸੀਅਤਾਂ ਨਾਲ ਸਬੰਧਤ ਪੁਰਾਤਨ ਸ਼ਸਤਰਾਂ, ਸਿੱਕਿਆਂ, ਹੱਥ ਲਿਖਤਾਂ ਦਾ ਇਕ ਅਨੂਠਾ ਭੰਡਾਰ ਹੈ, ਜਿਸ ਨੂੰ ਸ਼ਰਧਾਲੂਆਂ ਲਈ ਰੋਜ਼ਾਨਾ ਮੁਫ਼ਤ ਦਾਖ਼ਲੇ ਹਿੱਤ ਖੋਲ੍ਹਿਆ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਅਜਾਇਬ ਘਰ ਨੂੰ ਵਿਸ਼ਵ ਭਰ ਦੇ ਸ਼ਰਧਾਲੂਆਂ ਤੇ ਸੈਲਾਨੀਆਂ ਦੀ ਵਧਦੀ ਦਿਲਚਸਪੀ ਦੇ ਮੱਦੇਨਜ਼ਰ ਵਿਕਸਤ ਕਰਨ ਦੀ ਤਜਵੀਜ਼ ਸੀ ਤੇ ਇਸ ਪ੍ਰਕਿਰਿਆ ਨੂੰ ਸ਼ੁਰੂ ਕਰਦਿਆਂ ਸੱਤ ਬਹੁਰਾਸ਼ਟਰੀ ਕੰਪਨੀਆਂ ਨੂੰ ਅਜਾਇਬ ਘਰ ਦੇ ਨਵੀਨੀਕਰਨ ਲਈ ਆਪੋ-ਆਪਣੀ ਪ੍ਰੋਫਾਈਲ ਪੇਸ਼ ਕਰਨ ਲਈ ਸੱਦਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਮਾਹਰਾਂ ਦੀ ਗਠਿਤ ਕੀਤੀ ਸਬ-ਕਮੇਟੀ ਵੱਲੋਂ ਤਜਵੀਜ਼ਸ਼ੁਦਾ ਏਜੰਡੇ ਅਨੁਸਾਰ ਸਿੱਖ ਅਜਾਇਬ ਘਰ ਨੂੰ ਇਕ ਮਨੋਮੀਤ ਕਰਨ ਵਾਲੀ ਦਿੱਖ ਪ੍ਰਦਾਨ ਕਰਦਿਆਂ ਵਿਕਸਤ ਕੀਤਾ ਜਾਵੇਗਾ, ਜਿਸ ਵਿਚ ਅਜਾਇਬ ਘਰ ਨੂੰ ਆਉਣ-ਜਾਣ ਲਈ ਮਾਤਰ ਇਕੋ ਇਕ ਬੇਹੱਦ ਭੀੜੀਆਂ ਪੌੜੀਆਂ ਨੂੰ ਖੁੱਲ੍ਹਿਆਂ ਕਰਦਿਆਂ ਲਿਫਟ ਵੀ ਲਾਈ ਜਾਵੇਗੀ। ਨਵੀਂ ਤਜਵੀਜ਼ ਅਨੁਸਾਰ ਅਜਾਇਬ ਘਰ ਨੂੰ ਮੁਕੰਮਲ 'ਏਅਰਕੰਡੀਸ਼ਨਡ' ਕੀਤਾ ਜਾਵੇਗਾ। ਇਸ ਦੌਰਾਨ



ਇਕ ਤੋਂ ਤਿੰਨ ਹਾਲ ਤੱਕ ਲੱਗੀਆਂ ਸਮੂਹ ਇਤਿਹਾਸਕ ਤਸਵੀਰਾਂ ਦੇ ਫਰੇਮ ਇਕੋ ਸ਼ੈਲੀ ਵਿਚ ਨਵੇਂ ਤਿਆਰ ਕੀਤੇ ਜਾਣਗੇ। ਧਾਰਮਿਕ ਪੋਥੀਆਂ, ਪਾਵਨ ਹੱਥ ਲਿਖਤਾਂ ਤੇ ਸਿੱਕੇ ਆਦਿ ਰੱਖਣ ਵਾਲੇ ਸ਼ੋਅ ਕੇਸ (ਖਾਨੇ) ਸਟੀਲ ਦੇ ਬਣਾਏ ਜਾਣਗੇ।

ਅਜਾਇਬ ਘਰ ਵਿਚ ਤਸਵੀਰਾਂ ਨੂੰ ਇਤਿਹਾਸ ਦੀਆਂ ਪਰਤਾਂ ਵਿਚ ਤਰੀਕ ਅਨੁਸਾਰ ਤਰਤੀਬਵਾਰ ਕੀਤਾ ਜਾਵੇਗਾ, ਜਿਸ ਦੀ ਸ਼ੁਰੂਆਤ ਪਹਿਲੀ ਪਾਤਸ਼ਾਹੀ ਦੇ ਇਤਿਹਾਸ ਤੋਂ ਹੋਵੇਗੀ। ਤਸਵੀਰਾਂ ਤੇ ਹੋਰ ਇਤਿਹਾਸਕ ਭੰਡਾਰ ਨੂੰ ਲੜੀਬੱਧ ਕਰਨ ਤੋਂ ਇਲਾਵਾ ਸਦੀਵੀ ਰੱਖਣ ਲਈ ਯੋਗ ਉਪਰਾਲੇ ਕੀਤੇ ਜਾਣਗੇ ਤੇ ਅਜਾਇਬ ਘਰ ਦੀ ਫਰਸ਼ ਦਾ ਵੀ ਨਵੀਨੀਕਰਨ ਕੀਤਾ ਜਾਵੇਗਾ।

ਇਸ ਬਾਰੇ ਜਾਣਕਾਰੀ ਨੂੰ ਫਿਲਹਾਲ ਗੁਪਤ ਰੱਖਿਆ ਜਾ ਰਿਹਾ ਹੈ। ਅਜਾਇਬ ਘਰ ਦੇ ਨਵੀਨੀਕਰਨ ਬਾਰੇ ਸਭ ਤੋਂ ਢੁਕਵਾਂ ਉਪਰਾਲਾ ਕਰ ਸਕਣ ਵਾਲੀ ਕੰਪਨੀ ਨੂੰ ਉਸ ਦੀ ਯੋਜਨਾ ਤੇ ਤਜਰਬੇ ਦੇ ਆਧਾਰ ਉਤੇ ਕੰਮ ਦਿੱਤਾ ਜਾਵੇਗਾ। ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਮੌਜੂਦਾ ਸਥਾਨ ਦੇ ਵਿਸਥਾਰ ਲਈ ਪਰਕਰਮਾਂ ਦੇ ਬਾਹਰਲੀਆਂ ਕੁਝ ਦੁਕਾਨਾਂ ਨੂੰ ਵੀ ਨਾਲ ਜੋੜਨ ਦੀ ਤਜਵੀਜ਼ ਹੈ ਜੋ ਫਿਲਹਾਲ ਮੌਜੂਦਾ ਕਰਾਏਦਾਰਾਂ ਦੇ ਖ਼ਾਲੀ ਕਰਨ ਤੱਕ ਲਟਕ ਸਕਦੀ ਹੈ।

# ਵਾਦੀ ਦੇ ਸਿੱਖਾਂ ਨੇ ਨਵੇਂ ਚਿਹਰਿਆਂ ਹੱਥ ਦਿੱਤਾ ਗੁਰੂ ਘਰਾਂ ਦਾ ਪ੍ਰਬੰਧ

**ਸ੍ਰੀਨਗਰ:** ਵਾਦੀ ਦੇ ਸਿੱਖਾਂ ਨੇ 12 ਵਰ੍ਹਿਆਂ ਬਾਅਦ ਹੋਈਆਂ ਗੁਰਦੁਆਰਾ ਚੋਣਾਂ ਲਈ ਸਾਰੇ ਨਵੇਂ ਚਿਹਰੇ ਚੁਣ ਕੇ ਗੁਰਦੁਆਰਿਆਂ ਵਿਚ ਪ੍ਰਬੰਧ ਚਲਾਉਣ ਲਈ ਭੇਜੇ ਹਨ। ਜ਼ਿਲ੍ਹਾ ਬਡਗਾਮ ਦੇ ਬਿਮਨਾ ਹਲਕੇ ਵਿਚ ਵੋਟਰ ਸੂਚੀਆਂ ਵਿਚ ਵੋਟਰਾਂ ਦੇ ਨਾਂ ਕੱਟਣ ਦੇ ਰੋਸ ਵਿਚ ਲੋਕਾਂ ਨੇ ਚੋਣ ਦਾ ਬਾਈਕਾਟ ਕਰਦੇ ਹੋਏ ਵਿਰੋਧ ਪ੍ਰਦਰਸ਼ਨ ਕੀਤਾ। ਵਾਦੀ ਦੇ ਬਾਰਾਮੂਲਾ, ਸ੍ਰੀਨਗਰ, ਬਡਗਾਮ, ਪੁਲਵਾਮਾ ਤੇ ਅਨੰਤਨਾਗ ਜ਼ਿਲ੍ਹਿਆਂ ਵਿਚੋਂ 11 ਮੈਂਬਰ ਚੁਣਨ ਲਈ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਵੋਟਿੰਗ ਸ਼ਾਂਤੀਪੂਰਨ ਢੰਗ ਨਾਲ ਹੋਈ।

ਜ਼ਿਲ੍ਹਾ ਸ੍ਰੀਨਗਰ ਦੇ 11 ਚੋਣ ਹਲਕਿਆਂ ਵਿਚ ਤਿੰਨ ਮੈਂਬਰ, ਰਤਨ ਸਿੰਘ (ਜਵਾਹਰ ਨਗਰ), ਬੁੱਧਾ ਸਿੰਘ (ਇੰਦਰਾ ਨਗਰ) ਤੇ ਜੰਗ ਬਹਾਦਰ ਸਿੰਘ (ਵਜ਼ੀਰਬਾਗ) ਹਲਕੇ ਤੋਂ ਨਿਰਵਿਰੋਧ ਚੁਣੇ ਗਏ। ਸ੍ਰੀਨਗਰ ਜ਼ਿਲ੍ਹੇ ਵਿਚ ਚੋਣ ਹਾਰਨ ਵਾਲਿਆਂ ਵਿਚ ਕੁਲਦੀਪ ਸਿੰਘ ਸਾਬਕਾ ਪ੍ਰਧਾਨ, ਮਨਜੀਤ ਸਿੰਘ ਸਾਬਕਾ ਸਕੱਤਰ ਤੇ ਗੁਰਮੀਤ ਸਿੰਘ ਸ਼ਾਮਲ ਹਨ ਜਦਕਿ ਐਤਕੀਂ ਚੁਣੇ ਗਏ ਸਾਰੇ ਮੈਂਬਰ ਪਹਿਲੀ ਵਾਰ ਚੋਣ ਜਿੱਤੇ ਹਨ। ਜ਼ਿਲ੍ਹਾ ਬਾਰਾਮੂਲਾ ਵਿਖੇ ਸਾਬਕਾ ਪ੍ਰਧਾਨ ਜਨਕ ਸਿੰਘ ਸੋਢੀ ਮੁੜ ਚੋਣ ਜਿੱਤੇ ਹਨ, ਪਰ ਉਨ੍ਹਾਂ ਦੇ ਸਾਥੀ ਮੈਂਬਰ, ਜਿਹੜੇ ਮੁੜ ਚੋਣਾਂ ਲੜ ਰਹੇ ਸਨ, ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਜ਼ਿਲ੍ਹਾ ਪੁਲਵਾਮਾ ਤੇ ਅਨੰਤਨਾਗ ਵਿਖੇ ਵੀ ਸਿੱਖਾਂ ਨੇ ਨਵੇਂ ਚਿਹਰੇ ਚੁਣੇ ਹਨ। ਜ਼ਿਲ੍ਹਾ ਪੁਣਛ ਵਿਖੇ ਸਰਬਸੰਮਤੀ ਨਾਲ ਜ਼ਿਲ੍ਹਾ ਕਮੇਟੀ ਲਈ 11 ਮੈਂਬਰ ਚੁਣੇ ਗਏ ਹਨ।



ਇਹ ਚੋਣਾਂ 12 ਸਾਲ ਬਾਅਦ ਹੋਈਆਂ ਹਨ ਤੇ 22 ਜ਼ਿਲ੍ਹਿਆਂ ਵਿਚ ਤਕਰੀਬਨ 60 ਫੀਸਦੀ ਵੋਟਿੰਗ ਹੋਈ ਹੈ। ਜ਼ਿਕਰਯੋਗ ਹੈ ਕਿ ਜੰਮੂ-ਕਸ਼ਮੀਰ ਵਿਚ ਰਿਆਸਤੀ ਗੁਰਦੁਆਰਾ ਐਕਟ 1973 ਵਿਚ ਹੋਂਦ ਵਿਚ ਆਇਆ ਸੀ।

ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਕ ਜ਼ਿਲ੍ਹੇ ਵਿਚ ਇਕ ਚੁਣੀ ਹੋਈ ਕਮੇਟੀ ਹੁੰਦੀ ਹੈ, ਜਿਸ ਦੇ ਹਰ ਜ਼ਿਲ੍ਹੇ ਵਿਚ 11 ਮੈਂਬਰ ਹੁੰਦੇ ਹਨ, ਜਿਸ ਧੜੇ ਕੋਲ ਬਹੁਮਤ ਜਾਣੀ ਕਿ ਛੇ ਮੈਂਬਰ ਹੁੰਦੇ ਹਨ, ਉਹ ਜ਼ਿਲ੍ਹੇ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕਰਦੇ ਹਨ ਤੇ ਇਹ ਹਰ ਜ਼ਿਲ੍ਹੇ ਦੇ ਚੁਣੇ ਹੋਏ ਮੈਂਬਰ ਰਿਆਸਤੀ ਪੱਧਰ 'ਤੇ ਇਕ 15 ਮੈਂਬਰੀ ਕਮੇਟੀ ਚੁਣਦੇ ਹਨ। ਜਿਸ ਵੀ ਧੜੇ ਕੋਲ ਅੱਠ ਮੈਂਬਰਾਂ ਦਾ ਬਹੁਮਤ ਹੁੰਦਾ ਹੈ, ਉਹ ਰਿਆਸਤੀ ਪੱਧਰ ਤੇ ਇਕ ਰਿਆਸਤੀ ਗੁਰਦੁਆਰਾ ਪ੍ਰਬੰਧਕ ਬੋਰਡ ਬਣਦਾ ਹੈ, ਜੋ ਰਿਆਸਤ ਭਰ ਦੇ ਪੂਰੇ ਗੁਰਦੁਆਰਿਆਂ ਦੇ ਪ੍ਰਬੰਧਕੀ ਢਾਂਚੇ ਨੂੰ ਦੇਖਦਾ ਹੈ।

# ਹਵਾਰਾ ਨੂੰ ਬੇੜੀਆਂ ਪਾਉਣ ਬਾਰੇ ਰਿਪੋਰਟ ਤਲਬ

**ਚੰਡੀਗੜ੍ਹ:** ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁਖੀ ਜਗਤਾਰ ਸਿੰਘ ਹਵਾਰਾ ਦੇ ਪੈਰਾਂ ਨੂੰ ਬੇੜੀਆਂ ਪਾਉਣ ਦੇ ਕੇਸ ਵਿਚ ਕੇਂਦਰ ਸਰਕਾਰ ਤੋਂ ਰਿਪੋਰਟ ਮੰਗੀ ਹੈ। ਹਵਾਰਾ ਦੇ ਵਕੀਲ ਨੇ ਕਮਿਸ਼ਨ ਅੱਗੇ ਪਟੀਸ਼ਨ ਦਾਇਰ ਕਰ ਕੇ ਤਿਹਾੜ ਜੇਲ੍ਹ ਦੇ ਅਧਿਕਾਰੀਆਂ ਵੱਲੋਂ ਉਸ ਨੂੰ ਬਾਹਰ ਲਿਜਾਣ ਵੇਲੇ ਪੈਰਾਂ ਨੂੰ ਬੇੜੀਆਂ ਲਾਉਣ ਦਾ ਦੋਸ਼ ਲਾਇਆ ਹੈ। ਪਟੀਸ਼ਨ ਵਿਚ ਮੁਲਜ਼ਮ ਦੇ ਪੈਰਾਂ ਨੂੰ ਬੇੜੀਆਂ ਲਾਉਣ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦੀ ਤੌਹੀਨ ਦੱਸਦਿਆਂ ਕੇਂਦਰ ਸਰਕਾਰ ਨੂੰ ਅਦਾਲਤ ਦੀ ਹੱਤਕ ਦਾ ਨੋਟਿਸ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ।



ਕਮਿਸ਼ਨ ਨੇ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਦਿੱਲੀ ਪੁਲਿਸ ਦੇ ਡਾਇਰੈਕਟਰ ਜਨਰਲ (ਜੇਲ੍ਹਾਂ) ਤੋਂ ਇੱਕ ਹਫ਼ਤੇ ਦੇ ਅੰਦਰ ਰਿਪੋਰਟ ਮੰਗ ਲਈ ਹੈ। ਕੇਸ ਵਿਚ ਕੇਂਦਰ ਸਰਕਾਰ ਤੋਂ ਬਿਨਾਂ ਦਿੱਲੀ ਸਰਕਾਰ ਦੇ ਗ੍ਰਹਿ ਸਕੱਤਰ, ਪੁਲਿਸ ਦੇ ਡਾਇਰੈਕਟਰ ਜਨਰਲ, ਡਾਇਰੈਕਟਰ ਜਨਰਲ (ਜੇਲ੍ਹਾਂ) ਅਤੇ ਤਿਹਾੜ ਜੇਲ੍ਹ ਦੇ ਸੁਪਰਡੈਂਟ ਨੂੰ ਧਿਰ ਬਣਾਇਆ ਗਿਆ ਹੈ।

ਕਮਿਸ਼ਨ ਅੱਗੇ ਦਾਇਰ ਕੀਤੀ ਗਈ ਪਟੀਸ਼ਨ ਵਿਚ ਜਗਤਾਰ ਸਿੰਘ ਹਵਾਰਾ ਦੇ ਹੱਥਾਂ ਨੂੰ ਕੜੀਆਂ ਅਤੇ ਪੈਰਾਂ ਨੂੰ ਬੇੜੀਆਂ ਪਾਉਣ ਦੀਆਂ ਤਸਵੀਰਾਂ ਵੀ ਨੱਥੀ ਕੀਤੀਆਂ ਗਈਆਂ ਹਨ। ਹਵਾਰਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਉਮਰ ਕੈਦ ਭੁਗਤ ਰਿਹਾ ਹੈ। ਉਸ ਵਿਰੁੱਧ ਦਿੱਲੀ ਦੀ ਅਦਾਲਤ ਵਿਚ ਸ਼ਿੰਗਾਰ ਸਿਨੇਮਾ ਬੰਬ ਕਾਂਡ ਸਮੇਤ ਗ਼ੈਰ-ਕਾਨੂੰਨੀ ਤੌਰ 'ਤੇ ਅਸਲਾ ਰੱਖਣ ਦੇ ਦੋਸ਼ ਹੇਠ ਦੋ ਹੋਰ ਕੇਸ ਵੀ ਚੱਲ ਰਹੇ ਹਨ। ਚੰਡੀਗੜ੍ਹ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਵੀ ਉਹ ਬੁੜੈਲ ਜੇਲ੍ਹ ਤੋੜੂ ਕੇਸ ਵਿਚ ਤਰੀਕਾਂ ਭੁਗਤ ਰਿਹਾ ਹੈ।

ਵਕੀਲ ਸਿਮਰਜੀਤ ਸਿੰਘ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅੱਗੇ ਦਾਇਰ ਕੀਤੇ ਕੇਸ ਵਿਚ ਮੁਲਜ਼ਮ ਦੇ ਪੈਰਾਂ ਨੂੰ ਬੇੜੀਆਂ ਪਾਉਣ ਨੂੰ ਹਿਊਮਨ ਰਾਈਟਸ ਐਕਟ ਦੀ ਧਾਰਾ 21 ਦੀ ਉਲੰਘਣਾ ਦੱਸਿਆ ਹੈ। ਸ਼ਿਕਾਇਤ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਗਤਾਰ ਸਿੰਘ ਹਵਾਰਾ ਪਿੱਠ ਦਰਦ ਤੋਂ ਪੀੜਤ ਹੈ ਅਤੇ ਡਾਕਟਰਾਂ ਵੱਲੋਂ ਉਸ ਦੇ ਬਾਥਰੂਮ ਵਿਚ ਅੰਗਰੇਜ਼ੀ ਸੀਟ ਲਾਉਣ ਦੀ ਸਲਾਹ ਦਿੱਤੀ ਗਈ ਸੀ, ਪਰ ਜੇਲ੍ਹ ਅਧਿਕਾਰੀ ਅਜਿਹੀ ਸਹੂਲਤ ਦੇਣ ਤੋਂ ਇਨਕਾਰੀ ਹਨ।

## ਆਂਧਰਾ ਦੇ ਪੁਸ਼ਕਰਮ ਮੇਲੇ 'ਚ ਭਗਦੜ, 35 ਮਰੇ

**ਰਾਜਾਮੁੰਦਰੀ (ਆਂਧਰਾ ਪ੍ਰਦੇਸ਼):** ਆਂਧਰਾ ਪ੍ਰਦੇਸ਼ ਦੇ ਰਾਜਾਮੁੰਦਰੀ ਸ਼ਹਿਰ ਵਿਚ ਗੋਦਾਵਰੀ ਨਦੀ ਦੇ ਤੱਟ 'ਤੇ 12 ਦਿਨ ਚੱਲਣ ਵਾਲੇ ਪੁਸ਼ਕਰਮ ਮੇਲੇ ਦੇ ਪਹਿਲੇ ਦਿਨ ਅਚਾਨਕ ਭਗਦੜ ਮਚਣ ਕਾਰਨ 35 ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ 20 ਤੋਂ ਜ਼ਿਆਦਾ ਜ਼ਖ਼ਮੀ ਹੋ ਗਏ।

ਘਟਨਾ ਸਵੇਰੇ 7.30 ਵਜੇ ਤੋਂ 8 ਵਜੇ ਦਰਮਿਆਨ ਵਾਪਰੀ ਅਤੇ ਪੀੜਤਾਂ ਵਿਚ ਵੱਡੀ ਉਮਰ ਦੇ ਲੋਕ ਸ਼ਾਮਿਲ ਹਨ। ਇਹ ਲੋਕ ਵੱਖ ਵੱਖ ਥਾਂਵਾਂ ਤੋਂ ਇਸ਼ਨਾਨ ਲਈ ਇਥੇ ਪੁੱਜੇ ਸਨ। ਕੋਟਗੁਮ ਪੁਸ਼ਕਰਮ ਘਾਟ ਨੇੜੇ ਸ਼ਰਧਾਲੂਆਂ ਦੇ ਵੱਡੀ ਗਿਣਤੀ ਵਿਚ ਪੁੱਜਣ ਕਾਰਨ ਅਚਾਨਕ ਭਗਦੜ ਮਚੀ।

## ਗੁਰਦੇਵ ਕੌਰ ਕਲਸੀ ਸੁਰਗਵਾਸ

**ਸੈਨ ਹੋਜ਼ੇ (ਬਿਊਰੋ):** ਪਿਛਲੇ 25 ਸਾਲ ਤੋਂ ਸੈਨ ਹੋਜ਼ੇ ਰਹਿ ਰਹੇ ਗੁਰਦੇਵ ਸਿੰਘ ਕਲਸੀ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੀ ਧਰਮ ਪਤਨੀ ਗੁਰਦੇਵ ਕੌਰ ਕਲਸੀ ਮੰਗਲਵਾਰ, 14 ਜੁਲਾਈ ਨੂੰ ਸਵਰਗ ਸਿਧਾਰ ਗਏ। ਉਹ ਕਰੀਬ 75 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਪਤੀ ਤੋਂ ਇਲਾਵਾ ਚਾਰ ਬੱਚੇ ਅਤੇ 10 ਪੋਤੇ-ਪੋਤਰੀਆਂ ਛੱਡ ਗਏ ਹਨ।



ਬੀਬੀ ਗੁਰਦੇਵ ਕੌਰ ਕਲਸੀ ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਪਿੰਡ ਫਰਾਲਾ ਤੋਂ ਸਨ। ਉਨ੍ਹਾਂ ਦਾ ਅੰਤਿਮ ਸਸਕਾਰ ਸ਼ੁੱਕਰਵਾਰ, 17 ਜੁਲਾਈ ਨੂੰ ਚੈਪਲ ਆਫ ਚਾਈਮਜ਼, ਹੇਵਰਡ ਦੇ ਫਿਊਨਰਲ ਹੋਮ ਵਿਚ ਸਵੇਰੇ 10 ਵਜੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਬਾਅਦ ਦੁਪਹਿਰ 3 ਵਜੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਕਮਲਜੀਤ ਸਿੰਘ ਕਲਸੀ ਫੋਨ 408-320-3546 ਰਾਹੀਂ ਕੀਤਾ ਜਾ ਸਕਦਾ ਹੈ।

## ਗਿਲਾਨੀ ਨੇ ਪਾਕਿਸਤਾਨ ਦਾ ਸੱਦਾ ਠੁਕਰਾਇਆ

**ਸ਼੍ਰੀਨਗਰ:** ਪਾਕਿਸਤਾਨ ਨੂੰ ਹੈਰਾਨੀਜਨਕ ਢੰਗ ਨਾਲ ਝਟਕਾ ਦਿੰਦਿਆਂ ਹੁਰੀਅਤ ਕਾਨਫਰੰਸ ਦੇ ਕੱਟੜਪੰਥੀ ਧੜੇ ਦੇ ਨੇਤਾ ਸਈਦ ਅਲੀ ਸ਼ਾਹ ਗਿਲਾਨੀ ਨੇ 21 ਜੁਲਾਈ ਨੂੰ ਦਿੱਲੀ ਸਥਿਤ ਪਾਕਿਸਤਾਨੀ ਹਾਈ ਕਮਿਸ਼ਨਰ ਅਬਦੁੱਲ ਬਾਸਿਤ ਵੱਲੋਂ ਕਰਵਾਏ ਜਾ ਰਹੇ ਈਦ ਮਿਲਣ ਸਮਾਗਮ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ। ਇਹ ਪਹਿਲਾ ਮੌਕਾ ਹੈ ਕਿ ਜਦੋਂ ਗਿਲਾਨੀ ਨੇ ਇਸ ਤਰ੍ਹਾਂ ਦੇ ਸੱਦੇ ਨੂੰ ਠੋਕਰ ਮਾਰੀ ਹੈ। ਇਸ ਕਸ਼ਮੀਰੀ ਨੇਤਾ ਨੇ ਪਿਛਲੇ ਹਫਤੇ ਰੂਸ ਦੇ ਉਫਾ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੇ ਪਾਕਿਸਤਾਨੀ ਹਮਰੁਤਬਾ ਮੀਆਂ ਨਵਾਜ਼ ਸ਼ਰੀਫ਼ ਦਰਮਿਆਨ ਗੱਲਬਾਤ ਵਿਚ ਕਸ਼ਮੀਰ ਮੁੱਦਾ ਸ਼ਾਮਲ ਨਾ ਕੀਤੇ ਜਾਣ ਦੇ ਵਿਰੋਧ ਵਿਚ ਇਸ ਸਮਾਗਮ ਦਾ ਬਾਈਕਾਟ ਕੀਤਾ ਹੈ।

Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 18 ਜੁਲਾਈ 2015*

## ਸਿਆਸਤ ਤੇ ਕਾਰੋਬਾਰ ਦਾ ਰਿਸ਼ਤਾ

ਪੰਜਾਬ ਵਿਚ ਸਿਆਸਤ ਅਤੇ ਕਾਰੋਬਾਰ ਦੇ ਆਪਸੀ ਰਿਸ਼ਤੇ ਬਾਰੇ ਚਰਚਾ ਇਕ ਵਾਰ ਫਿਰ ਛਿੜ ਪਈ ਹੈ। ਇਹ ਚਰਚਾ ਪਹਿਲਾਂ ਵੀ ਬਾਦਲ ਪਰਿਵਾਰ ਨਾਲ ਜੁੜ ਕੇ ਸ਼ੁਰੂ ਹੋਈ ਸੀ ਅਤੇ ਹੁਣ ਵੀ ਚਰਚਾ ਦੇ ਕੇਂਦਰ ਵਿਚ ਬਾਦਲ ਪਰਿਵਾਰ ਹੀ ਹੈ। ਚੰਡੀਗੜ੍ਹ ਦੇ ਪ੍ਰੈਸ ਕਲੱਬ ਵਿਚ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪੱਤਰਕਾਰਾਂ ਨਾਲ ਗੱਲਾਂ-ਬਾਤਾਂ ਕਰ ਰਹੇ ਸਨ ਤਾਂ ਕਾਰੋਬਾਰ ਅਤੇ ਸਿਆਸਤ ਦੇ ਆਪਸੀ ਰਿਸ਼ਤੇ ਬਾਰੇ ਸਵਾਲ ਮੁੜ, ਮੁੱਖ ਰੂਪ ਵਿਚ ਉਭਰ ਕੇ ਸਾਹਮਣੇ ਆ ਗਿਆ। ਪਹਿਲਾਂ ਤਾਂ ਮੁੱਖ ਮੰਤਰੀ ਨੇ ਆਪਣੇ ਸੁਭਾਅ ਅਤੇ ਸਿਆਸਤ ਮੁਤਾਬਕ ਇਹ ਸਵਾਲ ਟਾਲਣ ਦਾ ਯਤਨ ਕੀਤਾ ਪਰ ਪੱਤਰਕਾਰਾਂ ਵੱਲੋਂ ਲਗਾਤਾਰ ਕੁਰੇਦਣ 'ਤੇ ਉਨ੍ਹਾਂ ਇਹ ਕਹਿ ਕੇ ਖਹਿੜਾ ਛੁਡਾ ਲਿਆ ਕਿ ਇਸ ਬਾਰੇ ਫੈਸਲਾ ਲੋਕਾਂ ਦੀ ਕਚਹਿਰੀ ਵਿਚ ਹੀ ਹੋਣਾ ਹੈ। ਸਿਆਸਤ ਅਤੇ ਕਾਰੋਬਾਰ ਬਾਰੇ ਚਰਚਾ ਮੋਗਾ ਬੱਸ ਕਾਂਡ ਤੋਂ ਬਾਅਦ ਤਿੱਖੇ ਰੂਪ ਵਿਚ ਚੱਲੀ ਸੀ। ਉਸ ਵੇਲੇ ਇਹ ਤੱਥ ਸਾਹਮਣੇ ਆਏ ਸਨ ਕਿ ਪੰਜਾਬ ਦੇ ਸਰਕਾਰੀ ਟਰਾਂਸਪੋਰਟ ਅਦਾਰਿਆਂ ਦਾ ਨੁਕਸਾਨ ਪ੍ਰਾਈਵੇਟ ਬੱਸ ਕੰਪਨੀਆਂ ਕਰਕੇ ਹੋ ਰਿਹਾ ਹੈ ਅਤੇ ਇਨ੍ਹਾਂ ਪ੍ਰਾਈਵੇਟ ਕੰਪਨੀਆਂ ਦੀਆਂ ਬੱਸਾਂ ਵਿਚੋਂ ਬਹੁਤੀਆਂ ਦੀ ਮਾਲਕੀ ਬਾਦਲ ਪਰਿਵਾਰ ਕੋਲ ਹੈ। ਸੱਤਾਧਾਰੀ ਹੋਣ ਕਰਕੇ ਇਸ ਪਰਿਵਾਰ ਨੇ ਆਪਣੀਆਂ ਪ੍ਰਾਈਵੇਟ ਬੱਸਾਂ ਲਈ ਸਮਾਂ ਸਾਰਨੀ ਇਸ ਤਰੀਕੇ ਨਾਲ ਬਣਾ ਲਈ ਸੀ ਕਿ ਬਾਦਲ ਪਰਿਵਾਰ ਦੀਆਂ ਬੱਸਾਂ ਦੇ ਵਾਰੇ-ਨਿਆਰੇ ਹੋ ਗਏ ਅਤੇ ਪੈਪਸੂ ਟਰਾਂਸਪੋਰਟ ਵਰਗੇ ਅਦਾਰੇ ਘੋਰ ਘਾਟੇ ਵਿਚ ਚਲੇ ਗਏ। ਮੋਗਾ ਬੱਸ ਕਾਂਡ ਤੋਂ ਬਾਅਦ ਇਹ ਸਵਾਲ ਬਹੁਤ ਵੱਡਾ ਬਣ ਗਿਆ ਸੀ ਕਿ ਬਾਦਲ ਪਰਿਵਾਰ ਜਨਤਕ ਹਿਤਾਂ ਦੀ ਥਾਂ ਆਪਣੇ ਕਾਰੋਬਾਰ ਨੂੰ ਪਹਿਲ ਦੇ ਰਿਹਾ ਹੈ, ਬਲਕਿ ਸਿਆਸਤ ਦੇ ਜ਼ੋਰ ਉਤੇ ਕਾਰੋਬਾਰ ਕਰ ਰਿਹਾ ਹੈ। ਉਸ ਵੇਲੇ ਮੁੱਖ ਮੰਤਰੀ ਬਾਦਲ ਨੇ ਜਵਾਬ ਦਿੱਤਾ ਸੀ ਕਿ ਸੂਬੇ ਦੇ ਹੋਰ ਲੋਕ ਵੀ ਕਾਰੋਬਾਰ ਕਰਦੇ ਹਨ, ਜੇ ਉਸ ਦਾ ਮੁੰਡਾ ਕੋਈ ਕਾਰੋਬਾਰ ਕਰ ਰਿਹਾ ਹੈ, ਤਾਂ ਕੋਈ ਅਲੋਕਾਰ ਗੱਲ ਤਾਂ ਨਹੀਂ ਹੋ ਗਈ। ਦਰਅਸਲ ਇਥੇ ਸਵਾਲਾਂ ਦਾ ਸਵਾਲ ਹੀ ਇਹ ਹੈ ਕਿ ਇਹ ਕਾਰੋਬਾਰ ਜਨਤਕ ਹਿਤਾਂ ਨੂੰ ਦਰੜ ਕੇ ਕੀਤਾ ਜਾ ਰਿਹਾ ਹੈ।

ਬਿਨਾਂ ਸ਼ੱਕ, ਭਾਰਤ ਵਰਗੇ ਜਮਹੂਰੀ ਨਿਜ਼ਾਮ ਵਿਚ ਹਰ ਕਿਸੇ ਨੂੰ ਆਪਣਾ ਕਾਰੋਬਾਰ ਕਰਨ ਦਾ ਹੱਕ ਹੈ। ਇਸ ਘੇਰੇ ਵਿਚੋਂ ਸਿਆਸਤਦਾਨ ਵੀ ਬਾਹਰ ਨਹੀਂ ਹਨ। ਉਂਜ ਵਿਚਾਰਨ ਵਾਲਾ ਮਸਲਾ ਤਾਂ ਇਹ ਹੈ ਕਿ ਜਿਸ ਤਰ੍ਹਾਂ ਦਾ ਸਿਆਸੀ ਢਾਂਚਾ ਮੁਲਕ ਵਿਚ ਉਸਰ ਚੁੱਕਾ ਹੈ ਤੇ ਹਰ ਖੇਤਰ ਵਿਚ ਜਿਸ ਤਰ੍ਹਾਂ ਸਿਆਸਤਦਾਨਾਂ ਦਾ ਦਖਲ ਵਧਿਆ ਹੈ, ਸਿਆਸਤ ਤੇ ਕਾਰੋਬਾਰ ਦੇ ਖੇਤਰਾਂ ਵਿਚ ਹਿਤਾਂ ਦੇ ਟਕਰਾਅ ਦਾ ਮੁੱਦਾ ਅਹਿਮ ਹੋ ਜਾਂਦਾ ਹੈ। ਸਿਆਸਤਦਾਨਾਂ ਨੂੰ ਕਾਰੋਬਾਰ ਕਰਨ ਦਾ ਹੱਕ ਤਾਂ ਹੈ, ਪਰ ਸੱਤਾ ਦੀ ਦੁਰਵਰਤੋਂ ਕਰ ਕੇ ਕਾਰੋਬਾਰ ਦੀ ਆਗਿਆ ਨਹੀਂ ਹੈ। ਸੱਤਾ ਦੀ ਦੁਰਵਰਤੋਂ ਉਤੇ ਸਵਾਲ ਹਰ ਵੇਲੇ ਤੇ ਹਰ ਪਾਸੇ ਉਠਦਾ ਰਿਹਾ ਹੈ ਅਤੇ ਇਹ ਸਵਾਲ ਉਠਣਾ ਜਾਇਜ਼ ਵੀ ਹੈ।

ਤੱਥ ਗਵਾਹ ਹਨ ਕਿ ਪੈਪਸੂ ਟਰਾਂਸਪੋਰਟ ਦੀ ਆਮਦਨ ਵਿਚ ਹੋਏ ਅਚਾਨਕ ਵਾਧੇ ਦੇ ਕੁਝ ਅਹਿਮ ਪੱਖ ਹਨ। ਇਹ ਤੱਥ ਤਾਂ ਸਾਬਤ ਹੋ ਹੀ ਗਿਆ ਹੈ ਕਿ ਇਸ ਸਰਕਾਰੀ ਅਦਾਰੇ ਨੂੰ ਪੈ ਰਿਹਾ ਘਾਟਾ ਮਸਨੂਈ ਸੀ ਅਤੇ ਇਸ ਦਾ ਵੱਡਾ ਕਾਰਨ ਬਾਦਲ ਪਰਿਵਾਰ ਦੀਆਂ ਬੱਸਾਂ ਹੀ ਸਨ। ਜਿਉਂ ਹੀ ਲੋਕ ਰੋਹ ਕਾਰਨ ਬਾਦਲਾਂ ਦੀਆਂ ਪ੍ਰਾਈਵੇਟ ਬੱਸਾਂ ਸੜਕਾਂ ਤੋਂ ਹੇਠਾਂ ਉਤਰੀਆਂ, ਇਸ ਸਰਕਾਰੀ ਅਦਾਰੇ ਦਾ ਘਾਟਾ ਇਕਦਮ ਮੁਨਾਫੇ ਵਿਚ ਬਦਲ ਗਿਆ। ਇਸ ਦੇ ਨਾਲ ਹੀ ਇਹ ਤੱਥ ਵੀ ਉਭਰਿਆ ਕਿ ਬਾਦਲ ਪਰਿਵਾਰ ਦੀਆਂ ਬੱਸਾਂ ਦੀ ਗਿਣਤੀ ਕਿਸ ਤਰ੍ਹਾਂ ਰਾਤੋ-ਰਾਤ ਵਧੀ ਅਤੇ ਦਿਨਾਂ-ਮਹੀਨਿਆਂ ਵਿਚ ਹੀ ਹੋਰ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਕਿਸ ਤਰ੍ਹਾਂ ਬਾਦਲ ਪਰਿਵਾਰ ਦੀਆਂ ਬੱਸ ਕੰਪਨੀਆਂ ਦਾ ਹਿੱਸਾ ਬਣ ਗਈਆਂ। ਇਨ੍ਹਾਂ ਕੰਪਨੀਆਂ ਉਤੇ ਜਬਜ਼ਾ ਕਰਨ ਲਈ ਬਿਨਾਂ ਸ਼ੱਕ ਮੁੱਖ ਮੰਤਰੀ ਬਾਦਲ ਦੇ ਪੁੱਤਰ ਉਪ ਮੁੱਖ ਮੰਤਰੀ ਨੇ ਸਿਆਸੀ ਦਾਬਾ ਹੀ ਵਰਤਿਆ। ਇਸ ਦਾ ਸਾਫ ਤੇ ਸਿੱਧਾ ਜਿਹਾ ਮਤਲਬ ਹੈ ਕਿ ਕਾਰੋਬਾਰ ਵਧਾਉਣ ਲਈ ਸਿਆਸਤ ਤੇ ਸੱਤਾ ਦਾ ਸਹਾਰਾ ਲਿਆ ਗਿਆ ਅਤੇ ਇਸ ਅਮਲ ਦੌਰਾਨ ਆਮ ਲੋਕਾਂ ਦੇ ਹਿਤ ਦਰਕਿਨਾਰ ਕਰ ਦਿੱਤੇ ਗਏ। ਫਿਰ ਮੁੱਖ ਰੂਪ ਵਿਚ ਸਵਾਲ ਵੀ ਤਾਂ ਇਸੇ ਨੁਕਤੇ ਉਤੇ ਹੀ ਉਠ ਰਹੇ ਹਨ। ਸਿਆਸਤ ਤੇ ਕਾਰੋਬਾਰ ਦੇ ਰਿਸ਼ਤੇ ਬਾਰੇ ਇਹੀ ਤਾਂ ਇਤਰਾਜ਼ ਹੈ ਕਿ ਸਿਆਸਤ ਦੇ ਜ਼ੋਰ ਨਾਲ ਨਿੱਜੀ ਹਿਤ ਪਾਲੇ ਜਾ ਰਹੇ ਹਨ।

ਅਸਲ ਵਿਚ ਪਿਛਲੇ ਕੁਝ ਦਹਾਕਿਆਂ ਦੌਰਾਨ ਜਿਸ ਤਰ੍ਹਾਂ ਦਾ ਸਿਆਸੀ ਅਤੇ ਆਰਥਿਕ ਢਾਂਚਾ ਮੁਲਕ ਵਿਚ ਨਮੂਦਾਰ ਹੋ ਗਿਆ ਹੈ, ਅਜਿਹੇ ਕਾਰੋਬਾਰ ਇਸ ਢਾਂਚੇ ਦੀਆਂ ਹੀ ਅਲਾਮਤਾਂ ਹਨ। ਮੁਲਕ ਦੇ ਹਰ ਖਿੱਤੇ ਦੇ ਸਿਆਸਤਦਾਨਾਂ ਦੀ ਜਵਾਬਦੇਹੀ ਸਿਰਫ ਵੋਟਾਂ ਵਾਲੇ ਦਿਨਾਂ ਤੱਕ ਸੀਮਤ ਹੋ ਗਈ ਹੈ। ਹੁਣ ਤਾਂ ਜਾਪਦਾ ਹੈ ਕਿ ਇਸ ਜਵਾਬਦੇਹੀ ਤੋਂ ਵੀ ਆਮ ਲੋਕਾਂ ਨੂੰ ਜਵਾਬ ਮਿਲ ਗਿਆ ਹੈ। ਖਬਰੇ ਇਹੀ ਇਕ ਕਾਰਨ ਹੋਵੇ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿਆਸਤ ਅਤੇ ਕਾਰੋਬਾਰ ਦੇ ਆਪਸੀ ਰਿਸ਼ਤੇ ਬਾਰੇ ਫੈਸਲਾ ਲੋਕਾਂ ਉਤੇ ਛੱਡ ਦਿਤਾ ਹੈ; ਤੇ ਲੋਕ ਅੱਜ ਕੱਲ੍ਹ ਨਿੱਤ ਆਪਣਾ ਫੈਸਲਾ ਸੁਣਾ ਰਹੇ ਹਨ। ਹੁਣੇ ਹੁਣੇ ਰੂਪਨਗਰ ਵਿਚ ਹੋਇਆ ਸੜਕ ਹਾਦਸਾ ਇਸ ਦੀ ਮਿਸਾਲ ਹੈ। ਇਸ ਹਾਦਸੇ ਵਿਚ ਬਾਦਲਾਂ ਦੀ ਬੱਸ ਦੀ ਟੱਕਰ ਨਾਲ ਸਕੂਟਰ ਸਵਾਰ ਦੀ ਮੌਤ ਹੋ ਗਈ ਸੀ ਅਤੇ ਗੁੱਸੇ ਨਾਲ ਨੱਕੋ-ਨੱਕ ਭਰੇ ਲੋਕਾਂ ਨੇ ਦੋ ਦਿਨ ਟਰੈਫਿਕ ਜਾਮ ਕਰੀ ਰੱਖਿਆ। ਇਹ ਗੱਲ ਵੱਖਰੀ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਨੇ ਮਾਮਲਾ ਰਫਾ-ਦਫਾ ਕਰਨ ਲਈ ਪੂਰਾ ਟਿੱਲ ਲਾ ਦਿੱਤਾ। ਹੋਰ ਤਾਂ ਹੋਰ ਪੁਲਿਸ ਮੁਖੀ ਦਾ ਬਿਆਨ ਵੀ ਤੁਰੰਤ ਹੀ ਆ ਗਿਆ ਕਿ ਹਾਦਸਾ ਬੱਸ ਨਾਲ ਨਹੀਂ, ਸਗੋਂ ਕਾਰ ਨਾਲ ਹੋਇਆ ਹੈ। ਇਹੀ ਤਾਂ ਸਿਆਸੀ ਦਾਬੇ ਦੀ ਸਿਆਸਤ ਹੈ। ਸਿਆਸੀ ਦਾਬੇ ਨਾਲ ਜੇ ਹਾਦਸਿਆਂ ਬਾਰੇ ਤੱਥ ਬਦਲੇ ਜਾ ਸਕਦੇ ਹਨ, ਤਾਂ ਕਾਰੋਬਾਰ ਵਧਾਉਣ ਲਈ ਅਜਿਹਾ ਕਰਨਾ ਭਲਾ ਕਿੰਨਾ ਕੁ ਔਖਾ ਹੈ?

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੰਜਾਬੀਆਂ 'ਤੇ ਫਿਰੰਗੀ ਹਮਲਾ*

ਫੇਸ-ਬੁੱਕ 'ਤੇ 'ਭਾ ਜੀ' ਨੂੰ ਲਿਖਣ 'ਪਾ ਜੀ', ਹਾਲਤ ਅੱਜ ਪੰਜਾਬੀ ਦੀ 'ਡਿੱਸ' ਹੋ ਗਈ।
'ਗੁੱਡ ਲੱਕ' ਨੇ ਨਿਗਲਿਆ 'ਭਲਾ ਹੋਵੇ', ਸੀ ਜੋ 'ਭੈਣ ਜੀ', ਬਦਲ ਕੇ 'ਸਿੱਸ' ਹੋ ਗਈ।
ਟਿੱਚਰ ਅਤੇ ਮਖੌਲ ਵੀ 'ਲੌਲ' ਹੋ ਗਏ, ਆਉਂਦੀ ਯਾਦ ਪਿਆਰੇ ਦੀ 'ਮਿੱਸ' ਹੋ ਗਈ।
ਨਿਰੀ ਮਿਸ਼ਰੀ ਦੀ ਡਲੀ ਹੈ ਲਫਜ਼ ਚੁੰਮੀ, ਨਵੇਂ ਪੋਚ ਲਈ ਵਿਗੜ ਕੇ 'ਕਿੱਸ' ਹੋ ਗਈ।
'ਭਾਈ-ਵੀਰ' ਵੀ ਬਣੇ ਨੇ 'ਬਰੋ' ਦੇਖੋ, ਘੁੱਟ ਸਿਮਟ ਕੇ ਰਹਿ ਗਿਆ 'ਸਿੱਪ' ਯਾਰੋ।
'ਐਚ ਏ, ਐਚ ਏ' ਨੇ ਹਾਸੇ ਦੀ ਥਾਂ ਮੱਲੀ, ਹੁਣ ਅਫਸੋਸ ਵੀ ਹੋ ਗਿਆ 'ਰਿੱਪ' ਯਾਰੋ!

# ਖਾਲਿਸਤਾਨੀ ਹੋਣ ਜਾਂ ਨਾ ਹੋਣ ਬਾਰੇ ਦੂਸ਼ਣਬਾਜ਼ੀ ਕਿਉਂ?

***ਹੋਰ ਸਿੱਖ ਆਗੂਆਂ ਦੇ ਨਾਲ ਨਾਲ ਪ੍ਰਕਾਸ਼ ਸਿੰਘ ਬਾਦਲ ਦੇ ਦਸਤਖ਼ਤਾਂ ਵਾਲੇ ਬੁਤਰਸ-ਬੁਤਰਸ ਘਾਲੀ ਨੂੰ ਦਿੱਤੇ ਮੈਮੋਰੰਡਮ ਵਿਚ 'ਆਜ਼ਾਦ ਤੇ ਖ਼ੁਦਮੁਖਤਿਆਰ ਰਾਜ' ਦੀ ਮੰਗ ਬੜੇ ਸਪਸ਼ਟ ਰੂਪ ਵਿਚ ਕੀਤੀ ਗਈ ਹੈ। ਇਤਿਹਾਸ ਦਾ ਹਿੱਸਾ ਬਣ ਚੁੱਕੇ ਇਨ੍ਹਾਂ ਦਸਤਾਵੇਜ਼ਾਂ ਵਿਚ ਸਭ ਕੁਝ ਸਪਸ਼ਟ ਹੋਣ ਕਾਰਨ, ਕਾਂਗਰਸੀ ਤੇ ਅਕਾਲੀ ਆਗੂਆਂ ਦਰਮਿਆਨ ਖ਼ਾਲਿਸਤਾਨ ਦੇ ਮੁੱਦੇ ਉਤੇ ਹੋ ਰਹੀ ਬਿਆਨਬਾਜ਼ੀ ਉਤੇ ਕੋਈ ਟਿੱਪਣੀ ਕਰਨ ਦੀ ਲੋੜ ਹੀ ਨਹੀਂ ਰਹਿ ਜਾਂਦੀ। ਇਸ ਬਿਆਨਬਾਜ਼ੀ ਦੀ ਥਾਂ ਲੋੜ ਇਸ ਗੱਲ ਦੀ ਹੈ ਕਿ ਕਿਸੇ ਖਾਸ ਹਾਲਾਤ ਵਿਚ ਮਜਬੂਰੀਵਸ ਹੋਈ ਕਿਸੇ .ਗਲਤੀ ਨੂੰ ਨੈਤਿਕ ਜੁਰਅਤ ਵਿਖਾਉਂਦਿਆਂ ਮੰਨ ਲਿਆ ਜਾਵੇ, ਕਿਉਂਕਿ ਆਪਣੇ ਦਸਤਖ਼ਤਾਂ ਵਾਲੇ ਇਨ੍ਹਾਂ ਦਸਤਾਵੇਜ਼ਾਂ ਤੋਂ ਕੋਈ ਆਗੂ ਮੁੱਕਰ ਨਹੀਂ ਸਕਦਾ।***



**ਜਗਤਾਰ ਸਿੰਘ**
ਫੋਨ: +91-97797-11201

ਹਰ ਵਿਧਾਨ ਸਭਾ ਅਤੇ ਲੋਕ ਸਭਾ ਚੋਣ ਤੋਂ ਪਹਿਲਾਂ ਖ਼ਾਲਿਸਤਾਨ ਦੇ ਮੁੱਦੇ ਉਤੇ ਪੰਜਾਬ ਦੇ ਸਿਆਸੀ ਆਗੂਆਂ ਵੱਲੋਂ ਇਕ ਦੂਜੇ ਉਤੇ ਚਿੱਕੜ ਉਛਾਲੀ ਕਰਨੀ ਭਾਵੇਂ ਸੂਬੇ ਦੀ ਰਾਜਨੀਤੀ ਵਿਚ ਕੋਈ ਨਵੀਂ ਗੱਲ ਨਹੀਂ ਹੈ, ਫਿਰ ਵੀ ਇਹ ਵੇਖਣਾ ਕੁਥਾਂ ਨਹੀਂ ਹੋਵੇਗਾ ਕਿ ਸਿੱਖ ਭਾਈਚਾਰੇ ਦੇ ਇਕ ਹਿੱਸੇ ਨੂੰ ਚੰਗਾ ਲੱਗਣ ਵਾਲੇ ਇਸ ਮਾਮਲੇ ਉਤੇ ਮਿਹਣੋ-ਮਿਹਣੀ ਹੋ ਰਹੇ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਵਿਚੋਂ ਕੌਣ ਖ਼ਾਲਿਸਤਾਨ ਦੇ ਨਾਅਰੇ ਉਤੇ ਰਾਜਨੀਤੀ ਕਰਦਾ ਰਿਹਾ ਹੈ। ਦੋਵੇਂ ਆਗੂਆਂ ਵਿਚਕਾਰ ਚੱਲੀ ਬਿਆਨਬਾਜ਼ੀ ਦਾ ਦਿਲਚਸਪ ਨੁਕਤਾ ਇਹ ਵੀ ਹੈ ਕਿ ਇਹ ਵਾਦ-ਵਿਵਾਦ ਕਾਂਗਰਸ ਅਤੇ ਅਕਾਲੀ ਦਲ ਵਿਚਕਾਰ ਨਾ ਹੋ ਕੇ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਦਰਮਿਆਨ ਹੈ। ਇਸ ਬਹਿਸ ਵਿਚ ਹਮਲਾਵਰ ਰੁਖ਼ ਅਖ਼ਤਿਆਰ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਦੀ ਭੂਮਿਕਾ ਨੂੰ ਕਾਂਗਰਸੀ ਲੀਡਰ ਦੀ ਥਾਂ ਇਕ 'ਪੰਥਕ' ਆਗੂ ਦੀ ਵਚਨਬੱਧਤਾ ਨੂੰ ਧਿਆਨ ਵਿਚ ਰੱਖ ਕੇ ਸਮਝਣਾ ਚਾਹੀਦਾ ਹੈ, ਕਿਉਂਕਿ ਉਸ ਵੇਲੇ ਉਹ ਕਾਂਗਰਸ ਪਾਰਟੀ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦੇ ਸਰਗਰਮ ਆਗੂ ਸਨ।

ਕੈਪਟਨ ਅਮਰਿੰਦਰ ਸਿੰਘ ਨੇ ਨਾਭਾ ਵਿਖੇ ਹੋਈ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਕਾਸ਼ ਸਿੰਘ ਬਾਦਲ ਉਤੇ ਆਪਣੇ ਸੌੜੇ ਰਾਜਸੀ ਹਿੱਤਾਂ ਦੀ ਪੂਰਤੀ ਲਈ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਦੋਸ਼ ਲਾਉਂਦਿਆਂ ਕਿਹਾ ਸੀ ਕਿ ਮੁੱਖ ਮੰਤਰੀ ਬਾਦਲ ਇਕ ਵਾਰੀ ਪਹਿਲਾਂ ਵੀ ਇਸ ਰਾਹ ਉਤੇ ਤੁਰਦਿਆਂ ਖ਼ਾਲਿਸਤਾਨ ਕਾਇਮ ਕਰਨ ਦਾ ਨਾਅਰਾ ਦੇਣ ਦੀ ਹੱਦ ਤਕ ਚਲੇ ਗਏ ਸਨ। ਸੂਬੇ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਮੁੱਖ ਮੰਤਰੀ ਦੇ ਬਚਾਅ ਵਿਚ ਆਉਂਦਿਆਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਾਏ ਦੋਸ਼ ਨੂੰ ਪੂਰੀ ਤਰ੍ਹਾਂ ਆਧਾਰਹੀਣ, ਸਚਾਈ ਤੋਂ ਕੋਹਾਂ ਦੂਰ ਅਤੇ ਗੁੰਮਰਾਹਕੁਨ ਕਹਿ ਕੇ ਨਕਾਰਦਿਆਂ ਕਿਹਾ ਕਿ ਇਹ ਬਿਆਨ ਉਸ ਦੀ ਘੋਰ ਸਿਆਸੀ ਨਿਰਾਸ਼ਾ ਨੂੰ ਹੀ ਪ੍ਰਗਟਾਉਂਦਾ ਹੈ। ਡਾ. ਚੀਮਾ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸਲਾਹ ਦਿੱਤੀ ਹੈ ਕਿ ਉਹ ਸ੍ਰੀ ਬਾਦਲ ਉਤੇ ਅਜਿਹੇ ਦੋਸ਼ ਲਾਉਣ ਤੋਂ ਪਹਿਲਾਂ ਖ਼ਾਲਿਸਤਾਨ ਦੀ ਮੰਗ ਕਰਨ ਵਾਲੇ ਉਸ 'ਅੰਮ੍ਰਿਤਸਰ ਐਲਾਨਨਾਮੇ' ਨੂੰ ਪੜ੍ਹ ਲੈਣ ਜਿਸ ਉਤੇ ਉਨ੍ਹਾਂ ਦੇ ਦਸਤਖ਼ਤ ਵੀ ਮੌਜੂਦ ਹਨ।

ਡਾ. ਦਲਜੀਤ ਸਿੰਘ ਚੀਮਾ ਦਾ ਇਹ ਕਹਿਣਾ ਤਾਂ ਬਿਲਕੁਲ ਦਰੁਸਤ ਹੈ ਕਿ ਪਹਿਲੀ ਮਈ 1994 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਸਿੱਖ ਆਗੂਆਂ ਦੀ ਇਕ ਮੀਟਿੰਗ ਵੱਲੋਂ ਪ੍ਰਵਾਨ ਕੀਤੇ ਗਏ 'ਅੰਮ੍ਰਿਤਸਰ ਐਲਾਨਨਾਮੇ' ਉਤੇ ਜਗਦੇਵ ਸਿੰਘ ਤਲਵੰਡੀ, ਸਿਮਰਨਜੀਤ ਸਿੰਘ ਮਾਨ, ਸੁਰਜੀਤ ਸਿੰਘ ਬਰਨਾਲਾ, ਕਰਨਲ ਜਸਮੇਰ ਸਿੰਘ ਬਾਲਾ ਅਤੇ ਭਾਈ ਮਨਜੀਤ ਸਿੰਘ ਸਮੇਤ ਕੈਪਟਨ ਅਮਰਿੰਦਰ ਸਿੰਘ ਨੇ ਦਸਤਖ਼ਤ ਕੀਤੇ ਸਨ। ਸਿਮਰਨਜੀਤ ਸਿੰਘ ਮਾਨ ਇਸ ਦਸਤਾਵੇਜ਼ ਉਤੇ ਦਸਤਖ਼ਤ ਕਰਨ ਵਾਲੇ ਇਕੋ-ਇਕ ਗਰਮਦਲੀਏ ਆਗੂ ਸਨ। ਹੁਣ ਇਤਿਹਾਸ ਬਣ ਚੁੱਕੀ ਇਹ ਘਟਨਾ ਰਿਕਾਰਡ ਉਤੇ ਹੈ ਕਿ 'ਕੈਪਟਨ ਅਮਰਿੰਦਰ ਸਿੰਘ ਨੇ ਇਸ ਮਤੇ ਉਤੇ ਦਸਤਖ਼ਤ ਕਰਨ ਵੇਲੇ ਹੀ ਇਹ ਕਹਿ ਦਿੱਤਾ ਸੀ ਕਿ ਜੇ ਇਸ ਨੂੰ ਖ਼ਾਲਿਸਤਾਨ ਦੀ ਮੰਗ ਵਜੋਂ ਪ੍ਰਚਾਰਿਆ ਗਿਆ ਤਾਂ ਉਹ ਤੁਰੰਤ ਇਸ ਨਾਲੋਂ ਆਪਣਾ ਨਾਤਾ ਤੋੜ ਲੈਣਗੇ।'

ਕੈਪਟਨ ਅਮਰਿੰਦਰ ਸਿੰਘ ਦੇ ਦਸਤਖ਼ਤਾਂ ਵਾਲੇ 'ਅੰਮ੍ਰਿਤਸਰ ਐਲਾਨਨਾਮੇ' ਦਾ ਮੂਲ ਪਾਠ ਇਹ ਸੀ- 'ਸ਼੍ਰੋਮਣੀ ਅਕਾਲੀ ਦਲ ਜਮਹੂਰੀਅਤ ਦੇ ਦਾਇਰਿਆਂ ਵਿਚ ਰਹਿ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਆਧਾਰਿਤ ਪੰਜਾਬੀ ਕੌਮੀ ਤੇ ਸਭਿਆਚਾਰ ਦੇ ਮੋਹਰੀ ਹੋਣ ਵਜੋਂ, ਸਿੱਖ ਕੌਮ ਲਈ ਇਕ ਅਜਿਹੇ ਖਿੱਤੇ ਵਾਸਤੇ ਜੱਦੋ-ਜਹਿਦ ਕਰਨ ਦੇ ਆਪਣੇ ਵਚਨ ਨੂੰ ਦੁਹਰਾਉਂਦਾ ਹੈ ਜਿੱਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣ। ਵੰਡ ਤੋਂ ਪਹਿਲਾਂ ਕਾਂਗਰਸ ਨੇ ਅਜਿਹਾ ਖਿੱਤਾ ਬਣਾਉਣ ਦਾ ਵਾਅਦਾ ਕੀਤਾ ਸੀ, ਪਰ ਅਜੇ ਤਕ ਇਹ ਹੋਂਦ ਵਿਚ ਨਹੀਂ ਆਇਆ। ਕੇਵਲ ਅਜਿਹੇ ਖਿੱਤੇ ਦੇ ਹੋਂਦ ਵਿਚ ਆਉਣ ਨਾਲ ਹੀ ਸਿੱਖ ਕੌਮ ਅਤੇ ਪੰਜਾਬੀਆਂ ਦੀਆਂ ਰੀਝਾਂ ਪੂਰੀਆਂ ਹੋ ਸਕਦੀਆਂ ਹਨ। ਅਜਿਹਾ ਖਿੱਤਾ ਘੱਟ-ਗਿਣਤੀਆਂ ਦੀਆਂ ਭਾਵਨਾਵਾਂ ਨੂੰ ਮੂਰਤੀਮਾਨ ਕਰਨ ਵਿਚ ਸਹਾਈ ਹੋਵੇਗਾ।

ਇਤਿਹਾਸ ਦੇ ਇਸ ਮੋੜ ਉਤੇ ਇਕ ਪਾਸੇ ਦੱਖਣ ਪੂਰਬੀ ਏਸ਼ੀਆ ਬੇਚੈਨ ਹੈ, ਦੂਜੇ ਪਾਸੇ ਪੱਛਮੀ ਕੌਮਾਂ ਵੀ ਆਪਣੀ ਤਕਦੀਰ ਘੜਨ ਲਈ ਕਦਰਾਂ-ਕੀਮਤਾਂ ਦੇ ਨਵੇਂ ਮਾਡਲ ਦੀ ਤਲਾਸ਼ ਵਿਚ ਹਨ। ਇਹ ਕੌਮਾਂ ਆਪਣੇ ਵਿਲੱਖਣ ਸਭਿਆਚਾਰਾਂ ਨੂੰ ਨਵੇਂ ਸਿਰਿਓਂ ਵਿਉਂਤਣ ਲਈ ਵੀ ਯਤਨ ਕਰ ਰਹੀਆਂ ਹਨ। ਅਜਿਹੀ ਹਾਲਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਮੌਜੂਦ ਬ੍ਰਹਿਮੰਡੀ ਏਕਤਾ ਤੇ ਇਕਸੁਰਤਾ, ਸੰਵਾਦ, ਸ਼ਾਇਰਾਨਾ ਤਰਜ਼-ਏ-ਜ਼ਿੰਦਗੀ, ਲੁੱਟ-ਖਸੁੱਟ ਰਹਿਤ ਜ਼ਿੰਦਗੀ ਅਤੇ ਦੂਜਿਆਂ ਨੂੰ ਅਧੀਨ ਰੱਖਣ ਵਾਲੀ ਮਾੜੀ ਬਿਰਤੀ ਤੋਂ ਮੁਕਤ ਖਿੱਤਾ ਹੋਰਨਾਂ ਸਭਿਆਚਾਰਾਂ ਲਈ ਵੀ ਚਾਨਣ ਮੁਨਾਰਾ ਹੋਵੇਗਾ। ਇਸ ਖਿੱਤੇ ਵਿਚ ਸਿੱਖੀ ਜੀਵਨ ਜਾਚ ਉਤੇ ਉਸਰੀਆਂ ਵਿਲੱਖਣ ਧਾਰਮਿਕ, ਆਰਥਿਕ, ਰਾਜਸੀ ਅਤੇ ਸਮਾਜਕ ਸੰਸਥਾਵਾਂ ਇਕ ਪਾਸੇ ਮੌਲਿਕ ਚੇਤਨਤਾ ਨੂੰ ਸਾਕਾਰ ਕਰਨਗੀਆਂ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਇਤਿਹਾਸ ਵਿਚ ਅਜਿਹਾ ਮੌਕਾ ਮੁਹੱਈਆ ਕਰਨਗੀਆਂ ਜੋ ਪਿਛਲੇ ਸਮੇਂ ਵਿਚ ਨਹੀਂ ਮਿਲਿਆ। ਅਜਿਹੀ ਪ੍ਰਾਪਤੀ ਨਾਲ ਸਿੱਖ ਅਤੇ ਪੰਜਾਬੀਅਤ, ਸੰਸਾਰ ਸਭਿਆਚਾਰ ਨੂੰ ਆਪਣੇ ਅਤਿਅੰਤ ਸੁੰਦਰ ਪ੍ਰਗਟਾਵੇ ਰਾਹੀਂ ਗੌਰਵਸ਼ਾਲੀ ਯੋਗਦਾਨ ਦੇ ਸਕੇਗੀ।

ਅਕਾਲੀ ਦਲ ਦਾ ਇਹ ਮੱਤ ਹੈ ਕਿ ਹਿੰਦੁਸਤਾਨ ਵੱਖ ਵੱਖ ਕੌਮੀ ਸਭਿਆਚਾਰਾਂ ਦਾ ਉਪ ਮਹਾਂਦੀਪ ਹੈ ਜਿਸ ਵਿਚ ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਵਿਰਾਸਤ ਅਤੇ ਨਿਵੇਕਲੀ ਮੁੱਖਧਾਰਾ ਹੈ। ਇਸ ਉਪ ਮਹਾਂਦੀਪ ਨੂੰ ਕਨਫੈਡਰਲ ਵਿਧਾਨ (ਢਾਂਚੇ) ਰਾਹੀਂ ਨਵੇਂ ਸਿਰਿਓਂ ਸੰਗਠਿਤ ਕਰਨ ਦੀ ਲੋੜ ਹੈ, ਤਾਂ ਜੋ ਹਰ ਸਭਿਆਚਾਰ ਆਪਣੀ ਪ੍ਰਤਿਭਾ ਅਤੇ ਆਸ਼ਾ ਅਨੁਸਾਰ ਪ੍ਰਫੁੱਲਿਤ ਹੋਵੇ ਅਤੇ ਆਪਣੀ ਵਿਸ਼ੇਸ਼ ਖੁਸ਼ਬੂ ਵਿਸ਼ਵ ਸਭਿਆਚਾਰਾਂ ਦੇ ਬਾਗ਼ ਨੂੰ ਦੇ ਸਕੇ। ਜੇ ਇਸ ਤਰ੍ਹਾਂ ਦਾ ਕਨਫੈਡਰਲ ਨਵ-ਸੰਗਠਨ ਹਿੰਦੁਸਤਾਨੀ ਹਾਕਮਾਂ ਵੱਲੋਂ ਪ੍ਰਵਾਨ ਨਹੀਂ ਕੀਤਾ ਜਾਂਦਾ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਇਕ ਖ਼ੁਦਮੁਖਤਿਆਰ ਰਾਜ ਦੀ ਮੰਗ ਕਰਨ ਅਤੇ ਇਸ ਲਈ ਜੱਦੋ-ਜਹਿਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਵੇਗਾ।'

'ਅੰਮ੍ਰਿਤਸਰ ਐਲਾਨਨਾਮੇ' ਵਿਚ ਕਨਫੈਡਰੇਸ਼ਨ ਦੀ ਕੀਤੀ ਗਈ ਮੰਗ ਸ਼੍ਰੋਮਣੀ ਅਕਾਲੀ ਦਲ ਵੱਲੋਂ 1973 ਵਿਚ ਪਾਸ ਕੀਤੇ ਗਏ ਆਨੰਦਪੁਰ ਸਾਹਿਬ ਮਤੇ ਦਾ ਹੀ ਠੋਸ ਰੂਪ ਹੈ। ਇਸ ਮਤੇ ਵਿਚ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ ਇਸ ਤਰ੍ਹਾਂ ਬਿਆਨ ਕੀਤਾ ਗਿਆ ਸੀ, 'ਖ਼ਾਲਸਾ ਪੰਥ ਦਾ ਰਾਜਸੀ ਉਦੇਸ਼ ਨਿਰਸੰਦੇਹ ਦਸਵੀਂ ਪਾਤਸ਼ਾਹੀ ਦੇ ਧਾਰਮਿਕ ਆਦੇਸ਼ਾਂ ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ ਮਨ ਮੰਦਰ ਅੰਦਰ ਸਮਾਇਆ ਹੋਇਆ ਹੈ ਜਿਸ ਦਾ ਅੰਤਮ ਉਦੇਸ਼ ਖ਼ਾਲਸੇ ਦੀ ਪ੍ਰਮੁੱਖਤਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਬੁਨਿਆਦੀ ਨੀਤੀ, ਸੁਖਾਵਾਂ ਵਾਤਾਵਰਣ ਅਤੇ ਰਾਜਸੀ ਸਿਲਸਲਾ ਕਾਇਮ ਕਰ ਕੇ, ਖ਼ਾਲਸੇ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਪ੍ਰਾਪਤ ਕਰਨਾ ਹੈ।' ਇਥੇ ਇਹ ਵੀ ਧਿਆਨਯੋਗ ਹੈ ਕਿ 'ਅੰਮ੍ਰਿਤਸਰ ਐਲਾਨਨਾਮੇ' ਵਿਚ ਭਾਰਤ ਅੰਦਰ ਕਨਫੈਡਰਲ਼ ਰਾਜਸੀ ਢਾਂਚਾ ਕਾਇਮ ਨਾ ਕਰਨ ਦੀ ਸੂਰਤ ਵਿਚ ਹੀ ਵੱਖਰਾ ਰਾਜ ਕਾਇਮ ਲਈ ਜੱਦੋ-ਜਹਿਦ ਸ਼ੁਰੂ ਕਰਨ ਦੀ ਚਿਤਾਵਨੀ ਦਿੱਤੀ ਗਈ ਸੀ।

ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 22 ਅਪਰੈਲ 1992 ਨੂੰ ਸੰਯੁਕਤ ਰਾਸ਼ਟਰ (ਯੂ.ਐਨ.ਓ.) ਦੇ ਸਕੱਤਰ ਜਨਰਲ ਬੁਤਰਸ-ਬੁਤਰਸ ਘਾਲੀ ਨੂੰ ਦਿੱਤਾ ਗਿਆ ਮੈਮੋਰੰਡਮ ਭਲਾ ਕੀ ਸੀ? ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਨਾਲ 11 ਪੰਨਿਆਂ ਦੇ ਇਸ ਦਸਤਾਵੇਜ਼ ਉਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸਿਮਰਨਜੀਤ ਸਿੰਘ ਮਾਨ, ਸਿੱਖ ਸਟੂਡੈਂਟਸ ਦੇ ਕਾਰਜਕਾਰੀ ਪ੍ਰਧਾਨ ਸੁਖਬੀਰ ਸਿੰਘ ਖ਼ਾਲਸਾ, ਇੰਦਰਪਾਲ ਸਿੰਘ ਖ਼ਾਲਸਾ, ਹਰਚਰਨ ਸਿੰਘ ਦਿੱਲੀ ਅਤੇ ਰਾਜਿੰਦਰ ਸਿੰਘ ਮੋਂਗਾ ਦੇ ਦਸਤਖ਼ਤ ਕੀਤੇ ਹੋਏ ਹਨ। ਇਸ ਮੈਮੋਰੰਡਮ ਦੇ ਆਖ਼ਰੀ ਦੋ ਪੈਰੇ ਹਨ, 'ਸਿੱਖ ਕੌਮ ਜਿਸ ਦੀ ਨੁਮਾਇੰਦਗੀ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ, ਨੂੰ ਯਕੀਨ ਹੋ ਗਿਆ ਹੈ ਕਿ ਭਾਰਤੀ ਸਟੇਟ ਪੰਜਾਬ ਵਿਚ ਆਜ਼ਾਦ ਤੇ ਨਿਰਪੱਖ ਚੋਣਾਂ ਨਹੀਂ ਕਰਾਉਣਾ ਚਾਹੁੰਦੀ। ਇਸ ਨੇ ਹੁਣੇ ਜਿਹੇ ਹੀ ਸਿਰਫ਼ ਅੱਠ ਫ਼ੀਸਦੀ ਵੋਟਾਂ ਹਾਸਲ ਕਰਨ ਵਾਲੀ ਆਪਣੀ ਪਿੱਠੂ ਸਰਕਾਰ ਪੰਜਾਬ ਦੇ ਲੋਕਾਂ ਉੱਤੇ ਠੋਸ ਦਿੱਤੀ ਹੈ। ਸੰਕਟ ਦੀ ਇਸ ਘੜੀ ਵਿਚ ਸਿੱਖ ਕੌਮ ਆਪ ਜੀ ਰਾਹੀਂ ਸੰਸਾਰ ਭਰ ਦੇ ਮੁਲਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਲੋਕਾਂ ਦੀ ਆਵਾਜ਼ ਨੂੰ ਉਚਿਤ ਢੰਗ ਰਾਹੀ ਪ੍ਰਗਟਾਓ ਦੀ ਖੁੱਲ੍ਹ ਪ੍ਰਾਪਤ ਕਰਨ ਅਤੇ ਸਿੱਖ ਕੌਮ ਦੇ ਆਸ਼ਿਆਂ ਅਤੇ ਉਮੰਗਾਂ ਨੂੰ ਪੂਰੀਆਂ ਕਰਨ ਵਿਚ ਮਦਦ ਕਰਨ।

ਆਪਣੇ ਆਰਥਿਕ, ਸਮਾਜਕ, ਰਾਜਨੀਤਕ ਤੇ ਸਭਿਆਚਰਕ ਹੱਕਾਂ ਅਤੇ ਆਜ਼ਾਦੀ ਨੂੰ ਮਾਨਣ ਲਈ ਇਹ ਲਾਜ਼ਮੀ ਹੈ ਕਿ ਪੰਜਾਬ ਨੂੰ ਭਾਰਤੀ ਫ਼ੌਜ ਅਤੇ ਬਸਤੀਵਾਦ ਤੋਂ ਮੁਕਤ ਕੀਤਾ ਜਾਵੇ। ਸੰਸਾਰ ਦੇ ਦੂਜੇ ਆਜ਼ਾਦ ਲੋਕਾਂ ਵਾਂਗੂ ਸਿੱਖ ਕੌਮ, ਯੂ.ਐਨ.ਓ. ਦੇ ਬਸਤੀਵਾਦੀ ਮੁਲਕਾਂ ਤੇ ਲੋਕਾਂ ਨੂੰ ਆਜ਼ਾਦ ਕਰਾਉਣ ਦੇ ਐਲਾਨਨਾਮੇ ਅਨੁਸਾਰ, ਆਜ਼ਾਦ ਅਤੇ ਪ੍ਰਭੂਸਤਾ ਸੰਪੰਨ ਰਾਜ ਦੀ ਮੰਗ ਕਰਦੀ ਹੈ ਤਾਂ ਕਿ ਨਸਲਵਾਦੀ, ਗ਼ੁਲਾਮ, ਬਸਤੀਵਾਦੀ ਅਤੇ ਸੌੜੇ ਸਿਆਸੀ ਸਿਸਟਮ ਤੇ ਢਾਂਚੇ ਦੇ ਸੰਗਲ ਤੋੜੇ ਜਾ ਸਕਣ।'

ਸਪਸ਼ਟ ਹੈ ਕਿ ਹੋਰ ਸਿੱਖ ਆਗੂਆਂ ਦੇ ਨਾਲ ਨਾਲ ਪ੍ਰਕਾਸ਼ ਸਿੰਘ ਬਾਦਲ ਦੇ ਦਸਤਖ਼ਤਾਂ ਵਾਲੇ ਬੁਤਰਸ-ਬੁਤਰਸ ਘਾਲੀ ਨੂੰ ਦਿੱਤੇ ਗਏ ਇਸ ਮੈਮੋਰੰਡਮ ਵਿਚ 'ਆਜ਼ਾਦ ਤੇ ਖ਼ੁਦਮੁਖਤਿਆਰ ਰਾਜ' ਦੀ ਮੰਗ ਬੜੇ ਸਪਸ਼ਟ ਰੂਪ ਵਿਚ ਕੀਤੀ ਗਈ ਹੈ। ਇਤਿਹਾਸ ਦਾ ਹਿੱਸਾ ਬਣ ਚੁੱਕੇ ਇਨ੍ਹਾਂ ਦਸਤਾਵੇਜ਼ਾਂ ਵਿਚ ਸਭ ਕੁਝ ਸਪਸ਼ਟ ਹੋਣ ਕਾਰਨ, ਕਾਂਗਰਸੀ ਤੇ ਅਕਾਲੀ ਆਗੂਆਂ ਦਰਮਿਆਨ ਖ਼ਾਲਿਸਤਾਨ ਦੇ ਮੁੱਦੇ ਉਤੇ ਹੋ ਰਹੀ ਬਿਆਨਬਾਜ਼ੀ ਉਤੇ ਕੋਈ ਟਿੱਪਣੀ ਕਰਨ ਦੀ ਲੋੜ ਹੀ ਨਹੀਂ ਰਹਿ ਜਾਂਦੀ। ਇਸ ਬਿਆਨਬਾਜ਼ੀ ਦੀ ਥਾਂ ਲੋੜ ਇਸ ਗੱਲ ਦੀ ਹੈ ਕਿ ਕਿਸੇ ਖਾਸ ਹਾਲਾਤ ਵਿਚ ਮਜਬੂਰੀਵਸ ਹੋਈ ਕਿਸੇ ਗ਼ਲਤੀ ਨੂੰ ਨੈਤਿਕ ਜੁਰਅਤ ਵਿਖਾਉਂਦਿਆਂ ਮੰਨ ਲਿਆ ਜਾਵੇ, ਕਿਉਂਕਿ ਆਪਣੇ ਦਸਤਖ਼ਤਾਂ ਵਾਲੇ ਇਨ੍ਹਾਂ ਦਸਤਾਵੇਜ਼ਾਂ ਤੋਂ ਕੋਈ ਆਗੂ ਮੁੱਕਰ ਨਹੀਂ ਸਕਦਾ।

# ਦਰਦਮੰਦੀ ਵਾਲੀ ਸਿਆਸਤ ਦਾ ਸੂਹਾ ਪਰਚਮ

ਮੁਕਤਸਰ ਸਾਹਿਬ ਦੀ ਜ਼ਿਲ੍ਹਾ ਅਦਾਲਤ ਨੇ ਦਲਿਤ ਤਬਕੇ ਦੀ ਨਾਬਾਲਗ ਕੁੜੀ ਨਾਲ ਬਲਾਤਕਾਰ ਦੇ ਕੇਸ ਵਿਚ ਤਿੰਨ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਤਿੰਨਾਂ ਦੋਸ਼ੀਆਂ ਨੂੰ ਵੀਹ ਵੀਹ ਸਾਲ ਦੀ ਕੈਦ ਅਤੇ ਅੱਸੀ ਅੱਸੀ ਹਜ਼ਾਰ ਰੁਪਏ ਜੁਰਮਾਨਾ ਹੋਇਆ ਹੈ। ਪੇਂਡੂ ਇਲਾਕੇ ਤੋਂ ਆਏ ਇਸ ਅਦਾਲਤੀ ਫ਼ੈਸਲੇ ਦਾ ਕਾਨੂੰਨੀ ਪੱਖ ਇਨਸਾਫ਼ ਦੀ ਲੜਾਈ ਵਿਚ ਅਹਿਮ ਹੈ। ਬਲਾਤਕਾਰ ਦਾ ਇਹ ਕੇਸ ਮੁਕਤਸਰ ਸਾਹਿਬ ਤੋਂ 22-23 ਕਿਲੋਮੀਟਰ ਦੂਰ ਪਿੰਡ ਗੰਧੜ ਵਿਚ ਜਨਵਰੀ 2014 ਦੌਰਾਨ ਵਾਪਰਿਆ ਸੀ। ਇਸ ਕੇਸ ਨੂੰ ਅਦਾਲਤੀ ਫ਼ੈਸਲੇ ਤੱਕ ਲਿਜਾਣ ਵਾਲੀ ਸਿਆਸੀ-ਸਮਾਜਕ ਲਾਮਬੰਦੀ ਜ਼ਿਆਦਾ ਮਾਅਨੇ ਰੱਖਦੀ ਹੈ। ਇਸੇ ਲਾਮਬੰਦੀ ਦੇ ਨਤੀਜੇ ਵਜੋਂ ਜੇਲ੍ਹਾਂ ਭੁਗਤਣ ਵਾਲੇ ਆਗੂਆਂ ਨੇ ਇਸ ਸੰਘਰਸ਼ ਨੂੰ ਮੁਕਤਸਰ ਸਾਹਿਬ ਦੇ ਸ਼ਾਨਾਮੱਤੇ ਇਤਿਹਾਸ ਦੀ ਕੜੀ ਬਣਾ ਦਿੱਤਾ ਹੈ। ਇਸ ਸੰਘਰਸ਼ ਵਿਚੋਂ ਚਾਲੀ ਮੁਕਤਿਆਂ ਅਤੇ ਮਾਈ ਭਾਗੋ ਦੇ ਵਾਰਸਾਂ ਦੀ ਸ਼ਨਾਖ਼ਤ ਕੀਤੀ ਜਾ ਸਕਦੀ ਹੈ।



ਦਲਜੀਤ ਅਮੀ
ਫੋਨ: +91-97811-21873

ਇਸ ਮਾਮਲੇ ਵਿਚ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਪਹਿਲਕਦਮੀ ਕੀਤੀ। ਮੁਲਜ਼ਮਾਂ ਦਾ ਸਿਆਸੀ ਅਸਰ-ਰਸੂਖ਼ ਮੌਜੂਦਾ ਦੌਰ ਦੀ ਹੁਕਮਰਾਨ ਸਿਆਸਤ ਦੀ ਅਹਿਮ ਕੜੀ ਬਣਦਾ ਸੀ। ਪੁਲਿਸ ਪ੍ਰਸ਼ਾਸਨ ਹੁਕਮਰਾਨ ਵਿਧਾਇਕਾਂ ਜਾਂ ਹਲਕਾ ਇੰਚਾਰਜਾਂ ਦੀ ਪ੍ਰਵਾਨਗੀ ਤੋਂ ਬਿਨਾਂ ਕਾਰਵਾਈ ਨਹੀਂ ਕਰਦੇ। ਨਤੀਜੇ ਵਜੋਂ ਸ਼ਿਕਾਇਤ ਦਰਜ ਕਰਵਾਉਣ ਲਈ ਸੰਘਰਸ਼ ਹੋਇਆ। ਤਿੰਨਾਂ ਮੁਲਜ਼ਮਾਂ ਵਿਚੋਂ ਇਕ ਦਾ ਨਾਮ ਪਰਚੇ ਵਿਚ ਦਰਜ ਕਰਵਾਉਣ ਲਈ ਥਾਣਾ ਲੱਖੇਵਾਲੀ ਤੋਂ ਇੰਸਪੈਕਟਰ ਜਨਰਲ ਤੱਕ ਦੇ ਦਫ਼ਤਰਾਂ ਤੱਕ ਸੰਘਰਸ਼ ਚੱਲਿਆ। ਪੁਲਿਸ ਦਾ ਕੰਮ ਅਜਿਹੇ ਮਾਮਲੇ ਦੇ ਮੁਲਜ਼ਮਾਂ ਦਾ ਮੈਡੀਕਲ ਕਰਵਾਉਣਾ ਹੁੰਦਾ ਹੈ। ਲੋਕਾਂ ਦੇ ਲਗਾਤਾਰ ਦਬਾਅ ਤੋਂ ਬਾਅਦ ਪੁਲਿਸ ਨੇ ਇਹ ਕਾਰਵਾਈ ਕੀਤੀ। ਇਸੇ ਦੌਰਾਨ ਬਠਿੰਡਾ ਰੇਂਜ ਦੇ ਇੰਸਪੈਕਟਰ ਜਨਰਲ ਪਰਮਰਾਜ ਸਿੰਘ ਉਮਰਾਨੰਗਲ ਦੀ ਸਿਫ਼ਾਰਿਸ਼ ਉਤੇ ਪੁਲਿਸ ਸੁਪਰਡੈਂਟ ਮਾਨਸਾ ਨੇ ਜਾਂਚ ਕੀਤੀ ਅਤੇ ਮੁਲਜ਼ਮ ਗੁਰਲਾਲ ਸਿੰਘ ਨੂੰ ਨਿਰਦੋਸ਼ ਕਰਾਰ ਦਿੱਤਾ।

ਪੁਲਿਸ-ਪ੍ਰਸ਼ਾਸਨ ਦੀ ਕਾਰਵਾਈ ਦੌਰਾਨ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਅਗਵਾਈ ਵਿਚ ਧਰਨੇ-ਮੁਜ਼ਾਹਰਿਆਂ ਦਾ ਦੌਰ ਜਾਰੀ ਰਿਹਾ। ਬੀਤੀਆਂ ਲੋਕ ਸਭਾ ਚੋਣਾਂ ਦੌਰਾਨ ਇਹ ਮਾਮਲਾ ਮੁੱਦੇ ਵਜੋਂ ਉਭਰਿਆ। ਤਲਵੰਡੀ ਸਾਬੋ ਦੀ ਜ਼ਿਮਨੀ ਵਿਧਾਨ ਚੋਣ ਦੌਰਾਨ ਵੀ ਇਹ ਮਾਮਲਾ ਭਖਿਆ ਰਿਹਾ। ਮੁੱਖ ਮੰਤਰੀ ਦੇ ਸੰਗਤ ਦਰਸ਼ਨਾਂ ਦੌਰਾਨ ਇਹ ਮਾਮਲਾ ਪੁਲਿਸ ਅਤੇ ਮੁਜ਼ਾਹਰਾਕਾਰੀਆਂ ਦੀਆਂ ਝੜਪਾਂ ਦਾ ਸਬੱਬ ਵੀ ਬਣਦਾ ਰਿਹਾ। ਪੁਲਿਸ ਕਾਰਵਾਈ ਲਈ ਮੁਜ਼ਾਹਰਾਕਾਰੀਆਂ ਨੇ ਮੁੜ ਮੁੜ ਗ੍ਰਿਫ਼ਤਾਰੀਆਂ ਦਿੱਤੀਆਂ। ਇਨ੍ਹਾਂ ਗ੍ਰਿਫ਼ਤਾਰੀਆਂ ਦੀ ਗਿਣਤੀ ਤਕਰੀਬਨ 2500 ਬਣਦੀ ਹੈ। ਮਜ਼ਦੂਰ-ਕਿਸਾਨ ਆਗੂਆਂ ਖ਼ਿਲਾਫ਼ ਮਾਮਲੇ ਦਰਜ ਕੀਤੇ ਗਏ ਅਤੇ 79 ਜੀਆਂ ਨੂੰ ਚਾਰ ਮਹੀਨੇ ਤੱਕ ਜੇਲ੍ਹਾਂ ਅੰਦਰ ਡੱਕਿਆ ਗਿਆ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ ਅਤੇ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਆਗੂ ਸ਼ਿੰਗਾਰਾ ਸਿੰਘ ਮਾਨ ਨੂੰ ਵਾਰ ਵਾਰ ਜ਼ਮਾਨਤਾਂ ਮਿਲਣ ਤੋਂ ਬਾਅਦ ਹੋਰ ਮਾਮਲਿਆਂ ਵਿਚ ਗ੍ਰਿਫ਼ਤਾਰ ਕੀਤਾ ਜਾਂਦਾ ਰਿਹਾ। ਹਰ ਵਾਰ ਉਨ੍ਹਾਂ ਨੂੰ ਜੇਲ੍ਹ ਦੇ ਬਾਹਰੋਂ ਗ੍ਰਿਫ਼ਤਾਰ ਕੀਤਾ ਗਿਆ। ਸ਼ਿੰਗਾਰਾ ਸਿੰਘ ਮਾਨ ਨੇ ਚਾਰ ਮਹੀਨੇ ਤੋਂ ਜ਼ਿਆਦਾ ਜੇਲ੍ਹ ਕੱਟੀ।

ਗ੍ਰਿਫ਼ਤਾਰੀਆਂ ਦੇਣ ਵਾਲੀਆਂ ਬੀਬੀਆਂ ਦੇ ਪਹਿਲੇ ਜਥੇ ਵਿਚ ਦਸਵੀਂ ਦੀ ਵਿਦਿਆਰਥਣ ਮਮਤਾ ਰਾਣੀ, ਸਿਮਰਜੀਤ ਕੌਰ ਛੰਭੂ, ਕ੍ਰਿਸ਼ਨਾ ਰਾਣੀ ਅਤੇ ਪੂਜਾ ਵਰਗੀਆਂ ਕੁੜੀਆਂ ਸ਼ਾਮਿਲ ਸਨ। ਜੇ ਮਜ਼ਦੂਰ ਔਰਤਾਂ ਸਵਰਨਜੀਤ ਕੌਰ ਗੰਧੜ, ਹਰਜੀਤ ਕੌਰ ਖੂਣਣ ਖੁਰਦ ਅਤੇ ਗੁਰਦੇਵ ਕੌਰ ਖੁੰਡੇਹਲਾਲ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਤਾਂ ਕਿਸਾਨ ਔਰਤਾਂ ਪਰਮਜੀਤ ਕੌਰ ਪਿੱਥੋ ਅਤੇ ਬਲਜਿੰਦਰ ਕੌਰ ਮੌੜ ਚੜ੍ਹਤ ਸਿੰਘ ਨੇ ਸੰਘਰਸ਼ਾਂ ਦਾ ਸਾਥ ਜੇਲ੍ਹਾਂ ਤੱਕ ਨਿਭਾਇਆ। ਜੇ ਮਜ਼ਦੂਰ ਆਗੂਆਂ ਸੇਵਕ ਸਿੰਘ ਮਹਿਮਾ ਸਰਜਾ ਅਤੇ ਸੁਖਚੈਨ ਸਿੰਘ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਤਾਂ ਕਿਸਾਨ ਆਗੂਆਂ ਸ਼ਿੰਗਾਰਾ ਸਿੰਘ ਮਾਨ, ਮੋਠੂ ਸਿੰਘ ਕੋਟੜਾ, ਜਗਜੀਤ ਸਿੰਘ ਭੁੰਦੜ ਅਤੇ ਕਾਲਾ ਸਿੰਘ ਪਿੱਥੋ ਨੇ ਜੇਲ੍ਹ ਯਾਤਰਾਵਾਂ ਰਾਹੀਂ ਖੇਤ-ਮਜ਼ਦੂਰ ਦੀ ਜੋਟੀ ਦਾ ਸਾਕ ਮਜ਼ਬੂਤ ਕੀਤਾ।

ਇਨ੍ਹਾਂ ਗ੍ਰਿਫ਼ਤਾਰੀਆਂ ਅਤੇ ਧਰਨਿਆਂ-ਮੁਜ਼ਾਹਰਿਆਂ ਵਿਚੋਂ ਮੌਜੂਦਾ ਲੋਕ ਪੱਖੀ ਸਿਆਸਤ ਦੀਆਂ ਰਮਜ਼ਾਂ ਪੜ੍ਹੀਆਂ ਜਾ ਸਕਦੀਆਂ ਹਨ ਜੋ ਗ਼ਾਲਬ ਸਿਆਸਤ ਨੂੰ 'ਨੀਚਾਂ ਅੰਦਰ ਅਤਿ ਨੀਚ' ਦੇ ਵਿਹੜੇ ਵਿਚੋਂ ਸੁਆਲ ਕਰਦੀ ਹੈ। ਇਹ ਸੰਘਰਸ਼ ਕੁਨਬਾਪ੍ਰਸਤ ਅਤੇ ਕਾਣੀ-ਵੰਡ ਵਾਲੀ ਅਕਾਲੀ-ਭਾਜਪਾ-ਕਾਂਗਰਸ ਸਿਆਸਤ ਨੂੰ ਵੱਢ ਮਾਰ ਕੇ ਦਰਦਮੰਦੀ ਦੀ ਸਿਆਸਤ ਨੂੰ ਪੇਸ਼ ਕਰਦਾ ਹੈ। ਇਸ ਸੰਘਰਸ਼ ਨੇ ਪੰਜਾਬ ਦੇ ਇਤਿਹਾਸ ਵਿਚ ਖੇਤ ਮਜ਼ਦੂਰ ਦੇ ਮੁੱਦੇ ਉਤੇ ਕਿਸਾਨ ਔਰਤਾਂ ਦੀਆਂ ਗ੍ਰਿਫ਼ਤਾਰੀਆਂ ਰਾਹੀਂ ਨਵੀਂ ਰੀਤ ਦਰਜ ਕੀਤੀ ਹੈ। ਜਾਤੀ ਗ਼ਲਬੇ ਨੂੰ ਤੋੜ ਕੇ ਮਜ਼ਦੂਰਾਂ-ਕਿਸਾਨਾਂ ਦੀ ਜੋਟੀ ਨੇ ਦਲਿਤ ਔਰਤ ਦੀ ਇੱਜ਼ਤ ਨੂੰ ਸਮਾਜਕ-ਸਿਆਸੀ ਸੁਆਲ ਵਜੋਂ ਕਬੂਲ ਕੀਤਾ ਹੈ। ਇਸ ਸੁਆਲ ਨੂੰ ਸਿਧਾਂਤਕ ਚਰਚਾ ਵਿਚੋਂ ਬਾਹਰ ਕੱਢ ਕੇ ਸੰਘਰਸ਼ ਦੇ ਪਿੜ ਵਿਚ ਲਿਆਂਦਾ ਹੈ ਅਤੇ ਕੁਰਬਾਨੀਆਂ ਨਾਲ ਸਿੰਜਿਆ ਹੈ। ਬੀਬੀਆਂ ਦੀਆਂ ਗ੍ਰਿਫ਼ਤਾਰੀਆਂ ਰਾਹੀਂ ਇਹ ਧਾਰਨਾ ਪੇਸ਼ ਕਰ ਦਿੱਤੀ ਗਈ ਹੈ ਕਿ ਸਮਾਜਕ ਬਰਾਬਰੀ ਦੀ ਸਿਆਸਤ ਤੁਕਾਂ ਦੇ ਹਵਾਲੇ ਨਾਲ ਨਹੀਂ, ਸਗੋਂ ਸੰਘਰਸ਼ਾਂ ਦੇ ਅਮਲਾਂ ਨਾਲ ਚਲਦੀ ਹੈ।



ਇਸ ਸੰਘਰਸ਼ ਵਿਚ ਮੁਲਜ਼ਮ ਤੋਂ ਦੋਸ਼ੀ ਤੱਕ ਦਾ ਸਫ਼ਰ ਤੈਅ ਕਰਨ ਵਾਲੀ ਧਿਰ ਨੂੰ ਗੰਧੜ ਪਿੰਡ ਦੇ ਤਿੰਨ ਮੁੰਡਿਆਂ ਤੱਕ ਮਹਿਦੂਦ ਕਰਨਾ ਗ਼ਲਤੀ ਹੋਵੇਗੀ। ਇਸ ਮਾਮਲੇ ਵਿਚ ਜੇ ਪੁਲਿਸ ਨੇ ਉਨ੍ਹਾਂ ਦਾ ਪੱਖ ਪੂਰਿਆ ਹੈ, ਤਾਂ ਇਸ ਵਿਚ ਹੁਕਮਰਾਨ ਸਿਆਸੀ ਪਾਰਟੀ ਦੀ ਸਰਪ੍ਰਸਤੀ ਹੈ ਜੋ ਜੱਟ ਹੋਣ ਦੇ ਨਾਲ-ਨਾਲ ਆਪਣੇ ਸਰਦੇ-ਪੁੱਜਦੇ ਹੋਣ ਦਾ ਮਾਣ ਕਰਦੀ ਹੈ। ਇਸ ਮਾਮਲੇ ਵਿਚੋਂ ਹੁਕਮਰਾਨ ਧਿਰ ਦੀ ਸਿਆਸਤ ਦੇ ਸਾਰੇ ਲੱਛਣ ਪਛਾਣੇ ਜਾ ਸਕਦੇ ਹਨ। ਇਹੋ ਸਿਆਸੀ ਨਿਜ਼ਾਮ ਆਪਣੀਆਂ ਬੁਨਿਆਦੀ ਕੜੀਆਂ ਦੀ ਰਾਖੀ ਲਈ ਪੁਲਿਸ-ਪ੍ਰਸ਼ਾਸਨ ਨੂੰ ਕਾਨੂੰਨ ਦੀ ਨਜ਼ਰਅੰਦਾਜ਼ੀ ਲਈ ਸਰਗਰਮ ਕਰਦਾ ਹੈ। ਗੰਧੜ ਵਿਚ ਦਲਿਤ ਬਰਾਦਰੀ ਨੂੰ ਸਮਾਜ ਵਿਚੋਂ ਛੇਕਣ ਦਾ ਨਾਕਾਮਯਾਬ ਉਪਰਾਲਾ ਕੀਤਾ ਗਿਆ। ਜਾਤੀ ਵੰਡ ਦਾ ਸ਼ਿਕਾਰ ਸਮਾਜ ਰੋਟੀ-ਬੇਟੀ ਦੀ ਸਾਂਝ ਨਹੀਂ ਰੱਖਦਾ, ਪਰ ਸਮਾਜ ਵਿਚੋਂ ਛੇਕਣ ਦਾ ਖ਼ੌਫ਼ ਕਾਇਮ ਰੱਖਦਾ ਹੈ। ਇਸ ਦਾ ਸਿੱਧਾ ਜਿਹਾ ਮਤਲਬ ਤਾਂ ਸਮਾਜਕ-ਸਿਆਸੀ ਦਾਬੇ ਨੂੰ ਅਰਥਚਾਰੇ ਰਾਹੀਂ ਮਜ਼ਬੂਤ ਕਰਨਾ ਹੈ। ਇਸ ਤਰ੍ਹਾਂ ਗੰਧੜ ਵਾਲਾ ਸੰਘਰਸ਼ ਸਭ ਤੋਂ ਕਮਜ਼ੋਰ ਔਰਤ ਦੇ ਪੱਖ ਵਿਚ ਸਮਾਜਕ-ਸਿਆਸੀ-ਆਰਥਿਕ ਗ਼ਲਬੇ ਖ਼ਿਲਾਫ਼ ਲੜਾਈ ਹੈ। 'ਨੀਚਾਂ ਅੰਦਰ ਅਤਿ ਨੀਚ' ਦੀ ਇਸ ਸਿਆਸਤ ਨੂੰ ਮੁਕਤਸਰ ਸਾਹਿਬ ਦਾ ਇਤਿਹਾਸਕ ਮੈਦਾਨ ਮਿਲਿਆ। ਇਸ ਵਿਚੋਂ ਚਾਲੀ ਮੁਕਤਿਆਂ ਅਤੇ ਮਾਈ ਭਾਗੋ ਦੀ ਵਿਰਾਸਤ ਦੇ ਨਕਸ਼ ਸਾਫ਼ ਵੇਖੇ ਜਾ ਸਕਦੇ ਹਨ। ਕਿਸਾਨ ਆਗੂਆਂ ਅਤੇ ਕਾਰਕੁਨਾਂ ਨੇ ਇਸ ਸੰਘਰਸ਼ ਦੀ ਭੱਠੀ ਵਿਚ ਪਿੰਡਾ ਤਪਾ ਕੇ ਆਪਣੇ-ਆਪ ਨੂੰ ਜੱਟ ਹਉਮੈ ਤੋਂ ਮੁਕਤ ਕੀਤਾ ਹੈ। ਇਹ ਮੁਕਤੇ ਆਪਣੇ ਸਿਧਾਂਤ ਨਾਲ ਇੱਕ-ਮਿੱਕ ਹੋ ਗਏ ਹਨ। ਅਤਿਵਾਦ ਦੀ ਦਹਿਸ਼ਤ ਨੂੰ ਆਪਣੇ ਪਿੰਡੇ ਉਤੇ ਹੰਢਾਉਣ ਵਾਲਾ ਪਿੰਡ ਸੇਵੇਵਾਲਾ ਮੁੜ ਕੇ ਲਛਮਣ ਸਿੰਘ ਰਾਹੀਂ ਸੰਘਰਸ਼ ਦਾ ਅਗਵਾਨ ਬਣਿਆ ਹੈ।

ਗੰਧੜ ਕਾਂਡ ਬਾਰੇ ਅਦਾਲਤੀ ਫ਼ੈਸਲਾ ਸੰਘਰਸ਼ ਦੀਆਂ ਪ੍ਰਾਪਤੀਆਂ ਵਿਚੋਂ ਇਕ ਹੈ ਪਰ ਇਹ ਮੌਜੂਦਾ ਨਿਜ਼ਾਮ ਦੀ ਹਾਰ ਹੈ। ਜੇ ਹੁਕਮਰਾਨ ਅਦਾਰਿਆਂ ਵਿਚੋਂ ਸੰਘਰਸ਼ ਜਿੱਤਿਆ ਹੈ, ਤਾਂ ਨਿਜ਼ਾਮ ਦੀ ਹਰ ਘੇਰਾਬੰਦੀ ਨਾਕਾਮਯਾਬ ਸਾਬਤ ਹੋਈ ਹੈ। ਪੁਲਿਸ-ਪ੍ਰਸ਼ਾਸਨ ਤੋਂ ਸਮਾਜਕ ਦਾਬੇ ਅਤੇ ਸਿਆਸੀ ਅਸਰ-ਰਸੂਖ਼ ਦਾ ਹਰ ਹਰਬਾ ਵਰਤਿਆ ਗਿਆ ਹੈ। ਜੇਲ੍ਹਾਂ-ਥਾਣੇ ਜ਼ੋਰਾਵਰਾਂ ਦੇ ਪੱਖ ਵਿਚ ਭੁਗਤੇ ਹਨ। ਜੇ ਇਖ਼ਲਾਕ ਦੇ ਸੁਆਲ ਨਿਜ਼ਾਮ ਲਈ ਬੇਮਾਅਨੇ ਨਾ ਹੁੰਦੇ ਤਾਂ ਇਹ ਨਿਜ਼ਾਮ ਦੀ ਇਖ਼ਲਾਕੀ ਹਾਰ ਮੰਨੀ ਜਾਣੀ ਸੀ। ਜਾਤੀ ਗ਼ਲਬੇ ਦੀ ਮੂੰਹ-ਤੋੜਵੀਂ ਹਾਰ ਦੇ ਬਾਵਜੂਦ ਇਸ ਫ਼ੈਸਲੇ ਦੇ ਜਾਤੀ-ਪਛਾਣ ਦੇ ਪ੍ਰਵਚਨਾਂ ਦਾ ਹਿੱਸਾ ਬਣ ਜਾਣ ਦੀ ਸੰਭਾਵਨਾ ਘੱਟ ਹੈ। ਕਾਰਨ ਸਾਫ਼ ਹੈ। ਇਹ ਜਾਤੀ ਪਛਾਣ ਨੂੰ ਕਾਇਮ ਰੱਖਣ ਦਾ ਨਹੀਂ, ਸਗੋਂ ਇਸ ਕੋਹੜ ਦਾ ਫਸਤਾ ਵੱਢਣ ਵਾਲਾ ਸੰਘਰਸ਼ ਹੈ। ਇਸ ਵਿਚ ਸ਼ਾਮਿਲ ਹੋਣ ਦੀ ਯੋਗਤਾ ਜਾਤੀ-ਜਮਾਤੀ ਪਛਾਣ ਵਿਚੋਂ ਬਾਹਰ ਨਿਕਲ ਕੇ ਮਨੁੱਖੀ ਬਰਾਬਰੀ ਦੀ ਪਛਾਣ ਨੂੰ ਬੁਲੰਦ ਕਰਨਾ ਹੈ। ਇਹ 'ਸਰਬੱਤ ਦੇ ਭਲੇ' ਦੀ ਅਰਦਾਸ ਨੂੰ ਅਮਲੀ ਜਾਮਾ ਪਹਿਨਾਉਣ ਅਤੇ ਇਨਕਲਾਬ ਦੀ ਨੀਂਹ ਭਰਨ ਦਾ ਕੰਮ ਹੈ ਜੋ ਮਨੁੱਖ ਨੂੰ ਸ਼ਰਧਾ ਅਤੇ ਦਾਬੇ ਦੀ ਜ਼ਲਾਲਤ ਵਿਚੋਂ ਕੱਢ ਕੇ ਦਲੀਲ ਅਤੇ ਬੁਲੰਦੀ ਨਾਲ ਜੋੜਦਾ ਹੈ।

ਮੁਕਤਸਰ ਸਾਹਿਬ ਦੇ ਅਦਾਲਤੀ ਫ਼ੈਸਲੇ ਨਾਲ ਇਸ ਸੰਘਰਸ਼ ਨੇ ਪੰਜਾਬ ਉਤੇ ਲਾਗੂ ਨਹੀਂ ਹੋ ਜਾਣਾ। ਇਸ ਨਾਲ ਇਸ ਸੰਘਰਸ਼ ਵਾਲੀ ਸਿਆਸਤ ਵਿਚ ਕੋਈ ਫ਼ੌਰੀ ਉਭਾਰ ਨਹੀਂ ਆਉਣਾ, ਪਰ ਕੁਝ ਸਬਕ ਸਾਫ਼ ਹਨ ਜੋ ਸਿਆਸਤ ਦੇ ਲੋਕ ਪੱਖੀ ਖ਼ਾਸੇ ਦੀ ਨਿਸ਼ਾਨਦੇਹੀ ਕਰ ਸਕਦੇ ਹਨ। ਮੌਜੂਦਾ ਨਿਜ਼ਾਮ ਕਾਨੂੰਨ ਅਤੇ ਧਰਮ ਦੇ ਹਵਾਲੇ ਨਾਲ ਜਾਤੀ ਵਿਤਕਰੇ ਦੀ ਨਿਖੇਧੀ ਕਰਦਾ ਹੈ, ਪਰ ਅਮਲਾਂ ਰਾਹੀਂ ਇਸੇ ਨੂੰ ਮਜ਼ਬੂਤ ਕਰਦਾ ਹੈ। ਜਾਤੀ ਪਛਾਣ ਵਾਲੀ ਸਿਆਸਤ ਇਸੇ ਕਾਣੀ-ਵੰਡ ਨੂੰ ਮਾਣ ਬਣਾ ਕੇ ਪੇਸ਼ ਕਰਦੀ ਹੈ ਅਤੇ ਵੰਡੀ ਕਾਇਮ ਰੱਖਦੀ ਹੋਈ ਆਪਣੀ ਹਿੱਸੇਦਾਰੀ ਦੇ ਹਕੂਕ ਮੰਗਦੀ ਹੈ। ਗੰਧੜ ਦਾ ਸੰਘਰਸ਼ ਇਨ੍ਹਾਂ ਦੋਵਾਂ ਧਾਰਨਾਵਾਂ ਉਤੇ ਕਾਟਾ ਫੇਰਦਾ ਹੈ ਅਤੇ ਸਮਾਜ ਦੇ ਹਰ ਤਬਕੇ ਲਈ ਮੁਕਤੀ ਦਾ ਰਾਹ ਦਰਸਾਵਾ ਬਣਦਾ ਹੈ। ਮਨੁੱਖ ਦੀ ਬੁਨਿਆਦੀ ਪਛਾਣ ਮਨੁੱਖ ਹੋਣਾ ਹੈ। ਗੰਧੜ ਵਾਲਾ ਸੰਘਰਸ਼ ਇਸੇ ਪਛਾਣ ਦੇ ਨੇੜੇ ਢੁਕਦਾ ਹੈ। ਇਸ ਸੰਘਰਸ਼ ਵਿਚ ਨਿਮਾਣਿਆਂ ਦਾ ਮਾਣ ਅਤੇ ਨਿਤਾਣਿਆ ਦਾ ਤਾਣ ਬੁਨਿਆਦੀ ਮਸਲੇ ਬਣਦੇ ਹਨ। ਇਨ੍ਹਾਂ ਬੁਨਿਆਦੀ ਮਸਲਿਆਂ ਉਤੇ ਪਹਿਲਕਦਮੀ ਸਮਾਜਕ ਫ਼ਰਜ਼ ਵਜੋਂ ਉਭਰਦਾ ਹੈ ਅਤੇ ਸਿਆਸਤ ਦੀ ਮੁਢਲੀ ਤੰਦ ਵਜੋਂ ਪ੍ਰਵਾਨ ਹੁੰਦਾ ਹੈ। ਜਾਤੀ-ਵੰਡ ਸਮਾਜ ਵਿਚ ਛੇਕੇ ਲੇਖੇ ਜੋੜਨ ਦਾ ਉਪਰਾਲਾ ਸੰਘਰਸ਼ਾਂ ਦੀ ਭੱਠੀ ਵਿਚ ਤੇਰ-ਮੇਰ ਦੀ ਪਿਰਤ ਦਾ ਝੋਕਾ ਬਾਲ ਕੇ ਸਿਰੇ ਚੜ੍ਹਦਾ ਹੈ। ਸੰਘਰਸ਼ਾਂ ਦੀ ਭੱਠੀ ਵਿਚ ਤਪਿਆ ਪਿੰਡਾ ਜਾਤੀ ਪਛਾਣ ਵਿਚੋਂ ਨਿਕਲ ਕੇ ਮਨੁੱਖਾ ਜੂਨ ਵਿਚ ਪੈ ਸਕਦਾ ਹੈ।

# ਖੇਤੀ ਸੰਕਟ ਬਨਾਮ ਸਰਕਾਰਾਂ ਦਾ ਸੰਕਟ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਜੁਮਲਿਆਂ ਦਾ ਬੜਾ ਸ਼ੌਕ ਹੈ, ਖ਼ਾਸ ਤੌਰ 'ਤੇ ਉਧਾਰ ਦੇ ਜੁਮਲਿਆਂ ਦਾ। ਇਸ ਵਾਰ ਉਨ੍ਹਾਂ ਨੇ 'ਦੂਜੀ ਹਰੀ ਕ੍ਰਾਂਤੀ' ਦਾ ਸੱਦਾ ਦਿੱਤਾ ਹੈ। ਹਜ਼ਾਰੀ ਬਾਗ ਨੇੜੇ ਭਾਰਤੀ ਖੇਤੀ ਖੋਜ ਸੰਸਥਾ ਦਾ ਉਦਘਾਟਨ ਕਰਦਿਆਂ ਪ੍ਰਧਾਨ ਮੰਤਰੀ ਨੇ 'ਪਰ ਡ੍ਰਾਪ, ਮੋਰ ਕ੍ਰਾਪ' ਭਾਵ ਹਰ ਬੂੰਦ ਨਾਲ ਵਧੇਰੇ ਫਸਲ ਦੀ ਪੈਦਾਵਾਰ ਦਾ ਨਾਅਰਾ ਦਿੱਤਾ। ਨਾਅਰਿਆਂ ਵਿਚ ਕੋਈ ਬੁਰਾਈ ਨਹੀਂ ਹੈ, ਬਸ਼ਰਤੇ ਉਨ੍ਹਾਂ ਪਿੱਛੇ ਕੋਈ ਨਵੀਂ ਸੋਚ ਹੋਵੇ। ਨੀਤੀ ਹੋਵੇ, ਨੀਅਤ ਹੋਵੇ। ਪ੍ਰਧਾਨ ਮੰਤਰੀ ਦੀਆਂ ਗੱਲਾਂ ਪਿੱਛੇ ਅਜਿਹਾ ਕੁਝ ਨਜ਼ਰ ਨਹੀਂ ਆਉਂਦਾ। ਉਨ੍ਹਾਂ ਨੇ ਭਰੋਸਾ ਜ਼ਾਹਰ ਕੀਤਾ ਕਿ ਇਹ ਦੂਜੀ ਹਰੀ ਕ੍ਰਾਂਤੀ ਪੂਰਬੀ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਉੜੀਸਾ ਅਤੇ ਬੰਗਾਲ ਵਿਚ ਆਵੇਗੀ, ਪਰ ਇਹ ਨਹੀਂ ਦੱਸਿਆ ਕਿ ਇਸ ਭਰੋਸੇ ਦਾ ਆਧਾਰ ਕੀ ਹੈ? ਦੇਸ਼ ਦੇ ਗਰੀਬ ਬਦਹਾਲ ਕਿਸਾਨਾਂ ਦਾ ਵੱਡਾ ਹਿੱਸਾ ਇਸ ਇਲਾਕੇ ਵਿਚ ਖੇਤੀ ਕਰਦਾ ਹੈ। ਜ਼ਾਹਰ ਹੈ, ਇਸ ਇਲਾਕੇ ਵਿਚ ਖੇਤੀ ਦੀ ਬਿਹਤਰੀ ਨਾਲ ਪੂਰੇ ਮੁਲਕ ਨੂੰ ਫਾਇਦਾ ਹੈ। ਇਹ ਗੱਲ ਤਾਂ ਹਰ ਕੋਈ ਜਾਣਦਾ ਹੈ। ਪ੍ਰਧਾਨ ਮੰਤਰੀ ਨੇ ਇਹ ਵੀ ਨਹੀਂ ਦੱਸਿਆ ਕਿ ਮੀਂਹ ਆਧਾਰਿਤ ਖੇਤੀ ਵਾਲੇ ਇਸ ਇਲਾਕੇ ਲਈ ਉਨ੍ਹਾਂ ਕੋਲ ਕੀ ਯੋਜਨਾ ਹੈ। ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਇਨ੍ਹਾਂ ਨਾਅਰਿਆਂ ਅਤੇ ਸੱਦਿਆਂ ਨੂੰ ਸੁਣ ਕੇ ਬਦੋਬਦੀ 60 ਦੇ ਦਹਾਕੇ ਵਿਚ ਲਿਖੇ ਗਏ ਹਿੰਦੀ ਨਾਵਲ 'ਰਾਗ ਦਰਬਾਰੀ' ਦੀ ਯਾਦ ਆ ਜਾਂਦੀ ਹੈ।



ਯੋਗੇਂਦਰ ਯਾਦਵ

ਅਸਲੀ ਦਿੱਕਤ ਸਿਰਫ ਸਰਕਾਰੀ ਭਾਸ਼ਾ ਦੀ ਨਹੀਂ ਹੈ, ਅਸਲੀ ਸੰਕਟ ਉਧਾਰੀ ਭਾਸ਼ਾ ਦਾ ਹੈ। ਖੇਤੀ ਖੋਜ ਬਾਰੇ ਪ੍ਰਧਾਨ ਮੰਤਰੀ ਨੇ ਉਹੀ ਸਾਰੀਆਂ ਗੱਲਾਂ ਕਹੀਆਂ ਜੋ ਸਾਰੇ ਮੰਤਰੀ-ਪ੍ਰਧਾਨ ਮੰਤਰੀ ਪਤਾ ਨਹੀਂ ਕਦੋਂ ਦੇ ਦੁਹਰਾ ਰਹੇ ਹਨ, ਜਿਨ੍ਹਾਂ ਨੂੰ ਸੁਣ ਕੇ ਕਿਸਾਨਾਂ ਦੇ ਕੰਨ ਪੱਕ ਚੁੱਕੇ ਹਨ- ਆਧੁਨਿਕ ਅਤੇ ਵਿਗਿਆਨਕ ਖੇਤੀ, ਉਤਪਾਦਕਤਾ ਵਧਾਉਣ ਲਈ ਮੁਕੰਮਲ ਯੋਜਨਾ, ਖੋਜ ਦੇ ਨਾਲ ਨਾਲ ਸਿਖਲਾਈ, ਮਿੱਟੀ ਜਾਂਚ ਕੇਂਦਰ, ਯੂਰੀਆ ਉਤਪਾਦਨ ਨੂੰ ਉਤਸ਼ਾਹ ਆਦਿ-ਆਦਿ। ਆਪਣੇ ਰਾਸ਼ਟਰਵਾਦ 'ਤੇ ਮਾਣ ਕਰਨ ਵਾਲੀ ਇਸ ਸਰਕਾਰ ਦੇ ਪ੍ਰਧਾਨ ਮੰਤਰੀ ਇਸ ਸਵਾਲ 'ਤੇ ਕੁਝ ਨਹੀਂ ਬੋਲੇ ਕਿ ਭਾਰਤ ਦੀ ਖੇਤੀ ਬਾਰੇ ਉਨ੍ਹਾਂ ਦੀ ਸਰਕਾਰ ਦੀ ਸਵਦੇਸ਼ੀ ਸੋਚ ਕੀ ਹੈ? ਕੀ ਭਾਰਤੀ ਕਿਸਾਨਾਂ ਨੂੰ ਅਮਰੀਕੀ ਖੇਤੀ ਦੇ ਇਤਿਹਾਸ ਦੀ ਨਕਲ ਕਰਨ ਦਾ ਸਰਾਪ ਮਿਲਿਆ ਹੋਇਆ ਹੈ? ਕੀ ਭਾਰਤੀ ਖੇਤੀ ਅਮਰੀਕੀ ਮਾਹਿਰਾਂ ਦੀ ਵਿਚਾਰਧਾਰਕ ਖੁਰਾਕ 'ਤੇ ਹੀ ਚੱਲੇਗੀ?

ਦੂਜੀ ਹਰੀ ਕ੍ਰਾਂਤੀ ਦਾ ਮੁਹਾਵਰਾ ਇਸੇ ਉਧਾਰ ਦੀ ਸੋਚ ਦਾ ਨਮੂਨਾ ਹੈ। ਇਸ ਮੁਹਾਵਰੇ ਦੀ ਵਰਤੋਂ ਕਰਨ ਵਾਲੇ ਅਕਸਰ ਇਹ ਜਾਣਦੇ ਵੀ ਨਹੀਂ ਕਿ ਜਿਸ ਨੂੰ ਅਸੀਂ ਹਰੀ ਕ੍ਰਾਂਤੀ ਕਹਿੰਦੇ ਹਾਂ, ਉਹ ਕੀ ਸੀ? 60 ਦੇ ਦਹਾਕੇ ਦੇ ਅੰਤ ਵਿਚ ਮੁਲਕ ਵਿਚ ਅਨਾਜ ਦਾ ਸੰਕਟ ਸੀ। ਅਸੀਂ ਅਮਰੀਕੀ ਸਰਕਾਰ ਤੋਂ ਅਨਾਜ ਮੰਗਣ ਲਈ ਮਜਬੂਰ ਸਾਂ। ਬਦਲੇ ਵਿਚ ਅਮਰੀਕਾ ਦਾ ਰਾਸ਼ਟਰਪਤੀ ਅਪਮਾਨਜਨਕ ਸ਼ਰਤਾਂ ਲਗਾ ਰਿਹਾ ਸੀ। ਇਸ ਸੂਰਤ ਕਿਸੇ ਵੀ ਤਰ੍ਹਾਂ ਅਨਾਜ ਉਤਪਾਦਨ ਨੂੰ ਵਧਾ ਕੇ ਵਿਦੇਸ਼ੀ ਨਿਰਭਰਤਾ ਖ਼ਤਮ ਕਰਨ ਦੀ ਰਣਨੀਤੀ ਦਾ ਹੀ ਨਾਂ ਸੀ ਹਰੀ ਕ੍ਰਾਂਤੀ। ਤ੍ਰਾਸਦੀ ਇਹ ਸੀ ਕਿ ਇਹ ਰਣਨੀਤੀ ਵੀ ਕੁਝ ਅਮਰੀਕੀ ਖੇਤੀ ਵਿਗਿਆਨਕਾਂ ਵੱਲੋਂ ਬਣਾਈ ਹੋਈ ਸੀ। ਇਸ ਦਾ ਪਹਿਲਾ ਸਫਲ ਤਜਰਬਾ ਮੈਕਸੀਕੋ ਵਿਚ ਹੋਇਆ ਸੀ। ਫਿਰ ਇਸ ਨੂੰ ਭਾਰਤ ਬਰਾਮਦ ਕਰ ਦਿੱਤਾ ਗਿਆ।

ਇਸ ਰਣਨੀਤੀ ਤਹਿਤ ਸਰਕਾਰ ਨੇ ਆਪਣਾ ਸਾਰਾ ਧਿਆਨ ਅਤੇ ਸਾਧਨ ਕੁਝ ਫ਼ਸਲਾਂ ਅਤੇ ਕੁਝ ਇਲਾਕਿਆਂ 'ਤੇ ਲਾ ਦਿੱਤੇ। ਸਭ ਤੋਂ ਵਧੇਰੇ ਜ਼ੋਰ ਕਣਕ ਦੀ ਪੈਦਾਵਾਰ ਵਧਾਉਣ 'ਤੇ ਲਾਇਆ ਗਿਆ। ਜਿਨ੍ਹਾਂ ਇਲਾਕਿਆਂ 'ਚ ਖੇਤੀ ਦੀ ਹਾਲਤ ਪਹਿਲਾਂ ਹੀ ਕੁਝ ਬਿਹਤਰ ਸੀ, ਉਥੇ ਹੋਰ ਜ਼ਿਆਦਾ ਧਿਆਨ ਅਤੇ ਪੈਸਾ ਲਾਇਆ ਗਿਆ। ਕਿਸਾਨਾਂ ਨੂੰ ਵੱਧ ਪੈਦਾਵਾਰ ਵਾਲੇ ਬੀਜ ਅਤੇ ਖੇਤੀ ਤਕਨੀਕਾਂ ਮੁਹੱਈਆ ਕਰਾਈਆਂ ਗਈਆਂ। ਸਰਕਾਰੀ ਮਦਦ ਨਾਲ ਖੇਤੀ 'ਤੇ ਵੱਡਾ ਪੂੰਜੀ ਨਿਵੇਸ਼ ਹੋਇਆ। ਸਿੰਜਾਈ ਦੀਆਂ ਸਹੂਲਤਾਂ ਦਿੱਤੀਆਂ ਗਈਆਂ। ਸਸਤੀ ਰਸਾਇਣਕ ਖਾਦ ਅਤੇ ਕੀਟਨਾਸ਼ਕ ਮੁਹੱਈਆ ਕਰਵਾਏ ਗਏ।

ਹਰੀ ਕ੍ਰਾਂਤੀ ਕਾਰਨ ਬੇਸ਼ੱਕ ਮੁਲਕ ਦਾ ਅਨਾਜ ਉਤਪਾਦਨ ਤੇਜ਼ੀ ਨਾਲ ਵਧ ਗਿਆ। ਅਨਾਜ ਲਈ ਵਿਦੇਸ਼ੀ ਨਿਰਭਰਤਾ ਖ਼ਤਮ ਹੋ ਗਈ। 40 ਸਾਲਾਂ ਵਿਚ ਕਣਕ ਦੀ ਪੈਦਾਵਾਰ 7 ਗੁਣਾਂ ਤੱਕ ਵਧ ਗਈ, ਪਰ ਮੁਲਕ ਨੂੰ ਇਸ ਰਣਨੀਤੀ ਦੀ ਭਾਰੀ ਕੀਮਤ ਵੀ ਅਦਾ ਕਰਨੀ ਪਈ। ਖੇਤੀ ਵਿਚ ਅਤੇ ਪੂਰੇ ਦੇਸ਼ ਦੀ ਆਰਥਿਕਤਾ ਵਿਚ ਖੇਤਰੀ ਅਸੰਤੁਲਨ ਵਧ ਗਿਆ। ਪਹਿਲਾਂ ਤੋਂ ਹੀ ਖ਼ੁਸ਼ਹਾਲ ਇਲਾਕੇ ਹੋਰ ਖ਼ੁਸ਼ਹਾਲ ਹੋ ਗਏ। ਪਛੜੇ ਇਲਾਕਿਆਂ ਨੂੰ ਉੱਪਰ ਉਠਾਉਣ ਲਈ ਸਾਧਨ ਨਾ ਮਿਲੇ। ਕਣਕ ਅਤੇ ਚੌਲ ਤਾਂ ਵਧੇ ਪਰ ਪੌਸ਼ਟਿਕ ਮੋਟਾ ਅਨਾਜ ਸਾਡੀ ਖੁਰਾਕ ਵਿਚੋਂ ਗਾਇਬ ਹੋਣ ਲੱਗਾ। ਪਹਿਲੇ ਕੁਝ ਸਾਲ ਤਾਂ ਪੈਦਾਵਾਰ ਜਾਦੂਈ ਤਰੀਕੇ ਨਾਲ ਵਧੀ। ਫਿਰ ਹੌਲੀ ਹੁੰਦੀ ਗਈ ਤੇ ਹੁਣ ਪਿਛਲੇ ਦਹਾਕੇ ਦੀ ਜਿਉਂ ਦੀ ਤਿਉਂ ਹੈ। ਉਲਟਾ ਹਰਿਆਣਾ ਤੇ ਪੰਜਾਬ ਵਰਗੇ ਹਰੀ ਕ੍ਰਾਂਤੀ ਦੇ ਟਾਪੂਆਂ ਵਿਚ ਹੁਣ ਇਸ ਕ੍ਰਾਂਤੀ ਦੇ ਨਾਂਹ-ਪੱਖੀ ਪ੍ਰਭਾਵ ਨਜ਼ਰ ਆਉਣ ਲੱਗੇ ਹਨ। ਜ਼ਹਿਰੀਲੇ ਰਸਾਇਣਾਂ ਨਾਲ ਮਿੱਟੀ ਦੀ ਪੈਦਾਵਾਰ ਘਟਣ ਲੱਗੀ ਹੈ, ਕੀਟਨਾਸ਼ਕ ਦੇ ਅਸਰ ਹੋਣ ਲੱਗੇ ਹਨ, ਫ਼ਸਲਾਂ ਅਤੇ ਇਨਸਾਨਾਂ ਦੋਵਾਂ 'ਤੇ ਹੀ ਜ਼ਹਿਰ ਦੀ ਮਾਰ ਪੈਣ ਲੱਗੀ ਹੈ ਅਤੇ ਪਾਣੀ ਦੀ ਹੱਦੋਂ ਵੱਧ ਵਰਤੋਂ ਕਾਰਨ ਇਕ ਪਾਸੇ ਸੇਮ ਦੀ ਸਮੱਸਿਆ ਪੈਦਾ ਹੋਣ ਲੱਗੀ ਹੈ ਤਾਂ ਦੂਜੇ ਪਾਸੇ ਧਰਤੀ ਹੇਠਲਾ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਵੀ ਹੇਠਾਂ ਡਿਗ ਚੁੱਕਾ ਹੈ। ਹਰੀ ਕ੍ਰਾਂਤੀ ਦਾ ਸੁਪਨਾ ਹੁਣ ਭੈੜਾ ਸੁਪਨਾ ਬਣ ਚੁੱਕਾ ਹੈ।

ਅਜਿਹੇ ਹਾਲਾਤ ਵਿਚ ਪ੍ਰਧਾਨ ਮੰਤਰੀ ਜਦੋਂ ਦੂਜੀ ਹਰੀ ਕ੍ਰਾਂਤੀ ਦਾ ਸੱਦਾ ਦਿੰਦੇ ਹਨ ਤਾਂ ਸਮਝ ਨਹੀਂ ਆਉਂਦੀ ਕਿ ਇਹ ਸਰਕਾਰ ਚਾਹੁੰਦੀ ਕੀ ਹੈ? ਕੀ ਉਹ ਸਚਮੁੱਚ ਸੋਚਦੇ ਹਨ ਕਿ ਪੂਰੇ ਮੁਲਕ ਵਿਚ ਉਨੀ ਪੂੰਜੀ ਦਾ ਨਿਵੇਸ਼ ਹੋ ਸਕਦਾ ਹੈ, ਜਿੰਨਾ ਕੁਝ ਸਮੇਂ ਲਈ ਕੁਝ ਇਲਾਕਿਆਂ ਵਿਚ ਹੋਇਆ ਸੀ? ਜੋ ਸਰਕਾਰਾਂ ਕਿਸਾਨ ਨੂੰ ਫ਼ਸਲ ਦੇ ਨੁਕਸਾਨ ਦਾ ਮੁਆਵਜ਼ਾ ਤੱਕ ਨਹੀਂ ਦੇ ਸਕਦੀਆਂ, ਕੀ ਉਹ ਖੇਤੀ ਵਿਚ ਪੂੰਜੀ ਨਿਵੇਸ਼ ਕਰਨਗੀਆਂ? ਜੇ ਹਾਂ, ਤਾਂ ਯੋਜਨਾ ਕਿੱਥੇ ਹੈ? ਕੀ ਸਰਕਾਰ ਸੋਚਦੀ ਹੈ ਕਿ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਨੂੰ ਹੋਰ ਹੱਲਾਸ਼ੇਰੀ ਦੇਣ ਦੀ ਲੋੜ ਹੈ? ਜੇ ਹਾਂ, ਤਾਂ ਇਨ੍ਹਾਂ ਦੇ ਜ਼ਹਿਰ ਨਾਲ ਨਜਿੱਠਣ ਲਈ ਕੀ ਤਰੀਕਾ ਅਪਨਾਇਆ ਜਾਵੇਗਾ? ਮੀਂਹ 'ਤੇ ਨਿਰਭਰ ਖੇਤੀ ਵਾਲੇ ਇਲਾਕਿਆਂ ਵਿਚ ਹਰੀ ਕ੍ਰਾਂਤੀ ਕੀ ਸਰੂਪ ਲਵੇਗੀ? ਪਾਣੀ ਦੀ ਹੱਦ ਤੋਂ ਵੱਧ ਵਰਤੋਂ ਕਰਨ ਵਾਲੀਆਂ ਫਸਲਾਂ ਦੇਸ਼ ਭਰ ਵਿਚ ਕਿਵੇਂ ਚੱਲਣਗੀਆਂ? ਕਦੋਂ ਤੱਕ ਚੱਲਣਗੀਆਂ? ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਹੇਠਲਾ ਪਾਣੀ ਕਿਵੇਂ ਬਚੇਗਾ? ਖੇਤੀ ਦੀ ਸਾਰੀ ਸਮਝ ਵਿਦੇਸ਼ੀ ਮਾਹਿਰਾਂ ਅਤੇ ਖੇਤੀ ਖੋਜ ਕੇਂਦਰਾਂ ਤੋਂ ਹੀ ਆਵੇਗੀ ਜਾਂ ਫਿਰ ਕਿਸਾਨ ਦੀ ਰਵਾਇਤੀ ਦੇਸੀ ਸਮਝ ਲਈ ਵੀ ਕੋਈ ਥਾਂ ਮੌਜੂਦ ਹੈ? ਇਸ ਕ੍ਰਾਂਤੀ ਦੀ ਚਰਚਾ ਪਿੱਛੇ ਕਿਤੇ ਕੋਈ ਡੂੰਘਾ ਭਰਮ ਤਾਂ ਨਹੀਂ?

ਸਵਾਲ ਸਿਰਫ ਇਸ ਪ੍ਰਧਾਨ ਮੰਤਰੀ ਅਤੇ ਇਸ ਸਰਕਾਰ ਦਾ ਨਹੀਂ ਹੈ; ਭਾਵੇਂ ਕੋਈ ਵੀ ਪਾਰਟੀ ਸੱਤਾ 'ਚ ਹੋਵੇ, ਭਾਵੇਂ ਕੁਰਸੀ 'ਤੇ ਕੋਈ ਵੀ ਬੈਠਾ ਹੋਵੇ, ਖੇਤੀ ਦੀ ਕਿਸੇ ਨੂੰ ਚਿੰਤਾ ਨਹੀਂ ਹੈ। ਬੱਸ ਇੰਨੀ ਕੁ ਚਿੰਤਾ ਹੈ ਕਿ ਕਿਸਾਨ ਇੰਨਾ ਜ਼ਿਆਦਾ ਨਾਰਾਜ਼ ਨਾ ਹੋ ਜਾਵੇ ਕਿ ਵੋਟ ਹੀ ਨਾ ਦੇਵੇ। ਇਸੇ ਲਈ ਕਿਸਾਨ ਨੂੰ ਜੁਮਲੇ ਸੁਣਾਏ ਜਾਂਦੇ ਹਨ। ਇਨ੍ਹਾਂ ਜੁਮਲਿਆਂ ਪਿੱਛੇ ਕੋਈ ਸੋਚ, ਕੋਈ ਵਿਚਾਰ ਨਹੀਂ ਹੈ। ਇਹ ਜ਼ੋਰ-ਜ਼ੋਰ ਨਾਲ ਬੋਲੇ ਜਾਂਦੇ ਹਨ, ਕਿਉਂਕਿ ਕਹਿਣ ਲਈ ਕੁਝ ਹੈ ਨਹੀਂ।

# ਬਿਬੇਕ ਦਾਨ ਦੇ ਗਿਆ ਵਿਵੇਕ ਦਾ ਵਿਛੋੜਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਸੋਗਮਈ ਸਮਾਗਮਾਂ ਮੌਕੇ ਭਾਣਾ ਮੰਨਣ ਦਾ ਉਪਦੇਸ਼ ਦਿੰਦਿਆਂ ਪ੍ਰਚਾਰਕ ਤੇ ਕਥਾਵਾਚਕ ਇਹ ਸਾਖੀ ਅਕਸਰ ਸੁਣਾਉਂਦੇ ਹਨ ਕਿ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਦੇ ਗੁਰਮੁਖ ਨਾਂ ਦੇ ਇਕ ਸਿੱਖ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਰੱਬ ਦੀ ਰਜ਼ਾ ਵਿਚ ਹਰ ਹਾਲ ਰਾਜ਼ੀ ਰਹਿਣ ਵਾਲੇ ਕਿਸੇ ਸਿੱਖ ਦੇ ਦਰਸ਼ਨ ਹੋ ਸਕਦੇ ਨੇ? ਸਤਿਗੁਰਾਂ ਨੇ ਉਸ ਨੂੰ ਗੁਜਰਾਤ (ਹੁਣ ਪਾਕਿਸਤਾਨ ਵਿਚ) ਨਿਵਾਸੀ ਭਾਈ ਭਿਖਾਰੀ ਕੋਲ ਭੇਜਿਆ। ਜਦੋਂ ਇਹ ਸਿੱਖ, ਭਾਈ ਭਿਖਾਰੀ ਦੇ ਘਰੇ ਪਹੁੰਚਦਾ ਹੈ ਤਾਂ ਦੇਖਦਾ ਹੈ ਕਿ ਉਹ ਬਾਲਣ ਇਕੱਠਾ ਕਰਨ ਦੇ



ਮਰਹੂਮ ਵਿਵੇਕ ਸਿੰਘ

ਆਹਰ ਵਿਚ ਰੁੱਝਾ ਹੋਇਆ ਹੈ, ਰਾਤ ਨੂੰ ਸੌਣ ਵੇਲੇ ਭਾਈ ਭਿਖਾਰੀ ਤੱਪੜ ਗੰਢਣ ਲੱਗ ਪਿਆ। ਗਈ ਰਾਤ ਗੁਜਰਾਤ ਤੋਂ ਆਏ ਡਾਕੂਆਂ ਦੇ ਗਰੋਹ ਨੇ ਪਿੰਡ 'ਤੇ ਹਮਲਾ ਕਰ ਦਿੱਤਾ। ਭਾਈ ਭਿਖਾਰੀ ਦੇ ਪਿੰਡ ਦੀ ਵਾਹਰ ਨੇ ਧਾੜਵੀਆਂ ਦਾ ਪਿੱਛਾ ਕੀਤਾ ਅਤੇ ਡਾਕੂਆਂ ਨਾਲ ਤਕੜੀ ਟੱਕਰ ਹੋਈ। ਇਸ ਖੂਨੀ ਝੜਪ ਵਿਚ ਭਾਈ ਭਿਖਾਰੀ ਦਾ ਪੁੱਤਰ ਮਾਰਿਆ ਜਾਂਦਾ ਹੈ।

ਕਹਿੰਦੇ ਨੇ, ਭਾਈ ਭਿਖਾਰੀ ਨੇ ਅਡੋਲ ਚਿੱਤ ਰਹਿੰਦਿਆਂ ਦਿਨੇ ਇਕੱਠੇ ਕੀਤੇ ਬਾਲਣ ਨਾਲ ਪੁੱਤਰ ਦਾ ਦਾਹ ਸਸਕਾਰ ਕਰ ਦਿੱਤਾ, ਤੇ ਇਕ ਰਾਤ ਪਹਿਲੋਂ ਸਿਉਂ ਕੇ ਰੱਖੇ ਹੋਏ ਤੱਪੜ ਅੰਤਿਮ ਸੰਸਕਾਰ ਮੌਕੇ ਇਕੱਠੇ ਹੋਏ ਲੋਕਾਂ ਥੱਲੇ ਵਿਛਾ ਦਿੱਤੇ। ਬਗੈਰ ਕਿਸੇ ਰੋਣ-ਧੋਣ ਪਿੱਟ-ਸਿਆਪੇ ਦੇ ਲੜਕੇ ਦਾ ਦਾਹ ਸਸਕਾਰ ਕਰ ਦਿੱਤਾ ਗਿਆ।

ਗੁਰੂ ਦਰਬਾਰੋਂ ਆਏ ਭਾਈ ਗੁਰਮੁਖ ਨੇ ਇਹ ਸਾਰਾ ਕੁਝ ਦੇਖਦਿਆਂ ਬੜੀ ਨਿਮਰਤਾ ਨਾਲ ਭਿਖਾਰੀ ਜੀ ਨੂੰ ਪੁੱਛਿਆ ਕਿ ਜੇ ਤੁਹਾਨੂੰ ਇਸ ਅਣਹੋਣੀ ਦੇ ਵਾਪਰਨ ਦਾ ਪਹਿਲੋਂ ਹੀ ਗਿਆਤ ਸੀ ਤਾਂ ਤੁਸੀਂ ਆਪਣੇ ਪੁੱਤਰ ਦੀ ਲੰਮੇਰੀ ਉਮਰ ਲਈ ਗੁਰੂ ਮਹਾਰਾਜ ਅੱਗੇ ਅਰਦਾਸ ਯਾਚਨਾ ਕਿਉਂ ਨਾ ਕੀਤੀ? ਸਭ ਕੁਝ ਜਾਣਦਿਆਂ ਹੋਇਆਂ ਤੁਸੀਂ ਆਪਣੇ ਲੜਕੇ ਨੂੰ ਡਾਕੂਆਂ ਨਾਲ ਲੜਨ ਜਾਣ ਤੋਂ ਕਿਉਂ ਨਾ ਵਰਜਿਆ? ਸਤਿ-ਚਿੱਤ ਅਨੰਦ ਭਾਈ ਭਿਖਾਰੀ ਬੋਲੇ ਕਿ ਭਾਈ ਸਿੱਖਾ! ਕਰਤਾਰ ਦੇ ਭਾਣੇ ਵਿਚ ਅੜਿੱਕਾ ਡਾਹੁਣਾ ਪਾਪ ਹੈ। ਸਤਿਗੁਰਾਂ ਪਾਸੋਂ ਆਤਮ ਵਿਚਾਰ ਤੇ ਗੁਰਮਤਿ ਦੀ ਦਾਤ ਹੀ ਮੰਗਣੀ ਚਾਹੀਦੀ ਹੈ। ਦੁਨਿਆਵੀ ਮਿਥਿਆ ਪਦਾਰਥਾਂ ਲਈ ਅਰਦਾਸਾਂ ਕਰਨੀਆਂ ਸੋਭਦੀਆਂ ਨਹੀਂ।

ਭਾਣਾ ਮੰਨਣ ਅਤੇ ਸਬਰ ਸਬੂਰੀ ਨਾਲ ਜ਼ਿੰਦਗੀ ਬਿਤਾਉਣ ਲਈ ਧਰਵਾਸ ਦੇਣ ਵਾਲੀਆਂ ਅਜਿਹੀਆਂ ਸਾਖੀਆਂ ਪੜ੍ਹਨੀਆਂ-ਸੁਣਨੀਆਂ ਬਹੁਤ ਸੁਖਾਲੀਆ ਨੇ, ਪਰ ਜਿਸ ਤਨੁ ਲਾਗੇ, ਸੋ ਤਨੁ ਜਾਣੇ। ਪੁੱਤਰ ਦੀ ਮੌਤ ਦਾ ਸਦਮਾ ਹਿਮਾਲਿਆ ਪਰਬਤ ਜਿੱਡੇ ਸਬਰਾਂ ਨੂੰ ਵੀ ਪਲਾਂ ਵਿਚ ਰੋੜ੍ਹ ਦਿੰਦਾ ਹੈ। ਇਥੇ ਮੈਂ ਪੁੱਤਰਾਂ ਦੀ ਮੌਤ ਦੇ ਸੱਲ ਵਿਚ ਆਪਣੀ ਸੁੱਧ-ਬੁੱਧ ਭੁਲਾਉਣ ਵਾਲੇ ਇਤਿਹਾਸ ਦਾ ਹਿੱਸਾ ਬਣ ਚੁੱਕੇ ਮਾਪਿਆਂ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ। ਹਾਂ, ਇਕ ਪੰਜਾਬੀ ਸ਼ਾਇਰ ਬਾਰੇ ਇੰਨਾ ਕੁ ਲਿਖਣਾ ਚਾਹੁੰਦਾ ਹਾਂ ਕਿ ਉਹ ਆਪਣੇ ਪੁੱਤਰ ਦੇ ਸਦੀਵੀ ਵਿਛੋੜੇ ਨੂੰ ਨਾ ਸਹਾਰਦਿਆਂ ਕੱਟੜ ਨਾਸਤਿਕ ਬਣ ਗਿਆ ਸੀ ਤੇ ਆਪਣੀ ਕਵਿਤਾ ਵਿਚ ਧਾਰਮਿਕ ਵਿਸ਼ਵਾਸਾਂ ਦਾ ਮਖੌਲ ਉਡਾਉਂਦਾ ਰਿਹਾ।

ਮੈਂ ਅਜਿਹੇ ਪੰਜਾਬੀ ਸਾਹਿਤਕਾਰ ਦੇ ਸਬਰ ਦੀ ਬਾਤ ਕਹਿਣ ਜਾ ਰਿਹਾਂ ਜਿਸ ਦੇ ਪਰਬਤ ਜਿੱਡੇ ਜੇਰੇ ਨੇ ਦੱਸ ਦਿੱਤਾ ਕਿ ਭਾਈ ਭਿਖਾਰੀ ਹਰ ਕਾਲ-ਖੰਡ ਵਿਚ ਮੌਜੂਦ ਰਹਿੰਦਾ ਹੈ। ਜੋ ਗੁਰਬਾਣੀ ਆਸ਼ੇ, 'ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ' ਦੇ ਪਦ-ਚਿੰਨ੍ਹਾਂ 'ਤੇ ਚੱਲਦਾ ਹੋਇਆ ਭਾਈ ਭਿਖਾਰੀ ਦਾ ਸੰਗੀ ਸਾਥੀ ਹੋ ਨਿਬੜਦਾ ਹੈ।

ਦੋ ਜੁਲਾਈ 2015 ਦੀ ਰਾਤ ਨੂੰ ਲੁਧਿਆਣੇ ਵਿਚ ਸੁੱਖੀਂ-ਸਾਂਦੀਂ ਵਸਦੇ ਸ. ਜਸਵੰਤ ਸਿੰਘ ਜ਼ਫਰ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਕੈਨੇਡਾ ਵਿਚ ਇੰਜੀਨੀਅਰਿੰਗ ਕਰ ਰਿਹਾ ਪੁੱਤਰ ਵਿਵੇਕ ਸਿੰਘ ਹਸਪਤਾਲ ਵਿਚ ਗੰਭੀਰ ਹਾਲਤ ਵਿਚ ਦਾਖ਼ਲ ਹੈ। ਉਸ ਵੇਲੇ ਸ. ਜ਼ਫਰ ਆਪਣੀ ਪਤਨੀ ਤੇ ਬੇਟੀ ਨੂੰ ਲੈ ਕੇ ਦਿੱਲੀ ਹਵਾਈ ਅੱਡੇ ਨੂੰ ਚੱਲ ਪਏ। ਚਾਰ ਜੁਲਾਈ ਨੂੰ ਪੱਥਰ ਵਰਗਾ ਜਿਗਰਾ ਕਰ ਕੇ ਸ. ਜ਼ਫ਼ਰ ਆਪਣੇ ਲਖਤਿ-ਜਿਗਰ ਬਾਬਤ ਬੜੇ ਧੀਰਜ ਨਾਲ ਲਿਖਦੇ ਹਨ,

"...ਤਿੰਨ ਜੁਲਾਈ 2015 ਦੀ ਸ਼ਾਮ ਨੂੰ ਹਸਪਤਾਲ ਪਹੁੰਚਣ ਤੇ ਵਿਵੇਕ ਦੀ ਸਿਹਤ ਵਿਚ ਸੁਧਾਰ ਹੋਣ ਦਾ ਪਤਾ ਲੱਗਾ। ਮਾਤਾ-ਪਿਤਾ, ਭਰਾ, ਚਾਚੇ-ਚਾਚੀਆਂ, ਬਹੁਤ ਸਾਰੇ ਭਤੀਜੇ-ਭਤੀਜੀਆਂ ਅਤੇ ਕੁਝ ਦੋਸਤ ਪਰਿਵਾਰ ਚਾਈਂ ਚਾਈਂ ਮਿਲੇ। ਸਵੇਰੇ ਡਾਕਟਰ ਨੇ ਉਨ੍ਹਾਂ ਨੂੰ ਸੁਧਾਰ ਬਾਰੇ ਦੱਸਿਆ ਸੀ। ਸਾਡੇ ਪਹੁੰਚਣ ਤੋਂ ਪਹਿਲਾਂ ਉਨ੍ਹਾਂ ਆਈ.ਸੀ.ਯੂ. ਦੇ ਮੁਖੀ ਡਾ. ਮਾਈਪਿੰਦਰ ਸਿੰਘ ਸੇਖੋਂ ਤੋਂ ਦੁਬਾਰਾ ਪੁੱਛਿਆ, ਤਾਂ ਡਾਕਟਰ ਨੇ ਕਿਹਾ ਕਿ ਤੁਸੀਂ ਸਾਰੇ ਜਣੇ ਹਸਪਤਾਲ ਹੀ ਆ ਜਾਣਾ, ਮੈਂ ਮਾਂ-ਬਾਪ ਸਮੇਤ ਸਾਰਿਆਂ ਨੂੰ ਇਕੋ ਵਾਰੀ ਵਿਸਥਾਰ ਨਾਲ ਦੱਸ ਦਿਆਂਗਾ।...ਅਸੀਂ ਹਸਪਤਾਲ ਪਹੁੰਚ ਕੇ ਵਿਵੇਕ ਨੂੰ ਦੇਖਿਆ, ਛੂਹਿਆ ਤੇ ਬੁਲਾਇਆ। ਸਾਹ, ਨਬਜ਼ ਠੀਕ, ਪਿੰਡਾ ਕੋਸਾ, ਪਰ ਬੇਹੋਸ਼। ਇਕ ਕਮਰੇ ਵਿਚ ਸਾਨੂੰ ਬਿਠਾਇਆ ਗਿਆ। ਡਾ. ਸੇਖੋਂ ਨੇ ਉਸ ਦੇ ਦਿਮਾਗ ਦੀ ਸੋਜ਼ਿਸ਼ ਘਟਣ-ਵਧਣ ਬਾਰੇ ਵਿਸਥਾਰ ਨਾਲ ਦੱਸਦਿਆਂ ਕਿਹਾ, ਜਦੋਂ ਸੋਜ਼ਿਸ਼ ਦਿਮਾਗ ਦੇ ਉਪਰਲੇ ਹਿੱਸੇ ਤੋਂ ਹੇਠਲੇ ਭਾਗ 'ਤੇ ਜ਼ਿਆਦਾ ਆ ਜਾਵੇ, ਤਾਂ ਇਹ ਡੈਡ ਹੋ ਜਾਂਦਾ ਹੈ, ਜਾਣੀ ਬੰਦਾ 'ਡੈਡ' ਹੋ ਜਾਂਦਾ ਹੈ। ...ਸਾਡੇ ਉਥੇ ਪਹੁੰਚਣ ਤੋਂ ਕੁਝ ਸਮਾਂ ਪਹਿਲਾਂ ਵਿਵੇਕ ਨਾਲ ਇਹ ਹੋ ਚੁੱਕਾ ਸੀ। ਸਭ ਨੇ ਇਸ ਨੂੰ ਬੜੇ ਧੀਰਜ ਨਾਲ ਸੁਣਿਆ ਤੇ ਪ੍ਰਵਾਨ ਕੀਤਾ।"

ਅਣਹੋਣੀ ਵਰਤ ਗਈ, ਪਰ ਜ਼ਫਰ ਜੀ ਦੇਖੋ ਆਪਣੀ 'ਵਾਲ' ਉਤੇ ਕਿਸ ਧੀਰਜ ਨਾਲ ਵਾਪਰੇ ਭਾਣੇ ਦੀ ਤਫ਼ਸੀਲ ਦੇ ਰਹੇ ਨੇ,

"ਡਾਕਟਰ ਦਾ ਇੰਨੇ ਸੋਹਣੇ ਤਰੀਕੇ ਨਾਲ ਦੱਸਣ ਲਈ ਧੰਨਵਾਦ ਕੀਤਾ। ਇੰਨੀ ਸ਼ਿੱਦਤ ਨਾਲ ਉਸ ਨੂੰ ਬਚਾਉਣ ਲਈ ਕੀਤੇ ਸਿਰਤੋੜ ਯਤਨਾਂ ਲਈ ਵੀ ਧੰਨਵਾਦ ਕੀਤਾ... ਸਭ ਨੇ ਵਿਵੇਕ ਦੇ ਗੁਣਾਂ ਦੀ ਚਰਚਾ ਕੀਤੀ... ਸਭ ਨੇ ਇਹ ਫੈਸਲਾ ਕੀਤਾ ਕਿ ਰੋਣ ਜਾਂ ਵਿਰਲਾਪ ਦੀ ਜਗ੍ਹਾ ਉਸ ਦੇ ਚੰਗੇ ਗੁਣਾਂ, ਉਦਮਾਂ ਅਤੇ ਕੰਮਾਂ ਦੀ ਚਰਚਾ ਕਰਾਂਗੇ। ... ਵਿਵੇਕ ਪੁੱਤਰ ਜਿਹਾ ਕਮਾਲ ਦਾ ਤੋਹਫ਼ਾ ਦੇਣ ਲਈ ਪਰਮਾਤਮਾ/ਕੁਦਰਤ ਦਾ ਧੰਨਵਾਦ ਕੀਤਾ ਗਿਆ। ਆਪਣੀ ਲਗਭਗ 23 ਸਾਲ ਦੀ ਉਮਰ ਦੌਰਾਨ ਉਸ ਨੇ ਜਿੰਨੀ ਖੁਸ਼ੀ ਅਤੇ ਤਾਜ਼ਗੀ ਆਪਣੇ ਨਾਲ ਸਬੰਧਤ ਸਾਰੇ ਲੋਕਾਂ ਨੂੰ ਦਿੱਤੀ, ਉਸ 'ਤੇ ਬੇਹੱਦ ਸੰਤੁਸ਼ਟੀ ਪ੍ਰਗਟ ਕੀਤੀ ਗਈ।"




ਜ਼ਫਰ ਹੋਰਾਂ ਵਲੋਂ ਦਰਵਾਜ਼ੇ 'ਤੇ ਲਾਏ ਹੋਏ ਬੋਰਡ

ਆਪਣੇ ਪੁੱਤਰ ਦੀ ਲਿਆਕਤ, ਨਿਮਰਤਾ, ਦਲੇਰੀ, ਵਿਰਸੇ ਨਾਲ ਮੋਹ ਤੇ ਆਗਿਆਕਾਰਤਾ ਦੀ ਸਿਫ਼ਤ ਕਰਦਿਆਂ ਸ. ਜ਼ਫ਼ਰ ਅੱਗੇ ਲਿਖਦੇ ਨੇ,

"ਹਸਪਤਾਲ ਵਿਚ ਬੈਠਿਆਂ ਸਾਨੂੰ ਡਾ. ਸੇਖੋਂ ਨੇ ਹੋਰ ਦੱਸਿਆ ਕਿ ਵਿਵੇਕ ਪਿਛਲੇ ਸਾਲ ਇਸੇ ਹਸਪਤਾਲ ਵਿਚ ਆਪਣੇ ਸਰੀਰ ਦੇ ਸਾਰੇ ਵਰਤੋਂ ਯੋਗ ਅੰਗ ਦਾਨ ਕਰ ਗਿਆ ਸੀ। (ਸਾਨੂੰ ਇਸ ਗੱਲ ਦਾ ਨਹੀਂ ਸੀ ਪਤਾ) ਸੁਣ ਕੇ ਸਭ ਦਾ ਮਨ ਗਦ-ਗਦ ਹੋ ਗਿਆ... ਸਭ ਨੇ ਤਾੜੀਆਂ ਵਜਾ ਕੇ ਉਸ ਦੀ ਪ੍ਰਸੰਸਾ ਕੀਤੀ। ਡਾ. ਸੇਖੋਂ ਨੇ ਉਸ (ਵਿਵੇਕ) ਵੱਲੋਂ ਹੱਥੀਂ ਭਰਿਆ ਤੇ ਦਸਤਖ਼ਤ ਕੀਤਾ ਫਾਰਮ ਦਿਖਾਇਆ।...ਵਿਵੇਕ ਦੇ ਮਾਂ-ਪਿਓ ਹੋਣ 'ਤੇ ਬਹੁਤ ਮਾਣ ਹੋਇਆ। ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਰਾਤ ਦੇ ਸਾਢੇ ਦਸ ਵੱਜ ਗਏ।...ਅਸੀਂ ਡਾ. ਸੇਖੋਂ ਨੂੰ ਕਿਹਾ ਕਿ ਵਿਵੇਕ ਦੇ ਦਾਨ ਕੀਤੇ ਅੰਗਾਂ ਨੂੰ ਲੈਣ ਵਾਲੇ ਸੱਜਣ ਜੇ ਹੁਣੇ ਆ ਸਕਦੇ ਨੇ ਤਾਂ ਅਸੀਂ ਇਸ ਕਾਰਜ ਨੂੰ ਹੁਣੇ ਮੁਕੰਮਲ ਕਰਕੇ ਖੁਸ਼ ਹੋਵਾਂਗੇ।...ਘਰ ਆ ਕੇ ਸਾਰੇ ਜੀਆਂ ਨੇ ਮਤਾ ਪਾਸ ਕੀਤਾ ਕਿ ਵਿਵੇਕ ਦੇ ਰੂਪ ਵਿਚ ਪ੍ਰਾਪਤ ਹੋਏ ਸ਼ਾਨਦਾਰ ਸਾਥ ਲਈ ਪਰਮਾਤਮਾ ਦਾ ਸ਼ੁਕਰਾਨਾ ਹੀ ਕੀਤਾ ਜਾਵੇਗਾ, ਕੋਈ ਰੋਣ-ਵਿਰਲਾਪ ਨਹੀਂ ਕੀਤਾ ਜਾਵੇਗਾ। ਅਜਿਹੀ ਸੂਚਨਾ ਘਰ ਦੇ ਦਰਵਾਜ਼ੇ 'ਤੇ ਮੋਟੇ ਅੱਖਰਾਂ ਵਿਚ ਲਿਖ ਦਿੱਤੀ ਗਈ, ਇਕ ਪਾਸੇ 'ਚੜ੍ਹਦੀ ਕਲਾ' ਤੇ ਦੂਜੇ ਪਾਸੇ 'ਵਿਰਲਾਪ ਦੀ ਸਖ਼ਤ ਮਨਾਹੀ ਹੈ'। ... ਇੰਡੀਆ ਅਤੇ ਇਥੋਂ ਦਾ ਦਿਨ ਰਾਤ ਦਾ ਫਰਕ ਹੋਣ ਕਾਰਨ ਸਾਨੂੰ ਨੀਂਦ ਨਹੀਂ ਆਈ, ਇਸ ਕਰ ਕੇ ਮੈਂ ਸਾਰੇ ਮਿੱਤਰਾਂ ਦੋਸਤਾਂ ਦੀ ਜਾਣਕਾਰੀ ਲਈ ਇਹ ਅੱਖਰ ਲਿਖ ਦਿੱਤੇ ਹਨ।"

ਪੰਜਾਬੀ ਸਾਹਿਤ ਦੀ ਨਾਮਵਰ ਸ਼ਖਸੀਅਤ ਹੋਣ ਸਦਕਾ ਦੁਨੀਆਂ ਭਰ ਵਿਚ ਵਸਦੇ ਉਨ੍ਹਾਂ ਦੇ ਪ੍ਰਸੰਸਕਾਂ, ਸ਼ੁਭ ਚਿੰਤਕਾਂ ਦੇ ਸੋਗ ਸੁਨੇਹਿਆਂ ਦੀ ਲੜੀ ਦਾ ਅੰਤ ਨਹੀਂ ਰਿਹਾ। ਇਸੇ ਕਰ ਕੇ ਸ. ਜ਼ਫਰ ਨੇ ਇਹ ਸ਼ਬਦ ਵੀ ਲਿਖੇ ਨੇ,

"...ਸਾਡੇ ਜੋ ਜਾਣਕਾਰ ਫੇਸਬੁੱਕ 'ਤੇ ਨਹੀਂ ਹਨ, ਉਨ੍ਹਾਂ ਨੂੰ ਪੜ੍ਹ ਕੇ ਸੁਣਾ ਦੇਣਾ... ਤੁਹਾਡੀ ਹਮਦਰਦੀ ਅਤੇ ਅਫ਼ਸੋਸ ਵਾਲੇ ਬੋਲ ਬਿਨ ਬੋਲਿਆਂ ਸਾਡੇ ਤੱਕ ਪਹੁੰਚ ਰਹੇ ਹਨ। ਆਪਣੀ ਅਤੇ ਸਾਡੀ ਚੜ੍ਹਦੀ ਕਲਾ ਲਈ ਕਾਮਨਾ ਕਰਨਾ। ਵਿਵੇਕ ਸਬੰਧੀ ਜੇ ਕੋਈ ਚੰਗੀਆਂ ਗੱਲਾਂ, ਯਾਦਾਂ ਸਾਂਝੀਆਂ ਕਰਨ ਨੂੰ ਮਨ ਕਰਦਾ ਹੋਵੇ, ਤਾਂ ਉਹ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਲਈ ਅਮਾਨਤ ਵਾਂਗ ਲਿਖ ਰੱਖਣਾ। ਇਸ ਭਿਆਨਕ ਲਗਦੇ ਹਾਦਸੇ ਨੂੰ ਸਹਿਜ ਨਾਲ ਸਹਿਣ ਦੀ ਸ਼ਕਤੀ ਕਿਥੋਂ ਆਈ? ਇਹ ਕਦੀ ਫਿਰ ਸਾਂਝੀ ਕਰਾਂਗੇ।"

ਆਪਣੇ ਭਰ ਜਵਾਨ ਪੁੱਤਰ ਦੇ ਅੰਤਿਮ ਸਸਕਾਰ ਲਈ ਨਿਯਤ ਹੋਈ ਮਿਤੀ ਤੋਂ ਪੰਜ ਦਿਨ ਪਹਿਲਾਂ ਛੇ ਜੁਲਾਈ ਨੂੰ ਭਾਈ ਭਿਖਾਰੀ ਜਿਹੇ ਸਿਦਕੀ ਜਾਪਦੇ ਸ. ਜ਼ਫਰ ਨੇ 'ਸੇਵਕ ਕੋ ਸੇਵਾ ਬਨ ਆਈ' ਦੇ ਸਿਰਲੇਖ ਹੇਠ ਇਹ ਹੋਰ ਸ਼ਬਦ ਵੈਰਾਗ ਦੀ ਕਲਮ, ਆਪਣੇ ਜਿਗਰ ਦੇ ਲਹੂ ਵਿਚ ਡੁਬੋ ਡੁਬੋ ਲਿਖੇ ਹੋਏ ਮਹਿਸੂਸ ਹੁੰਦੇ ਹਨ,

"ਇਹ ਬਹੁਤ ਤਸੱਲੀ ਅਤੇ ਪ੍ਰਸੰਨਤਾ ਵਾਲੀ ਖਬਰ ਹੈ ਕਿ ਵਿਵੇਕ ਵੱਲੋਂ ਦਾਨ ਕੀਤੇ ਸਾਰੇ ਅੰਦਰੂਨੀ ਅੰਗ ਬਹੁਤ ਨਰੋਈ ਹਾਲਤ ਵਿਚ ਅਤੇ ਇਨ੍ਹਾਂ ਦੀ ਉਡੀਕ ਕਰਦੇ ਲੋੜਵੰਦ ਮਰੀਜ਼ਾਂ ਦੇ ਅਨੁਕੂਲ ਪਾਏ ਗਏ। ਜਿਨ੍ਹਾਂ ਮਰੀਜ਼ਾਂ ਦੇ ਸਰੀਰ ਵਿਚ ਵਿਵੇਕ ਦੇ ਅੰਗ ਲਗਾਏ ਜਾ ਚੁੱਕੇ ਹਨ, ਅਸੀਂ ਉਨ੍ਹਾਂ ਸਾਰਿਆਂ ਦੀ ਲੰਮੀ ਅਤੇ ਸਿਹਤਮੰਦ ਆਯੂ ਦੀ ਕਾਮਨਾ ਕਰਦੇ ਹਾਂ...।"

ਇਕ ਵੱਖਰੀ ਇੰਟਰਵਿਊ ਵਿਚ ਸ. ਜ਼ਫਰ ਨੇ ਦਸਮੇਸ਼ ਪਿਤਾ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਜੇ ਅਸੀਂ ਆਪਣੇ ਵਿਰਸੇ ਅਨੁਸਾਰ ਚੱਲਣਾ ਨਹੀਂ, ਤਾਂ ਫਿਰ ਜ਼ੁਬਾਨੀ-ਕਲਾਮੀ ਕਹਾਣੀਆਂ ਪਾਈ ਜਾਣ ਦਾ ਕੀ ਫਾਇਦਾ? ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਵੇਰਵੇ ਦਸਮੇਸ਼ ਪਿਤਾ ਜੀ ਨੂੰ ਨੂਰੇ ਮਾਹੀ ਨੇ ਸੁਣਾਏ ਸਨ। ਅੱਜ ਸ. ਜ਼ਫਰ ਆਪਣੇ ਸਾਬਤ ਸੂਰਤ ਸਰਦਾਰ ਪੁੱਤਰ ਦੀ ਬੇਵਕਤੀ ਮੌਤ ਦੀ ਭਿਆਨਕ ਗਾਥਾ, ਭਾਣੇ ਵਿਚ ਰਾਜ਼ੀ ਰਹਿੰਦਿਆਂ ਖੁਦ ਸੁਣਾ ਰਿਹਾ ਹੈ। ਬਿਬੇਕ ਬੁੱਧ ਮਾਤਾ-ਪਿਤਾ ਦੇ ਲਾਡਲੇ ਵਿਵੇਕ ਦਾ ਸਦੀਵੀ ਵਿਛੋੜਾ, ਸਮਾਜ ਲਈ ਵਿਵੇਕ ਦਾਨ ਵੰਡ ਗਿਆ ਹੈ।

#

## ਵਿਵੇਕ ਦੀ ਵਿਵੇਕਤਾ

ਨਾਮ ਵੀ 'ਵਿਵੇਕ' ਸੀ ਤੇ ਸੀ ਵੀ ਵਿਵੇਕਸ਼ੀਲ,
ਨਿੱਕੀ ਜਿਹੀ ਫੇਰੀ ਸਾਡੀ ਧਰਤੀ 'ਤੇ ਲਾ ਗਿਆ।
ਇੰਡੀਆ ਦੇ ਵਿਚੋਂ ਇਸ ਯਾਤਰਾ ਨੂੰ ਸ਼ੁਰੂ ਕਰ,
ਦੂਜੇ ਸਿਰੇ ਆ ਕੇ ਉਹ ਕੈਨੇਡਾ 'ਚ ਮੁਕਾ ਗਿਆ।

ਚੜ੍ਹਦੀ ਜੁਆਨੀ ਵਿਚ ਅੰਗ ਦਾਨ ਕਰ ਉਹ ਤਾਂ,
ਜ਼ਿੰਦਗੀ ਦੇ ਨਾਲ ਸੱਚਾ ਇਸ਼ਕ ਨਿਭਾ ਗਿਆ।
ਦਾਨ ਕਿਤੇ ਅੰਗ ਮੁੜ ਜ਼ਿੰਦਗੀ ਨੂੰ ਜੀਂਵਦੇ ਨੇ,
ਜਾਂਦਾ-ਜਾਂਦਾ ਕਈਆਂ ਵਿਚ ਜ਼ਿੰਦਗੀ ਜਿਵਾ ਗਿਆ।

ਉਪਦੇਸ਼ ਦੇਣ ਨਾਲੋਂ ਜ਼ਿੰਦਗੀ 'ਚ ਧਾਰ ਕੇ ਉਹ,
ਜਾਗਰੂਕ ਲੋਕਾਂ 'ਚ ਮਿਸਾਲ ਬਣ ਛਾ ਗਿਆ।
ਭਾਵੇਂ ਇਹ ਵੀ ਸੱਚ ਹੈ ਕਿ ਜਾਣ ਵਾਲਾ ਚਲਾ ਗਿਆ,
ਪਰ ਇਹ ਵੀ ਸੱਚ ਕਈਆਂ ਜੀਵਾਂ 'ਚ ਸਮਾ ਗਿਆ।

ਹਸੂੰ-ਹਸੂੰ ਕਰਦਾ ਸੁਭਾਅ ਤੋਂ ਮਿੱਠ-ਬੋਲੜਾ ਸੀ,
ਸੁਣਿਆ ਮੈਂ ਲੋਕੀਂ ਕਹਿੰਦੇ ਰੱਬ ਜੀ ਨੂੰ ਭਾ ਗਿਆ।
ਉਮਰਾਂ ਦੇ ਨਾਲ ਕੋਈ ਵੱਡਾ ਕਦੇ ਹੋਂਵਦਾ ਨਾ,
ਨਿੱਕੀ ਜਿਹੀ ਉਮਰੇ ਉਹ ਸਾਨੂੰ ਸਮਝਾ ਗਿਆ।

ਇੱਕ ਨਹੀਂ ਕਈ ਉਹ ਕਲਾਵਾਂ ਦਾ ਸੁਮੇਲ ਹੈਸੀ,
ਹੋਣ ਲਈ ਅਮਰ ਨਵੀਂ ਕਲਾ ਸਿਖਲਾ ਗਿਆ।

*-ਡਾ. ਗੁਰਮੀਤ ਸਿੰਘ ਬਰਸਾਲ, ਕੈਲੀਫੋਰਨੀਆ*

## ਇੱਕ ਫੈਸਲਾ

ਇਹ ਕਿਸ ਤਰ੍ਹਾਂ ਦਾ ਰਸਤਾ
ਨਾ ਧੁੱਪਾਂ, ਨਾ ਹੀ ਛਾਂਵਾਂ।
ਗਗਨਾਂ ਤਕ ਮਿੱਟੀ ਉਡੇ
ਕੱਚੀਆਂ ਉਜਾੜ ਰਾਹਾਂ।
ਕੁਝ ਕਦਮ ਅੱਗੇ ਜਾਵਾਂ
ਕੁਝ ਕਦਮ ਪਿੱਛੇ ਜਾਵਾਂ
ਪੈਰਾਂ ਦੇ ਚਿੰਨ ਆਪਣੇ
ਆਪੇ ਹੀ ਪਈ ਮਿਟਾਵਾਂ।
ਕੁਝ ਤਾਂ ਮੇਰੇ ਹੰਝੂ
ਇਸ ਰਾਹ ਦੇ ਕੰਮ ਆਉਣੇ,
ਛਾਂਵਾਂ ਤੋਂ ਬਾਂਜ ਰਾਹ ਲਈ
ਛਾਂਦਾਰ ਬੂਟਾ ਲਾਵਾਂ।
ਮੈਂ ਜਾਣਦੀ ਹਕੀਕਤ
ਤੇਰਾ ਦੂਰ ਹੈ ਟਿਕਾਣਾ,
ਅਧ ਰਸਤੇ ਹਾਰ ਕੇ ਮੈਂ
ਦੋਵੇਂ ਪਾਸੇ ਹੀ ਗਵਾਵਾਂ।
ਬਦਸ਼ਕਲ ਜ਼ਿੰਦਗੀ ਨੂੰ
ਕਿਹੜਾ ਬਿਠਾਵੇ ਨੇੜੇ,
ਰਾਹਾਂ ਦੀ ਮਿੱਟੀ ਚੁੱਕ ਕੇ
ਤਾਰੇ ਮੈਂ ਕਿੰਜ ਬਣਾਵਾਂ।
ਰਸਤੇ 'ਚ ਰੁੱਕ ਗਈ ਤਾਂ
ਤੇਰੇ ਤੋਂ ਦੂਰ ਹੋਵਾਂ,
ਕਈ ਪਿੱਛੇ ਵੀ ਰਹਿ ਗਏ ਨੇ
ਮੁੜ ਮੁੜ ਕੇ ਦੇਖੀ ਜਾਵਾਂ।
ਦਿਨ ਹੈ ਬਹੁਤ ਛੋਟਾ
ਇੱਕ ਫੈਸਲਾ ਹੈ ਕਰਨਾ,
ਜਿਸ ਲਈ ਮੈਂ ਚੱਲ ਰਹੀ ਹਾਂ
ਆਪਣੇ ਹੀ ਘਰ ਬੁਲਾਵਾਂ।

*-ਦਿਲਜੋਧ ਸਿੰਘ, ਵਿਸਕਾਨਸਿਨ*
*diljodh@yahoo.com*

---

## ਹਰ ਦਿਲ ਅੰਦਰ

ਆ ਜਾਓ ਸਿੰਘੋ, ਆਪਾਂ ਲੜੀਏ।
ਧੂਅ ਕਿਰਪਾਨਾਂ ਭਿੜੀਏ ਮਰੀਏ।
ਕਿਉਂ ਸਾਡਾ ਜਨੂੰਨ ਇਹ ਮੰਗੇ,
ਇਕ ਦੂਜੇ ਦਾ ਖ਼ੂਨ ਇਹ ਮੰਗੇ।
ਇਹ ਤਾਂ ਸਾਡਾ ਕਰਮ ਨਹੀਂ ਹੈ,
ਸਾਡਾ ਕਹਿੰਦਾ, ਧਰਮ ਨਹੀਂ ਹੈ।

ਉਹ ਸਿੱਖੀ ਦਿਓ, ਪਹਿਰੇਦਾਰੋ!
ਇਕੱਠੇ ਹੋ, ਸਭ ਗੱਲ ਵਿਚਾਰੋ।
ਸਾਡੇ ਨੇ ਜੋ ਧਰਮ ਅਸਥਾਨ,
ਰੱਖੀਏ ਆਪਾਂ ਉਨ੍ਹਾਂ ਦੀ ਸ਼ਾਨ।
ਉਥੋਂ ਕੁੱਝ ਪਾਵਣ ਜਾਈਏ,
ਨਾ ਅਖ਼ਾੜੇ, ਉਨ੍ਹਾਂ ਦੇ ਬਣਾਈਏ।

ਬਸ ਕਰੋ ਹੁਣ ਬਹੁਤ ਜੇ ਹੋ ਗਈ,
ਸਾਡੀ ਕਿਉਂ ਜ਼ਮੀਰ ਹੈ ਮੋ ਗਈ।
ਉਹ ਮੇਰਿਓ ਸੱਜਣੋ ਅਣਜਾਣੋ,
ਦੁਸ਼ਮਣ ਦੀ ਹੈ ਚਾਲ ਪਛਾਣੋ।
ਜੋ ਆਪਣੇ ਵਿਚ ਵੰਡੀਆਂ ਪਾਉਂਦੇ,
ਭਾਈਆਂ ਹੱਥੋਂ ਭਾਈ ਮਰਵਾਉਂਦੇ।

ਗੁਰਬਾਣੀ ਨੂੰ, ਨਿੱਤ ਪੜ੍ਹੋ ਵਿਚਾਰੋ।
ਫਿਰ ਅਮਲਾਂ ਨਾਲ, ਜੂਨ ਸੁਧਾਰੋ।
ਗਊ, ਗ਼ਰੀਬ ਦੀ ਰੱਛਾ ਕਰੀਏ,
ਆਪਿਸ ਵਿਚ ਨਾ ਐਵੇਂ ਮਰੀਏ।
ਹੁਣ ਏਦਾਂ, ਕੁੱਝ ਕਰਮ ਕਮਾਈਏ,
ਹਰ ਦਿਲ ਅੰਦਰ ਹੀ ਵੱਸ ਜਾਈਏ।

*-ਰਾਠੇਸ਼ਵਰ ਸਿੰਘ ਸੂਰਾਪੁਰੀ*
*ਫ਼ੋਨ: 916-969-9337*

---

## ਗਜ਼ਲ

ਮੈਨੂੰ ਬੋਲ ਨਾ ਬੋਲ-ਕਬੋਲ,
ਫੇਰ ਟੱਕਰੂੰ, ਧਰਤੀ ਗੋਲ।
ਇੰਜ ਪੋਤੜੇ ਨਾ ਫਰੋਲ,
ਕੁਝ ਕੁ ਰੱਖੀਂ, ਖ਼ੁਦ ਕੇ ਕੋਲ।
ਖ਼ੁਦ ਦੀ ਬੁੱਕਲ ਦੇ ਵਿਚ ਵੇਖ,
ਖ਼ੁਦ ਦੀ ਵੀ ਕਰ ਲੈ ਪੜਚੋਲ।
ਲੱਭਦਾ ਕਿਉਂ ਬਾਜ਼ਾਰਾਂ ਵਿਚੋਂ,
ਉਹ ਤਾਂ ਬੈਠਾ ਤੇਰੇ ਕੋਲ।
ਆਪਣੀ ਮੰਜ਼ਿਲ ਤੁਰਦਾ ਰਹੁ,
ਵੇਖ ਤੁਫਾਨ 'ਗਿੱਲ' ਨਾ ਡੋਲ।

*-ਜੁਗਰਾਜ ਗਿੱਲ, ਸ਼ਾਰਲਟ*

# ਜਾਰਜ, ਵਸੁੰਧਰਾ, ਦਾਊਦ ਤੇ ਸਿਆਸਤਦਾਨਾਂ ਦਾ ਕਿਰਦਾਰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤੀ ਰਾਜਨੀਤੀ ਵਿਚ ਇਹੋ ਜਿਹੇ ਆਗੂ ਬਹੁਤ ਹਨ, ਜਿਹੜੇ ਪਾਰਟੀ ਵਿਚ ਆਣ ਕੇ ਹੋਰ ਬੋਲੀ ਬੋਲਦੇ ਤੇ ਬਾਹਰ ਜਾ ਕੇ ਹੋਰ। ਅਜਿਹੇ ਲੋਕ ਭਾਰਤੀ ਜਨਤਾ ਪਾਰਟੀ ਅੰਦਰ ਹੋਰ ਵੀ ਵੱਧ ਹਨ। ਦੋ ਵੱਡੀਆਂ ਪਾਰਟੀਆਂ ਵਿਚ ਕਦੇ-ਕਦਾਈਂ ਆਉਣ-ਜਾਣ ਕਰਨ ਵਾਲਿਆਂ ਦੀ ਗੱਲ ਅਸੀਂ ਇਸ ਵੇਲੇ ਨਹੀਂ ਕਰ ਰਹੇ, ਸਿਰਫ ਉਨ੍ਹਾਂ ਦੀ ਕਰ ਰਹੇ ਹਾਂ, ਜਿਹੜੇ ਇੱਕੋ ਪਾਰਟੀ ਦੇ ਕਦੇ ਨਾਲ ਹੁੰਦੇ ਹਨ ਅਤੇ ਕਦੇ ਲੋੜ ਪੈਣ ਉਤੇ ਉਸੇ ਦਾ ਰਾਹ ਰੋਕਣ ਤੱਕ ਚਲੇ ਜਾਂਦੇ ਹਨ। ਮਿਸਾਲ ਵਜੋਂ ਰਾਜਸਥਾਨ ਦਾ ਗਵਰਨਰ ਕਲਿਆਣ ਸਿੰਘ ਹੈ। ਉਹ ਜਦੋਂ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਗਿਆ ਤਾਂ ਉਸ ਲਈ ਭਾਜਪਾ ਚੰਗੀ ਸੀ, ਪਰ ਜਦੋਂ ਗੱਦੀ ਖੁੱਸ ਗਈ ਤਾਂ ਉਸ ਨੇ ਬਾਬਰੀ ਮਸਜਿਦ ਸਣੇ ਸਾਰੇ ਮਾਮਲੇ ਉਧੇੜ ਦਿੱਤੇ। ਬਾਬਰੀ ਮਸਜਿਦ ਦੀ ਜਾਂਚ ਕਰਦੇ ਕਮਿਸ਼ਨ ਕੋਲ ਉਸ ਨੇ ਇੱਕ ਬਿਆਨ ਵਿਚ ਆਰ ਐਸ ਐਸ ਨਾਲ ਜੁੜੇ ਲੀਡਰਾਂ ਸਮੇਤ ਇਸ ਕਾਂਡ ਦੀ ਸਾਜ਼ਿਸ਼ ਦੇ ਸਾਰੇ ਮੋਹਰਿਆਂ ਬਾਰੇ ਜਾ ਦੱਸਿਆ। ਫਿਰ ਉਹ ਪਾਰਟੀ ਵਿਚ ਵਾਪਸ ਆ ਗਿਆ ਤਾਂ ਉਨ੍ਹਾਂ ਬਿਆਨਾਂ ਤੋਂ ਮੁੱਕਰ ਗਿਆ।

ਉਮਾ ਭਾਰਤੀ ਜਦੋਂ ਅਡਵਾਨੀ ਵਾਲੀ ਮੀਟਿੰਗ ਵਿਚੋਂ ਦਿੱਲੀ ਤੋਂ ਰੌਲਾ ਪਾ ਕੇ ਨਿਕਲ ਗਈ ਤਾਂ ਪਾਰਟੀ ਨੇ ਉਸ ਨੂੰ ਮੁੱਢਲੀ ਮੈਂਬਰੀ ਤੋਂ ਕੱਢ ਦਿੱਤਾ। ਉਸ ਨੇ ਪ੍ਰਤੀਕਿਰਿਆ ਇਹ ਦਿੱਤੀ ਸੀ ਕਿ 'ਮੈਨੂੰ ਕਿਹੜਾ ਕੱਢ ਸਕਦਾ ਹੈ, ਮੈਂ ਖੁਦ ਭਾਜਪਾ ਹਾਂ।' ਭਾਜਪਾ ਆਗੂ ਪ੍ਰਮੋਦ ਮਹਾਜਨ ਨੇ ਮਜ਼ਾਕ ਉਡਾਇਆ ਸੀ, "ਸ਼ੁਕਰ ਕਰੋ, ਉਮਾ ਨੇ ਆਪਣੇ ਆਪ ਨੂੰ ਭਾਜਪਾ ਕਿਹਾ ਹੈ, ਉਹ ਆਪਣੇ ਆਪ ਨੂੰ 'ਭਾਰਤ ਮਾਂ' ਵੀ ਕਹਿ ਸਕਦੀ ਹੈ।" ਉਮਾ ਭਾਰਤੀ ਫਿਰ ਭਾਜਪਾ ਵਿਚ ਪਰਤ ਆਈ। ਇਹੋ ਜਿਹਾ ਇੱਕ ਆਗੂ ਰਾਮ ਜੇਠਮਲਾਨੀ ਹੈ, ਜਿਹੜਾ ਇਸ ਵਕਤ ਭਾਜਪਾ ਦੀ ਮਦਦ ਨਾਲ ਜਿੱਤ ਕੇ ਆਇਆ ਰਾਜ ਸਭਾ ਦਾ ਆਜ਼ਾਦ ਮੈਂਬਰ ਹੈ।

ਪ੍ਰਸਿੱਧ ਕਾਨੂੰਨਦਾਨ ਰਾਮ ਜੇਠਮਲਾਨੀ ਕਈ ਵਾਰੀ ਭਾਜਪਾ ਵਿਚ ਆਇਆ ਤੇ ਕਈ ਵਾਰੀ ਇਸ ਵਿਚੋਂ ਬਾਹਰ ਕੀਤਾ ਗਿਆ। ਅਟਲ ਬਿਹਾਰੀ ਵਾਜਪਾਈ ਦੇ ਨਾਲ ਕਾਨੂੰਨ ਮੰਤਰੀ ਵੀ ਰਿਹਾ ਸੀ ਤੇ ਅਗਲੀ ਚੋਣ ਵਿਚ ਵਾਜਪਾਈ ਦੇ ਮੁਕਾਬਲੇ ਚੋਣ ਲੜਨ ਵੀ ਤੁਰ ਪਿਆ ਸੀ। ਉਸ ਤੋਂ ਬਾਅਦ ਫਿਰ ਉਹ ਭਾਜਪਾ ਵਿਚ ਆ ਗਿਆ। ਪਿਛਲੇ ਸਾਲ ਉਹ ਫਿਰ ਇਸ ਪਾਰਟੀ ਨੂੰ ਛੱਡ ਗਿਆ ਸੀ। ਅੱਜ-ਕੱਲ੍ਹ ਉਹ ਇੱਕ ਵੱਡੀ ਚਰਚਾ ਦਾ ਕੇਂਦਰ ਹੈ।

ਚਰਚਾ ਇਸ ਗੱਲ ਦੀ ਹੋ ਰਹੀ ਹੈ ਕਿ ਅਜੋਕੇ ਸੰਸਾਰ ਵਿਚ ਸਭ ਤੋਂ ਵੱਡੇ ਮਾਫੀਆ ਸਰਗਣਿਆਂ ਵਿਚੋਂ ਇੱਕ ਦਾਊਦ ਇਬਰਾਹੀਮ ਨੇ ਨਰਸਿਮਹਾ ਰਾਓ ਸਰਕਾਰ ਦੇ ਸਮੇਂ ਆਤਮ ਸਮੱਰਪਣ ਦੀ ਪੇਸ਼ਕਸ਼ ਕੀਤੀ ਸੀ ਜੋ ਠੁਕਰਾ ਦਿੱਤੀ ਗਈ ਸੀ। ਪੇਸ਼ਕਸ਼ ਰਾਮ ਜੇਠਮਲਾਨੀ ਰਾਹੀਂ ਹੋਈ ਸੀ ਤੇ ਠੁਕਰਾਈ ਸ਼ਰਦ ਪਵਾਰ ਨੇ ਸੀ, ਜੋ ਉਸ ਵੇਲੇ ਮਹਾਰਾਸ਼ਟਰ ਦਾ ਕਾਂਗਰਸੀ ਮੁੱਖ ਮੰਤਰੀ ਸੀ।

ਚਰਚਾ ਦਾ ਮੁੱਢ ਇਸ ਲਈ ਬੱਝਾ ਕਿ ਅਜੋਕੀ ਕੇਂਦਰ ਸਰਕਾਰ ਦੇ ਕੁਝ ਮੰਤਰੀਆਂ ਨੇ ਦਾਊਦ ਬਾਰੇ ਇੱਕ ਦੂਜੇ ਤੋਂ ਉਲਟ ਗੱਲਾਂ ਕੀਤੀਆਂ ਸਨ ਅਤੇ ਉਨ੍ਹਾਂ ਗੱਲਾਂ ਬਾਰੇ ਇੱਕ ਪੱਤਰਕਾਰ ਨੇ ਦਾਊਦ ਦੇ ਕਾਰ-ਮੁਖਤਿਆਰ ਛੋਟਾ ਸ਼ਕੀਲ ਤੱਕ ਜਾ ਪਹੁੰਚ ਕੀਤੀ। ਸ਼ਕੀਲ ਅੱਗੋਂ ਭੜਕ ਪਿਆ। ਮੀਡੀਆ ਰਿਪੋਰਟਾਂ ਮੁਤਾਬਕ ਸ਼ਕੀਲ ਨੇ ਕਿਹਾ ਕਿ 'ਜਿਹੜੀ ਵੀ ਸਰਕਾਰ ਆਉਂਦੀ ਹੈ, ਉਹ ਸਭ ਤੋਂ ਪਹਿਲਾਂ ਦਾਊਦ ਦੀ ਗੱਲ ਛੇੜਦੀ ਹੈ, ਦਾਊਦ ਕੋਈ ਬੱਕਰੀ ਦਾ ਬੱਚਾ ਹੈ, ਜਿਸ ਨੂੰ ਕੋਈ ਜਾ ਕੇ ਫੜ ਲਵੇਗਾ? ਦੋ ਕੁ ਦਹਾਕੇ ਪਹਿਲਾਂ ਇੱਕ ਵਾਰੀ ਉਂਜ ਉਸ ਨੇ ਆਤਮ ਸਮੱਰਪਣ ਦੀ ਪੇਸ਼ਕਸ਼ ਕੀਤੀ ਸੀ, ਉਦੋਂ ਕਿਸੇ ਨੇ ਮੰਨੀ ਨਹੀਂ ਸੀ।' ਇਹ ਵੀ ਉਸ ਨੇ ਕਹਿ ਦਿੱਤਾ ਕਿ ਪੇਸ਼ਕਸ਼ ਉਦੋਂ ਰਾਮ ਜੇਠਮਲਾਨੀ ਦੇ ਰਾਹੀਂ ਹੋਈ ਸੀ।

ਰਾਮ ਜੇਠਮਲਾਨੀ ਨੇ ਇਹ ਕਹਾਣੀ ਸੱਚੀ ਮੰਨ ਲਈ ਅਤੇ ਨਾਲ ਇਹ ਕਹਿ ਦਿੱਤਾ ਕਿ ਇਸ ਬਾਰੇ ਖੁਦ ਉਸ ਨੇ ਸ਼ਰਦ ਪਵਾਰ ਤੱਕ ਪਹੁੰਚ ਕੀਤੀ ਸੀ, ਪਰ ਉਸ ਨੇ ਹਾਮੀ ਨਹੀਂ ਸੀ ਭਰੀ। ਅੱਗੋਂ ਸ਼ਰਦ ਪਵਾਰ ਨੇ ਵੀ ਮੁੱਕਰਨ ਦੀ ਲੋੜ ਨਹੀਂ ਸਮਝੀ, ਸਗੋਂ ਸਾਫ ਕਹਿ ਦਿੱਤਾ ਕਿ ਗੱਲ ਇਸੇ ਤਰ੍ਹਾਂ ਹੀ ਹੋਈ ਸੀ, ਪਰ ਅਸੀਂ ਇਸ ਲਈ ਨਹੀਂ ਸੀ ਮੰਨੇ ਕਿ ਦਾਊਦ ਅਪਰਾਧੀ ਹੁੰਦਾ ਹੋਇਆ ਵੀ ਆਪਣੀਆਂ ਸ਼ਰਤਾਂ ਉਤੇ ਆਤਮ ਸਮੱਰਪਣ ਕਰਨਾ ਚਾਹੁੰਦਾ ਸੀ, ਜੇਲ੍ਹ ਦੀ ਬਜਾਏ ਉਹ ਆਪਣੇ ਘਰ ਵਿਚ ਕੈਦ ਰੱਖੇ ਜਾਣ ਦੀ ਮੰਗ ਕਰਦਾ ਸੀ। ਇਹ ਸ਼ਰਤਾਂ ਮੰਨ ਲੈਂਦੇ ਤਾਂ ਇੱਕ ਗਲਤ ਲੀਹ ਪੈ ਜਾਣੀ ਸੀ।



*ਰਾਮ ਜੇਠਮਲਾਨੀ*

ਕਾਨੂੰਨ ਦੇ ਪੱਖੋਂ ਉਸ ਦੀ ਗੱਲ ਵਿਚ ਵਜ਼ਨ ਹੈ, ਪਰ ਇਸ ਤੋਂ ਪਹਿਲਾਂ ਕਈ ਲੋਕ ਸ਼ਰਤਾਂ ਦੇ ਨਾਲ ਵੀ ਆਤਮ ਸਮੱਰਪਣ ਕਰਦੇ ਰਹੇ ਹਨ। ਫੂਲਾਂ ਦੇਵੀ ਨੇ ਵੀ ਕੁਝ ਸ਼ਰਤਾਂ ਨਾਲ ਸਮੱਰਪਣ ਕੀਤਾ ਸੀ। ਅੰਦਰਲੀ ਗੱਲ ਕੁਝ ਲੋਕ ਇਹ ਕਹਿੰਦੇ ਹਨ ਕਿ ਸ਼ਰਦ ਪਵਾਰ ਦੀ ਆਪਣੇ ਵਕਤ ਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨਾਲ ਬਣਦੀ ਨਹੀਂ ਸੀ ਤੇ ਉਸ ਨੂੰ ਡਰ ਸੀ ਕਿ ਰਾਓ ਇਸ ਪ੍ਰਕਿਰਿਆ ਨੂੰ ਗਲਤ ਮੋੜਾ ਦੇ ਸਕਦਾ ਹੈ।

ਹੁਣ ਭਾਜਪਾ ਇਹ ਮੁੱਦਾ ਦੋ ਤਰ੍ਹਾਂ ਚੁੱਕ ਕੇ ਬਹਿਸ ਨੂੰ ਹਵਾ ਦਿੰਦੀ ਹੈ। ਇੱਕ ਇਹ ਕਿ ਜੇ ਉਦੋਂ ਉਹ ਆਤਮ ਸਮੱਰਪਣ ਕਰਵਾ ਲਿਆ ਜਾਂਦਾ ਤਾਂ ਜਿੰਨਾ ਨੁਕਸਾਨ ਉਸ ਦੇ ਪਿੱਛੋਂ ਹੋਇਆ ਹੈ, ਉਸ ਤੋਂ ਬਚਿਆ ਜਾ ਸਕਦਾ ਸੀ। ਦੂਸਰਾ ਇਹ ਪੁੱਛਿਆ ਗਿਆ ਹੈ ਕਿ ਭਾਰਤ ਦੇ ਲੋਕਾਂ ਤੋਂ ਏਡੀ ਵੱਡੀ ਗੱਲ ਏਨਾ ਚਿਰ ਲੁਕਾ ਕੇ ਕਿਉਂ ਰੱਖੀ ਗਈ ਅਤੇ ਕਿਸ ਨੇ ਰੱਖੀ ਸੀ?

ਅਸਲੀਅਤ ਇਹ ਹੈ ਕਿ ਰਾਜਨੀਤੀ ਦੇ ਪਰਦੇ ਓਹਲੇ ਕਈ ਕੁਝ ਲੁਕਿਆ ਰਹਿੰਦਾ ਹੈ, ਜਿੰਨਾ ਚਿਰ ਭੇਦ ਖੁੱਲ੍ਹ ਨਹੀਂ ਜਾਂਦਾ, ਆਪਸੀ ਵਿਰੋਧ ਦੇ ਬਾਵਜੂਦ ਇੱਕ ਦੂਸਰੇ ਦਾ ਓਹਲਾ ਸਾਰੇ ਰੱਖਦੇ ਹਨ, ਧੂੰਆਂ ਨਹੀਂ ਨਿਕਲਣ ਦੇਂਦੇ।

ਹੁਣੇ-ਹੁਣੇ ਲਲਿਤ ਮੋਦੀ ਕਾਂਡ ਦੌਰਾਨ ਦੋ ਭਾਜਪਾ ਆਗੂ ਬੀਬੀਆਂ ਦੇ ਵਿਹਾਰ ਦਾ ਰੌਲਾ ਪਿਆ। ਇੱਕ ਬੀਬੀ ਨੇ ਆਪਣੇ ਦੇਸ਼ ਨਾਲ ਵਫਾਦਾਰੀ ਤੋੜ ਕੇ ਵੀਹ ਕਰੋੜ ਰੁਪਏ ਪਿੱਛੇ ਲਲਿਤ ਮੋਦੀ ਵਾਸਤੇ ਬ੍ਰਿਟੇਨ ਦੀ ਸਰਕਾਰ ਲਈ ਹਲਫੀਆ ਬਿਆਨ ਦੇ ਦਿੱਤਾ। ਸਾਰੀ ਭਾਜਪਾ ਕਹਿੰਦੀ ਹੈ ਕਿ ਸਾਨੂੰ ਇਸ ਬਾਰੇ ਪਤਾ ਨਹੀਂ। ਦੂਸਰੀ ਬੀਬੀ ਦਾ ਪਤੀ ਪਿਛਲੇ ਬਾਈ ਸਾਲ ਤੋਂ ਓਸੇ ਲਲਿਤ ਮੋਦੀ ਦਾ ਵਕੀਲ ਹੈ ਅਤੇ ਧੀ ਵੀ ਲਲਿਤ ਮੋਦੀ ਦੇ ਕੇਸਾਂ ਵਿਚ ਪੇਸ਼ ਹੁੰਦੀ ਰਹੀ ਹੈ। ਆਪਣਾ ਪਾਸਪੋਰਟ ਦਾ ਕੇਸ ਜਿੱਤਣ ਪਿੱਛੋਂ ਲਲਿਤ ਨੇ ਧੰਨਵਾਦ ਕਰਨ ਲਈ ਜਿਨ੍ਹਾਂ ਲੋਕਾਂ ਦੇ ਨਾਂ ਫੇਸਬੁੱਕ ਉਤੇ ਲਿਖੇ, ਉਨ੍ਹਾਂ ਵਿਚ ਸੁਸ਼ਮਾ ਸਵਰਾਜ ਦੀ ਧੀ ਬਾਂਸੁਰੀ ਦਾ ਨਾਂ ਵੀ ਸ਼ਾਮਲ ਸੀ। ਕੀ ਭਾਜਪਾ ਨੂੰ ਉਦੋਂ ਵੀ ਪਤਾ ਨਹੀਂ ਸੀ ਲੱਗਾ? ਕਾਂਗਰਸ ਦੇ ਜਿਹੜੇ ਆਗੂ ਹੁਣ ਵਰਕੇ ਫੋਲੀ ਜਾਂਦੇ ਹਨ, ਕੀ ਉਨ੍ਹਾਂ ਨੂੰ ਉਦੋਂ ਫੇਸਬੁੱਕ ਦੀ ਉਹ ਐਂਟਰੀ ਨਹੀਂ ਸੀ ਦਿੱਸੀ ਅਤੇ ਉਹ ਕੇਸ ਰੱਦ ਹੋਣ ਦੇ ਬਾਅਦ ਵੀ ਉਹ ਇਸ ਬਾਰੇ ਚੁੱਪ ਕਿਉਂ ਬੈਠੇ ਰਹੇ ਸਨ?



*ਵਸੁੰਧਰਾ ਰਾਜੇ*

ਇੱਕ ਹੋਰ ਵੱਡਾ ਕਿੱਸਾ ਵਾਜਪਾਈ ਸਰਕਾਰ ਦਾ ਚੇਤੇ ਕਰਨਾ ਚਾਹੀਦਾ ਹੈ। ਭਾਰਤੀ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਆਪ ਵੀ ਅਮਰੀਕਾ ਦਾ ਪੱਕਾ ਭਗਤ ਗਿਣਿਆ ਜਾਂਦਾ ਸੀ ਤੇ ਵਾਜਪਾਈ ਸਰਕਾਰ ਵੀ ਅਮਰੀਕਾ ਦੇ ਬਹੁਤ ਨੇੜ ਵਾਲੀ ਸੀ। ਅਮਰੀਕਾ ਦੇ ਇੱਕ ਉਪ ਵਿਦੇਸ਼ ਮੰਤਰੀ ਸਟਰੋਬ ਟਾਲਬੋਟ ਨੇ ਅਹੁਦਾ ਛੱਡਣ ਪਿੱਛੋਂ ਕਿਤਾਬ ਲਿਖ ਕੇ ਇਹ ਖੁਲਾਸਾ ਕਰ ਦਿੱਤਾ ਕਿ ਜਾਰਜ ਫਰਨਾਂਡੇਜ਼ ਜਦੋਂ ਭਾਰਤ ਦੇ ਵਿਦੇਸ਼ ਮੰਤਰੀ ਵਜੋਂ ਅਮਰੀਕਾ ਆਇਆ ਤਾਂ ਉਸ ਦੀ ਸਾਰੇ ਕੱਪੜੇ ਲੁਹਾ ਕੇ ਤਲਾਸ਼ੀ ਲਈ ਗਈ ਸੀ। ਵਾਜਪਾਈ ਸਰਕਾਰ ਵਿਚੋਂ ਕਈ ਮੰਤਰੀਆਂ ਨੇ ਇਹ ਕਿਹਾ ਕਿ ਹੋ ਸਕਦਾ ਹੈ ਕਿ ਏਦਾਂ ਹੀ ਹੋਵੇ, ਪਰ ਸਾਨੂੰ ਇਸ ਬਾਰੇ ਪਤਾ ਨਹੀਂ। ਜਾਰਜ ਫਰਨਾਂਡੇਜ਼ ਨੂੰ ਜਦੋਂ ਸਿੱਧਾ ਇਸੇ ਗੱਲ ਬਾਰੇ ਮੀਡੀਏ ਦਾ ਸਾਹਮਣਾ ਕਰਨਾ ਪਿਆ ਤਾਂ ਉਸ ਨੇ ਕਿਹਾ ਕਿ ਇਸੇ ਤਰ੍ਹਾਂ ਹੋਇਆ ਸੀ, ਉਨ੍ਹਾਂ ਨੇ ਮੈਨੂੰ ਕੱਪੜੇ ਉਤਾਰਨ ਨੂੰ ਕਿਹਾ ਤੇ ਮੈਂ ਉਤਾਰ ਦਿੱਤੇ, ਇਸ ਵਿਚ ਮੈਨੂੰ ਕੁਝ ਗਲਤ ਨਹੀਂ ਸੀ ਲੱਗਾ। ਉਸ ਨੇ ਇਹ ਵੀ ਮੰਨ ਲਿਆ ਕਿ ਵਾਪਸ ਆਉਣ 'ਤੇ ਪ੍ਰਧਾਨ ਮੰਤਰੀ ਨੂੰ ਨਾ ਸਿਰਫ ਦੱਸ ਦਿੱਤਾ ਸੀ ਸਗੋਂ ਅਮਰੀਕਾ ਦੇ ਇਸ ਵਿਹਾਰ ਬਾਰੇ ਕੇਂਦਰੀ ਕੈਬਨਿਟ ਦੀ ਮੀਟਿੰਗ 'ਚ ਵਿਚਾਰ ਵੀ ਹੋਈ ਅਤੇ ਰਾਏ ਬਣੀ ਸੀ ਕਿ ਗੱਲ ਨੂੰ ਤੂਲ ਨਾ ਦਿੱਤੀ ਜਾਵੇ।

ਫਰਨਾਂਡੇਜ਼ ਦੇ ਇਹ ਗੱਲ ਮੰਨਣ ਤੋਂ ਪਹਿਲਾਂ ਇਹ ਗੱਲ ਦੋ ਸਾਲ ਦੇ ਕਰੀਬ ਸਾਰੇ ਦੇਸ਼ ਦੇ ਲੋਕਾਂ ਤੋਂ ਲੁਕਾਈ ਗਈ ਸੀ ਤੇ ਜਦੋਂ ਭੇਦ ਖੁੱਲ੍ਹ ਗਿਆ ਤਾਂ ਇਹ ਵੀ ਚਰਚਾ ਚੱਲੀ ਸੀ ਕਿ ਇਸ ਦਾ ਉਦੋਂ ਦੀ ਵਿਰੋਧੀ ਧਿਰ ਕਾਂਗਰਸ ਨੂੰ ਪਹਿਲਾਂ ਹੀ ਪਤਾ ਸੀ। ਭਾਰਤ ਦੇ ਇੱਕ ਮੰਤਰੀ ਦੀ ਇਸ ਤਰ੍ਹਾਂ ਕਿਸੇ ਦੇਸ਼ ਵਿਚ ਸਾਰੇ ਕੱਪੜੇ ਲੁਹਾ ਕੇ ਬੇਇੱਜ਼ਤੀ ਹੋਣ ਦੀ ਘਟਨਾ ਦੇ ਬਾਅਦ ਵੀ ਵਿਰੋਧੀ ਧਿਰ ਵਿਚ ਬੈਠੀ ਹੋਈ ਕਾਂਗਰਸ ਪਾਰਟੀ ਨੇ ਇਸ ਉਤੋਂ ਪਰਦਾ ਕਿਉਂ ਨਾ ਚੁੱਕਿਆ?

ਹੁਣ ਸਵਾਲ ਦਾਊਦ ਇਬਰਾਹੀਮ ਦਾ ਹੈ। ਇਸ ਬਾਰੇ ਹੁਣ ਜਦੋਂ ਭਾਜਪਾ ਇਹ ਪੁੱਛਦੀ ਹੈ ਕਿ ਸ਼ਰਦ ਪਵਾਰ ਨੇ ਏਨੀ ਦੇਰ ਓਹਲਾ ਕਿਉਂ ਰੱਖਿਆ ਤਾਂ ਇਸ ਗੱਲ ਬਾਰੇ ਉਸ ਨੂੰ ਦੱਸਣਾ ਚਾਹੀਦਾ ਹੈ ਕਿ ਕੀ ਉਸ ਦੇ ਲੀਡਰਾਂ ਵਿਚੋਂ ਵੀ ਕਿਸੇ ਨੂੰ ਪਤਾ ਨਹੀਂ ਸੀ? ਜਿਹੜੇ ਵਕੀਲ ਰਾਮ ਜੇਠਮਲਾਨੀ ਨੇ ਇਸ ਵਿਚੋਲਗੀ ਦੀ ਕੋਸ਼ਿਸ਼ ਕੀਤੀ ਸੀ, ਉਹ ਉਸ ਤੋਂ ਛੇ ਸਾਲ ਬਾਅਦ ਭਾਜਪਾ ਦੀ ਵਾਜਪਾਈ ਸਰਕਾਰ ਵਿਚ ਕਾਨੂੰਨ ਮੰਤਰੀ ਰਿਹਾ ਸੀ, ਕੀ ਉਦੋਂ ਵੀ ਏਡੀ ਭੇਦ ਵਾਲੀ ਗੱਲ ਉਹ ਲੁਕਾਈ ਬੈਠਾ ਰਿਹਾ?

ਅਫਜ਼ਲ ਗੁਰੂ ਨੂੰ ਫਾਂਸੀ ਦੇਣ ਵਿਚ ਦੇਰੀ ਬਾਰੇ ਕਾਂਗਰਸ ਦੇ ਲੀਡਰਾਂ ਨੂੰ ਇੱਕ ਵਾਰੀ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਨੇ ਕਿਹਾ ਸੀ ਕਿ ਇਸ ਨੂੰ ਫਾਂਸੀ ਕਿਉਂ ਨਹੀਂ ਦੇਂਦੇ, ਕੀ ਇਹ ਤੁਹਾਡਾ ਜਵਾਈ ਲੱਗਦਾ ਹੈ। ਉਸ ਦਾ ਕੇਸ ਅਦਾਲਤ ਵਿਚ ਰਾਮ ਜੇਠਮਲਾਨੀ ਉਦੋਂ ਲੜਦਾ ਸੀ ਤੇ ਉਹ ਭਾਜਪਾ ਦੀ ਰਾਸ਼ਟਰੀ ਪ੍ਰੀਸ਼ਦ ਦਾ ਵੀ ਮੈਂਬਰ ਸੀ। ਕੀ ਇਸ ਵਿਚੋਂ ਭਾਜਪਾ ਦਾ ਦੋਗਲਾਪਣ ਨਹੀਂ ਦਿਸਦਾ? ਰਾਮ ਜੇਠਮਲਾਨੀ ਨੇ, ਭਾਜਪਾ ਦੇ ਕਈ ਦਹਾਕਿਆਂ ਦੇ ਜੋੜੀਦਾਰ ਨੇ, ਦਾਊਦ ਬਾਰੇ ਜਿਹੜੀ ਗੱਲ ਕੀਤੀ ਸੀ, ਜੇ ਸ਼ਰਦ ਪਵਾਰ ਨੇ ਉਹ ਮੰਨ ਲਈ ਹੁੰਦੀ, ਕੀ ਇਹ ਸਵਾਲ ਕਿਸੇ ਭਾਜਪਾ ਆਗੂ ਨੇ ਫੇਰ ਨਹੀਂ ਸੀ ਪੁੱਛਣਾ ਕਿ ਦਾਊਦ ਕਿਸ ਦਾ ਜਵਾਈ ਹੈ, ਜਿਸ ਵਾਸਤੇ ਸਰਕਾਰ ਏਨਾ ਝੁਕਣ ਵਾਲੀਆਂ ਸ਼ਰਤਾਂ ਪ੍ਰਵਾਨ ਕਰ ਕੇ ਆਤਮ ਸਮੱਰਪਣ ਕਰਾਉਂਦੀ ਫਿਰਦੀ ਹੈ? ਇਸ ਤਰ੍ਹਾਂ ਦੇ ਬਹੁਤ ਸਾਰੇ ਸਵਾਲ ਹਨ, ਜਿਨ੍ਹਾਂ ਬਾਰੇ ਕਾਂਗਰਸ ਅਤੇ ਭਾਜਪਾ ਦੋਵਾਂ ਦੀ ਲੀਡਰਸ਼ਿਪ ਕਟਹਿਰੇ ਵਿਚ ਖੜੀ ਹੋ ਸਕਦੀ ਹੈ।

ਜਾਰਜ ਫਰਨਾਂਡੇਜ਼ ਨੂੰ ਨੰਗੇ ਕਰਨ ਦਾ ਕਿੱਸਾ ਕੁਝ ਸਾਲ ਪਿੱਛੋਂ ਨੰਗਾ ਹੋਇਆ ਸੀ। ਵਸੁੰਧਰਾ ਰਾਜੇ ਵੱਲੋਂ ਦੇਸ਼ ਨਾਲ ਵਫਾ ਭੁਲਾ ਕੇ ਆਪਣੇ ਦੇਸ਼ ਵਿਰੁੱਧ ਬੇਗਾਨੇ ਦੇਸ਼ ਨੂੰ ਲਿਖ ਕੇ ਦੇਣ ਦਾ ਕਿੱਸਾ ਕੁਝ ਸਾਲ ਪਿੱਛੋਂ ਲੋਕਾਂ ਨੂੰ ਪਤਾ ਲੱਗਾ ਸੀ। ਦਾਊਦ ਦਾ ਕਿੱਸਾ ਵੀਹ ਤੋਂ ਵੱਧ ਸਾਲ ਲੰਘਣ ਪਿੱਛੋਂ ਬੇਪਰਦ ਹੋਇਆ। ਇਹੋ ਜਿਹੇ ਕਈ ਹੋਰ ਕੇਸ ਹਨ। ਇਸ ਗੱਲ ਦੀ ਕੀ ਗਾਰੰਟੀ ਹੈ ਕਿ ਹੁਣ ਏਦਾਂ ਦਾ ਕੁਝ ਨਹੀਂ ਹੋ ਰਿਹਾ? ਕੀ ਲੋਕ ਇਹ ਸੋਚ ਲੈਣ ਕਿ ਹੁੰਦਾ ਤਾਂ ਹੋਈ ਜਾਵੇ, ਆਪੇ ਸਮਾਂ ਪਾ ਕੇ ਬਾਹਰ ਆ ਜਾਵੇਗਾ? ਕੀ ਰਾਜਸੀ ਮੰਚ ਉਤੇ ਹੋਰ ਅਤੇ ਪਰਦੇ ਪਿੱਛੇ ਹੋਰ ਨਾਟਕ ਇੰਜ ਹੀ ਹੁੰਦੇ ਰਹਿਣੇ ਹਨ? ਲੋਕਤੰਤਰ ਨੂੰ ਲੁਕਾ-ਲੁਕਾਈ ਦਾ ਤੰਤਰ ਕਿਉਂ ਬਣਾ ਦਿੱਤਾ ਗਿਆ ਹੈ? ਇੱਕ ਜਾਂ ਦੂਸਰੀ ਪਾਰਟੀ ਵਿਚੋਂ ਵੱਡੀਆਂ ਦੋਵਾਂ ਧਿਰਾਂ ਵਿਚੋਂ ਕੋਈ ਵੀ ਹੋ ਸਕਦੀ ਹੈ, ਪਰ ਵਿਹਾਰ ਪੱਖੋਂ ਦੋਵਾਂ ਦੀ ਇੱਕੋ ਜਿਹੀ ਸਥਿਤੀ ਕਿਉਂ ਨਜ਼ਰ ਆ ਰਹੀ ਹੈ? ਆਖਰ ਕੋਈ ਫਰਕ ਤਾਂ ਲੋਕਾਂ ਨੂੰ ਦਿਸਣਾ ਚਾਹੀਦਾ ਹੈ।



*ਦਾਊਦ ਇਬਰਾਹੀਮ*

**Flat Rate Funding Group**

Are you tired of waiting to get paid on your outstanding freight invoices?

Get your $$$ now!

At Flat Rate Funding Group, we offer the lowest fixed factoring rate in the transportation industry-

***1.5%!***

*Call Goldy Dhillon* 734-444-9625

sales@flatratefunding.com

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?

ਅੱਜ ਹੀ ਲੋੜੀਂਦਾ ਪੈਸਾ ਲਓ



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ

ਅੱਜ ਹੀ ਸੰਪਰਕ ਕਰੋ

ਗੋਲਡੀ ਢਿੱਲੋਂ, ਫੋਨ: 734-444-9625

# ਨਰੇਂਦਰ ਮੋਦੀ ਦਾ 'ਪਾਕ ਸਾਫ' ਅਕਸ ਹੋਇਆ ਤੂੰਬੇ ਤੂੰਬੇ

## ਲਲਿਤਗੇਟ ਪਿਛੋਂ ਵਿਆਪਮ ਘੁਟਾਲੇ ਨੇ ਮਧੋਲੀ ਭਾਜਪਾ




**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਭਾਵੇਂ ਮੱਧ ਪ੍ਰਦੇਸ਼ 'ਪ੍ਰੋਫੈਸ਼ਨਲ ਇਗਜ਼ਾਮੀਨੇਸ਼ਨ ਬੋਰਡ' (ਵਿਆਪਮ) ਦੇ ਵਿਆਪਕ ਘੁਟਾਲੇ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰ ਦਿੱਤੀ ਹੈ ਪਰ ਇਸ ਘੁਟਾਲੇ ਦੀ ਜਾਂਚ ਪ੍ਰਤੀ ਭਾਜਪਾ ਦੀ ਨੀਤੀ ਤੇ ਨੀਅਤ ਨੇ ਨਰੇਂਦਰ ਮੋਦੀ ਸਰਕਾਰ ਦੀ ਪਾਕ ਸਾਫ ਸਰਕਾਰ ਵਾਲੇ ਦਾਅਵੇ ਨੂੰ ਵੱਡਾ ਧੱਕਾ ਦਿੱਤਾ ਹੈ। ਕੇਂਦਰ ਵਿਚ ਮੋਦੀ ਸਰਕਾਰ ਨੇ ਆਪਣੇ ਕਾਰਜਕਾਲ ਦਾ ਅਜੇ ਮਸਾਂ ਇਕ ਸਾਲ ਹੀ ਪੂਰਾ ਕੀਤਾ ਹੈ। ਪਹਿਲਾਂ ਉਸ ਨੂੰ ਲਲਿਤ ਗੇਟ ਨੇ ਚੰਗੀ ਤਰ੍ਹਾਂ ਮਧੋਲਿਆ ਤੇ ਹੁਣ ਵਿਆਪਮ ਘੁਟਾਲੇ ਨੇ ਉਸ ਦੀ ਸਾਖ਼ ਨੂੰ ਹੋਰ ਵੀ ਖੋਰਾ ਲਾ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਕੌਮੀ ਚਰਚਾ ਦਾ ਰੁਖ਼ ਘੁਟਾਲਿਆਂ ਤੋਂ ਵਿਕਾਸ ਵੱਲ ਮੋੜਨ ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਗਵਾਈ ਵਾਲੇ ਸਾਂਝੇ ਪ੍ਰਗਤੀਸ਼ੀਲ ਗੱਠਜੋੜ ਦੀ ਸਰਕਾਰ ਨਾਲ ਮੌਜੂਦਾ ਸਥਿਤੀ ਦੀ ਤੁਲਨਾ ਕਰਨ ਵਿਚ ਮਾਣ ਮਹਿਸੂਸ ਕੀਤਾ ਸੀ ਪਰ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਮਹਿਜ਼ ਇਕ ਸਾਲ ਮਗਰੋਂ ਕਹਾਣੀ ਵਿਚ ਨਵਾਂ ਮੋੜ ਉਦੋਂ ਆਇਆ ਜਦੋਂ ਭਾਜਪਾ ਨਾਲ ਸਬੰਧਤ ਵੱਖ-ਵੱਖ ਘੁਟਾਲੇ ਸਿਆਸੀ ਸਫ਼ਾਂ ਵਿਚ ਚਰਚਾ ਦਾ ਵਿਸ਼ਾ ਬਣ ਗਏ।

ਭਾਜਪਾ ਸਰਕਾਰ ਦੀ ਮਹਿਲਾ ਮੰਤਰੀ ਮੰਤਰੀ ਸੁਸ਼ਮਾ ਸਵਰਾਜ ਤੇ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਕ੍ਰਿਕਟ ਜਗਤ ਦੇ ਬੇਤਾਜ ਬਾਦਸ਼ਾਹ ਲਲਿਤ ਮੋਦੀ ਦੀ ਮਦਦ ਕਰਨ ਖ਼ਾਤਿਰ ਆਪੋ-ਆਪਣੇ ਅਹੁਦੇ ਤੇ ਰੁਤਬੇ ਦੀ ਮਰਿਆਦਾ ਦਾਅ ਉਤੇ ਲਾਈ। ਸੁਸ਼ਮਾ ਸਵਰਾਜ ਨੇ ਭਾਰਤੀ ਕਾਨੂੰਨ ਏਜੰਸੀਆਂ ਤੋਂ ਭਗੌੜੇ ਹੋਏ ਲਲਿਤ ਮੋਦੀ ਨੂੰ ਯਾਤਰਾ ਦਸਤਾਵੇਜ਼ ਦਿਵਾਉਣ ਲਈ ਬਰਤਾਨਵੀ ਸਰਕਾਰ ਕੋਲ ਸਿਫ਼ਾਰਸ਼ ਕੀਤੀ ਸੀ। ਗ਼ੌਰਤਲਬ ਹੈ ਕਿ ਲੰਡਨ ਵਿਖੇ ਰਹਿ ਰਿਹਾ ਲਲਿਤ ਮੋਦੀ ਭਾਰਤੀ ਨਿਆਂ ਪ੍ਰਣਾਲੀ ਦਾ ਭਗੌੜਾ ਹੈ ਤੇ ਉਸ ਖ਼ਿਲਾਫ਼ ਜਾਂਚ ਚੱਲ ਰਹੀ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਨ੍ਹਾਂ ਦੋਵਾਂ ਮਾਮਲਿਆਂ ਵਿਚੋਂ ਕਿਸੇ ਇਕ ਬਾਰੇ ਵੀ ਜਨਤਕ ਤੌਰ ਉਤੇ ਕੁਝ ਨਹੀਂ ਕਿਹਾ। ਆਮ ਤੌਰ ਉਤੇ ਸੋਸ਼ਲ ਮੀਡੀਆ ਰਾਹੀਂ ਲੋਕਾਂ ਦੇ ਰੂ-ਬਰੂ ਹੋਕੇ ਖੁੱਲ੍ਹ ਕੇ ਵਿਚਾਰ ਪ੍ਰਗਟਾਉਣ ਵਾਲੇ ਪ੍ਰਧਾਨ ਮੰਤਰੀ ਵੱਲੋਂ ਪਾਰਟੀ ਆਗੂਆਂ ਦੀਆਂ ਅਜਿਹੀਆਂ ਕਾਰਵਾਈਆਂ ਬਾਰੇ ਧਾਰੀ ਚੁੱਪ ਦੇ ਮੁੱਦੇ ਉਤੇ ਵਿਰੋਧੀ ਧਿਰ ਨੇ ਕਾਫ਼ੀ ਤਨਜ਼ੀਆ ਬਾਣ ਛੱਡੇ। ਜਿਨ੍ਹਾਂ ਦਾ ਪ੍ਰਧਾਨ ਮੰਤਰੀ ਉਤੇ ਅਜੇ ਤੱਕ ਅਸਰ ਨਹੀਂ ਹੋਇਆ।

ਮੱਧ ਪ੍ਰਦੇਸ਼ ਦੇ ਭਾਜਪਾ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵਿਆਪਕ ਪੱਧਰ ਉੱਤੇ ਵਿਆਪਮ ਭਰਤੀ ਘੁਟਾਲੇ ਕਾਰਨ ਸਭ ਪਾਸਿਉਂ ਘਿਰੇ ਹਨ। ਜਿਉਂ-ਜਿਉਂ ਵਿਆਪਮ ਘੁਟਾਲੇ ਨਾਲ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਵਿਅਕਤੀਆਂ ਦੀਆਂ ਭੇਦਭਰੀਆਂ ਮੌਤਾਂ ਦੀਆਂ ਖ਼ਬਰਾਂ ਬਾਹਰ ਆਉਣ ਲੱਗੀਆਂ, ਸ੍ਰੀ ਚੌਹਾਨ ਦੇ ਚਿਹਰੇ ਉਤੇ ਚਿੰਤਾ ਦੀਆਂ ਲਕੀਰਾਂ ਦਿਨ-ਬ-ਦਿਨ ਗਹਿਰੀਆਂ ਹੋਣ ਲੱਗੀਆਂ। ਆਖ਼ਰਕਾਰ ਉਨ੍ਹਾਂ ਨੂੰ ਘੁਟਾਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਲਈ ਸਹਿਮਤ ਹੋਣਾ ਪਿਆ।

ਭਾਜਪਾ ਉੱਤੇ ਡਿੱਗੀ ਘੁਟਾਲਿਆਂ ਦੀ ਗਾਜ ਪ੍ਰਧਾਨ ਮੰਤਰੀ ਨੂੰ ਇਹ ਦੱਸਣ ਲਈ ਕਾਫ਼ੀ ਸੀ ਕਿ ਘੁਟਾਲਿਆਂ ਉੱਤੇ ਕਿਸੇ ਇਕ ਹੀ ਪਾਰਟੀ ਜਾਂ ਗੱਠਜੋੜ ਦਾ ਏਕਾਧਿਕਾਰ ਨਹੀਂ ਹੁੰਦਾ ਤੇ ਸਰਕਾਰ ਬਦਲਣ ਨਾਲ ਭ੍ਰਿਸ਼ਟਾਚਾਰ ਦਾ ਖ਼ਾਤਮਾ ਨਹੀਂ ਹੋਇਆ। ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਦੀ ਵਿਚਾਰਧਾਰਾ ਨੂੰ ਪ੍ਰਣਾਈ ਹੋਣ ਦੇ ਬਾਵਜੂਦ ਭਾਜਪਾ ਕਿਸੇ ਵੀ ਹੋਰ ਪਾਰਟੀ ਵਾਂਗ ਜੋੜ-ਤੋੜ ਦੀ ਸਿਆਸਤ ਦੇ ਚਿੱਕੜ ਵਿਚ ਪੂਰੀ ਤਰ੍ਹਾਂ ਖੁੱਭ ਗਈ ਹੈ। ਮੌਜੂਦਾ ਘਟਨਾਵਾਂ ਸ੍ਰੀ ਨਰੇਂਦਰ ਮੋਦੀ ਦੀਆਂ ਸਿਆਸੀ ਮਜਬੂਰੀਆਂ ਨੂੰ ਪ੍ਰਗਟ ਕਰ ਰਹੀਆਂ ਹਨ ਜਿਨ੍ਹਾਂ ਕਾਰਨ ਉਹ ਮੁਸੀਬਤਾਂ ਨੂੰ ਸਿੱਧਾ ਟੱਕਰਨ ਦੀ ਥਾਂ ਆਪਣੀਆਂ ਅੱਖਾਂ ਬੰਦ ਕਰਨ ਲਈ ਮਜਬੂਰ ਹੋ ਗਏ ਹਨ।

ਪਿਛਲੇ ਕਿੰਨੇ ਹੀ ਦਿਨਾਂ ਤੋਂ ਕੌਮੀ ਪੱਧਰ ਉਤੇ ਇਹ ਘੁਟਾਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਬਹੁਤ ਸਾਰੀਆਂ ਵਿਰੋਧੀ ਪਾਰਟੀਆਂ ਇਹ ਮੰਗ ਕਰ ਰਹੀਆਂ ਸਨ ਕਿ ਇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਏ। ਸੁਪਰੀਮ ਕੋਰਟ ਵਿਚ ਇਸ ਸਬੰਧੀ ਕਾਂਗਰਸ, ਆਮ ਆਦਮੀ ਪਾਰਟੀ ਤੇ ਇਸ ਘੁਟਾਲੇ ਦਾ ਪਰਦਾਫਾਸ਼ ਕਰਨ ਵਾਲੇ ਕਈ ਹੋਰ ਨਾਗਰਿਕਾਂ ਨੇ ਅਜਿਹੀ ਜਾਂਚ ਦੀ ਮੰਗ ਲਈ ਜਨਤਕ ਹਿੱਤ ਵਿਚ ਪਟੀਸ਼ਨਾਂ ਦਾਇਰ ਕੀਤੀਆਂ ਹੋਈਆਂ ਸਨ, ਜਿਨ੍ਹਾਂ ਉਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਵਿਆਪਮ ਘੁਟਾਲੇ ਤੇ ਇਸ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਹੋਏ ਬਹੁਤ ਸਾਰੇ ਲੋਕਾਂ ਦੀਆਂ ਹੋਈਆਂ ਮੌਤਾਂ ਦੀ ਜਾਂਚ ਸੀ.ਬੀ.ਆਈ. ਨੂੰ ਕਰਨ ਦੇ ਆਦੇਸ਼ ਦੇ ਦਿੱਤੇ ਹਨ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਮੱਧ ਪ੍ਰਦੇਸ਼ ਦੇ ਗਵਰਨਰ ਨਰੇਸ਼ ਯਾਦਵ ਦੇ ਵੀ ਇਸ ਘਪਲੇ ਵਿਚ ਸ਼ਾਮਲ ਹੋਣ ਦੇ ਲੱਗੇ ਦੋਸ਼ਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ, ਮੱਧ ਪ੍ਰਦੇਸ਼ ਸਰਕਾਰ ਤੇ ਕੇਂਦਰ ਸਰਕਾਰ ਨੂੰ ਵੀ ਨੋਟਿਸ ਜਾਰੀ ਕਰ ਦਿੱਤੇ ਹਨ।

### *ਕਿੰਨਾ ਵੱਡਾ ਹੈ ਵਿਆਪਮ ਘੁਟਾਲਾ?*

ਵਿਆਪਮ ਘੁਟਾਲਾ ਮੈਡੀਕਲ ਇੰਜੀਨੀਅਰਿੰਗ ਤੇ ਹੋਰ ਪੇਸ਼ਾਵਾਰਾਨਾ ਕੋਰਸਾਂ ਵਿਚ ਵਿਦਿਆਰਥੀਆਂ ਦੇ ਦਾਖ਼ਲੇ ਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਮੁਲਾਜ਼ਮਾਂ ਦੀ ਭਰਤੀ ਬਾਰੇ ਇਕ ਬਹੁਤ ਹੀ ਵੱਡਾ ਘੁਟਾਲਾ ਹੈ। ਇਸ ਵਿਚ ਸਿਆਸਤਦਾਨਾਂ, ਅਫ਼ਸਰਸ਼ਾਹਾਂ ਤੇ ਮੱਧ ਪ੍ਰਦੇਸ਼ ਦੇ ਵੱਡੇ-ਵੱਡੇ ਵਪਾਰੀਆਂ ਤੇ ਕਾਰੋਬਾਰੀਆਂ ਦਾ ਹੱਥ ਦੱਸਿਆ ਜਾ ਰਿਹਾ ਹੈ। ਦੋਸ਼ ਇਹ ਹਨ ਕਿ ਉਕਤ ਬੋਰਡ ਰਾਹੀਂ ਪ੍ਰਭਾਵਸ਼ਾਲੀ ਲੋਕਾਂ ਨੇ ਪੈਸੇ ਤੇ ਸਿਫ਼ਾਰਸ਼ਾਂ ਰਾਹੀਂ ਅਯੋਗ ਵਿਦਿਆਰਥੀਆਂ ਨੂੰ ਮੈਡੀਕਲ ਤੇ ਇੰਜੀਨੀਅਰਿੰਗ ਕਾਲਜਾਂ ਵਿਚ ਦਾਖਲੇ ਦੁਆਏ ਹਨ। ਇਸੇ ਤਰ੍ਹਾਂ ਅਯੋਗ ਲੋਕਾਂ ਨੂੰ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਨੌਕਰੀਆਂ ਦੁਆਈਆਂ ਗਈਆਂ ਹਨ। ਇਹ ਘੁਟਾਲਾ 4000 ਕਰੋੜ ਦੇ ਲੈਣ-ਦੇਣ ਨਾਲ ਸਬੰਧਤ ਹੈ। ਇਹ ਘੁਟਾਲਾ 2007 ਤੋਂ ਚੱਲਿਆ ਆ ਰਿਹਾ ਸੀ ਤੇ ਇਸ ਸਬੰਧੀ ਵਧੇਰੇ ਜਾਣਕਾਰੀ 2013 ਵਿਚ ਸਾਹਮਣੇ ਆਈ ਸੀ। ਇਸ ਦੀ ਜਾਂਚ ਲਈ ਜਬਲਪੁਰ ਹਾਈਕੋਰਟ ਦੀ ਨਜ਼ਰਸਾਨੀ ਹੇਠ ਇਕ ਵਿਸ਼ੇਸ਼ ਜਾਂਚ ਦਲ ਦਾ ਗਠਨ ਕੀਤਾ ਗਿਆ ਸੀ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਲਈ ਵਿਸ਼ੇਸ਼ ਟਾਸਕ ਫੋਰਸ ਵੀ ਬਣਾਈ ਗਈ ਸੀ। ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਪੁਲਿਸ ਦੀਆਂ 1397 ਟੀਮਾਂ ਬਣਾਈਆਂ ਗਈਆਂ ਸਨ। 2590 ਲੋਕਾਂ ਖਿਲਾਫ਼ ਮੁਢਲੇ ਤੌਰ ਉਤੇ ਕੇਸ ਦਰਜ ਕੀਤੇ ਗਏ ਤੇ ਇਨ੍ਹਾਂ ਵਿਚੋਂ 2099 ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਹੁਣ ਤੱਕ ਇਸ ਬਾਰੇ 1194 ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਹਨ। 755 ਮਾਮਲਿਆਂ ਵਿਚ ਅਦਾਲਤਾਂ ਵਿਚ ਦੋਸ਼ ਪੱਤਰ ਵੀ ਦਾਖ਼ਲ ਕੀਤੇ ਜਾ ਚੁੱਕੇ ਹਨ ਤੇ 421 ਭਗੌੜੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਇਨਾਮ ਵੀ ਐਲਾਨੇ ਗਏ ਹਨ।

### ਘੁਟਾਲੇ ਨਾਲ ਸਬੰਧਤ 45 ਵਿਅਕਤੀਆਂ ਦੀ ਗਈ ਜਾਨ

2013 ਤੋਂ ਆਰੰਭ ਹੋਈ ਜਾਂਚ ਦੌਰਾਨ ਇਸ ਘੁਟਾਲੇ ਨਾਲ ਸਬੰਧਤ ਤਕਰੀਬਨ 45 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਤੇ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਮੌਤਾਂ ਗ਼ੈਰ-ਕੁਦਰਤੀ ਹੋਣ ਦੇ ਵੀ ਦੋਸ਼ ਲੱਗੇ ਹਨ। ਪਿਛਲੇ ਦਿਨੀਂ ਜਬਲਪੁਰ ਯੂਨੀਵਰਸਿਟੀ ਦੇ ਡੀਨ ਅਰੁਣ ਮਿਸ਼ਰਾ ਜੋ ਇਸ ਮਾਮਲੇ ਦੀ ਜਾਂਚ ਨਾਲ ਸਬੰਧਤ ਸਨ ਤੇ 'ਇੰਡੀਆ ਟੂਡੇ' ਗਰੁੱਪ ਦੇ ਪੱਤਰਕਾਰ ਅਕਸ਼ੈ ਕੁਮਾਰ, ਜੋ ਇਸ ਘਪਲੇ ਦੀ ਕਵਰੇਜ ਕਰਨ ਗਏ ਸਨ, ਦੀਆਂ ਭੇਦਭਰੇ ਢੰਗ ਨਾਲ ਹੋਈਆਂ ਮੌਤਾਂ ਨਾਲ ਇਹ ਮੰਗ ਹੋਰ ਵੀ ਜ਼ੋਰ ਫੜ ਗਈ ਸੀ ਕਿ ਇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਏ। ਪਿਛਲੇ ਦਿਨੀਂ ਇਹ ਵੀ ਖ਼ਬਰਾਂ ਆਈਆਂ ਸਨ ਕਿ ਵਿਸ਼ੇਸ਼ ਜਾਂਚ ਦਲ ਦੇ ਕੁਝ ਮੈਂਬਰ ਵੀ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਵਿਸ਼ੇਸ਼ ਟਾਸਕ ਫੋਰਸ ਦੇ ਕੰਮਕਾਜ ਦੀ ਵੀ ਆਲੋਚਨਾ ਹੋ ਰਹੀ ਸੀ।

# ਕਸ਼ਮੀਰ ਮੁੱਦੇ ਉਤੇ ਇਕ ਵਾਰ ਫਿਰ ਅੜਿਆ ਪਾਕਿਸਤਾਨ

## ਭਾਰਤ ਨਾਲ ਗੱਲਬਾਤ ਮੁੜ ਲੀਹ ਉਤੇ ਲਿਆਉਣ ਦੇ ਮੁੱਦੇ 'ਤੇ ਪਾਕਿਸਤਾਨ ਨੇ ਮਾਰੀ ਪਲਟੀ



**ਲਾਹੌਰ:** ਤਕਰੀਬਨ ਇਕ ਸਾਲ ਦੇ ਵਕਫ਼ੇ ਮਗਰੋਂ ਰੂਸ ਦੇ ਸ਼ਹਿਰ ਉਫਾ ਵਿਚ ਰੁਕੀ ਹੋਈ ਗੱਲਬਾਤ ਦੀ ਪ੍ਰਕਿਰਿਆ ਨੂੰ ਮੁੜ ਸੁਰਜੀਤ ਕਰਨ ਬਾਰੇ ਵਾਅਦੇ ਤੋਂ ਪਾਕਿਸਤਾਨ ਮੁੜ ਪਲਟੀ ਮਾਰ ਗਿਆ ਹੈ। ਪਾਕਿਸਤਾਨ ਨੇ ਵਾਅਦੇ ਤੋਂ ਮੁੱਕਰਦਿਆਂ ਮੁੰਬਈ ਹਮਲੇ ਦੇ ਮਾਮਲੇ ਵਿਚ ਭਾਰਤ ਤੋਂ ਵਾਧੂ ਸਬੂਤ ਤੇ ਹੋਰ ਜਾਣਕਾਰੀ ਮੰਗੀ ਹੈ। ਇਹ ਵੀ ਜ਼ੋਰ ਦੇ ਕੇ ਕਿਹਾ ਕਿ ਏਜੰਡੇ ਉਤੇ ਕਸ਼ਮੀਰ ਮੁੱਦਾ ਰੱਖੇ ਬਿਨਾਂ ਭਾਰਤ ਨਾਲ ਕੋਈ ਵਾਰਤਾ ਨਹੀਂ ਹੋ ਸਕਦੀ। ਆਪਣੇ ਪੁਰਾਣੇ ਰਵਈਏ ਉਤੇ ਪਰਤਦਿਆਂ ਕੌਮੀ ਸੁਰੱਖਿਆ ਤੇ ਵਿਦੇਸ਼ ਮਾਮਲਿਆਂ ਬਾਰੇ ਸਲਾਹਕਾਰ ਸਰਤਾਜ ਅਜ਼ੀਜ਼ ਨੇ ਸਪਸ਼ਟ ਕੀਤਾ ਹੈ ਕਿ ਜਦੋਂ ਤੱਕ ਕਸ਼ਮੀਰ ਮੁੱਦਾ ਏਜੰਡੇ ਵਿਚ ਸ਼ਾਮਲ ਨਹੀਂ ਕੀਤਾ ਜਾਏਗਾ, ਭਾਰਤ ਨਾਲ ਕੋਈ ਗੱਲਬਾਤ ਨਹੀਂ ਹੋਏਗੀ।

ਪਾਕਿਸਤਾਨ ਹਾਈ ਕਮਿਸ਼ਨ ਨੇ 21 ਜੁਲਾਈ ਨੂੰ ਈਦ ਮਿਲਨ ਸਮਾਗਮ ਲਈ ਕਸ਼ਮੀਰੀ ਵੱਖਵਾਦੀ ਆਗੂਆਂ ਨੂੰ ਵੀ ਸੱਦਾ ਦਿੱਤਾ ਹੈ। ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਵਿਚਾਲੇ ਰੂਸ ਦੇ ਸ਼ਹਿਰ ਊਫਾ ਵਿਚ ਮੁਲਾਕਾਤ ਦੌਰਾਨ ਵੱਖ-ਵੱਖ ਮਾਮਲਿਆਂ ਉੱਤੇ ਗੱਲਬਾਤ ਨੂੰ ਅੱਗੇ ਵਧਾਉਣ ਦਾ ਫ਼ੈਸਲਾ ਹੋਇਆ ਸੀ। ਮੋਦੀ ਨੇ ਅਗਲੇ ਸਾਲ ਇਸਲਾਮਾਬਾਦ ਵਿਚ ਹੋਣ ਜਾ ਰਹੇ ਸਾਰਕ ਸੰਮੇਲਨ ਵਿਚ ਸ਼ਾਮਲ ਹੋਣ ਦੀ ਹਾਮੀ ਵੀ ਭਰੀ ਸੀ।

ਇਸੇ ਗੱਲਬਾਤ ਦੇ ਨਤੀਜੇ ਵਜੋਂ ਦੋਵੇਂ ਦੇਸ਼ਾਂ ਦੇ ਕੌਮੀ ਸੁਰੱਖਿਆ ਸਲਾਹਕਾਰ ਦਿੱਲੀ ਵਿਚ ਮਿਲਣਗੇ। ਬੀ.ਐਸ.ਐਫ. ਤੇ ਪਾਕਿਸਤਾਨੀ ਰੇਂਜਰਾਂ ਦੀ ਡੀ.ਜੀ. ਪੱਧਰ ਦੀ ਮੀਟਿੰਗ ਤੇ ਪੰਦਰਾਂ ਦਿਨਾਂ ਦੇ ਅੰਦਰ ਦੋਵੇਂ ਦੇਸ਼ਾਂ ਦੇ ਮਛੇਰਿਆਂ ਨੂੰ ਛੱਡਣ ਦਾ ਫ਼ੈਸਲਾ ਹੋਵੇਗਾ ਪਰ ਪਾਕਿਸਤਾਨ ਦੇ ਇਸ ਪੈਂਤੜੇ ਨੇ ਗੱਲਬਾਤ ਨੂੰ ਲੀਹੋਂ ਲਾਹੁਣ ਵੱਲ ਕਦਮ ਵਧਾਇਆ ਹੈ। ਦੋਵਾਂ ਆਗੂਆਂ ਵਿਚ ਇਹ ਗੱਲ ਵੀ ਹੋਈ ਸੀ ਕਿ ਧਾਰਮਿਕ ਸੈਰ-ਸਪਾਟਾ ਵਧਾਉਣ ਅਤੇ 26/11 ਦੇ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦਾ ਅਮਲ ਤੇਜ਼ ਕਰਨ ਲਈ ਸਾਜਿਸ਼ੀਆਂ ਦੀ ਆਵਾਜ਼ ਦੇ ਨਮੂਨੇ ਭਾਰਤ ਨੂੰ ਸੌਂਪੇਗਾ।

ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਨਰੇਂਦਰ ਮੋਦੀ ਵਿਚਕਾਰ ਮਿਲਣੀ ਬਾਰੇ ਪਾਕਿਸਤਾਨ ਵਿਚ ਮਿਲੀ ਜੁਲੀ ਪ੍ਰਤੀਕਿਰਿਆ ਹੋਈ ਸੀ। ਜ਼ਿਆਦਾਤਰ ਸਿਆਸੀ ਪਾਰਟੀਆਂ ਨੇ ਸ਼ਰੀਫ਼ ਉਤੇ ਕਸ਼ਮੀਰ ਮੁੱਦਾ ਚੁੱਕਣ ਵਿਚ ਨਾਕਾਮ ਰਹਿਣ ਦਾ ਦੋਸ਼ ਲਾਇਆ ਸੀ। ਵਿਰੋਧੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ. ਪੀ. ਪੀ.) ਨੇ ਕਿਹਾ ਸੀ ਕਿ ਸ਼ਰੀਫ਼ ਪਾਕਿਸਤਾਨ ਦੀਆਂ ਚਿੰਤਾਵਾਂ ਦੀ ਸਪੱਸ਼ਟ ਅਤੇ ਸਹੀ ਅਰਥਾਂ ਵਿਚ ਨਿਸ਼ਾਨਦੇਹੀ ਕਰਨ ਵਿਚ ਨਾਕਾਮ ਰਹੇ।

ਪੀ.ਪੀ.ਪੀ. ਦੀ ਸੀਨੀਅਰ ਆਗੂ ਤੇ ਅਮਰੀਕਾ ਵਿਚ ਸਾਬਕਾ ਸਫ਼ੀਰ ਸ਼ੈਰੀ ਰਹਿਮਾਨ ਨੇ ਇਸ ਮੀਟਿੰਗ ਨੂੰ ਇਕਤਰਫ਼ਾ ਦੱਸਿਆ ਸੀ। ਇਸ ਤੋਂ ਪਹਿਲਾਂ ਪੀ.ਪੀ.ਪੀ. ਆਗੂ ਤੇ ਸਾਬਕਾ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਕਿਹਾ ਕਿ ਇਹ ਪਾਕਿਸਤਾਨ ਦੀ ਬੇਇੱਜ਼ਤੀ ਹੈ ਕਿਉਂਕਿ ਮੀਟਿੰਗ ਵਿਚ ਮੋਦੀ ਨੇ 'ਹੈਂਕੜ ਭਰਿਆ' ਤੇ ਰੂਸ ਦੇ ਜ਼ਾਰ ਵਰਗਾ ਵਰਤਾਓ ਕੀਤਾ।

ਮੋਦੀ ਵੱਲੋਂ ਆਪਣੀ ਸਰਕਾਰ ਦੇ ਹਲਫ਼ਦਾਰੀ ਸਮਾਗਮ ਵਿਚ ਦੱਖਣੀ ਏਸ਼ੀਆ ਦੇ ਮੁਲਕਾਂ ਦੇ ਮੁਖੀਆਂ ਨੂੰ ਸ਼ਾਮਲ ਹੋਣ ਦਾ ਸੱਦਾ ਦੇਣ ਦਾ ਭਰਵਾਂ ਸਵਾਗਤ ਹੋਇਆ ਸੀ ਪਰ ਇਸ ਰਸਮੀ ਕਾਰਵਾਈ ਤੋਂ ਬਾਅਦ ਪਾਕਿਸਤਾਨ ਨਾਲ ਸਬੰਧਾਂ ਵਿਚ ਖ਼ਟਾਸ ਲਗਾਤਾਰ ਵਧਦੀ ਜਾ ਰਹੀ ਸੀ। ਮਿਆਂਮਾਰ ਵਿਚ ਭਾਰਤੀ ਫ਼ੌਜ ਵੱਲੋਂ ਕੀਤੀ ਗਈ ਕਾਰਵਾਈ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦੀ ਇਕ ਦੂਜੇ ਖ਼ਿਲਾਫ ਸਖ਼ਤ ਪ੍ਰਤੀਕਿਰਿਆ ਤੇ ਨਵੰਬਰ 2008 ਦੇ ਮੁੰਬਈ ਹਮਲੇ ਦੇ ਮੁੱਖ ਦੋਸ਼ੀ ਮੰਨੇ ਜਾ ਰਹੇ ਜ਼ਕੀ-ਉਰ-ਰਹਿਮਾਨ ਲਖਵੀ ਦੀ ਰਿਹਾਈ ਨੇ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਹੋਰ ਤਲਖ਼ੀ ਲੈ ਆਂਦੀ ਸੀ। ਭਾਰਤ ਨੇ ਪਾਕਿਸਤਾਨ ਉੱਤੇ ਅਤਿਵਾਦ ਦੀ ਹਮਾਇਤ ਕਰਨ ਦੇ ਦੋਸ਼ ਵਿਚ ਯੂ.ਐਨ.ਓ. ਦੀ ਇਕ ਕਮੇਟੀ ਕੋਲ ਪਟੀਸ਼ਨ ਵੀ ਦਾਇਰ ਕੀਤੀ ਸੀ ਪਰ ਚੀਨ ਦੇ ਪਾਕਿਸਤਾਨ ਦੇ ਪੱਖ ਵਿਚ ਖੜ੍ਹ ਜਾਣ ਕਰਕੇ ਇਸ ਉੱਤੇ ਫ਼ੈਸਲਾਨਹੀਂ ਹੋ ਸਕਿਆ ਸੀ।

ਪਹਿਲਾਂ ਵੀ ਭਾਰਤ ਸਰਕਾਰ ਵੱਲੋਂ ਅਤਿਵਾਦ ਤੇ ਗੱਲਬਾਤ ਨਾਲੋ-ਨਾਲ ਨਾ ਚੱਲ ਸਕਣ ਦੀ ਦਲੀਲ ਦੇ ਕੇ ਪਾਕਿਸਤਾਨ ਨਾਲ ਗੱਲਬਾਤ ਅੱਗੇ ਵਧਾਉਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਨਵਾਜ਼ ਸ਼ਰੀਫ਼ ਤੇ ਨਰੇਂਦਰ ਮੋਦੀ ਸਾਹਮਣੇ ਆਪੋ-ਆਪਣੇ ਕੱਟੜਵਾਦੀ ਸਮਰਥਕਾਂ ਨੂੰ ਦੋਵੇਂ ਦੇਸ਼ਾਂ ਦੇ ਸਬੰਧਾਂ ਵਿਚ ਸੁਧਾਰ ਲਈ ਸਹਿਮਤ ਕਰਵਾਉਣਾ ਸਭ ਤੋਂ ਵੱਡੀ ਚੁਣੌਤੀ ਹੈ। ਦੋਵੇਂ ਹੀ ਅਜਿਹੀ ਸਿਆਸੀ ਜ਼ਮੀਨ ਉੱਤੇ ਖੜ੍ਹੇ ਹਨ ਜਿਥੇ ਜੰਗੀ ਮਾਨਸਿਕਤਾ ਦਾ ਕਾਫ਼ੀ ਬੋਲਬਾਲਾ ਹੈ। ਦੋਵਾਂ ਦੇਸ਼ਾਂ ਵੱਲੋਂ ਪਹਿਲਾਂ ਵੀ ਅਜਿਹੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ ਪਰ ਪਾਕਿਸਤਾਨ ਸਰਕਾਰ 'ਤੇ ਫੌਜ ਦਾ ਹਾਵੀ ਹੋਣਾ ਇਨ੍ਹਾਂ ਕੋਸ਼ਿਸ਼ਾਂ ਨੂੰ ਬੂਰ ਨਹੀਂ ਪੈਣ ਦਿੰਦਾ। ਪਾਕਿ ਫੌਜ ਕੱਟੜਪੰਥੀਆਂ ਦੀ ਹਮਾਇਤੀ ਰਹੀ ਹੈ ਤੇ ਅਤਿਵਾਦ ਖਿਲਾਫ ਕੋਈ ਕਦਮ ਸਰਕਾਰ ਨੂੰ ਫੌਜ ਦੇ ਇਸ਼ਾਰੇ 'ਤੇ ਹੀ ਚੁੱਕਣਾ ਪੈਂਦਾ ਹੈ।

### ਸ਼ੰਘਾਈ ਕਾਰਪੋਰੇਸ਼ਨ ਦਾ ਸਥਾਈ ਮੈਂਬਰ ਬਣਿਆ ਭਾਰਤ

**ਉਫਾ (ਰੂਸ):** ਭਾਰਤ ਨੂੰ ਸ਼ੰਘਾਈ ਕਾਰਪੋਰੇਸ਼ਨ ਆਰਗੇਨਾਈਜੇਸ਼ਨ (ਐਸ.ਸੀ.ਓ.) ਦੇ ਸਥਾਈ ਮੈਂਬਰ ਵਜੋਂ ਪ੍ਰਵਾਨ ਕਰ ਲਿਆ ਗਿਆ। ਇਸ ਛੇ ਮੈਂਬਰੀ ਖੇਤਰੀ ਗਰੁੱਪ ਵਿਚ ਚੀਨ ਤੇ ਰੂਸ ਵੀ ਸ਼ਾਮਲ ਹਨ। ਦਸ ਸਾਲਾਂ ਤੋਂ ਇਸ ਗਰੁੱਪ ਦਾ ਅਬਜ਼ਰਵਰ ਮੈਂਬਰ ਭਾਰਤ ਕੁਝ ਕਾਰਵਾਈ ਮੁਕੰਮਲ ਕਰਨ ਮਗਰੋਂ ਅਗਲੇ ਸਾਲ ਤਕਨੀਕੀ ਤੌਰ ਉਤੇ ਇਸ ਦਾ ਸਥਾਈ ਮੈਂਬਰ ਬਣ ਜਾਵੇਗਾ। ਪੇਈਚਿੰਗ ਆਧਾਰਤ ਐਸ.ਸੀ.ਓ. ਵਿਚ ਕਜ਼ਾਖਸਤਾਨ, ਕਿਰਗਿਸਤਾਨ, ਉਜ਼ਬੇਕਿਸਤਾਨ ਅਤੇ ਤਜਾਕਿਸਤਾਨ ਵੀ ਸ਼ਾਮਲ ਹਨ।

### ਲਖਵੀ ਬਾਰੇ ਸਟੈਂਡ 'ਤੇ ਚੀਨ ਕਾਇਮ

**ਪੇਈਚਿੰਗ:** ਚੀਨ ਨੇ ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਜ਼ਕੀ-ਉਰ-ਰਹਿਮਾਨ ਲਖਵੀ ਦੀ ਰਿਹਾਈ ਨੂੰ ਲੈ ਕੇ ਭਾਰਤ ਦੀ ਪਾਕਿਸਤਾਨ ਖ਼ਿਲਾਫ਼ ਕਾਰਵਾਈ ਦੀ ਮੰਗ ਨੂੰ ਸੰਯੁਕਤ ਰਾਸ਼ਟਰ ਵਿਚ ਰੋਕਣ ਦੇ ਆਪਣੇ ਕਦਮ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਉਸ ਦਾ ਸਟੈਂਡ ਤੱਥਾਂ ਉਤੇ ਆਧਾਰਿਤ ਤੇ ਨਿਰਪੱਖਤਾ ਦੀ ਭਾਵਨਾ ਤਹਿਤ ਸੀ। ਚੀਨ ਦੇ ਵਿਦੇਸ਼ ਮੰਤਰਾਲੇ ਦੀ ਤਰਜਮਾਨ ਹੁਆ ਚੁਨਯਿੰਗ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪੱਕੇ ਮੈਂਬਰ ਵਜੋਂ ਚੀਨ ਹਮੇਸ਼ਾ 1267 ਕਮੇਟੀ ਦੇ ਮਾਮਲਿਆਂ ਨੂੰ ਤੱਥਾਂ ਦੇ ਆਧਾਰ ਉਤੇ ਨਜਿੱਠਦਾ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਮੁੱਦੇ ਨੂੰ ਉਫ਼ਾ ਵਿਚ ਬਰਿਕਸ ਤੇ ਐਸੀ.ਓ. ਸਿਖਰ ਸੰਮੇਲਨਾਂ ਦੌਰਾਨ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਕੋਲ ਚੁੱਕਿਆ ਸੀ।



# ਰੁਖ਼ਸਾਨਾ ਨੂਰ ਅਤੇ ਡਾ. ਤਿਆਗੀ ਨਾਲ ਮਿਲਣੀ

**ਹੇਵਰਡ (ਬਿਊਰੋ):** ਸਾਹਿਤਕ ਸਭਾ ਵਿਪਸਾਅ ਵਲੋਂ ਰੁਖ਼ਸਾਨਾ ਨੂਰ ਅਤੇ ਡਾ. ਮੋਹਨ ਤਿਆਗੀ ਨਾਲ ਇਕ ਵਿਸ਼ੇਸ਼ ਸਾਹਿਤਕ ਮਿਲਣੀ ਇਥੇ ਮਾਊਨਟੇਨ ਮਾਈਕ ਪੀਜ਼ਾ ਵਿਚ ਕੀਤੀ ਗਈ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਰੁਖਸਾਨਾ ਨੂਰ, ਡਾ. ਮੋਹਨ ਤਿਆਗੀ, ਸੁਖਵਿੰਦਰ ਕੰਬੋਜ ਅਤੇ ਸੁਰਿੰਦਰ ਧਨੋਆ ਸ਼ਾਮਿਲ ਸਨ। ਜਗਜੀਤ ਨੌਸ਼ਿਹਰਵੀ ਨੇ ਰੁਖ਼ਸਾਨਾ ਨੂਰ ਦੀ ਜਾਣ-ਪਹਿਚਾਣ ਕਰਾਉਂਦਿਆਂ ਕਿਹਾ ਕਿ ਉਹ ਇਕ ਬਹੁ-ਵਿਧਾ ਲੇਖਿਕਾ ਹੈ। ਉਸ ਦੀ ਲਿਖੀ 'ਚੂੜੀਆਂ' ਫਿਲਮ ਦੀ ਸਕਰਿਪਟ ਬੇਹੱਦ ਪ੍ਰਭਾਵਸ਼ਾਲੀ ਹੈ। ਸੁਰਿੰਦਰ ਧਨੋਆ ਨੇ ਸਭ ਨੂੰ ਇਹ ਫਿਲਮ ਦੇਖਣ ਦੀ ਤਾਕੀਦ ਕੀਤੀ।

ਡਾ. ਖੁਆਜਾ ਨੇ ਇਕੱਤਰਤਾ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਰੁਖ਼ਸਾਨਾ ਨੂਰ ਪਾਕਿਸਤਾਨੀ ਪੰਜਾਬੀ ਗੀਤਾਂ ਦੀ ਇਕਲੌਤੀ ਧੀ ਹੈ। ਰੁਖ਼ਸਾਨਾ ਨੂਰ ਨੇ ਵਿਪਸਾਅ ਦਾ ਧੰਨਵਾਦ ਕਰਦਿਆਂ ਆਪਣੇ ਸਾਹਿਤਕ ਸਫਰ ਬਾਰੇ ਜਾਣਕਾਰੀ ਦਿੱਤੀ ਅਤੇ ਆਪਣੇ ਗੀਤ ਅਤੇ ਨਜ਼ਮਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਨੀਲਮ ਸੈਣੀ ਨੇ ਡਾ. ਮੋਹਨ ਤਿਆਗੀ ਦੀ ਜਾਣ-ਪਹਿਚਾਣ ਕਰਵਾਉਂਦਿਆਂ ਕਿਹਾ ਕਿ ਉਨ੍ਹਾਂ ਦਾ ਇਕ ਝੁੱਗੀ ਵਿਚੋਂ ਉਠ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅਸਿਸਟੈਂਟ ਪ੍ਰੋਫ਼ੈਸਰ ਲੱਗਣਾ ਅਤੇ ਕਵਿਤਾ ਦੇ ਖੇਤਰ ਵਿਚ ਆਪਣੀ ਨਿਵੇਕਲੀ ਪਹਿਚਾਣ ਬਣਾਉਣਾ ਇਸ ਲਈ ਵਿਸ਼ੇਸ਼ ਹੈ ਕਿ ਇਹ ਸੰਘਰਸ਼ ਹਰ ਕੋਈ ਨਹੀਂ ਕਰ ਸਕਦਾ।

ਡਾ. ਤਿਆਗੀ ਨੇ ਵਿਪਸਾਅ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਸੰਘਰਸ਼ ਵਿਚੋਂ ਨਿਕਲਿਆ ਹਾਂ ਅਤੇ ਸੰਘਰਸ਼ ਹਮੇਸ਼ਾਂ ਹੀ ਤੁਹਾਡੀ ਰੂਹ ਨੂੰ ਮਜ਼ਬੂਤ ਕਰਦਾ ਹੈ। ਉਨ੍ਹਾਂ ਆਪਣੇ ਸੰਘਰਸ਼ਮਈ ਜੀਵਨ ਦਾ ਵਿਸਥਾਰ ਬੜੇ ਭਾਵੁਕ ਸ਼ਬਦਾਂ ਵਿਚ ਸਾਂਝਾ ਕੀਤਾ। ਉਨ੍ਹਾਂ ਆਖਿਆ ਕਿ ਇੱਥੇ ਆ ਕੇ ਜਿਨ੍ਹਾਂ ਸਾਹਿਤਕਾਰਾਂ ਨੂੰ ਮੈਂ ਮਿਲਿਆ ਹਾਂ, ਉਨ੍ਹਾਂ ਵਿਚੋਂ ਬਹੁਤਿਆਂ ਨਾਲ ਉਨ੍ਹਾਂ ਦੀਆਂ ਪੁਸਤਕਾਂ ਰਾਹੀਂ ਮੇਰੀ ਪਹਿਲਾਂ ਹੀ ਵਾਕਫੀਅਤ ਹੈ। ਮੈਨੂੰ ਖੁਸ਼ੀ ਹੈ ਕਿ ਅਮਰੀਕੀ ਪੰਜਾਬੀ ਕਵਿਤਾ ਸੁਚੇਤ ਹੈ। ਉਨ੍ਹਾਂ ਚਰਨਜੀਤ ਪਨੂੰ ਦੇ ਸਫਰਨਾਮੇ 'ਮੇਰੀ ਵ੍ਹਾਈਟਹਾਊਸ ਫੇਰੀ' ਨੂੰ ਪੰਜਾਬੀ ਸਫਰਨਾਮਾ ਸਾਹਿਤ ਦੀ ਇਕ ਵੱਡੀ ਪ੍ਰਾਪਤੀ ਦੱਸਿਆ।

ਇਸ ਮੌਕੇ ਡਾ. ਤਿਆਗੀ ਨੇ ਅਜਮੇਰ ਸਿੱਧੂ ਅਤੇ ਇਕਬਾਲ ਕੌਰ ਉਦਾਸੀ ਵਲੋਂ ਸੰਪਾਦਿਤ ਪੁਸਤਕ 'ਸੰਤ ਰਾਮ ਉਦਾਸੀ ਸ਼ਖਸੀਅਤ ਅਤੇ ਸਮੁੱਚੀ ਰਚਨਾ' ਰਿਲੀਜ਼ ਕੀਤੀ। ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਸੁਖਵਿੰਦਰ ਕੰਬੋਜ ਨੇ ਕਿਹਾ ਕਿ ਇਸ ਨੂੰ ਪੜ੍ਹਦਿਆਂ ਮੇਰੇ ਮਨ ਵਿਚ ਦੋ ਵਿਚਾਰ ਆਏ ਹਨ। ਪਹਿਲਾ, ਅਜਮੇਰ ਸਿੱਧੂ ਮੂਲ ਰੂਪ ਵਿਚ ਕਹਾਣੀਕਾਰ ਹੈ। ਉਸ ਨੇ ਇਸ ਕਵਿਤਾ ਦੀ ਚੋਣ ਕਿਉਂ ਕੀਤੀ? ਜਵਾਬ ਇਹ ਹੈ ਕਿ ਆਪਾ-ਧਾਪੀ ਦੇ ਇਸ ਯੁੱਗ ਵਿਚ ਨਾਂਵਾਂ ਦੀ ਦੌੜ 'ਚ ਕੋਈ ਪਿੱਛੇ ਨਹੀਂ ਰਹਿਣਾ ਚਾਹੁੰਦਾ ਪਰ ਅਜਮੇਰ ਅਜਿਹਾ ਸਾਹਿਤਕਾਰ ਹੈ, ਜਿਸ ਨੇ ਇਨਕਲਾਬੀ ਵਿਰਾਸਤ ਨੂੰ ਅੱਗੇ ਲੈ ਕੇ ਆਂਦਾ ਹੈ। ਉਸ ਅੰਦਰ ਅਸਲੀ ਇਨਸਾਨ ਜਿਉਂਦਾ ਹੈ। ਇਸ ਲਈ ਉਸ ਨੇ ਆਪੇ ਤੋਂ ਉਪਰ ਉਠ ਕੇ ਇਹ ਨਿਵੇਕਲਾ ਕਾਰਜ ਕੀਤਾ ਹੈ। ਦੂਜਾ ਇਹ ਕਿ ਸੰਤ ਰਾਮ ਉਦਾਸੀ ਦੇ ਇਸ ਸੰਸਾਰ ਤੋਂ ਤੁਰ ਜਾਣ ਤੋਂ ਬਾਅਦ ਦੰਦ-ਕਥਾਵਾਂ ਸ਼ੁਰੂ ਹੋ ਗਈਆਂ ਸਨ। ਉਹ ਸ਼ਬਦ ਗੁਰੂ ਦਾ ਸੱਚਾ ਸਿੱਖ ਸੀ। ਕਿਰਤ ਕਰਨ, ਨਾਮ ਜਪਣ ਅਤੇ ਵੰਡ ਕੇ ਛਕਣ ਵਿਚ ਉਸ ਦਾ ਯਕੀਨ ਸੀ। ਉਹ ਸਮਾਜਿਕ ਬੁਰਾਈਆਂ ਦੇ ਵਿਰੁਧ ਸੀ। ਉਸ ਦੇ ਗੀਤ ਜੀਵਨ ਦਾ ਸੁਨੇਹਾ ਹਨ।



ਉਪਰੰਤ ਹੋਏ ਕਵੀ ਦਰਬਾਰ ਵਿਚ ਜਗਜੀਤ ਨੌਸ਼ਹਿਰਵੀ, ਰਾਠੇਸ਼ਵਰ ਸਿੰਘ ਸੂਰਾਪੁਰੀ, ਪ੍ਰਿੰਸੀਪਲ ਹਜ਼ੂਰਾ ਸਿੰਘ, ਰੇਸ਼ਮ ਸਿੱਧੂ, ਕੁਲਵਿੰਦਰ, ਡਾ. ਖੁਆਜਾ ਅਸ਼ਰਫ਼, ਨੀਲਮ ਸੈਣੀ, ਗੁਲਸ਼ਨ ਦਿਆਲ, ਜਯੋਤੀ ਸਿੰਘ, ਤਾਰਾ ਸਾਗਰ, ਮਲਿਕ ਇਮਤਿਆਜ, ਸੁਖਵਿੰਦਰ ਕੰਬੋਜ, ਸੁਰਿੰਦਰ ਸਿੰਘ ਧਨੋਆ ਅਤੇ ਸੁਰਿੰਦਰ ਸੀਰਤ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ।

ਗਾਇਕ ਸੁਖਦੇਵ ਸਾਹਿਲ ਅਤੇ ਹਰਜੀਤ ਜੀਤੀ ਨੇ ਗੀਤਾਂ ਦੀ ਮਹਿਫਿਲ ਲਾਈ। ਸਮਾਗਮ ਦਾ ਮੰਚ ਸੰਚਾਲਨ ਜਗਜੀਤ ਨੌਸ਼ਹਿਰਵੀ ਨੇ ਕੀਤਾ। ਹਾਜ਼ਰ ਸਰੋਤਿਆਂ ਵਿਚ ਪੱਤਰਕਾਰ ਤੇ ਲੇਖਕ ਐਸ. ਅਸ਼ੋਕ ਭੌਰਾ, ਮਹਿੰਗਾ ਸਿੰਘ ਸਰਪੰਚ, ਲਾਜ ਸੈਣੀ ਅਤੇ ਲਖਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।

# ਪਹਿਲਵਾਨ ਹਰਭਜਨ ਸਿੰਘ ਨੰਗਲ ਦਾ ਫਰਿਜ਼ਨੋ 'ਚ ਸਨਮਾਨ

**ਫਰਿਜ਼ਨੋ (ਬਿਊਰੋ):** ਪਹਿਲਵਾਨ ਹਰਭਜਨ ਸਿੰਘ ਨੰਗਲ ਦਾ ਉਸ ਦੇ ਪ੍ਰਸੰਸਕਾਂ ਨੇ ਇਥੇ ਸੋਨੇ ਦੀ ਮੁੰਦਰੀ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ। ਜ਼ਿਕਰਯੋਗ ਹੈ ਕਿ ਪਹਿਲਵਾਨ ਹਰਭਜਨ ਸਿੰਘ ਨੇ ਪਿਛਲੇ ਦਿਨੀਂ ਫੇਅਰਫੈਕਸ ਵਿਚ ਦੁਨੀਆਂ ਪੱਧਰ ਦੇ ਪੁਲਿਸ ਜੁਆਨਾਂ ਦੇ ਕੁਸ਼ਤੀ ਮੁਕਾਬਲਿਆਂ ਵਿਚ ਏ ਐਸ ਆਈ ਹਰਭਜਨ ਸਿੰਘ ਨੇ 75 ਕਿਲੋ ਵਰਗ ਵਿਚ ਚਾਂਦੀ ਦਾ ਤਮਗਾ ਹਾਸਲ ਕੀਤਾ ਸੀ। ਕੁਸ਼ਤੀ ਮੁਕਾਬਲਿਆਂ ਤੋਂ ਵਿਹਲਾ ਹੋ ਕੇ ਉਹ ਆਪਣੇ ਮਿੱਤਰਾਂ ਤੇ ਪ੍ਰਸ਼ੰਸਕਾਂ ਨੂੰ ਮਿਲਣ ਲਈ ਇਥੇ ਪਹੁੰਚਿਆ ਸੀ। ਸਵਰਨ ਸਿੰਘ ਕਾਲੇ ਨੇ ਆਪਣੇ ਸਾਥੀ ਸੱਜਣਾਂ ਦੇ ਸਹਿਯੋਗ ਨਾਲ ਇੱਕ ਸਮਾਗਮ ਦਾ ਅਯੋਜਨ ਕਰਕੇ ਪਹਿਲਵਾਨ ਹਰਭਜਨ ਸਿੰਘ ਦਾ ਸਨਮਾਨ ਕੀਤਾ।



ਇਸ ਮੌਕੇ ਜਸਪਾਲ ਸਿੰਘ ਧਾਲੀਵਾਲ, ਨਵਦੀਪ ਧਾਲੀਵਾਲ, ਬਲਦੇਵ ਧਾਲੀਵਾਲ, ਖੁਸ਼ ਧਾਲੀਵਾਲ, ਬਲਵਿੰਦਰ ਸਿੰਘ ਕੋਚ, ਹਾਕਮ ਸਿੰਘ ਢਿਲੋਂ, ਕੁਲਵਿੰਦਰ ਬੁਟਰ, ਟੋਨੀ ਧਾਲੀਵਾਲ, ਨੰਨੂ ਪੱਤੋ, ਰੰਮੀ ਧਾਲੀਵਾਲ, ਰਘਬੀਰ ਨੰਗਲ, ਕਿੱਕਰਪਾਲ ਸਿੰਘ, ਜਸਵਿੰਦਰ ਪੰਜ ਗਰਾਈਂ, ਜੈਲਾ ਧੂੜਕੋਟ ਅਤੇ ਅਮਰਜੀਤ ਦੌਧਰ ਆਦਿ ਹਾਜ਼ਰ ਸਨ। ਸਮਾਗਮ ਦਾ ਸੰਚਾਲਨ ਕਮਲ ਧਰਮਸੋਤ ਨੇ ਕੀਤਾ। ਜ਼ਿਕਰਯੋਗ ਹੈ ਕਿ ਹਰਭਜਨ ਪੰਜਾਬ ਪੁਲਿਸ ਵਿਚ ਨੌਕਰੀ ਕਰਨ ਦੇ ਨਾਲ ਨਾਲ ਆਪਣੇ ਗੁਆਂਢੀ ਪਿੰਡ ਧੂੜਕੋਟ 'ਚ ਸਕੂਲ ਦੀਆਂ ਕੁੜੀਆਂ ਨੂੰ ਕੁਸ਼ਤੀ ਦੀ ਕੋਚਿੰਗ ਵੀ ਦਿੰਦਾ ਹੈ।

# ਅਤਿਵਾਦ ਦੇ ਟਾਕਰੇ ਲਈ ਭਾਰਤ ਤੋਂ ਸਬਕ ਸਿੱਖੇਗਾ ਮਿਸਰ

**ਕਾਹਿਰਾ:** ਮਿਸਰ ਵਿਚ ਦਹਿਸ਼ਤੀ ਹਮਲਿਆਂ ਤੋਂ ਝੰਬੇ ਰਾਸ਼ਟਰਪਤੀ ਅਬਦਲ ਫ਼ਤਿਹ ਅਲ ਸਿਸੀ ਨੇ ਭਾਰਤ ਦੇ ਤਜਰਬੇ ਤੋਂ ਲਾਹਾ ਲੈਣ ਦਾ ਫ਼ੈਸਲਾ ਲਿਆ ਹੈ। ਉਨ੍ਹਾਂ ਦਹਿਸ਼ਤਗਰਦੀ ਨਾਲ ਨਜਿੱਠਣ ਵਿਚ ਭਾਰਤ ਤੋਂ ਸਬਕ ਸਿੱਖਣ ਦੀ ਇੱਛਾ ਜ਼ਾਹਰ ਕੀਤੀ ਹੈ।

ਸਿਸੀ ਨੇ ਇਹ ਪ੍ਰਤੀਕਰਮ ਉਸ ਸਮੇਂ ਦਿੱਤਾ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਸ਼ੇਸ਼ ਦੂਤ ਤੇ ਕੇਂਦਰੀ ਮੰਤਰੀ ਮੁਖਤਾਰ ਅੱਬਾਸ ਨਕਵੀ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਸ੍ਰੀ ਨਕਵੀ ਨੇ ਸਿਸੀ ਨੂੰ ਅਕਤੂਬਰ ਵਿਚ ਦਿੱਲੀ ਵਿਚ ਹੋਣ ਵਾਲੇ ਤੀਜੇ ਭਾਰਤ-ਅਫ਼ਰੀਕਾ ਫੋਰਮ ਸਿਖਰ ਸੰਮੇਲਨ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਹੈ। ਦੋਹਾਂ ਆਗੂਆਂ ਨੇ ਆਪਸੀ ਰਿਸ਼ਤਿਆਂ ਤੋਂ ਇਲਾਵਾ ਦੁਵੱਲੇ ਮੁੱਦਿਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ।

ਮਿਸਰ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਸਿਸੀ ਨੇ ਮਿਸਰ ਤੇ ਭਾਰਤ ਨੂੰ ਜੋੜਨ ਵਾਲੇ ਪੁਰਾਣੇ ਰਿਸ਼ਤਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਵੱਖ-ਵੱਖ ਖੇਤਰਾਂ ਵਿਚ ਦੁਵੱਲੇ ਸਬੰਧਾਂ ਨੂੰ ਹੱਲਾਸ਼ੇਰੀ ਦੇਣ ਲਈ ਮਿਸਰ ਵਚਨਬੱਧ ਹੈ ਤੇ ਉਨ੍ਹਾਂ ਸਿਆਸੀ ਤੇ ਆਰਥਿਕ ਮੁਹਾਜ਼ ਉਤੇ ਭਾਰਤ ਦੇ ਤਜਰਬੇ ਦੀ ਸ਼ਲਾਘਾ ਕੀਤੀ ਹੈ।






# ਪੰਜਾਬ ਦੀਆਂ ਸਿਆਸੀ ਧਿਰਾਂ ਵੱਲੋਂ ਏਮਜ਼ ਦੀ ਖਿੱਚ-ਧੂਹ

**ਬਠਿੰਡਾ:** ਆਲ ਇੰਡੀਆ ਮੈਡੀਕਲ ਇੰਸਟੀਚਿਊਟ ਆਫ਼ ਸਾਇੰਸਿਜ਼ (ਏਮਜ਼) ਦੀ ਸਥਾਪਨਾ ਦੇ ਮੁੱਦੇ ਉਤੇ ਸਿਆਸਤ ਹੋਣ ਲੱਗੀ ਹੈ। ਬਾਦਲ ਪਰਿਵਾਰ ਇਸ ਇੰਸਟੀਚਿਊਟ ਨੂੰ ਕਿਸੇ ਸੂਰਤ ਵਿਚ ਵੀ ਬਠਿੰਡਾ ਤੋਂ ਬਾਹਰ ਨਹੀਂ ਜਾਣ ਦੇਣਾ ਚਾਹੁੰਦਾ ਹੈ। ਪੰਜਾਬ ਕਾਂਗਰਸ ਨੇ ਏਮਜ਼ ਨੂੰ ਦੋਆਬੇ ਵਿਚ ਬਣਾਉਣ ਦੀ ਥਾਂ ਬਠਿੰਡਾ ਵਿਚ ਤਬਦੀਲ ਕੀਤੇ ਜਾਣ ਦੇ ਫੈਸਲੇ ਵਿਰੁੱਧ ਹਾਈਕੋਰਟ ਜਾਣ ਦਾ ਫ਼ੈਸਲਾ ਕੀਤਾ ਹੈ।

ਇਸ ਮੁੱਦੇ ਉਤੇ ਕਾਂਗਰਸੀ ਆਗੂਆਂ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਰੋਸ ਧਰਨੇ ਵੀ ਦਿੱਤੇ ਗਏ। ਦੱਸਣਯੋਗ ਹੈ ਕਿ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਐਮ.ਪੀ. ਹਨ ਤੇ ਪਿਛਲੇ ਕੁਝ ਸਮੇਂ ਤੋਂ ਸੂਬਾ ਸਰਕਾਰ ਇਸ ਇਲਾਕੇ 'ਤੇ ਜ਼ਿਆਦਾ ਹੀ ਮਿਹਰਬਾਨ ਰਹੀ ਹੈ। ਬਠਿੰਡਾ ਵਿਚ ਪਹਿਲਾਂ ਹੀ ਬਾਦਲਾਂ ਨੇ ਤੇਲ ਰਿਫਾਇਨਰੀ, ਪਿੰਡ ਘੁੱਦਾ ਵਿਖੇ ਕੇਂਦਰੀ ਯੂਨੀਵਰਸਿਟੀ, ਤਲਵੰਡੀ ਸਾਬੋ ਥਰਮਲ ਪਲਾਂਟ, ਪਿੰਡ ਬਾਦਲ ਵਿਚ ਸ਼ੂਟਿੰਗ ਰੇਂਜ ਤੇ ਸਪੋਰਟਸ ਅਕੈਡਮੀ ਆਦਿ ਸਥਾਪਤ ਕੀਤੀਆਂ ਹੋਈਆਂ ਹਨ।

ਪੰਜਾਬ ਦੇ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਵੀ ਇਸ ਮਾਮਲੇ ਉਤੇ ਬਾਦਲ ਪਰਿਵਾਰ ਨਾਲ ਡਟੇ ਹੋਏ ਹਨ। ਸਿਹਤ ਮੰਤਰੀ ਦਾ ਕਹਿਣਾ ਹੈ ਕਿ ਏਮਜ਼ ਬਠਿੰਡਾ ਵਿਚ ਹੀ ਬਣੇਗਾ। ਇਸ




ਬਾਰੇ ਫੈਸਲਾ ਹੋ ਚੁੱਕਿਆ ਹੈ ਤੇ ਇਸ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਉਨ੍ਹਾਂ ਇਸ ਗੱਲ ਨੂੰ ਰੱਦ ਕੀਤਾ ਕਿ ਏਮਜ਼ ਪੰਜਾਬ ਵਿਚੋਂ ਤਬਦੀਲ ਵੀ ਹੋ ਸਕਦਾ ਹੈ। ਦੱਸਣਯੋਗ ਹੈ ਕਿ ਕਾਂਗਰਸ ਨੇਤਾਵਾਂ ਵੱਲੋਂ ਏਮਜ਼ ਨੂੰ ਬਠਿੰਡਾ ਦੀ ਥਾਂ ਦੋਆਬੇ ਵਿਚ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ। ਮਾਲਵਾ ਖਿੱਤੇ ਦੇ ਭਾਜਪਾ ਆਗੂ ਵੀ ਬਠਿੰਡਾ ਵਿਚ ਏਮਜ਼ ਬਣਾਉਣ ਦੀ ਹਮਾਇਤ ਕਰ ਰਹੇ ਹਨ। ਪੰਜਾਬ ਸਰਕਾਰ ਨੇ ਏਮਜ਼ ਵਾਸਤੇ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੂੰ ਬਠਿੰਡਾ ਵਿਚਲੀ ਜ਼ਮੀਨ ਦੇਣ ਲਈ ਰਾਜ਼ੀ ਕਰ ਲਿਆ ਹੈ। ਸਰਕਾਰ ਨੇ ਪੇਸ਼ਕਸ਼ ਕੀਤੀ ਹੈ ਕਿ 'ਵਰਸਿਟੀ ਆਪਣੀ ਬਠਿੰਡਾ ਵਿਚਲੀ ਜ਼ਮੀਨ ਦੇ ਦੇਵੇ, ਜਿਸ ਬਦਲੇ ਸਰਕਾਰ ਸ਼ਹਿਰ ਤੋਂ ਦੂਰ ਬਦਲਵੀਂ ਜ਼ਮੀਨ ਦੇ ਦੇਵੇਗੀ। ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਬਲਦੇਵ ਸਿੰਘ ਢਿੱਲੋਂ ਪਹਿਲਾਂ ਹੀ ਆਖ ਚੁੱਕੇ ਹਨ ਕਿ ਜੇ ਸਰਕਾਰ ਉਨ੍ਹਾਂ ਨੂੰ ਬਦਲਵੀਂ ਜਗ੍ਹਾ ਦਿੰਦੀ ਹੈ ਤਾਂ ਉਹ ਰਜ਼ਾਮੰਦ ਹੋਣਗੇ। ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਦਾ ਕਹਿਣਾ ਹੈ ਕਿ ਮਈ ਵਿਚ ਕੇਂਦਰੀ ਸਿਹਤ ਮੰਤਰਾਲੇ ਦੀ ਟੀਮ ਨੇ ਏਮਜ਼ ਵਾਸਤੇ ਬਠਿੰਡਾ ਵਿਚ ਜਗ੍ਹਾ ਵੇਖੀ ਸੀ ਪਰ ਉਸ ਮਗਰੋਂ ਪ੍ਰਸ਼ਾਸਨ ਕੋਲ ਕੋਈ ਪੱਤਰ ਨਹੀਂ ਆਇਆ। ਕਾਂਗਰਸ ਦੇ ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕੇਂਦਰ ਸਰਕਾਰ ਨੇ ਪੰਜਾਬ ਵਾਸਤੇ ਇਕ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏਮਜ਼) ਦਾ ਐਲਾਨ ਕੀਤਾ ਸੀ। ਪਿਛਲੇ ਸਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਏਮਜ਼ ਨੂੰ ਦੋਆਬੇ ਵਿਚ ਬਣਾਏ ਜਾਣ ਦਾ ਜਨਤਕ ਵਾਅਦਾ ਕੀਤਾ ਸੀ ਤੇ ਉਨ੍ਹਾਂ ਨੇ ਕਪੂਰਥਲਾ ਤੇ ਜਲੰਧਰ ਦੇ ਅਧਿਕਾਰੀਆਂ ਨੂੰ 200 ਏਕੜ ਜ਼ਮੀਨ ਦਾ ਇੰਤਜ਼ਾਮ ਕਰਨ ਲਈ ਕਿਹਾ ਸੀ। ਡੀ.ਸੀ. ਕਪੂਰਥਲਾ ਨੇ ਅੰਮ੍ਰਿਤਸਰ-ਜਲੰਧਰ ਹਾਈਵੇਅ ਉੱਪਰ ਸੁਭਾਨਪੁਰ ਨੇੜੇ ਪਿੰਡ ਰਮੀਦੀ ਦੀ 200 ਏਕੜ ਜ਼ਮੀਨ ਦਾ ਪ੍ਰਸਤਾਵ ਭੇਜ ਦਿੱਤਾ ਸੀ। ਪਿੰਡ ਰਮੀਦੀ ਦੇ ਸਰਪੰਚ ਨੇ ਪੰਚਾਇਤੀ ਜ਼ਮੀਨ ਮੁਫਤ ਦੇਣ ਲਈ ਮਤਾ ਵੀ ਪਾਸ ਕਰ ਦਿੱਤਾ ਸੀ। ਇਹ ਜਗ੍ਹਾ ਨਾ ਸਿਰਫ ਦੋਆਬੇ ਦੇ ਚਾਰ ਜ਼ਿਲ੍ਹਿਆਂ ਲਈ ਲਾਭਦਾਇਕ ਸੀ ਬਲਕਿ ਇਸ ਨਾਲ ਮਾਝੇ ਦੇ ਸਾਰੇ ਜ਼ਿਲ੍ਹਿਆਂ ਦੇ ਨਾਲ-ਨਾਲ ਬਾਰਡਰ ਦਾ ਇਲਾਕਾ ਵੀ ਕਵਰ ਕੀਤਾ ਜਾ ਸਕਦਾ ਸੀ।

ਉਨ੍ਹਾਂ ਦੋਸ਼ ਲਾਇਆ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਸਿਆਸੀ ਦਬਾਅ ਹੇਠ ਮੁੱਖ ਸਕੱਤਰ ਨੇ ਏਮਜ਼ ਨੂੰ ਬਠਿੰਡਾ ਵਿਚ ਬਣਾਏ ਜਾਣ ਦਾ ਐਲਾਨ ਕਰ ਦਿੱਤਾ। ਅਜਿਹਾ ਕਰਕੇ ਨਾ ਸਿਰਫ ਦੋਆਬੇ ਤੇ ਮਾਝੇ ਦੇ ਹਿੱਤਾਂ ਨੂੰ ਬਲਕਿ ਬਠਿੰਡਾ ਤੋਂ ਦੂਰੀ ਨੂੰ ਦੇਖਦੇ ਹੋਏ ਆਨੰਦਪੁਰ ਸਾਹਿਬ, ਰੋਪੜ, ਮੁਹਾਲੀ, ਫਤਿਹਗੜ੍ਹ ਸਾਹਿਬ, ਪਟਿਆਲਾ ਆਦਿ ਨੂੰ ਵੀ ਨਜ਼ਰ-ਅੰਦਾਜ਼ ਕੀਤਾ ਹੈ।

### ਭਾਰਤੀ ਜਨਤਾ ਪਾਰਟੀ ਨੇ ਬਦਲੀ ਸੁਰ

**ਚੰਡੀਗੜ੍ਹ:** ਭਾਜਪਾ ਨੇ ਏਮਜ਼ ਦੀ ਸਥਾਪਨਾ ਦੇ ਮੁੱਦੇ ਉਤੇ ਸੁਰ ਬਦਲਿਆਂ ਇਸ ਵੱਕਾਰੀ ਸੰਸਥਾ ਦੇ ਬਠਿੰਡਾ ਵਿਚ ਸਥਾਪਤ ਕੀਤੇ ਜਾਣ ਦੇ ਪ੍ਰਸਤਾਵ ਦਾ ਵਿਰੋਧ ਕਰਨਾ ਛੱਡ ਦਿੱਤਾ ਹੈ। ਕੇਂਦਰੀ ਮੰਤਰੀ ਵਿਜੇ ਕੁਮਾਰ ਸਾਂਪਲਾ ਦਾ ਕਹਿਣਾ ਹੈ ਕਿ ਅਜਿਹੀ ਸੰਸਥਾ ਪੰਜਾਬ ਵਿਚ ਕਿਧਰੇ ਵੀ ਸਥਾਪਤ ਹੋਵੇ, ਕੋਈ ਇਤਰਾਜ਼ ਨਹੀਂ। ਭਾਜਪਾ ਵੱਲੋਂ ਵਿਰੋਧ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਹਰ ਇਕ ਸਿਆਸਤਦਾਨ ਚਾਹੁੰਦਾ ਹੈ ਕਿ ਸਰਕਾਰੀ ਕੰਟਰੋਲ ਹੇਠਲੀ ਸੰਸਥਾ ਉਸ ਦੇ ਖੇਤਰ ਵਿਚ ਲੱਗੇ। ਸੂਤਰਾਂ ਅਨੁਸਾਰ ਏਮਜ਼ ਨੂੰ ਦੁਆਬੇ ਵਿਚ ਸਥਾਪਤ ਕਰਨ ਦੀ ਮੰਗ ਛੱਡਣ ਬਦਲੇ ਵਿਜੇ ਕੁਮਾਰ ਸਾਂਪਲਾ ਨੇ ਆਦਮਪੁਰ ਹਵਾਈ ਦਾ ਵਿਸਥਾਰ ਮੰਗਿਆ ਹੈ। ਸ. ਬਾਦਲ ਨੇ ਇਸ ਪ੍ਰੋਜੈਕਟ ਲਈ ਪੂਰਾ ਸਹਿਯੋਗ ਦੇਣ ਦੀ ਹਾਮੀ ਭਰੀ ਹੈ।

## ਅੱਧੀ ਦਰਜਨ ਤੋਂ ਵਧ ਬੈਂਚ ਨਸ਼ਿਆਂ ਵਾਲੇ ਕੇਸ ਤੋਂ ਕਰ ਗਏ ਕਿਨਾਰਾ

**ਚੰਡੀਗੜ੍ਹ:** ਪੰਜਾਬ ਦਾ ਬਹੁ-ਚਰਚਿਤ ਨਸ਼ਾ ਕੇਸ ਕਿਸੇ ਤਣ-ਪੱਤਣ ਲੱਗਦਾ ਨਹੀਂ ਜਾਪ ਰਿਹਾ। ਪੰਜਾਬ ਤੇ ਹਰਿਆਣਾ ਹਾਈਕੋਰਟ ਸਾਹਮਣੇ ਲੰਬਿਤ ਨਸ਼ਿਆਂ ਦੇ ਕੇਸ ਦੀ ਸੁਣਵਾਈ ਹੁਣ ਵੱਖਰਾ ਬੈਂਚ ਕਰੇਗਾ। ਇਹ ਮਾਮਲਾ ਪਿਛਲੇ ਕੁਝ ਮਹੀਨਿਆਂ ਦੌਰਾਨ ਅੱਧੀ ਦਰਜਨ ਤੋਂ ਵੀ ਵਧ ਬੈਂਚਾਂ ਕੋਲ ਤਬਦੀਲ ਹੋ ਚੁੱਕਾ। ਇਹ ਕੇਸ ਜਲੰਧਰ ਵਿਖੇ ਤਾਇਨਾਤ ਈ.ਡੀ. ਅਧਿਕਾਰੀ ਨਿਰੰਜਨ ਸਿੰਘ ਦੀ ਵਿਵਾਦਿਤ ਬਦਲੀ ਨਾਲ ਵੀ ਜੁੜਿਆ ਹੋਇਆ ਹੈ।

ਨਵੀਂ ਸੂਚੀ ਮੁਤਾਬਕ ਇਹ ਕੇਸ ਜਸਟਿਸ ਰਾਜੀਵ ਭੱਲਾ ਤੇ ਜਸਟਿਸ ਅਮੋਲ ਰਤਨ ਸਿੰਘ ਵਾਲੇ ਡਿਵੀਜ਼ਨ ਬੈਂਚ ਵੱਲੋਂ ਸੁਣਿਆ ਜਾਵੇਗਾ। ਇਸ ਸਾਲ ਜਨਵਰੀ ਮਹੀਨੇ ਤੋਂ ਹੁਣ ਤਾਈਂ ਇਹ ਕੇਸ 7ਵੀਂ ਵਾਰ ਕਿਸੇ ਹੋਰ ਬੈਂਚ ਨੂੰ ਤਬਦੀਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਬੀਤੀ 14 ਮਈ ਨੂੰ ਹੀ ਇਹ ਕੇਸ ਜਸਟਿਸ ਏ.ਕੇ. ਮਿੱਤਲ ਤੇ ਜਸਟਿਸ ਰੇਖਾ ਮਿੱਤਲ ਉਤੇ ਆਧਾਰਿਤ ਡਵੀਜ਼ਨ ਬੈਂਚ ਕੋਲੋਂ ਜਸਟਿਸ ਐੱਸ.ਐੱਸ. ਸਾਰੋਂ ਤੇ ਜਸਟਿਸ ਰਮੇਂਦਰਾ ਜੈਨ ਵਾਲੇ ਡਿਵੀਜ਼ਨ ਬੈਂਚ ਕੋਲ ਸੂਚੀਬੱਧ ਕੀਤਾ ਗਿਆ ਸੀ।

ਜਸਟਿਸ ਏ.ਕੇ. ਮਿੱਤਲ ਤੇ ਜਸਟਿਸ ਰੇਖਾ ਮਿੱਤਲ ਉਤੇ ਅਧਾਰਿਤ ਡਵੀਜ਼ਨ ਬੈਂਚ ਵੱਲੋਂ ਬੀਤੇ ਅਪਰੈਲ ਮਹੀਨੇ ਉਪਰੋ-ਥਲੀ 5-6 ਸੁਣਵਾਈਆਂ ਕਰਦਿਆਂ ਪੰਜਾਬ ਪੁਲਿਸ ਤੇ ਈ.ਡੀ. ਕੋਲੋਂ ਨਵੀਂਆਂ ਸਟੇਟਸ ਰਿਪੋਰਟਾਂ ਰਿਕਾਰਡ ਉਤੇ ਮੰਗਾਈਆਂ ਜਾ ਚੁੱਕੀਆਂ ਹਨ। ਇਸ ਦੇ ਨਾਲ-ਨਾਲ ਏਜੰਸੀ ਵੱਲੋਂ ਕੀਤੀ ਗਈ ਜਾਂਚ ਦਾ ਸਮੁੱਚਾ ਰਿਕਾਰਡ (ਸਣੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਕੀਤੀ ਪੁੱਛਗਿੱਛ ਤੇ ਸੰਮਨ ਜਾਰੀ ਕਰਨ) ਵੀ ਅਦਾਲਤੀ ਰਿਕਾਰਡ ਵਿਚ ਲਿਆਂਦਾ ਗਿਆ ਹੈ। 16 ਜਨਵਰੀ ਤੋਂ ਇਸ ਕੇਸ ਨਾਲ ਜੁੜੇ ਜਸਟਿਸ ਸਤੀਸ਼ ਮਿੱਤਲ ਤੇ ਜਸਟਿਸ ਦੀਪਕ ਸਿੱਬਲ ਵਾਲੇ ਡਿਵੀਜਨ ਬੈਂਚ ਕੋਲੋਂ 12 ਮਾਰਚ ਨੂੰ ਇਹ ਕੇਸ ਜਸਟਿਸ ਮਿੱਤਲ ਦੀ ਹੀ ਅਗਵਾਈ ਹੇਠਲੇ ਜਸਟਿਸ ਐਚ.ਐਸ. ਸਿੱਧੂ ਦੀ ਸ਼ਮੂਲੀਅਤ ਵਾਲੇ ਡਿਵੀਜ਼ਨ ਬੈਂਚ ਕੋਲ ਆ ਗਿਆ ਪਰ 18 ਮਾਰਚ ਨੂੰ ਜਸਟਿਸ ਸਿੱਧੂ ਇਸ ਕੇਸ ਨਾਲੋਂ ਹਟ ਗਏ ਤੇ ਉਸੇ ਦਿਨ ਇਹ ਕੇਸ ਦੂਜੇ ਬੈਂਚ (ਜਸਟਿਸ ਸਿੱਧੂ ਦੀ ਸ਼ਮੂਲੀਅਤ ਬਗੈਰ ਵਾਲੇ) ਨੂੰ ਰੈਫਰ ਕਰ ਦਿੱਤੇ ਜਾਣ ਮਗਰੋਂ ਜਿਥੇ 20 ਮਾਰਚ ਨੂੰ ਜਸਟਿਸ ਹੇਮੰਤ ਗੁਪਤਾ ਤੇ ਜਸਟਿਸ ਲੀਜ਼ਾ ਗਿੱਲ ਵਾਲੇ ਡਿਵੀਜ਼ਨ ਬੈਂਚ ਕੋਲ ਸੂਚੀਬੱਧ ਤਾਂ ਹੋ ਗਿਆ ਪਰ ਕਿਸੇ ਕਾਰਨ ਇਕ ਜੱਜ ਦੇ ਛੁੱਟੀ 'ਤੇ ਹੋਣ ਵਜੋਂ ਉਸ ਦਿਨ ਵੀ ਇਸ ਕੇਸ ਉਤੇ ਸੁਣਵਾਈ ਨਹੀਂ ਹੋ ਸਕੀ। 30 ਮਾਰਚ ਨੂੰ ਹੀ ਇਕ ਵਾਰ ਫਿਰ ਬੈਂਚ ਤਬਦੀਲ ਹੋਣ ਵਜੋਂ ਇਹ ਕੇਸ ਜਸਟਿਸ ਏ.ਕੇ. ਮਿੱਤਲ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਕੋਲ ਆ ਗਿਆ।

## ਸੱਤ ਸਾਲਾਂ ਪਿੱਛੋਂ ਇਨਸਾਫ ਦੀ ਲੜਾਈ ਜਿੱਤਿਆ ਅਮਰੀਕੀ ਸਿੱਖ

**ਨਿਊ ਯਾਰਕ:** ਫਲੋਰਿਡਾ ਸਥਿਤ ਵਾਲਟ ਡਿਜ਼ਨੀ ਵਿਚ ਕੰਮ ਕਰਨ ਵਾਲੇ ਅਮਰੀਕੀ ਮੂਲ ਦੇ ਸਿੱਖ ਕਰਮਚਾਰੀ, ਜਿਸ ਨੂੰ ਉਸ ਦੇ ਧਾਰਮਿਕ ਚਿਨ੍ਹਾਂ ਕਾਰਨ ਪਿਛਲੇ ਸੱਤ ਸਾਲਾਂ ਤੋਂ ਮਹਿਮਾਨਾਂ ਸਾਹਮਣੇ ਕੰਮ ਕਰਨ ਤੋਂ ਰੋਕ ਕੇ ਰੱਖਿਆ ਗਿਆ ਸੀ, ਨੇ ਇਕ ਮਹੱਤਵਪੂਰਨ ਜਿੱਤ ਹਾਸਲ ਕੀਤੀ ਹੈ। ਹੁਣ ਕੰਪਨੀ ਉਸ ਨਾਲ ਕੀਤੇ ਗਏ ਵਖਰੇਵੇਂ ਨੂੰ ਖ਼ਤਮ ਕਰਕੇ ਉਸ ਨੂੰ ਧਾਰਮਿਕ ਚਿੰਨ੍ਹਾਂ ਸਮੇਤ ਕੰਮ ਕਰਨ ਦੇਣ ਲਈ ਰਾਜ਼ੀ ਹੋ ਗਈ ਹੈ।



ਅਧਿਕਾਰ ਸਮੂਹ ਸਿੱਖ ਕੋਲਿਸ਼ਨ ਨੇ ਦੱਸਿਆ ਕਿ ਗੁਰਦਿੱਤ ਸਿੰਘ ਨੂੰ ਇਸ ਮਸ਼ਹੂਰ ਮਨੋਰੰਜਨ ਪਾਰਕ ਵਿਚ 2008 ਵਿਚ ਚਿੱਠੀਆਂ ਪੱਤਰ ਲਿਜਾਉਣ ਵਾਲੇ ਵਜੋਂ ਨੌਕਰੀ ਮਿਲ ਗਈ ਸੀ, ਪਰ ਉਸ ਦੇ ਬੌਸ ਨੇ ਕਿਹਾ ਸੀ ਕਿ ਉਸ ਦੇ ਧਾਰਮਿਕ ਰੂਪ ਕਾਰਨ ਉਸ ਨੂੰ ਅਜਿਹੇ ਰਸਤਿਆਂ ਤੋਂ ਜਾਣ ਦੀ ਮਨਾਹੀ ਹੋਵੇਗੀ ਜਿਨ੍ਹਾਂ ਤੋਂ ਮਹਿਮਾਨਾਂ ਦੇ ਆਉਣ ਜਾਣ ਦੀ ਸੰਭਾਵਨਾ ਹੋਵੇਗੀ, ਕਿਉਂਕਿ ਉਸ ਦਾ ਧਾਰਮਿਕ ਰੂਪ ਕੰਪਨੀ ਦੀ 'ਲੁੱਕ ਪਾਲਿਸੀ' (ਦਿੱਖ ਨੀਤੀ) ਦੀ ਉਲੰਘਣਾ ਕਰਦਾ ਹੈ। ਸੰਸਥਾ ਤੇ ਅਮਰੀਕਨ ਸਿਵਲ ਲਿਬਰਟੀ ਯੂਨੀਅਨ ਨੇ ਡਿਜ਼ਨੀ ਨੂੰ ਲਿਖੀ ਚਿੱਠੀ ਵਿਚ ਕਿਹਾ ਸੀ ਕਿ ਇਸ ਵੱਖਵਾਦ ਕਾਰਨ ਗੁਰਦਿੱਤ ਸਿੰਘ ਨੂੰ ਅਜਿਹੇ ਮੇਲ ਰੂਟ ਉਤੇ ਕੰਮ ਕਰਨਾ ਪੈ ਰਿਹਾ ਹੈ ਜਿਸ ਦਾ ਬੋਝ ਹੋਰਨਾਂ ਰੂਟਾਂ ਨਾਲੋਂ ਵੱਧ ਹੈ।

ਇਸ ਨਾਲ ਸ੍ਰੀ ਸਿੰਘ ਦੇ ਆਪਣੇ ਸਾਥੀ ਵਰਕਰਾਂ ਨਾਲ ਵੈਰ ਵਿਰੋਧ ਵੀ ਹੋ ਰਿਹਾ ਹੈ ਕਿਉਂਕਿ ਉਹ ਆਪਣੇ ਸਾਥੀਆਂ ਦੀ ਕੰਮ ਵਿਚ ਮਦਦ ਨਹੀਂ ਕਰ ਪਾਉਂਦਾ। ਇਸ ਨਾਲ ਉਸ ਦੀ ਤਰੱਕੀ ਦੀਆਂ ਸੰਭਾਵਨਾਵਾਂ ਵੀ ਘਟ ਰਹੀਆਂ ਹਨ। ਸਿੱਖ ਕੋਲਿਸ਼ਨ ਤੇ ਏ.ਸੀ.ਐਲ.ਯੂ ਦੇ ਦਖ਼ਲ ਮਗਰੋਂ ਡਿਜ਼ਨੀ ਵਰਲਡ ਨੇ ਆਪਣਾ ਫੈਸਲਾ ਬਦਲਦਿਆਂ ਗੁਰਦਿੱਤ ਸਿੰਘ ਦੀ ਧਾਰਮਿਕਤਾ ਨੂੰ ਮਾਨਤਾ ਦੇ ਦਿੱਤੀ ਹੈ।

## ਤਖ਼ਤ ਕੇਸਗੜ੍ਹ ਸਾਹਿਬ ਦੀ ਪੁਰਾਤਨ ਇਮਾਰਤ ਹੋਈ ਕਮਜ਼ੋਰ

**ਅੰਮ੍ਰਿਤਸਰ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਇਮਾਰਤ ਅੰਦਰੂਨੀ ਤੌਰ ਉਤੇ ਕਮਜ਼ੋਰ ਹੋ ਰਹੀ ਹੈ। ਇਹ ਖੁਲਾਸਾ ਆਈ.ਆਈ.ਟੀ. ਰੁੜਕੀ ਦੇ ਮਾਹਰਾਂ ਵੱਲੋਂ ਕੀਤੀ ਗਈ ਜਾਂਚ ਵਿਚ ਹੋਇਆ ਹੈ। ਇਹ ਖੁਲਾਸੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਇਸ ਪੁਰਾਤਨ ਤਖ਼ਤ ਦੀ ਇਮਾਰਤ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਉਸ ਦੀ ਕਾਰ ਸੇਵਾ ਕਰਾਉਣ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਇਮਾਰਤ ਦੀ ਕਾਰ ਸੇਵਾ ਬਰਮਿੰਘਮ ਦੇ ਨਿਸ਼ਕਾਮ ਸੇਵਕ ਜਥੇ ਦੇ ਭਾਈ ਮਹਿੰਦਰ ਸਿੰਘ ਨੂੰ ਸੌਂਪੀ ਗਈ ਹੈ, ਜਿਨ੍ਹਾਂ ਨੇ ਕਾਰ ਸੇਵਾ ਸ਼ੁਰੂ ਕਰਨ ਤੋਂ ਪਹਿਲਾਂ ਇਸ ਇਤਿਹਾਸਕ ਅਸਥਾਨ ਦਾ ਅਧਿਐਨ ਕਰਾਇਆ ਹੈ। ਇਹ ਅਧਿਐਨ ਵੱਖ-ਵੱਖ ਮਾਹਰਾਂ ਕੋਲੋਂ ਕਰਾਇਆ ਗਿਆ ਸੀ, ਜਿਨ੍ਹਾਂ ਵਿਚ ਆਈ.ਆਈ.ਟੀ. ਰੁੜਕੀ ਦੇ ਮਾਹਰ ਵੀ ਸ਼ਾਮਲ ਹਨ। ਮਾਹਰਾਂ ਨੇ ਖੁਲਾਸਾ ਕੀਤਾ ਹੈ ਕਿ ਇਤਿਹਾਸਕ ਤਖ਼ਤ ਦੀ ਇਮਾਰਤ ਅੰਦਰੂਨੀ ਤੌਰ ਉਤੇ ਕਮਜ਼ੋਰ ਹੋ ਚੁੱਕੀ ਹੈ, ਜਿਸ ਨੂੰ ਤੁਰੰਤ ਮਜ਼ਬੂਤੀ ਮੁਹੱਈਆ ਕਰਨ ਦੀ ਲੋੜ ਹੈ। ਇਸ ਇਤਿਹਾਸਕ ਤਖਤ ਦੀ ਇਮਾਰਤ 1932 ਵਿਚ ਉਸਾਰੀ ਗਈ ਸੀ ਜਦੋਂਕਿ ਉਸਾਰੀ ਦਾ ਕਾਰਜ 1926 ਵਿਚ ਸ਼ੁਰੂ ਹੋਇਆ ਸੀ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਾਲ ਹੀ ਵਿਚ ਸ੍ਰੀ



ਆਨੰਦਪੁਰ ਸਾਹਿਬ ਦਾ 350 ਸਾਲਾ ਸਥਾਪਨਾ ਦਿਵਸ ਮਨਾਇਆ ਗਿਆ ਹੈ। 1999 ਵਿਚ ਇਥੇ ਹੀ ਖਾਲਸਾ ਪੰਥ ਦਾ 300 ਸਾਲਾ ਸਾਜਨਾ ਦਿਵਸ ਮਨਾਇਆ ਗਿਆ ਸੀ। ਇਹ ਤਖ਼ਤ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਹੈ ਤੇ ਸਿੱਖ ਧਰਮ ਵਿਚ ਅਹਿਮ ਸਥਾਨ ਰੱਖਦਾ ਹੈ।

## ਮਨੁੱਖੀ ਹੱਕਾਂ ਦੇ ਘਾਣ ਵਿਚ ਪੁਲਿਸ ਮੋਹਰੀ

**ਪਟਿਆਲਾ:** ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਵਿਚ ਪੰਜਾਬ ਪੁਲਿਸ ਵਿਭਾਗ ਮੋਹਰੀ ਹੈ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪੁੱਜੀਆਂ ਕੁੱਲ ਸਵਾ ਦੋ ਲੱਖ ਸ਼ਿਕਾਇਤਾਂ ਵਿਚੋਂ ਸਵਾ ਲੱਖ ਸ਼ਿਕਾਇਤਾਂ ਪੁਲਿਸ ਖ਼ਿਲਾਫ਼ ਹਨ। ਅੰਕੜਿਆਂ ਅਨੁਸਾਰ ਕਮਿਸ਼ਨ ਕੋਲ 1997 ਤੋਂ ਮਈ 2015 ਤੱਕ ਆਈਆਂ 2,24,851 ਸ਼ਿਕਾਇਤਾਂ ਵਿਚੋਂ 1,24,035 (55 ਫੀਸਦੀ) ਪੁਲਿਸ ਖ਼ਿਲਾਫ਼ ਹਨ। ਇਨ੍ਹਾਂ ਵਿਚੋਂ 1997 ਤੋਂ 2001 ਤੱਕ ਅਕਾਲੀ ਸਰਕਾਰ ਦੇ ਸਮੇਂ 7686 ਤੇ ਕਾਂਗਰਸ ਦੀ ਕੈਪਟਨ ਸਰਕਾਰ ਸਮੇਂ 38 ਹਜ਼ਾਰ ਤੋਂ ਵੱਧ ਸ਼ਿਕਾਇਤਾਂ ਆਈਆਂ। ਸਾਲ 2007 ਤੋਂ 2012 ਤੱਕ ਦੀ ਬਾਦਲ ਸਰਕਾਰ ਸਮੇਂ 46 ਹਜ਼ਾਰ ਤੇ 2012 ਤੋਂ ਹੁਣ ਤੱਕ ਇਹ ਅੰਕੜਾ 31 ਹਜ਼ਾਰ ਹੈ। ਸਾਲ 1997 ਤੋਂ 2000 ਤੱਕ ਇਹ ਗਿਣਤੀ ਢਾਈ ਹਜ਼ਾਰ ਰਹੀ। ਸ਼ਿਕਾਇਤਾਂ ਦੀ ਗਿਣਤੀ 2001 ਤੋਂ 2005 ਤੱਕ ਕ੍ਰਮਵਾਰ 3642, 4344, 6422, 9661 ਤੇ 9835 ਰਹੀ। ਇਹ ਗਿਣਤੀ 2006 ਵਿਚ ਕੁਝ ਘਟੀ ਤੇ 8852 ਰਹਿ ਗਈ ਪਰ 2007 ਵਿਚ ਮੁੜ ਵਧ ਕੇ 9410 ਸ਼ਿਕਾਇਤਾਂ ਹੋ ਗਈਆਂ। ਫੇਰ 2008 ਤੇ 2009 ਵਿਚ 9026 ਅਤੇ 8905, ਜਦਕਿ 2010 ਵਿਚ ਸਭ ਤੋਂ ਵੱਧ 10338 ਸ਼ਿਕਾਇਤਾਂ ਆਈਆਂ। ਸਾਲ 2011 ਵਿਚ 8562, 2012 ਵਿਚ 9825, 2013 ਵਿਚ 9131 ਤੇ 2014 ਵਿਚ 8792 ਸ਼ਿਕਾਇਤਾਂ ਪੁਲਿਸ ਖ਼ਿਲਾਫ਼ ਆਈਆਂ। ਇਸ ਸਾਲ ਮਈ ਤੱਕ ਦੀ ਗਿਣਤੀ 3246 ਹੈ। ਇਸੇ ਦੌਰਾਨ ਐਸ.ਪੀ. ਤੋਂ ਉਪਰ ਤੱਕ ਦੇ ਤਿੰਨ ਦਰਜਨ ਅਧਿਕਾਰੀਆਂ ਖ਼ਿਲਾਫ਼ ਅਪਰਾਧਿਕ ਮਾਮਲੇ ਵੀ ਅਦਾਲਤਾਂ ਵਿਚ ਬਕਾਇਆ ਪਏ ਹਨ।



ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਜੇਲ੍ਹ ਵਿਭਾਗ ਖ਼ਿਲਾਫ਼ 4538 ਸ਼ਿਕਾਇਤਾਂ ਹਨ। ਸਿਹਤ ਵਿਭਾਗ ਖ਼ਿਲਾਫ਼ 2186, ਲੇਬਰ ਸਬੰਧੀ 1477 ਤੇ ਔਰਤਾਂ ਸਬੰਧੀ ਮਾਮਲਿਆਂ ਦੀਆਂ 7586 ਸ਼ਿਕਾਇਤਾਂ ਹਨ। ਪਟਿਆਲਾ ਵਿਖੇ ਇਕ ਸਮਾਗਮ ਵਿਚ ਸ਼ਿਰਕਤ ਕਰਨ ਪੁੱਜੇ ਕਮਿਸ਼ਨ ਦੇ ਮੈਂਬਰ ਬਲਜਿੰਦਰ ਠਾਕੁਰ ਦਾ ਕਹਿਣਾ ਸੀ ਕਿ ਕਮਿਸ਼ਨ ਵੱਲੋਂ ਆਈਆਂ ਕੁੱਲ 2.24 ਲਖ ਵਿਚੋਂ 2.16 ਲੱਖ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਨੇ ਤਾਂ ਸਿਫਾਰਸ਼ ਕਰਨੀ ਹੁੰਦੀ ਹੈ ਪਰ ਕਿਸੇ ਵੀ ਅਧਿਕਾਰੀ ਖ਼ਿਲਾਫ਼ ਕੋਈ ਵੀ ਕਾਰਵਾਈ ਤਾਂ ਸਰਕਾਰ ਨੇ ਹੀ ਕਰਨੀ ਹੁੰਦੀ ਹੈ। ਰਿਟਾਇਰਡ ਡੀ.ਆਈ.ਜੀ. ਹਰਿੰਦਰ ਸਿੰਘ ਚਾਹਲ ਦਾ ਕਹਿਣਾ ਹੈ ਕਿ ਪੁਲਿਸ ਦੇ ਕੰਮ ਵਿਚ ਰਾਜਸੀ ਦਖ਼ਲ ਦੇ ਵਧੇ ਰੁਝਾਨ ਕਾਰਨ ਵੀ ਪੁਲਿਸ ਖ਼ਿਲਾਫ਼ ਸ਼ਿਕਾਇਤਾਂ ਦੀ ਗਿਣਤੀ ਵਧੀ ਹੈ।

# ਬਾਜ਼ੀਗਰ ਵਣਜਾਰਾ ਐਸੋਸੀਏਸ਼ਨ ਵਲੋਂ ਡਾ. ਮੋਹਨ ਤਿਆਗੀ ਦਾ ਸਨਮਾਨ

**ਸੰਨੀਵੇਲ (ਐਸ ਅਸ਼ੋਕ ਭੌਰਾ):** ਬਾਜ਼ੀਗਰ ਵਣਜਾਰਾ ਐਸੋਸੀਏਸ਼ਨ ਕੈਲੀਫੋਰਨੀਆ ਵਲੋਂ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ, ਹਰੀ ਕ੍ਰਾਂਤੀ ਦੇ ਮੋਢੀ ਅਤੇ ਬਾਜ਼ੀਗਰ ਕੌਮ ਦੇ ਮਾਣ ਸ੍ਰੀ ਬਸੰਤ ਰਾਓ ਨਾਇਕ ਦੇ 102ਵੇਂ ਜਨਮ ਦਿਨ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਾਇਕ ਪ੍ਰੋਫੈਸਰ ਡਾ. ਮੋਹਨ ਤਿਆਗੀ ਨਾਲ ਰੂ-ਬ-ਰੂ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਇਥੇ ਇਹ ਵਰਣਨਯੋਗ ਹੈ ਕਿ ਡਾ. ਮੋਹਨ ਤਿਆਗੀ ਬਾਜ਼ੀਗਰ ਵਣਜਾਰਾ ਭਾਈਚਾਰੇ ਤੋਂ ਹਨ ਤੇ ਉਨ੍ਹਾਂ ਨੇ 'ਬਾਜ਼ੀਗਰ ਕਬੀਲੇ ਦਾ ਜੀਵਨ ਅਤੇ ਸੱਭਿਆਚਾਰ' ਨਾਂ ਦੀ ਪੁਸਤਕ ਵੀ ਲਿਖੀ ਹੈ ਜਿਸ ਵਿਚ ਬਾਜ਼ੀਗਰ ਵਣਜਾਰਾ ਭਾਈਚਾਰੇ ਦੇ ਇਤਿਹਾਸ, ਵਿਕਾਸ ਤੇ ਸਭਿਆਚਾਰ ਬਾਰੇ ਬਹੁਮੁੱਲੀ ਜਾਣਕਾਰੀ ਦਿੱਤੀ ਹੈ।

ਡਾ. ਮੋਹਨ ਤਿਆਗੀ ਦੇ ਮਾਣ ਵਿਚ ਸੰਨੀਵੇਲ ਦੇ ਸੁਨੇਹਾ ਰੈਸਟੋਰੈਂਟ ਵਿਚ ਲੰਘੇ ਬੁੱਧਵਾਰ ਨੂੰ ਕਰਵਾਏ ਗਏ ਸਮਾਰੋਹ ਵਿਚ ਸ੍ਰੀ ਪੀਟਰ ਤਾਲ ਧਰਮਸੋਤ, ਸ੍ਰੀ ਧਰਮਪਾਲ ਧਰਮਸੋਤ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਜਦਕਿ ਪ੍ਰਧਾਨਗੀ ਮੰਡਲ ਵਿਚ ਨਾਭਾ ਦੇ ਡੀ ਐਸ ਪੀ ਅਰਸ਼ਦੀਪ ਸਿੰਘ ਗਿੱਲ ਅਤੇ ਟਰਾਂਸਪੋਰਟਰ ਸਵਰਨ ਸਿੰਘ ਬਲਿੰਗ ਹਾਜ਼ਰ ਸਨ। ਮੰਚ ਸੰਚਾਲਨ ਲੇਖਕ ਤੇ ਪੱਤਰਕਾਰ ਓਮ ਪ੍ਰਕਾਸ਼ ਕਮਲ ਨੇ ਕਰਦਿਆਂ ਕਿਹਾ ਕਿ ਸਾਨੂੰ ਮਾਣ ਹੈ ਕਿ ਬਸੰਤ ਰਾਓ ਨਾਇਕ ਅਤੇ ਡਾ. ਤਿਆਗੀ ਵਰਗੀਆਂ ਵਿਸ਼ਵ ਪ੍ਰਸਿੱਧ ਹਸਤੀਆਂ ਸਾਡੇ ਵਣਜਾਰਾ ਕਬੀਲੇ 'ਚ ਪੈਦਾ ਹੋਈਆਂ ਹਨ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਜਿਥੇ ਬਸੰਤ ਰਾਓ ਨਾਇਕ ਬਾਰੇ ਦੱਸਿਆ, ਉਥੇ ਡਾ. ਤਿਆਗੀ ਦੇ ਜੀਵਨ ਅਤੇ ਸੰਘਰਸ਼ ਬਾਰੇ ਵੀ ਚਾਨਣਾ ਪਾਇਆ। ਡਾ. ਤਿਆਗੀ ਨੇ ਆਪਣੇ ਧੰਨਵਾਦੀ ਭਾਸ਼ਣ ਵਿਚ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਦੇ ਆਪਣੇ ਕਬੀਲੇ ਨੇ ਅਮਰੀਕਾ ਵਿਚ ਅਥਾਹ ਮਾਣ ਸਨਮਾਨ ਦਿੱਤਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਭਵਿੱਖ ਵਿਚ ਵੀ ਕਬੀਲੇ ਨਾਲ ਸਬੰਧਤ ਸਾਹਿਤ ਦੀ ਸਿਰਜਣਾ




ਕਰਦੇ ਰਹਿਣਗੇ। ਉਨ੍ਹਾਂ ਦੱਸਿਆ ਕਿ ਸਿੱਖਿਆ ਹਾਸਲ ਕਰਨ ਲਈ ਮੈਨੂੰ ਕਬੀਲੇ ਵਿਚੋਂ ਬਗਾਵਤ ਕਰਨੀ ਪਈ ਸੀ, ਤੇ ਘਰੋਂ ਭੱਜਣਾ ਪਿਆ ਸੀ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਹਾਲੇ ਵੀ ਕਬੀਲੇ ਵਿਚ ਛੋਟੀ ਉਮਰ ਦੇ ਬੱਚਿਆਂ ਦਾ ਵਿਆਹ ਕਰਨ ਦੀ ਰਵਾਇਤ ਹੈ।

ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਪ੍ਰੋ. ਜਸਪਾਲ ਸੈਣੀ, ਅਨਿਲ ਕੁਮਾਰ, ਤਾਰਾ ਸਿੰਘ ਸਾਗਰ ਅਤੇ ਚਰਨਜੀਤ ਸਿੰਘ ਪੰਨੂ ਸ਼ਾਮਲ ਸਨ। ਵੱਡੀ ਗਿਣਤੀ ਵਿਚ ਆਏ ਭਾਈਚਾਰੇ ਦੇ ਲੋਕਾਂ ਨੂੰ ਖਾਣਾ ਵੀ ਖੁਆਇਆ ਗਿਆ। ਹਾਜ਼ਰ ਸਰੋਤਿਆਂ ਵਿਚ ਮਨਦੀਪ ਸਿੰਘ ਧਰਮਸੋਤ, ਸਾਧੂ ਸਿੰਘ ਮੁਛਾਲ, ਪ੍ਰੇਮ ਲਾਲਕਾ, ਬਿੰਦਰ ਤਾਲ, ਕ੍ਰਿਸ਼ਨ ਲਾਲ ਦੁਲਾਈ, ਚੰਨੋ ਰਾਣੀ, ਧੰਨੋ ਰਾਣੀ, ਗੋਲਡੀ ਰਾਣੀ, ਦੁੱਮਣਾ ਰਾਣੀ, ਭੋਲਾ ਰਾਣੀ ਲਾਲਕਾ ਆਦਿ ਸ਼ਾਮਿਲ ਸਨ।

# ਸੰਤ ਹਰੀ ਸਿੰਘ ਰੰਧਾਵਾ ਦਾ ਗੋਲਡ ਮੈਡਲ ਨਾਲ ਸਨਮਾਨ



**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦਾ ਗੁਰਪੁਰਬ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧੀ ਸਜੇ ਹਫਤੇ ਦੇ ਦੀਵਾਨਾਂ ਵਿਚ ਸੰਤ ਹਰੀ ਸਿੰਘ ਰੰਧਾਵੇ ਵਾਲਿਆਂ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ।

ਐਤਵਾਰ ਦੇ ਦੀਵਾਨ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਸੰਤ ਰੰਧਾਵੇ ਵਾਲਿਆਂ ਦੀਆਂ ਸਿੱਖ ਧਰਮ ਪ੍ਰਤੀ ਸੇਵਾਵਾਂ ਬਦਲੇ ਉਨ੍ਹਾਂ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ। ਗੁਰੂਘਰ ਦੇ ਸੇਵਾਦਾਰ ਭਾਈ ਜਤਿੰਦਰ ਸਿੰਘ ਨੇ ਕਿਹਾ ਕਿ ਸੰਤ ਰੰਧਾਵੇ ਵਾਲਿਆਂ ਦਾ ਸਨਮਾਨ ਇਸ ਲਈ ਕੀਤਾ ਗਿਆ ਕਿ ਉਨ੍ਹਾਂ ਬਹੁਤ ਵਧੀਆ ਤਰੀਕੇ ਨਾਲ ਗੁਰੂ ਗ੍ਰੰਥ ਸਹਿਬ ਦੀ ਟੀਕਾ ਕੀਤਾ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਉਹ ਇਹ ਟੀਕਾ ਲੋੜਵੰਦ ਗ੍ਰੰਥੀ ਸਿੰਘਾਂ ਅਤੇ ਕਥਾਵਾਚਕਾਂ ਨੂੰ ਮੁਫਤ ਵੰਡ ਰਹੇ ਹਨ।






*ਜਲੰਧਰ ਦੂਰਦਰਸ਼ਨ ਦੇ 'ਲਿਸ਼ਕਾਰਾ' ਪ੍ਰੋਗਰਾਮ ਤੋਂ ਸ਼ੁਰੂ ਹੋ ਕੇ ਦੇਸ਼ਾਂ-ਵਿਦੇਸ਼ਾਂ 'ਚ ਮੰਚ ਅਤੇ ਸਟੇਜ 'ਤੇ ਸ਼ਬਦਾਂ ਨੂੰ ਸੁਰੀਲੀ ਜ਼ੁਬਾਨ ਦੇਣ ਵਾਲੀ ਖ਼ੂਬਸੂਰਤ ਸੰਚਾਲਕ ਤੇ ਗਾਇਕਾ ਸਤਿੰਦਰ ਸੱਤੀ ਪਿਛਲੇ ਦਿਨੀਂ 'ਗਲੋਬਲ ਪੰਜਾਬ ਟੀ ਵੀ' ਦੇ ਸੈਕਰਾਮੈਂਟੋ ਸਟੂਡੀਓ ਆਈ। ਜਗਦੇਵ ਭੰਡਾਲ ਦੇ ਨਿਰਦੇਸ਼ਨ ਹੇਠ ਐਸ. ਅਸ਼ੋਕ ਭੌਰਾ ਵਲੋਂ ਸਤਿੰਦਰ ਸੱਤੀ ਨਾਲ ਪ੍ਰੋਗਰਾਮ 'ਜਾਣ-ਪਹਿਚਾਣ' ਲਈ ਕੀਤੀ ਮੁਲਾਕਾਤ ਦਾ ਪ੍ਰਸਾਰਣ ਬੁਧਵਾਰ, 15 ਜੁਲਾਈ ਸ਼ਾਮ 4 ਵਜੇ PT, 7 ਵਜੇ ET ਉਤੇ Dish Network Channel 739 'ਤੇ ਕੀਤਾ ਜਾਵੇਗਾ।*








# ਕੁਦਰਤ ਦੀ ਕਵਿਤਾ

## ਟੋਰਸ ਪਾਰਕ ਦੇ ਅਦਭੁੱਤ ਨਜ਼ਾਰੇ

**ਕਲਾ ਪਰਿਕਰਮਾ**

ਚਿੱਲੀ ਦੇ ਮੈਗਲੇਨਜ਼ ਖਿੱਤੇ ਵਿਚ ਸਥਿਤ ਟੋਰਸ ਨੈਸ਼ਨਲ ਪਾਰਕ 935 ਵਰਗ ਮੀਲ ਦੇ ਰਕਬੇ ਵਿਚ ਫੈਲੀ ਹੋਈ ਹੈ। ਇਸ ਪਾਰਕ ਵਿਚ ਕੁਦਰਤੀ ਨਜ਼ਾਰੇ ਵੇਖਣ ਹੀ ਵਾਲੇ ਹੁੰਦੇ ਹਨ। ਪਾਰਕ ਦੀਆਂ ਕਈ ਥਾਂਵਾਂ ਦਾ ਰੰਗ ਸੂਰਜ ਦੇ ਸਫਰ ਨਾਲ ਬਦਲਦਾ ਰਹਿੰਦਾ ਹੈ, ਜਿਵੇਂ ਤਸਵੀਰਾਂ ਵਿਚ ਦਿਖਾਇਆ ਗਿਆ ਹੈ। ਹਰ ਸਾਲ ਤਕਰੀਬਨ ਡੇਢ ਲੱਖ ਸੈਲਾਨੀ ਇਸ ਪਾਰਕ ਨੂੰ ਦੇਖਣ ਲਈ ਪੁੱਜਦੇ ਹਨ। ਇਹ ਪਾਰਕ 1959 ਵਿਚ ਬਣਾਈ ਗਈ ਸੀ। ਉਦੋਂ ਇਸ ਪਾਰਕ ਦਾ ਨਾਂ 'ਗਰੇਅ ਲੇਕ ਨੈਸ਼ਨਲ ਟੂਰਿਜ਼ਮ ਪਾਰਕ' ਰੱਖਿਆ ਗਿਆ ਸੀ। ਬਾਅਦ ਵਿਚ 1970 ਵਿਚ ਇਸ ਪਾਰਕ ਦਾ ਨਾਂ 'ਟੋਰਸ ਡੇਲ ਪੈਨ ਪਾਰਕ'

**ਜਗਜੀਤ ਸਿੰਘ ਸੇਖੋਂ**

ਰੱਖ ਦਿੱਤਾ ਗਿਆ। 1977 ਵਿਚ ਗੁਇਦੋ ਮੋਨਜ਼ੀਨੋ ਨੇ ਤਕਰੀਬਨ 30 ਹਜ਼ਾਰ ਏਕੜ ਜ਼ਮੀਨ ਇਸ ਪਾਰਕ ਲਈ ਚਿੱਲੀ ਦੀ ਸਰਕਾਰ ਨੂੰ ਦਾਨ ਕਰ ਦਿੱਤੀ ਤੇ ਅਤੇ ਇਹ ਰਕਬਾ ਵੀ ਇਸ ਪਾਰਕ ਦਾ ਹਿੱਸਾ ਬਣ ਗਿਆ। ਇਹ ਪਾਰਕ ਮੈਗਲੇਨਜ਼ ਖਿੱਤੇ ਅਤੇ ਚਿੱਲੀਅਨ ਅੰਟਾਰਕਟਿਕਾ ਦੀਆਂ 11 ਸੁਰੱਖਿਅਤ ਥਾਵਾਂ ਵਿਚੋਂ ਇਕ ਹੈ। ਇਸ ਪਾਰਕ ਤੋਂ ਇਲਾਵਾ 4 ਕੌਮੀ ਪਾਰਕਾਂ, ਤਿੰਨ ਕੌਮੀ ਰਿਜ਼ਰਵ ਤੇ ਤਿੰਨ ਸਮਾਰਕਾਂ ਨੂੰ ਸਰਕਾਰ ਵੱਲੋਂ ਸੁਰੱਖਿਅਤ ਐਲਾਨਿਆ ਗਿਆ ਹੈ।

ਮੈਗਲੇਨਜ਼ ਦੇ ਇਸ ਇਲਾਕੇ ਬਾਰੇ ਸਭ ਤੋਂ ਪਹਿਲਾਂ 1888 ਵਿਚ ਛਪੀ ਕਿਤਾਬ ਵਿਚ ਖੁਲਾਸਾ ਹੋਇਆ ਮਿਲਦਾ ਹੈ। ਇਹ ਕਿਤਾਬ ਲੇਡੀ ਫਲੋਰੈਂਸ ਡਿਕਸ (25 ਮਈ 1855-7 ਨਵੰਬਰ 1905) ਨੇ ਲਿਖੀ ਸੀ। ਲੇਡੀ ਫਲੋਰੈਂਸ ਡਿਕਸ ਬ੍ਰਿਟਿਸ਼ ਸੈਲਾਨੀ ਸੀ ਅਤੇ ਜੰਗੀ ਰਿਪੋਰਟਾਂ ਵੀ ਭੇਜਦੀ ਹੁੰਦੀ ਸੀ। ਉਹ 1778-79 ਦੌਰਾਨ ਆਪਣੇ ਪਤੀ ਅਤੇ ਪਤੀ ਦੇ ਦੋ ਭਰਾਵਾਂ ਨਾਲ ਪਾਰਕ ਵਾਲੇ ਇਸ ਇਲਾਕੇ ਵਿਚ ਪੁੱਜੀ ਸੀ। ਇਹ ਸਾਰੇ ਵੇਰਵੇ ਉਸ ਦੀ ਕਿਤਾਬ ਵਿਚ ਮਿਲਦੇ ਹਨ।

ਸਾਲ 1985 ਦੀ ਗੱਲ ਹੈ ਕਿ ਇਕ ਸਿਰ-ਫਿਰੇ ਸੈਲਾਨੀ ਨੇ ਪਾਰਕ ਵਿਚ ਅੱਗ ਬਾਲ ਲਈ। ਛੇਤੀ ਹੀ ਇਹ ਅੱਗ ਭੜਕ ਪਈ ਅਤੇ ਇਸ ਨੇ ਆਲੇ-ਦੁਆਲੇ ਨੂੰ ਆਪਣੀ ਲਪੇਟ ਵਿਚ ਲੈ ਲਿਆ। ਇਸ ਅੱਗ ਉਤੇ ਕਾਬੂ ਪਾਉਣ ਲਈ ਬੜੀ ਮੁਸ਼ੱਕਤ ਕਰਨੀ ਪਈ ਸੀ, ਪਰ ਇਸ ਅੱਗ ਨਾਲ ਉਦੋਂ ਤੱਕ ਬੜਾ ਨੁਕਸਾਨ ਹੋ ਚੁੱਕਿਆ ਸੀ। ਪਾਰਕ ਦਾ ਤਕਰੀਬਨ 58 ਵਰਗ ਮੀਲ ਇਲਾਕਾ ਸੜ ਕੇ ਤਬਾਹ ਹੋ ਗਿਆ। ਅੱਗ ਨੇ ਆਲੇ-ਦੁਆਲੇ ਉਤੇ ਵੀ ਬੜਾ ਮਾੜਾ ਅਸਰ ਛੱਡਿਆ। ਹੁਣ ਇਸ ਮਾਮਲੇ ਵਿਚ ਸਾਵਧਾਨੀ ਵਰਤੀ ਜਾਂਦੀ ਹੈ ਅਤੇ ਸੈਲਾਨੀਆਂ ਉਤੇ ਕੁਝ ਪਾਬੰਦੀਆਂ ਵੀ ਲਾ ਦਿੱਤੀਆਂ ਗਈਆਂ ਹਨ।

*ਸੈਲਾਨੀਆਂ ਲਈ ਪਾਰਕ ਦਾ ਬਾਕਾਇਦਾ ਰੂਟ ਬਣਾਇਆ ਗਿਆ ਹੈ। ਪਾਰਕ ਦਾ ਅੰਗਰੇਜ਼ੀ ਅੱਖਰ 'ਡਬਲਿਊ' (W) ਵਾਲੇ ਆਕਾਰ ਵਾਲਾ ਪਾਪੂਲਰ ਰੂਟ ਪੰਜ ਦਿਨਾਂ ਵਿਚ ਮੁੱਕਦਾ ਹੈ। ਟਰੈਕ ਦਾ ਪੂਰਾ ਗੇੜਾ ਕੱਢਣ ਲਈ 8-9 ਦਿਨ ਲਗਦੇ ਹਨ। ਸੈਲਾਨੀਆਂ ਦਾ ਦਾਅਵਾ ਹੈ ਕਿ ਪਾਰਕ ਦੀ ਯਾਤਰਾ ਨਾਲ ਉਨ੍ਹਾਂ ਨੂੰ ਹਰ ਵਾਰ ਵੱਖਰਾ ਅਨੁਭਵ ਹੁੰਦਾ ਹੈ ਅਤੇ ਕੁਦਰਤ ਨਾਲ ਖੂਬ ਮੇਲੇ ਹੁੰਦੇ ਹਨ।*

*ਪਾਰਕ ਵਾਲੇ ਇਲਾਕੇ ਵਿਚ ਆਮ ਕਰ ਕੇ ਤਾਪਮਾਨ ਘੱਟ ਰਹਿੰਦਾ ਹੈ। ਜਨਵਰੀ ਵਿਚ ਜਦੋਂ ਸਭ ਤੋਂ ਵੱਧ ਗਰਮੀ ਮੰਨੀ ਜਾਂਦੀ ਹੈ, ਪਾਰਕ ਵਿਚ ਤਾਪਮਾਨ 16 ਡਿਗਰੀ ਸੈਲਸੀਅਸ ਦੇ ਨੇੜੇ ਤੇੜੇ ਹੁੰਦਾ ਹੈ। ਜੁਲਾਈ ਵਿਚ ਭਰ ਸਰਦੀਆਂ ਵੇਲੇ ਘੱਟੋ-ਘੱਟ ਤਾਪਮਾਨ ਮਨਫੀ 3 ਡਿਗਰੀ ਸੈਲਸੀਅਸ ਤੱਕ ਡਿੱਗ ਜਾਂਦਾ ਹੈ। ਮਾਰਚ-ਅਪਰੈਲ ਨੂੰ ਮੀਂਹਾਂ ਦੀ ਖੂਬ ਛਹਿਬਰ ਲਗਦੀ ਹੈ।*

### ਸੂਰਜ ਦੇ ਸਫਰ ਨਾਲ ਬਦਲਦੇ ਰੰਗ











*ਕੁਦਰਤ ਦੀ ਕਵਿਤਾ ਟੋਰਸ ਪਾਰਕ ਵਿਚ ਸਥਿਤ ਗਲੇਸ਼ੀਅਰ ਦੀ ਇਕ ਅਦਭੁੱਤ ਤਸਵੀਰ।*



# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਜੁਲਾਈ 2015 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-178



*ਤਸਵੀਰ: ਇੰਦਰਮੋਹਨ ਸਿੰਘ ਛਾਬੜਾ*

**ਮੋਢੇ ਰੱਖ ਅਮਰੀਕੀ ਝੰਡਾ ਖੁਸ਼ ਪੂਰਾ ਸਰਦਾਰ।**
**ਝੰਡੇ ਵਰਗੀਆਂ ਪਾ ਪੁਸ਼ਾਕਾਂ, ਬੱਚਿਆਂ ਨਾਲ ਬਹਾਰ।**
**ਨਿੱਕੀ ਉਮਰੇ ਦੇਸ਼-ਪਿਆਰ ਦੀ ਸਹੁੰ ਇਨ੍ਹਾਂ ਨੇ ਖਾਧੀ,**
**ਹਰ ਚਿਹਰੇ 'ਤੇ ਰੌਣਕ ਦੇਖੋ, ਇਹਨੂੰ ਕਹਿਣ ਆਜ਼ਾਦੀ।**

## ਕੈਪਸ਼ਨ ਮੁਕਾਬਲਾ-176



ਨਵੇਂ ਯੁਗ ਦੀਆਂ ਨਵੀਆਂ ਗੱਲਾਂ
ਨਵੇਂ ਤੋਂ ਨਵਾਂ ਫੋਨ ਹੈ ਆਇਆ।
ਤਾਰ ਵਾਲਾ ਇਹ ਟੈਲੀਫੋਨ ਯਾਰੋ
ਨਵੀਂ ਤਕਨੀਕ ਨੇ ਭੁਲਾਇਆ।
ਸੀ ਜ਼ਮਾਨਾ ਜਦੋਂ ਇਹਦੀ ਘੰਟੀ
ਬੜੀ ਚੰਗੀ ਚੰਗੀ ਲੱਗਦੀ ਸੀ।
ਲੋਕ ਭੱਜ ਕੇ ਚੁੱਕਦੇ ਸੀ, ਜਦ
ਘੰਟੀ ਟੈਲੀਫੋਨ ਦੀ ਵੱਜਦੀ ਸੀ।
***-ਪਰਸ਼ੋਤਮ ਸਿੰਘ ਯੂਬਾ ਸਿਟੀ***

---

ਸਰਦੇ ਪੁੱਜਦੇ ਘਰਾਂ ਦੀਆਂ ਬੈਠਕਾਂ ਦੀ
ਕਦੇ ਸ਼ਾਨ ਸੀ ਫੋਨ ਪਿਆਰਾ।
ਟ੍ਰਿਨ ਟ੍ਰਿਨ ਕਰਕੇ ਘੰਟੀ ਵੱਜਦੀ
ਜਾਪਦਾ ਸੀ ਇਹ ਬੜਾ ਨਿਆਰਾ।
ਖੁਸ਼ੀ-ਗਮੀ ਦੇ ਸੁੱਖ ਸੁਨੇਹੜੇ
ਜਦੋਂ ਦੂਰ ਦੁਰਾਡੇ ਤੋਂ ਆਉਂਦੇ ਸੀ।
ਭੱਜ ਕੇ ਜਾਂਦੇ ਜੀਅ ਇਸ ਘਰ ਦੇ
ਜਾ ਸਬੰਧਤ ਘਰ ਸੁਣਾਉਂਦੇ ਸੀ।
ਯੁਗ ਪਲਟਿਆ ਢੰਗ ਬਦਲੇ ਨੇ
ਖੂਬ ਸਾਇੰਸ ਨੇ ਕੀਤੀ ਤਰੱਕੀ।
ਹਰ ਕੋਈ ਜੇਬ 'ਚ ਪਾਈ ਫਿਰਦੇ
ਹੁਣ ਸਮਝੋ ਇਹ ਗੱਲ ਪੱਕੀ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਚਿੱਠੀਆਂ ਤੇ ਤਾਰਾਂ ਦਾ ਕੰਮ ਘਟਿਆ
ਸਕਿੰਟਾਂ 'ਚ ਹੈਲੋ ਹੈਲੋ ਕਰ ਛੱਡਿਆ।
ਕੋਹਾਂ ਤੇ ਹਜ਼ਾਰਾਂ ਦਾ ਪੈਂਡਾ ਘਟਿਆ
ਮਾਂਵਾਂ ਨਾਲ ਪੁੱਤਰਾਂ ਦਾ ਦੁੱਖ ਵੰਡਿਆ।
ਮਾਂ ਹੁੰਦੀ ਦੁੱਖ-ਸੁੱਖ ਪੰਜਾਬੋਂ ਬੋਲਦੀ
ਪੁੱਤਰਾਂ ਨੂੰ ਲੱਗਦਾ ਜਿਵੇਂ
ਪੰਜਾਬ ਕੱਲ ਛੱਡਿਆ।
ਵਾਰੇ ਵਾਰੇ ਜਾਈਏ 'ਥਾਂਦੀ' ਉਸ ਵੀਰ ਦੇ
ਦਿੱਤੀ ਸੌਗਾਤ ਜਿਨ੍ਹੇ
ਕਾਢ ਟੈਲੀਫੋਨ ਦਾ ਕੱਢਿਆ।
***-ਸਤਵਿੰਦਰ ਥਾਂਦੀ ਦੌਲਤਪੁਰੀ***
***ਇੰਡੀਆਨਾ।***

## ਗਜ਼ਲ

'ਫੱਤੂ ਤਲਵੰਡੀ' ਦੁਨੀਆਂ ਭਰ ਵਿਚ ਜਿਵੇਂ ਗਿਆ ਹੈ ਖਿੰਡ।
ਹੁਣ ਤਾਂ ਬੱਸ ਮੰਨਣਾ ਹੀ ਪੈਣਾ ਦੁਨੀਆਂ ਬਣ ਗਈ ਪਿੰਡ।
ਕਈਆਂ ਦੇ ਸੁਪਨੇ ਤਾਂ ਸੁਪਨੇ ਵਾਂਗੂ ਪੂਰੇ ਹੋ ਗਏ,
ਜਾਨ ਤਲੀ 'ਤੇ ਧਰ ਕੇ ਕਈਆਂ ਮਸੀਂ ਪੁਗਾਈ ਹਿੰਡ।
ਚੇਤਿਆਂ ਦੇ ਵਿਚ ਸਦਾ ਸਲਾਮਤ ਡੂੰਘਾ ਵਸਿਆ ਹੋਇਆ,
ਪੈਦਲ ਚੱਲ ਕੇ ਸੁੱਤਾ 'ਬਾਪੂ' ਲੈ ਸਿਰਹਾਣੇ ਟਿੰਡ।
ਦਿੱਤੇ ਜ਼ਖ਼ਮਾਂ ਨੂੰ ਮੁੜ ਮੁੜ ਕੇ ਕਾਹਤੋਂ ਛੇੜ ਰਿਹਾ ਏਂ,
ਜਾਣ ਵੀ ਦੇਹ ਹੁਣ ਇਨ੍ਹਾਂ ਉਤੇ ਆਉਣ ਵੀ ਦੇਹ ਖਰਿੰਡ।
ਮਹਿਫਿਲ ਵਿਚ ਸੱਚ ਬੋਲ ਕੇ 'ਬੀਸਲੇ' ਨਾਲ ਤਾਂ ਉਦਾਂ ਹੋਈ
ਢੀਮ ਮਾਰਿਆਂ ਪੱਥਰ ਦੇ ਵਿਚ ਛਿੜ ਪਏ ਜਿਵੇਂ ਭਰਿੰਡ।
***-ਹਰਿੰਦਰ ਸਿੰਘ ਬੀਸਲਾ, ਫੋਨ:1-562-726-7674***

# ਰੱਖੜਾ, ਭੂੰਦੜ ਤੇ ਠੰਡਲ ਦਾ ਸ਼ਿਕਾਗੋ 'ਚ ਨਿੱਘਾ ਸਵਾਗਤ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ, ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਅਤੇ ਸੋਹਣ ਸਿੰਘ ਠੰਡਲ ਦਾ ਮਿਡਵੈਸਟ ਅਕਾਲੀ ਦਲ ਦੇ ਅਹੁਦੇਦਾਰਾਂ ਅਤੇ ਪਤਵੰਤੇ ਸੱਜਣਾਂ ਵਲੋਂ ਸ਼ਿਕਾਗੋ ਏਅਰਪੋਰਟ ਉਤੇ ਨਿੱਘਾ ਸਵਾਗਤ ਕੀਤਾ ਗਿਆ। ਸ਼ਿਕਾਗੋ ਤੋਂ ਬਾਅਦ ਇਹ ਆਗੂ ਮਿਲਵਾਕੀ ਵੀ ਪਹੁੰਚੇ।

ਇਨ੍ਹਾਂ ਆਗੂਆਂ ਦੇ ਮਾਣ ਵਿਚ ਬੈਨਸਿਨਵਿਲ (ਸ਼ਿਕਾਗੋ) ਦੇ ਕੈਸਕੇਡ ਬੈਂਕੁਇਟ ਹਾਲ ਵਿਚ ਅਕਾਲੀ ਵਰਕਰਾਂ ਅਤੇ ਹੋਰ ਪੰਜਾਬੀਆਂ ਦੀ ਇਕ ਵੱਡੀ ਮੀਟਿੰਗ ਕੀਤੀ ਗਈ ਜਿਥੇ ਅਕਾਲੀ ਆਗੂਆਂ ਨੇ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਆਖਿਆ ਕਿ ਮੌਜੂਦਾ ਸਰਕਾਰ ਦੇ ਪ੍ਰਸ਼ਾਸਨ ਦੌਰਾਨ ਜਿੰਨੀ ਤਰੱਕੀ ਪੰਜਾਬ ਵਿਚ ਹੁਣ ਹੋਈ ਹੈ, ਉਨੀ ਪਹਿਲਾਂ ਕਦੇ ਨਹੀਂ ਹੋਈ। ਉਨ੍ਹਾਂ ਅਕਾਲੀ ਵਰਕਰਾਂ ਤੇ ਪਤਵੰਤਿਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਅਕਾਲੀ ਆਗੂਆਂ ਨੇ ਪਰਵਾਸੀ ਪੰਜਾਬੀਆਂ ਨੂੰ ਪੰਥਕ ਪਾਰਟੀ ਅਕਾਲੀ ਦਲ ਨਾਲ ਜੁੜਨ ਅਤੇ ਉਸ ਨੂੰ ਹੋਰ ਮਜ਼ਬੂਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੇ ਮਸਲਿਆਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨ ਪ੍ਰਤੀ ਵਚਨਬੱਧ ਹੈ ਕਿਉਂਕਿ ਉਨ੍ਹਾਂ ਨੇ ਪੰਜਾਬ ਦੀ ਤਰੱਕੀ ਵਿਚ ਬਹੁਤ ਅਹਿਮ ਰੋਲ ਅਦਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਅਕਾਲੀ ਆਗੂ ਪਰਦੇਸੀਂ ਵੱਸਦੇ ਪੰਜਾਬੀਆਂ ਨੂੰ ਅਕਾਲੀ ਦਲ ਨਾਲ ਜੋੜਨ ਅਤੇ ਪਾਰਟੀ ਨੂੰ ਸੰਗਠਿਤ ਕਰਨ ਲਈ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਸਮੇਤ ਵੱਖ ਵੱਖ ਦੇਸ਼ਾਂ ਦੇ ਦੌਰੇ 'ਤੇ ਨਿਕਲੇ ਹੋਏ ਹਨ। ਹਾਲ ਹੀ ਵਿਚ ਅਕਾਲੀ ਦਲ ਦੇ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਵੀ ਸ਼ਿਕਾਗੋ ਅਤੇ ਮਿਡਵੈਸਟ ਦੇ ਹੋਰ ਸ਼ਹਿਰਾਂ ਵਿਚ ਹੋ ਕੇ ਗਏ ਹਨ। ਅਕਾਲੀ ਆਗੂ ਇਸ ਉਪਰੰਤ ਨਿਊ ਯਾਰਕ, ਕੈਲੀਫੋਰਨੀਆ ਅਤੇ ਹੋਰ ਸਟੇਟਾਂ 'ਚ ਵੀ ਜਾਣਗੇ।

ਮਹਿਮਾਨ ਅਕਾਲੀ ਆਗੂਆਂ ਦਾ ਮਿਲਵਾਕੀ ਤੋਂ ਬਿਜਸਨਮੈਨ ਦਰਸ਼ਨ ਸਿੰਘ ਧਾਲੀਵਾਲ ਅਤੇ ਮਿਡਵੈਸਟ ਅਕਾਲੀ ਦਲ ਦੇ ਆਗੂਆਂ ਲਖਵੰਤ ਸਿੰਘ ਕੋਮਲ, ਅਮਰੀਕ ਸਿੰਘ (ਅਮਰ ਕਾਰਪੈਟਸ), ਜਸਕਰਨ ਸਿੰਘ ਧਾਲੀਵਾਲ, ਹਰਵਿੰਦਰ ਸਿੰਘ, ਬਲਦੇਵ ਸਿੰਘ ਸੱਲ੍ਹਾਂ, ਹੈਪੀ ਹੀਰ, ਪਾਲ ਖਲੀਲ, ਨਰਿੰਦਰ ਸਰਾਂ, ਮਨਵਿੰਦਰ ਸਿੰਘ ਹੀਰ, ਗੁਰਮੀਤ ਸਿੰਘ ਭੋਲਾ, ਯਾਦਵਿੰਦਰ ਸਿੰਘ ਗਰੇਵਾਲ, ਬਚਨ ਸਿੰਘ ਗਿੱਲ ਆਦਿ ਨੇ ਸਨਮਾਨ ਚਿੰਨ੍ਹ ਦੇ ਕੇ ਆਦਰ ਮਾਣ ਕੀਤਾ।



*ਅਮਰੀਕਾ ਆਏ ਆਗੂਆਂ ਦਾ ਸ਼ਿਕਾਗੋ ਏਅਰਪੋਰਟ 'ਤੇ ਸਵਾਗਤ ਕਰਦੇ ਹੋਏ ਮਿਡਵੈਸਟ ਅਕਾਲੀ ਦਲ ਦੇ ਅਹੁਦੇਦਾਰ ਤੇ ਵਰਕਰ*

**ਮਿਲਵਾਕੀ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਅਮਰੀਕਾ ਭੇਜੀ ਗਈ ਤਿੰਨ ਮੈਂਬਰੀ ਟੀਮ ਦੇ ਆਗੂ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ, ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਅਤੇ ਸੋਹਣ ਸਿੰਘ ਠੰਡਲ ਮਿਲਵਾਕੀ ਦੇ ਗੁਰਦੁਆਰਾ ਬਰੁੱਕਫੀਲਡ ਪਹੁੰਚੇ ਜਿੱਥੇ ਉਨ੍ਹਾਂ ਦਾ ਪ੍ਰਬੰਧਕਾਂ ਅਤੇ ਸਿੱਖ ਸੰਗਤ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਸੰਗਤ ਨੂੰ ਸੰਬੋਧਨ ਕਰਦਿਆਂ ਇਨ੍ਹਾਂ ਆਗੂਆਂ ਨੇ ਪੰਜਾਬ ਦੀ ਅਕਾਲੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਵੇਰਵਾ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਨਸ਼ਿਆਂ ਦੀ ਅਲਾਮਤ ਇੰਨੀ ਗੰਭੀਰ ਨਹੀਂ ਹੈ ਜਿਸ ਦੀ ਕਿ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਚਿੰਤਾ ਕਰਨੀ ਪਵੇ। ਉਨ੍ਹਾਂ ਦੋਸ਼ ਲਾਇਆ ਕਿ ਬਾਦਲ ਸਰਕਾਰ ਦੇ ਦੋਖੀ ਨਸ਼ਾਖੋਰੀ ਨੂੰ ਵਧਾ ਚੜ੍ਹਾ ਕੇ ਸੋਸ਼ਲ ਮੀਡੀਏ 'ਤੇ ਪੇਸ਼ ਕਰ ਰਹੇ ਹਨ ਜਿਸ ਪ੍ਰਤੀ ਪੰਜਾਬੀਆਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ।

# ਦਲ ਖਾਲਸਾ ਦੇ ਪ੍ਰਧਾਨ ਦਾ ਸਨਮਾਨ

**ਨਿਊ ਯਾਰਕ (ਬਿਊਰੋ):** ਅਮਰੀਕਾ ਦੌਰੇ 'ਤੇ ਆਏ ਦਲ ਖਾਲਸਾ ਜਥੇਬੰਦੀ ਦੇ ਪ੍ਰਧਾਨ ਸ. ਹਰਚਰਨਜੀਤ ਸਿੰਘ ਧਾਮੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਪਹੁੰਚੇ ਜਿਥੇ ਉਨ੍ਹਾਂ ਹਫਤਾਵਾਰੀ ਦੀਵਾਨ ਵਿਚ ਪ੍ਰਭਾਵਸ਼ਾਲੀ ਲੈਕਚਰ ਦਿੱਤਾ।



ਦਹਾਕਿਆਂ ਤੋਂ ਸਿੱਖ ਕਾਜ ਲਈ ਸੰਘਰਸ਼ਸੀਲ ਜਥੇਬੰਦੀ ਦੇ ਪੰਥਕ ਨਿਸ਼ਾਨਿਆਂ ਬਾਰੇ ਭਾਈ ਧਾਮੀ ਨੇ ਦੱਸਿਆ ਕਿ ਅਸੀਂ ਸਿੱਖ ਪੰਥ ਦੇ ਖੁੱਸੇ ਹੋਏ ਵੱਕਾਰ ਲਈ ਬੌਧਿਕ ਪੱਧਰ ਦੇ ਨਾਲ ਨਾਲ ਜਨਤਕ ਜਾਗਰੂਕਤਾ ਮੁਹਿੰਮ ਵੀ ਚਲਾਈ ਹੋਈ ਹੈ। ਵਾਰ ਵਾਰ ਜੈਕਾਰੇ ਗਜਾ ਕੇ ਸੰਗਤਾਂ ਨੇ ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜਤਾ ਕੀਤੀ।

ਇਸ ਮੌਕੇ ਦਲ ਖਾਲਸਾ ਵਲੋਂ ਪ੍ਰਕਾਸ਼ਿਤ ਪੁਸਤਕ 'ਸੁਪਨੇ ਤੋਂ ਸੰਘਰਸ਼ ਵੱਲ' ਭਾਈ ਧਾਮੀ ਨੇ ਗੁਰਦੁਆਰਾ ਰਿੱਚਮੰਡ ਹਿੱਲ ਦੇ ਪ੍ਰਧਾਨ ਭਾਈ ਗੁਰਦੇਵ ਸਿੰਘ ਕੰਗ ਨੂੰ ਭੇਟ ਕੀਤੀ। ਪ੍ਰਬੰਧਕ ਕਮੇਟੀ ਨੇ ਭਾਈ ਧਾਮੀ ਦਾ ਸਿਰਪਾਓ ਦੇ ਕੇ ਸਨਮਾਨ ਕੀਤਾ।

# ਸੀਨੀਅਰ ਸੈਂਟਰ ਵਲੋਂ ਅਵਤਾਰ ਸਿੰਘ ਅਟਵਾਲ ਨੂੰ ਵਿਦਾਇਗੀ

**ਸੈਨ ਹੋਜ਼ੇ (ਬਿਊਰੋ):** ਸੀਨੀਅਰ ਸੈਂਟਰ, ਸੈਨ ਹੋਜ਼ੇ ਦੇ ਬਹੁਤ ਹੀ ਸਰਗਰਮ ਮੈਂਬਰ ਅਵਤਾਰ ਸਿੰਘ ਅਟਵਾਲ ਦੇ ਸਿਆਟਲ ਮੂਵ ਹੋ ਜਾਣ 'ਤੇ ਉਨ੍ਹਾਂ ਨੂੰ ਪਿਛਲੇ ਦਿਨੀਂ ਪ੍ਰੇਮ ਭਿੱਜੀ ਵਿਦਾਇਗੀ ਪਾਰਟੀ ਦਿੱਤੀ ਗਈ। ਸਾਰੇ ਬੁਲਾਰਿਆਂ ਨੇ ਸਭਾ ਪ੍ਰਤੀ ਪਾਏ ਉਨ੍ਹਾਂ ਦੇ ਯੋਗਦਾਨ ਦੀ ਤਾਰੀਫ ਕੀਤੀ ਤੇ ਉਨ੍ਹਾਂ ਨੂੰ ਬਿਹਤਰ ਭਵਿੱਖ ਲਈ ਸ਼ੁਭ ਕਾਮਨਾ ਦਿੱਤੀ। ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।



ਗੁਰਦੁਆਰਾ ਸੈਨ ਹੋਜ਼ੇ ਦੀਆਂ 31 ਅਗਸਤ ਨੂੰ ਹੋਣ ਵਾਲੀਆਂ ਚੋਣਾਂ ਬਾਰੇ ਵਿਚਾਰ-ਵਟਾਂਦਰਾ ਹੋਇਆ। ਸਮੂਹਕ ਰੂਪ ਵਿਚ ਦੋਹਾਂ ਧਿਰਾਂ ਨੂੰ ਬੇਨਤੀ ਕੀਤੀ ਗਈ ਕਿ ਚੋਣਾਂ ਸ਼ਾਂਤਮਈ ਢੰਗ ਨਾਲ ਸੰਪੂਰਨ ਕੀਤੀਆਂ ਜਾਣ ਤੇ ਯੋਗ ਉਮੀਦਵਾਰਾਂ ਨੂੰ ਹੀ ਅੱਗੇ ਲਿਆਂਦਾ ਜਾਵੇ।

ਜ਼ਿਕਰਯੋਗ ਹੈ ਕਿ ਸੀਨੀਅਰ ਸੈਂਟਰ ਗੁਰਦੁਆਰਾ ਸੈਨ ਹੋਜ਼ੇ ਵਿਖੇ ਕਾਰਜਸ਼ੀਲ ਹੈ ਜਿਸ ਵਿਚ ਹਰ ਐਤਵਾਰ ਭਾਈਚਾਰੇ ਦੇ ਸੀਨੀਅਰ ਮੈਂਬਰ ਬੈਠ ਕੇ ਆਪਣੇ ਬਾਰੇ ਅਤੇ ਸਿੱਖ ਭਾਈਚਾਰੇ ਬਾਰੇ ਵਿਚਾਰ ਵਟਾਂਦਰਾ ਕਰਦੇ ਹਨ। ਸੰਸਥਾ ਪੰਜਾਬ-ਅਮੈਰਿਕਾ ਸੀਨੀਅਰ ਐਸੋਸੀਏਸ਼ਨ ਦੇ ਨਾਂ ਥੱਲੇ ਰਜਿਸਟਰਡ ਹੈ। ਇਨ੍ਹਾਂ ਮੈਂਬਰਾਂ ਵਿਚ ਵਕੀਲ, ਡਾਕਟਰ, ਪ੍ਰੋਫੈਸਰ, ਪੁਲਿਸ ਅਫਸਰ, ਜਿਮੀਦਾਰ, ਆਦਿ ਸ਼ਾਮਲ ਹਨ ਜੋ ਆਪਣੇ ਤਜਰਬੇ ਸਾਂਝੇ ਕਰਦੇ ਹੋਰਾਂ ਤੱਕ ਸੇਧ ਦਿੰਦੇ ਹਨ।

ਅਜੀਤ ਸਿੰਘ ਬਣਵੈਤ, ਕਲਨਲ ਬਲਬੀਰ ਸਿੰਘ, ਪੂਰਨ ਸਿੰਘ ਗਰੇਵਾਲ, ਅਵਤਾਰ ਸਿੰਘ ਧਾਲੀਵਾਲ, ਸੂਬੇਦਾਰ ਸੁਰਜੀਤ ਸਿੰਘ, ਸੁਰਜੀਤ ਸਿੰਘ ਬਾਜਵਾ, ਸੂਰਤ ਸਿੰਘ, ਬਲਬੀਰ ਸਿੰਘ ਲੱਧੜ, ਦੇਸ ਰਾਜ ਹਾਂਡਾ, ਹਰਦੇਵ ਸਿੰਘ ਅਟਵਾਲ, ਹਰਬੰਸ ਸਿੰਘ ਲੌਂਗੀਆ, ਚਰਨਜੀਤ ਸਿੰਘ ਪੰਨੂ, ਅਜੀਤ ਸਿੰਘ ਥਾਂਦੀ, ਡਾ. ਹਰਭਜਨ ਸਿੰਘ ਸੈਣੀ, ਹਾਕਮ ਸਿੰਘ ਪਟਵਾਰੀ, ਮਹਿੰਦਰ ਕੌਰ, ਹਰਨੇਕ ਸਿੰਘ, ਹਰਪਾਲ ਸਿੰਘ, ਸ਼ਾਮ ਸਿੰਘ ਆਦਿ ਸ਼ਿਰਕਤਕਾਰ ਹਾਜਰੀ ਭਰਦੇ ਹਨ।

## ਸੁਪਰੀਮ ਕੋਰਟ ਨੇ ਫ਼ਰਜ਼ੀ ਮੁਕਾਬਲਿਆਂ ਬਾਰੇ ਮੰਗੀ ਰਿਪੋਰਟ

**ਨਵੀਂ ਦਿੱਲੀ:** ਮਨੀਪੁਰ ਵਿਚ ਫ਼ਰਜ਼ੀ ਮੁਕਾਬਲਿਆਂ ਬਾਰੇ ਸੁਪਰੀਮ ਕੋਰਟ ਨੇ ਕੇਂਦਰ, ਰਾਜ ਸਰਕਾਰ ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਵਿਸਤਾਰ ਨਾਲ ਰਿਪੋਰਟ ਦੇਣ ਲਈ ਕਿਹਾ ਹੈ। ਇਨ੍ਹਾਂ ਵਿਚੋਂ 62 ਮਾਮਲਿਆਂ ਵਿਚ ਐਫ.ਆਈ.ਆਰ. ਵੀ ਦਰਜ ਨਹੀਂ ਹੋਈ। ਅਦਾਲਤ ਨੇ ਇਨ੍ਹਾਂ ਮੁਕਾਬਲਿਆਂ ਦੇ ਪੀੜਤਾਂ ਨੂੰ ਮੁਆਵਜ਼ਾ ਨਾ ਦੇਣ ਉਤੇ ਰਾਜ ਸਰਕਾਰ ਦੀ ਝਾੜਝੰਬ ਵੀ ਕੀਤੀ।

## ਧਰਤੀ ਹੋ ਜਾਏਗੀ ਪਾਣੀ ਪਾਣੀ

**ਲੰਡਨ:** ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਧਰਤੀ ਦੀ ਪਰਤ ਹੌਲੀ-ਹੌਲੀ ਖੁਰਦੀ ਜਾ ਰਹੀ ਹੈ ਤੇ ਆਉਂਦੇ ਦੋ ਅਰਬ ਸਾਲਾਂ ਵਿਚ ਇਹ ਖ਼ਤਮ ਹੋ ਜਾਏਗੀ। ਪੂਰੀ ਦੁਨੀਆ ਵਿਚ ਹਰ ਥਾਂ ਉਤੇ ਪਾਣੀ ਹੋਏਗਾ ਅਤੇ ਧਰਤੀ ਦੇ ਆਕਾਰ ਲੈਣ ਤੋਂ ਪਹਿਲਾਂ ਵਾਲੇ ਹਾਲਾਤ ਬਣ ਜਾਣਗੇ। ਨਵੇਂ ਅਨੁਮਾਨਾਂ ਮੁਤਾਬਕ ਧਰਤੀ ਦੀ ਪਰਤ ਪਤਲੀ ਪੈਂਦੀ ਜਾ ਰਹੀ ਹੈ ਤੇ ਜੇਕਰ ਇਸੇ ਰਫ਼ਤਾਰ ਨਾਲ ਧਰਤੀ ਖੁਰਦੀ ਰਹੀ ਤਾਂ ਸਾਰੇ ਮਹਾਂਦੀਪ ਸਮੁੰਦਰ ਵਿਚ ਬਦਲ ਜਾਣਗੇ।

'ਨਿਊ ਸਾਇੰਟਿਸਟ' ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਾਤਾਵਰਨ ਵਿਚ ਬਦਲਾਅ ਨਾਲ ਭਾਵੇਂ ਸਮੁੰਦਰ ਦਾ ਪੱਧਰ ਲਗਾਤਾਰ ਵਧਦਾ ਜਾ ਰਿਹਾ ਹੈ ਪਰ ਇਸ ਦੇ ਬਿਨਾਂ ਵੀ ਧਰਤੀ ਦੀ ਪਰਤ ਖੁਰ ਰਹੀ ਹੈ ਤੇ ਜ਼ਮੀਨ ਬਿਲਕੁਲ ਗਾਇਬ ਹੋ ਜਾਏਗੀ। ਇੰਗਲੈਂਡ ਦੀ ਬ੍ਰਿਸਟਲ ਯੂਨੀਵਰਸਿਟੀ ਦੇ ਬਰੂਨੋ ਧੂਈਮ ਤੇ ਉਸ ਦੇ ਸਹਿਯੋਗੀਆਂ ਨੇ 13 ਹਜ਼ਾਰ ਪੱਥਰਾਂ ਦੇ ਨਮੂਨੇ ਪੂਰੀ ਦੁਨੀਆ ਤੋਂ ਇਕੱਤਰ ਕੀਤੇ ਤੇ ਧਰਤੀ ਦੀ ਪਰਤ ਦਾ ਇਤਿਹਾਸ ਜਾਣਿਆ।

# ਜੀ ਐਚ ਜੀ ਦੇ ਬੱਚਿਆਂ ਦੇ ਕੈਂਪ ਨੂੰ ਭਰਵਾਂ ਹੁੰਗਾਰਾ

**ਫਰਿਜ਼ਨੋ (ਬਿਊਰੋ):** ਗੁਰੂ ਹਰ ਗੋਬਿੰਦ ਅਕੈਡਮੀ (ਜੀ ਐਚ ਜੀ) ਦੇ ਪ੍ਰਬੰਧਕਾਂ ਅਨੁਸਾਰ ਇਥੇ ਪੰਜਾਬੀ ਸਕੂਲ ਦੀਆਂ ਗਰਾਊਂਡਾਂ ਵਿਚ ਲਾਏ ਜਾ ਰਹੇ ਸੱਤਵੇਂ ਸਾਲਾਨਾ ਕੈਂਪ ਪ੍ਰਤੀ ਬੱਚਿਆਂ ਵਿਚ ਭਾਰੀ ਉਤਸ਼ਾਹ ਹੈ ਅਤੇ ਇਸ ਵਿਚ ਚਾਰ ਸੌ ਦੇ ਕਰੀਬ ਬੱਚੇ ਕਲਾ ਦੀਆਂ ਬਾਰੀਕੀਆਂ ਤੋਂ ਜਾਣੂ ਹੋ ਰਹੇ ਹਨ। ਬੱਚਿਆਂ ਦੇ ਨਾਲ ਨਾਲ ਮਾਪਿਆਂ ਦੀ ਸ਼ਮੂਲੀਅਤ ਵੀ ਇਸ ਕੈਂਪ ਦੀਆਂ ਰੌਣਕਾਂ ਵਧਾ ਰਹੀ ਹੈ। ਜ਼ਿਕਰਯੋਗ ਹੈ ਕਿ ਇਹ ਕੈਂਪ 10 ਜੁਲਾਈ ਤੋਂ ਚੱਲ ਰਿਹਾ ਹੈ।

ਅਕੈਡਮੀ ਵਲੋਂ ਜਾਰੀ ਬਿਆਨ ਅਨੁਸਾਰ ਡਾ. ਦਲਜਿੰਦਰ ਸਿੰਘ ਜੌਹਲ ਦੀ ਅਗਵਾਈ ਹੇਠ 40 ਕੋਚਾਂ ਦੀ ਟੀਮ ਬੱਚਿਆਂ ਨੂੰ ਧਰਮ, ਸਭਿਆਚਾਰ, ਇਤਿਹਾਸ, ਲੋਕ ਸਾਹਿਤ ਅਤੇ ਪੰਜਾਬ ਦੇ ਵਿਰਸੇ ਨਾਲ ਜੋੜਨ ਦੇ ਉਪਰਾਲੇ ਕਰ ਰਹੀ ਹੈ। ਬੱਚਿਆਂ ਲਈ ਲੰਗਰ ਦਾ ਪ੍ਰਬੰਧ ਹੈ। ਪ੍ਰਬੰਧਕਾਂ ਅਨੁਸਾਰ ਜਿਹੜੇ ਬੱਚੇ ਇਸ ਕੈਂਪ ਵਿਚ ਆ ਨਹੀਂ ਸਕੇ ਉਹ ਹੁਣ ਵੀ ਸ਼ਾਮੀ 5 ਤੋਂ 8 ਵਜੇ ਤੱਕ ਪਹੁੰਚ ਕੇ ਇਸ ਦਾ ਹਿੱਸਾ ਬਣ ਸਕਦੇ ਹਨ। ਕੈਂਪ ਵਿਚ ਭਾਗ ਲੈ ਰਹੇ ਬੱਚੇ 25 ਜੁਲਾਈ ਨੂੰ ਰੋਇਡਿੰਗ ਪਾਰਕ ਵਿਚ ਹੋਣ ਵਾਲੇ ਅੰਤਰਰਾਸ਼ਟਰੀ ਯੁਵਕ ਮੇਲੇ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ।

ਹੋਰ ਜਾਣਕਾਰੀ ਲਈ ਪਰਮਜੀਤ ਧਾਲੀਵਾਲ (559-351-9465) ਜਾਂ ਗੁਰਦੀਪ ਸ਼ੇਰਗਿੱਲ (559-349-1481) ਨਾਲ ਸੰਪਰਕ ਕੀਤਾ ਜਾ ਸਕਦਾ ਹੈ।



Gas Station For Sale

in Iowa on the interstate highway
Gas Station, Small cafe Plus
C-Store With Beer, Hard Liquor
& Lottery For Sale
With Property.

*Serious buyer please call:*

Ph: 641-691-8562

29

# 17ਵੀਆਂ ਪੈਨ ਅਮੈਰੀਕਨ ਖੇਡਾਂ ਟੋਰਾਂਟੋ

## ਖੇਡ ਸੰਸਾਰ

ਓਲੰਪਿਕ ਖੇਡਾਂ ਤੋਂ ਦੂਜੇ ਨੰਬਰ 'ਤੇ ਮਹਾਂਦੀਪੀ ਖੇਡਾਂ ਹੁੰਦੀਆਂ ਹਨ। ਉਨ੍ਹਾਂ ਦੇ ਨਾਂ ਏਸ਼ੀਆਈ ਖੇਡਾਂ, ਅਫਰੀਕੀ ਖੇਡਾਂ, ਯੂਰਪੀ ਖੇਡਾਂ, ਓਸ਼ਨੀਆ ਖੇਡਾਂ ਤੇ ਪੈਨ ਅਮੈਰੀਕਨ ਖੇਡਾਂ ਹਨ। ਪੈਨ ਅਮੈਰੀਕਨ ਖੇਡਾਂ ਨੂੰ ਛੋਟੇ ਨਾਂ ਨਾਲ ਪੈਨਮ ਖੇਡਾਂ ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਅਮਰੀਕਾ ਦੇ ਉਤਰੀ ਤੇ ਦੱਖਣੀ ਮਹਾਂਦੀਪ ਯਾਨਿ ਅਮਰੀਕੀ ਤੇ ਕੈਰੇਬੀਅਨ ਮੁਲਕਾਂ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਦੇ ਖਿਡਾਰੀ ਭਾਗ ਲੈਂਦੇ ਹਨ। 17ਵੀਆਂ ਪੈਨਮ ਖੇਡਾਂ 10 ਜੁਲਾਈ ਤੋਂ 26 ਜੁਲਾਈ ਤਕ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਚ ਹੋ ਰਹੀਆਂ ਹਨ ਜਿਥੇ 36 ਖੇਡਾਂ ਦੀਆਂ 51 ਵੰਨਗੀਆਂ ਦੇ ਮੁਕਾਬਲਿਆਂ ਵਿਚ 41 ਮੁਲਕਾਂ ਦੇ ਛੇ ਹਜ਼ਾਰ ਤੋਂ ਵੱਧ ਖਿਡਾਰੀ ਭਾਗ ਲੈ ਰਹੇ ਹਨ। ਇਨ੍ਹਾਂ ਵਿਚ ਸਭ ਤੋਂ ਵੱਧ ਗਿਣਤੀ ਮੇਜ਼ਬਾਨ ਮੁਲਕ ਕੈਨੇਡਾ ਦੇ ਖਿਡਾਰੀਆਂ ਦੀ ਹੈ, ਜੋ 722 ਹਨ। ਬ੍ਰਾਜ਼ੀਲ ਦੇ 600, ਮੈਕਸੀਕੋ ਦੇ 510 ਤੇ ਅਮਰੀਕਾ ਦੇ 441 ਹਨ। ਬਲੀਜ਼ ਤੇ ਗਰੇਨਾਡਾ ਦਾ ਕੇਵਲ ਇਕ ਇਕ ਖਿਡਾਰੀ ਹੀ ਹੈ।

ਪੈਨਮ ਖੇਡਾਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ 1932 ਵਿਚ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਪੈਨ ਅਮੈਰੀਕਨ ਮੁਲਕਾਂ ਦੀਆਂ ਖੇਡਾਂ ਕਰਾਉਣ ਦੀ ਗੱਲ ਚੱਲੀ ਸੀ। 1937 ਵਿਚ ਡੈਲਸ (ਟੈਕਸਸ) ਵਿਖੇ ਕੁਝ ਖੇਡਾਂ ਕਰਵਾਈਆਂ ਗਈਆਂ ਪਰ ਉਹ ਪਹਿਲੀਆਂ ਪੈਨ ਅਮੈਰੀਕਨ ਖੇਡਾਂ ਨਾ ਮੰਨੀਆਂ ਗਈਆਂ। ਫਿਰ 1940 ਵਿਚ ਅਰਜਨਟੀਨਾ ਦੇ ਸ਼ਹਿਰ ਬਿਊਨਸ ਏਅਰਜ਼ ਵਿਚ ਹੋਈ ਸਪੋਰਟਸ ਕਾਂਗਰਸ ਨੇ ਫੈਸਲਾ ਕੀਤਾ ਕਿ 1942 ਵਿਚ ਬਿਊਨਸ ਏਅਰਜ਼ ਵਿਖੇ ਪਹਿਲੀਆਂ ਪੈਨ ਅਮੈਰੀਕਨ ਖੇਡਾਂ ਕਰਾਈਆਂ ਜਾਣ। ਦੂਜੀ ਵੱਡੀ ਜੰਗ ਕਾਰਨ ਉਹ ਖੇਡਾਂ ਹੋ ਨਾ ਸਕੀਆਂ। 1948 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ ਸਮੇਂ ਸਪੋਰਟਸ ਕਾਂਗਰਸ ਨੇ ਫਿਰ ਫੈਸਲਾ ਕੀਤਾ ਕਿ ਪਹਿਲੀਆਂ ਪੈਨ ਅਮੈਰੀਕਨ ਖੇਡਾਂ 1951 ਵਿਚ ਬਿਊਨਸ ਏਅਰਜ਼ ਵਿਚ ਹੀ ਕਰਾਈਆਂ ਜਾਣ ਜੋ ਕਾਮਯਾਬੀ ਨਾਲ ਹੋ ਗਈਆਂ। ਸਬੱਬ ਦੀ ਗੱਲ ਸਮਝੋ ਕਿ ਏਸ਼ੀਆਈ ਖੇਡਾਂ ਵੀ 1951 ਵਿਚ ਹੀ ਨਵੀਂ ਦਿੱਲੀ ਤੋਂ ਸ਼ੁਰੂ ਹੋਈਆਂ। ਫਰਕ ਸਿਰਫ ਇਹ ਪਿਆ ਕਿ ਬਾਅਦ ਵਿਚ ਏਸ਼ੀਆਈ ਖੇਡਾਂ, ਓਲੰਪਿਕ ਖੇਡਾਂ ਤੋਂ ਦੋ ਸਾਲ ਪਹਿਲਾਂ ਤੇ ਪੈਨਮ ਖੇਡਾਂ ਓਲੰਪਿਕ ਖੇਡਾਂ ਤੋਂ ਇਕ ਸਾਲ ਪਹਿਲਾਂ ਹੋਣ ਲੱਗੀਆਂ। ਇਹ ਖੇਡਾਂ ਓਲੰਪਿਕ ਖੇਡਾਂ ਵਾਂਗ ਚਾਰ ਸਾਲਾਂ ਦੇ ਵਕਫ਼ੇ ਬਾਅਦ ਹੁੰਦੀਆਂ ਹਨ।

ਪੈਨਮ ਖੇਡਾਂ ਦਾ ਸਫਰ ਬਿਊਨਸ ਏਅਰਜ਼ ਤੋਂ ਸ਼ੁਰੂ ਹੋ ਕੇ ਮੈਕਸੀਕੋ ਸਿਟੀ, ਸ਼ਿਕਾਗੋ, ਸਾਓ ਪਾਲੋ, ਵਿਨੀਪੈਗ, ਕਲੀ, ਮੈਕਸੀਕੋ ਸਿਟੀ, ਸੈਨ ਜੁਆਂ, ਕੈਰਾਕਸ, ਇੰਡੀਅਨਐਪੋਲਿਸ, ਹਵਾਨਾ, ਮਾਰ ਡੇਲ ਪਲਾਟਾ, ਵਿਨੀਪੈਗ, ਸੈਂਟੋ ਡੋਮਿੰਗੋ, ਰੀਓ ਡੀ ਜਨੀਰੋ, ਗੁਆਡਾਲਾਜਾਰਾ ਹੁੰਦਾ ਹੋਇਆ ਟੋਰਾਂਟੋ ਪੁੱਜਾ ਹੈ। 2019 ਦੀਆਂ 18ਵੀਆਂ ਪੈਨਮ ਖੇਡਾਂ ਪੀਰੂ ਦੇ ਸ਼ਹਿਰ ਲੀਮਾ ਵਿਚ ਹੋਣਗੀਆਂ। ਬਿਊਨਸ ਏਅਰਜ਼ ਦੀਆਂ ਪਹਿਲੀਆਂ ਖੇਡਾਂ 18 ਖੇਡਾਂ ਦੇ ਮੁਕਾਬਲਿਆਂ ਨਾਲ 25 ਫਰਵਰੀ 1951 ਨੂੰ ਸ਼ੁਰੂ ਹੋਈਆਂ ਸਨ ਤੇ 9 ਮਾਰਚ ਤਕ ਚੱਲੀਆਂ ਸਨ। ਉਨ੍ਹਾਂ ਵਿਚ 21 ਮੁਲਕਾਂ ਦੇ 2513 ਖਿਡਾਰੀਆਂ ਨੇ ਭਾਗ ਲਿਆ ਸੀ। ਹੌਲੀ ਹੌਲੀ ਖੇਡਾਂ ਦੀ ਗਿਣਤੀ ਵਧਦੀ ਗਈ ਅਤੇ ਮੁਲਕਾਂ ਤੇ ਖਿਡਾਰੀਆਂ ਦੀ ਗਿਣਤੀ ਵਿਚ ਵੀ ਵਾਧਾ ਹੁੰਦਾ ਗਿਆ। ਹੁਣ ਖੇਡਾਂ ਦੀ ਗਿਣਤੀ 36 ਹੋ ਗਈ ਹੈ ਤੇ ਖਿਡਾਰੀ ਛੇ ਹਜ਼ਾਰ ਤੋਂ ਵਧ ਗਏ ਹਨ ਜਿਨ੍ਹਾਂ ਵਿਚ ਖਿਡਾਰਨਾਂ ਦੀ ਗਿਣਤੀ 45% ਤੋਂ ਵੱਧ ਹੈ।

2009 ਵਿਚ ਇਹ ਖੇਡਾਂ ਵੋਟਾਂ ਦੇ ਆਧਾਰ 'ਤੇ ਟੋਰਾਂਟੋ ਨੂੰ ਅਲਾਟ ਹੋਈਆਂ ਸਨ। ਤਦ ਤੋਂ ਤਿਆਰੀਆਂ ਸ਼ੁਰੂ ਸਨ। 2011 ਵਿਚ ਇਨ੍ਹਾਂ ਖੇਡਾਂ ਦਾ ਝੰਡਾ ਮੈਕਸੀਕੋ ਸਿਟੀ ਵਿਚ ਟੋਰਾਂਟੋ ਦੇ ਮੇਅਰ ਰੌਬ ਫੋਰਡ ਤੇ ਕੈਨੇਡਾ ਦੇ ਖੇਡ ਮੰਤਰੀ ਬੱਲ ਗੋਸਲ ਨੇ ਹਾਸਲ ਕੀਤਾ ਸੀ। ਬੱਲ ਗੋਸਲ ਦਾ ਪਿੰਡ ਮੁਕੰਦਪੁਰ ਨੇੜੇ ਰਟੈਂਡਾ ਹੈ ਅਤੇ ਉਹ ਮੁਕੰਦਪੁਰ ਤੇ ਬੰਗੇ ਪੜ੍ਹਦਾ ਰਿਹਾ ਹੈ। ਇਨ੍ਹਾਂ ਖੇਡਾਂ ਲਈ ਮਿਸ਼ਾਲ ਦੀ ਰਿਲੇਅ ਦੌੜ 30 ਮਈ 2015 ਨੂੰ ਸ਼ੁਰੂ ਹੋਈ ਸੀ ਜੋ 10 ਜੁਲਾਈ ਨੂੰ ਟੋਰਾਂਟੋ ਦੇ ਰੌਜਰਜ਼ ਸੈਂਟਰ ਵਿਚ ਪੁੱਜੀ। ਰੌਜਰਜ਼ ਸੈਂਟਰ ਦਾ ਪਹਿਲਾ ਨਾਂ ਸਕਾਈਡੋਮ ਹੁੰਦਾ ਸੀ ਜਿਸ ਦੀ ਛੱਤ ਮੌਸਮ ਅਨੁਸਾਰ ਖੁੱਲ੍ਹ ਜਾਂਦੀ ਹੈ ਤੇ ਲੋੜ ਪੈਣ 'ਤੇ ਬੰਦ ਕਰ ਲਈ ਜਾਂਦੀ ਹੈ। ਇਹ ਵੀ ਇਕ ਅਜੂਬਾ ਹੈ। ਸਮਾਪਤੀ ਰਸਮਾਂ 26 ਜੁਲਾਈ ਐਤਵਾਰ ਸ਼ਾਮੀ 6:45 ਵਜੇ ਹੋਣਗੀਆਂ।

ਪੈਨਮ ਖੇਡਾਂ ਦੀਆਂ ਕੁਲ 364 ਵੰਨਗੀਆਂ ਲਈ ਖੇਡ ਮੁਕਾਬਲੇ 30 ਖੇਡ ਮੈਦਾਨਾਂ ਤੇ ਖੇਡ ਭਵਨਾਂ ਵਿਚ ਹੋਣਗੇ। ਇਹ ਟੋਰਾਂਟੋ ਤੇ ਆਲੇ-ਦੁਆਲੇ ਦੇ ਸ਼ਹਿਰਾਂ ਸਕਾਰਬਰੋ, ਮਾਰਖਮ, ਅਜੈਕਸ, ਈਟੋਬੀਕੋ, ਮਿਲਟਨ, ਕਲੈਡਨ, ਹੈਮਿਲਟਨ, ਮਿਸੀਸਾਗਾ, ਸੇਂਟ ਕੈਥਰੀਨ, ਮੋਨੋ, ਨਾਰਥ ਯੌਰਕ ਤੇ ਓਸ਼ਵਾ ਵਿਚ ਹੋ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਕੈਨੇਡਾ ਦੇ ਖੇਡ ਮੰਤਰੀ ਬੱਲ ਗੋਸਲ ਦੇ ਸ਼ਹਿਰ ਬਰੈਂਪਟਨ ਵਿਚ ਕੋਈ ਖੇਡ ਮੁਕਾਬਲਾ ਨਹੀਂ ਹੋ ਰਿਹਾ। ਕੈਨੇਡਾ ਦਾ ਇਹੋ ਸ਼ਹਿਰ ਹੈ, ਜਿਥੇ ਪੰਜਾਬੀ ਸਭ ਤੋਂ ਵੱਧ ਗਿਣਤੀ ਵਿਚ ਰਹਿੰਦੇ ਹਨ। ਬੱਲ ਗੋਸਲ ਖ਼ੁਦ ਇਸੇ ਸ਼ਹਿਰ ਤੋਂ ਮੈਂਬਰ ਪਾਰਲੀਮੈਂਟ ਹੈ। ਪੈਨਮ ਖੇਡਾਂ ਨਾਲ ਬਰੈਂਪਟਨ ਵਿਚ ਕਿਸੇ ਖੇਡ ਸਹੂਲਤ ਦਾ ਕੋਈ ਵਾਧਾ ਨਹੀਂ ਹੋ ਸਕਿਆ। ਵੈਸਟ ਡੋਨ ਲੈਂਡਜ਼ 'ਚ 10,000 ਖਿਡਾਰੀਆਂ ਤੇ ਖੇਡ ਅਧਿਕਾਰੀਆਂ ਲਈ ਅਥਲੀਟਾਂ ਦਾ ਪਿੰਡ ਬਣਾਇਆ ਗਿਆ ਹੈ। ਖੇਡਾਂ ਤੋਂ ਬਾਅਦ ਇਹਦੇ ਅਪਾਰਟਮੈਂਟ ਵੇਚ ਦਿੱਤੇ ਜਾਣਗੇ। ਖੇਡਾਂ ਵੇਖਣ ਲਈ ਕੁਲ 14 ਲੱਖ ਟਿਕਟਾਂ ਛਾਪੀਆਂ ਗਈਆਂ ਸਨ ਜਿਨ੍ਹਾਂ ਵਿਚ 75% ਪੰਤਾਲੀ ਡਾਲਰ ਤੋਂ ਘੱਟ ਮੁੱਲ ਦੀਆਂ ਹਨ। ਪੰਜਾਬੀ ਦਰਸ਼ਕਾਂ ਵਿਚ ਟਿਕਟਾਂ ਲੈ ਕੇ ਖੇਡਾਂ ਵੇਖਣ ਦਾ ਰੁਝਾਣ ਘੱਟ ਹੀ ਹੈ।

ਸਭ ਤੋਂ ਬਹੁਤੇ ਮੈਡਲ ਅਥਲੈਟਿਕਸ ਦੇ ਹਨ ਜਿਨ੍ਹਾਂ ਦੀ ਗਿਣਤੀ 47 ਹੈ। ਜਮਾਇਕਾ ਦੇ ਤੇਜ਼ ਤਰਾਰ ਦੌੜਾਕ ਵਿਸ਼ੇਸ਼ ਖਿੱਚ ਦੇ ਪਾਤਰ ਬਣਨਗੇ। ਸੰਭਵ ਹੈ, ਕੁਝ ਰਿਕਾਰਡ ਨਵਿਆਏ ਜਾਣ। ਐਕੁਐਟਿਕਸ ਯਾਨਿ ਪਾਣੀ ਦੀਆਂ ਖੇਡਾਂ ਦੇ 46 ਗੋਲਡ ਮੈਡਲ ਹਨ। ਜਿਮਨਾਸਟਿਕਸ ਦੇ 24, ਸਾਈਕਲਿੰਗ ਦੇ 18, ਰੋਇੰਗ ਤੇ ਰੈਸਲਿੰਗ ਦੇ 18-18 ਗੋਲਡ ਮੈਡਲ ਹਨ। ਪੰਜਾਬੀ ਦਰਸ਼ਕਾਂ ਨੂੰ ਫੀਲਡ ਹਾਕੀ ਵਧੇਰੇ ਖਿੱਚ ਪਾਵੇਗੀ। ਜੇ ਕਿਤੇ ਕਬੱਡੀ ਸ਼ੋਅ ਕੇਸ ਖੇਡ ਵਜੋਂ ਸ਼ਾਮਲ ਹੋ ਸਕਦੀ ਤਾਂ ਕਬੱਡੀ ਦੀ ਤੇ ਕਬੱਡੀ ਪ੍ਰੋਮੋਟਰਾਂ ਦੀ ਵੀ ਬੱਲੇ ਬੱਲੇ ਹੋਣੀ ਸੀ। ਖੇਡਾਂ ਦਾ ਮਾਟੋ 'ਯੂਨਾਈਟਿਡ ਵੀ ਪਲੇਅ' ਹੈ।

ਹੁਣ ਤਕ ਹੋਈਆਂ 16 ਪੈਨਮ ਖੇਡਾਂ ਵਿਚੋਂ ਅਮਰੀਕਾ ਨੇ 1861 ਸੋਨੇ, 1379 ਚਾਂਦੀ, 932 ਕਾਸੀ, ਕਿਊਬਾ ਨੇ ਕ੍ਰਮਵਾਰ 839, 566, 527, ਕੈਨੇਡਾ ਨੇ 377, 586, 733, ਬ੍ਰਾਜ਼ੀਲ ਨੇ 287, 319, 460, ਅਰਜਨਟੀਨਾ ਨੇ 279, 305, 407 ਤੇ ਮੈਕਸੀਕੋ ਨੇ 197, 248, 460, ਤਮਗੇ ਜਿੱਤੇ ਹਨ।

# ਮਗਨਰੇਗਾ ਦਾ ਹਿਸਾਬ ਕਿਤਾਬ ਪਰਖੇਗਾ ਸਰਕਾਰ ਦੀ ਇਮਾਨਦਾਰੀ

**ਚੰਡੀਗੜ੍ਹ:** ਪੰਜਾਬ ਵਿਚ ਮਗਨਰੇਗਾ ਤਹਿਤ ਹਜ਼ਾਰਾਂ ਕਾਮਿਆਂ ਨੂੰ ਕੰਮ ਦੇਣ ਵਿਚ ਦੇਰੀ ਹੋਈ ਹੈ ਪਰ ਅਜੇ ਤੱਕ ਕਿਸੇ ਨੂੰ ਵੀ ਬੇਰੁਜ਼ਗਾਰੀ ਭੱਤਾ ਨਹੀਂ ਮਿਲਿਆ। ਇਥੋਂ ਤੱਕ ਕਿ ਸਰਕਾਰ ਨੇ ਅਜੇ ਤੱਕ ਬੇਰੁਜ਼ਗਾਰੀ ਭੱਤੇ ਦੇ ਨਿਯਮ ਵੀ ਨਹੀਂ ਬਣਾਏ। ਦੇਸ਼ ਵਿਚ ਘੱਟੋ ਘੱਟ ਸੌ ਦਿਨ ਦੇ ਰੁਜ਼ਗਾਰ ਨੂੰ ਬੁਨਿਆਦੀ ਅਧਿਕਾਰ ਦੇ ਤੌਰ ਉੱਤੇ ਮਾਨਤਾ ਦੇਣ ਵਾਲੀ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਯੋਜਨਾ (ਮਗਨਰੇਗਾ) ਦੀ ਕਾਰਗੁਜ਼ਾਰੀ ਦਾ ਲੇਖਾ ਜੋਖ਼ਾ ਲੋਕ ਸਭਾ ਦੀ ਲੋਕ ਲੇਖਾ ਕਮੇਟੀ (ਪੀ.ਏ.ਸੀ.) ਨੂੰ ਸੌਂਪ ਦਿੱਤਾ ਹੈ। ਬੇਰੁਜ਼ਗਾਰੀ ਭੱਤਾ ਇਸ ਵਿਚ ਵੱਡਾ ਮਸਲਾ ਹੈ। ਜੇਕਰ ਕੋਈ ਸੂਬਾ ਸਰਕਾਰ ਮਗਨੇਰਗਾ ਤਹਿਤ ਕੰਮ ਮਿੱਥੀ ਤਰੀਕ ਉੱਤੇ ਨਹੀਂ ਦਿੰਦੀ ਤਾਂ ਬੇਰੁਜ਼ਗਾਰੀ ਭੱਤਾ ਸੂਬਾ ਸਰਕਾਰ ਨੂੰ ਆਪਣੇ ਫੰਡ ਵਿਚੋਂ ਦੇਣਾ ਪੈਂਦਾ ਹੈ। ਸੂਬਾ ਸਰਕਾਰ ਹੁਣ ਹਿਸਾਬ ਕਿਤਾਬ ਤਿਆਰ ਕਰਨ ਵਿਚ ਲੱਗੀ ਹੋਈ ਹੈ।

### ਕਾਰਗੁਜ਼ਾਰੀ ਦਾ ਲੇਖਾ ਜੋਖਾ ਪੀ.ਏ.ਸੀ. ਹਵਾਲੇ



ਸਰਕਾਰ ਵੱਲੋਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਭੇਜੀ ਚਿੱਠੀ ਵਿਚ ਮਗਨਰੇਗਾ ਦੀ ਕਾਰਗੁਜ਼ਾਰੀ ਬਾਰੇ 26 ਸੁਆਲਾਂ ਦੀ ਰਿਪੋਰਟ ਮੰਗੀ ਹੈ। ਸਰਕਾਰ ਤੋਂ ਪੁੱਛਿਆ ਗਿਆ ਹੈ ਕਿ ਬੇਰੁਜ਼ਗਾਰੀ ਭੱਤੇ ਬਾਰੇ ਨਿਯਮ ਕਦੋਂ ਬਣਾਏ। ਬੋਗਸ ਵਿਅਕਤੀਆਂ ਨੂੰ ਅਦਾਇਗੀਆਂ ਜਾਂ ਹੋਰ ਬੇਨਿਯਮੀਆਂ ਬਾਰੇ ਹੁਣ ਤੱਕ ਸੂਬਾ ਸਰਕਾਰ ਵੱਲੋਂ ਕੀਤੀ ਕਾਰਵਾਈ ਬਾਰੇ ਰਿਪੋਰਟ ਤੋਂ ਇਲਾਵਾ ਲੋੜੀਂਦਾ ਸਮਾਜਿਕ ਲੇਖਾ ਕਰਵਾਏ ਜਾਣ ਦੀ ਜਾਣਕਾਰੀ ਮੰਗੀ ਗਈ ਹੈ। ਇਹ ਵੀ ਪੁੱਛਿਆ ਹੈ ਕੀ ਰਾਜ ਸਰਕਾਰ ਨੇ ਪਿੰਡ ਪੱਧਰ ਉੱਤੇ ਵਿਜੀਲੈਂਸ ਤੇ ਦੇਖ ਰੇਖ ਕਮੇਟੀਆਂ ਦਾ ਗਠਨ ਕੀਤਾ ਹੈ, ਜੇਕਰ ਨਹੀਂ ਤਾਂ ਕਿਉਂ?

ਪੰਜਾਬ ਅੰਦਰ ਨਰੇਗਾ ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦੇ ਪ੍ਰਮੁੱਖ ਸਲਾਹਕਾਰ ਕਾਮਰੇਡ ਜਗਰੂਪ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਕੰਮ ਸਮੇਂ ਉੱਤੇ ਨਾ ਮਿਲਣ ਕਰਕੇ ਬੇਰੁਜ਼ਗਾਰੀ ਭੱਤੇ ਦੀ ਦਰਜਨਾਂ ਵਾਰ ਮੰਗ ਕੀਤੀ ਹੈ ਪਰ ਅਧਿਕਾਰੀਆਂ ਨੇ ਇਸ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ। ਮਗਨਰੇਗਾ ਦਫ਼ਤਰ ਦੇ ਇਕ ਅਧਿਕਾਰੀ ਨੇ ਕਿਹਾ ਕਿ ਨਿਯਮ ਬਣਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਮਗਨਰੇਗਾ ਕਾਨੂੰਨ ਮੁਤਾਬਕ ਹਰ ਇਕ ਜੌਬ ਕਾਰਡ ਧਾਰਕ ਪੰਦਰਾਂ ਦਿਨ ਦਾ ਨੋਟਿਸ ਦੇ ਕੇ ਕੰਮ ਮੰਗ ਸਕਦਾ ਹੈ। ਜੇ ਉਸ ਵੱਲੋਂ ਮੰਗੇ ਗਏ ਕੰਮ ਵਾਲੇ ਦਿਨ ਰੁਜ਼ਗਾਰ ਨਹੀਂ ਦਿੱਤਾ ਜਾਂਦਾ ਤਾਂ ਪਹਿਲੇ ਇਕ ਮਹੀਨੇ ਲਈ ਦਿਹਾੜੀ ਦਾ 25 ਫੀਸਦੀ ਤੇ ਉਸ ਤੋਂ ਬਾਅਦ ਦੇ ਸੌ ਦਿਨ ਤੱਕ ਪੰਜਾਹ ਫੀਸਦੀ ਦਿਹਾੜੀ ਦਾ ਪੈਸਾ ਬੇਰੁਜ਼ਗਾਰੀ ਭੱਤੇ ਦੇ ਤੌਰ ਉੱਤੇ ਦੇਣਾ ਪੈਂਦਾ ਹੈ। ਇਸ ਲਈ ਸੂਬਾ ਸਰਕਾਰਾਂ ਨੇ ਮਗਨਰੇਗਾ ਰੁਜ਼ਗਾਰ ਫੰਡ ਸਥਾਪਤ ਕਰਨਾ ਹੁੰਦਾ ਹੈ। ਦਿਹਾੜੀ ਦਾ 90 ਫੀਸਦੀ ਹਿੱਸਾ ਕੇਂਦਰ ਸਰਕਾਰ ਦਿੰਦੀ ਹੈ ਪਰ ਬੇਰੁਜ਼ਗਾਰੀ ਭੱਤੇ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੈ। ਜੇ ਮਗਨਰੇਗਾ ਦੀ ਅਦਾਇਗੀ ਵਿਚ ਦੇਰੀ ਹੁੰਦੀ ਹੈ ਤਾਂ ਇਹ ਵਿਆਜ ਸਮੇਤ ਕਰਨੀ ਪੈਂਦੀ ਹੈ। ਜਿਸ ਪੱਧਰ ਉਤੇ ਦੇਰੀ ਹੋਈ ਹੋਵੇ, ਉਨ੍ਹਾਂ ਅਫਸਰਾਂ ਦੀ ਤਨਖ਼ਾਹ ਵਿਚੋਂ ਵੀ ਵਿਆਜ ਕੱਟਿਆ ਜਾ ਸਕਦੈ ਹੈ।

### ਜਨਗਣਨਾ ਦੇ ਅੰਕੜਿਆਂ ਤਹਿਤ ਮਿਲੇਗਾ ਰੁਜ਼ਗਾਰ

**ਚੰਡੀਗੜ੍ਹ:** ਕੌਮੀ ਜਮਹੂਰੀ ਗੱਠਜੋੜ ਸਰਕਾਰ ਵੱਲੋਂ ਸਮਾਜਿਕ, ਆਰਥਿਕ ਤੇ ਜਾਤੀਗਤ ਜਨਗਣਨਾ ਦੇ ਅੰਕੜਿਆਂ ਨੂੰ ਆਧਾਰ ਬਣਾ ਕੇ ਗਰੀਬਾਂ ਨੂੰ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਯੋਜਨਾ ਤਹਿਤ ਰੁਜ਼ਗਾਰ ਵਿਚ ਤਰਜੀਹ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਬਾਰੇ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਹਿੱਸੇਦਾਰੀ ਯੋਜਨਾ ਐਕਸਰਸਾਈਜ਼ (ਆਈ.ਪੀ.ਪੀ.ਈ.) ਤਹਿਤ ਦੇਸ਼ ਭਰ ਵਿਚ ਚੁਣੇ ਪੱਛੜੇ 2500 ਬਲਾਕਾਂ ਵਿਚ ਕਾਰਵਾਈ ਤੁਰੰਤ ਸ਼ੁਰੂ ਕਰਨ ਲਈ ਕਿਹਾ ਗਿਆ ਹੈ। ਪੰਜਾਬ ਦੇ ਇਸ ਤਹਿਤ 18 ਬਲਾਕ ਤੇ 1289 ਪਿੰਡ ਚੁਣੇ ਗਏ ਹਨ। ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਨੇ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਪੱਤਰ ਭੇਜ ਕੇ ਮਗਨਰੇਗਾ ਦਾ ਲੇਬਰ ਬਜਟ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਹਦਾਇਤ ਕੀਤੀ ਹੈ।

## ਜਹਾਜ਼ 'ਚ ਬੰਬ ਦੀ ਅਫਵਾਹ ਫੈਲਾਉਣ ਵਾਲਾ ਕਾਬੂ

**ਲੁਧਿਆਣਾ:** ਹਵਾਈ ਜਹਾਜ਼ ਵਿਚ ਬੰਬ ਹੋਣ ਦੀ ਅਫ਼ਵਾਹ ਫੈਲਾਉਣ ਵਾਲੇ ਵਿਅਕਤੀ ਸੁਰਿੰਦਰ ਪ੍ਰਤਾਪ ਨੇ ਪੁਲਿਸ ਸਾਹਮਣੇ ਆਤਮ ਸਮਰਪਣ ਕਰ ਦਿੱਤਾ। ਪੁਲਿਸ ਮੁਤਾਬਕ ਮੁਲਜ਼ਮ ਨੇ ਮੰਨਿਆਂ ਹੈ ਕਿ ਉਸ ਨੇ ਇਹ ਕਾਰਾ ਮਜ਼ਾਕ ਕਰਨ ਲਈ ਕੀਤਾ ਸੀ।

ਸੁਰਿੰਦਰ ਪ੍ਰਤਾਪ ਤਕਰੀਬਨ ਛੇ ਮਹੀਨੇ ਪਹਿਲਾਂ ਲੁਧਿਆਣਾ ਦੇ ਗਿਆਸਪੁਰਾ ਇਲਾਕੇ ਵਿਚ ਰਹਿੰਦਾ ਸੀ। ਮੁਲਜ਼ਮ ਨੂੰ ਜੈਪੁਰ ਪੁਲਿਸ ਹਵਾਲੇ ਕਰ ਦਿੱਤਾ ਗਿਆ ਹੈ। ਮੁਲਜ਼ਮ ਨੇ ਕੁਝ ਸਮਾਂ ਪਹਿਲਾਂ ਹੀ ਟਵਿੱਟਰ ਅਕਾਊਂਟ ਬਣਾਇਆ ਸੀ, ਜਿਸ ਵਿਚ ਸਿਰਫ਼ 10 ਫਾਲੋਅਰ ਹਨ। ਉਸ ਨੇ ਟਵੀਟ ਕੀਤਾ ਸੀ ਕਿ ਮੁੰਬਈ-ਦੁਬਈ ਜੈੱਟ ਏਅਰਵੇਜ਼ ਵਿਚ ਬੰਬ ਹੈ। ਇਸ ਟਵੀਟ ਤੋਂ ਬਾਅਦ ਹਵਾਈ ਜਹਾਜ਼ ਨੂੰ ਮਸਕਟ ਵਿਚ ਉਤਾਰ ਕੇ ਚੈਕਿੰਗ ਕੀਤੀ ਗਈ ਸੀ ਤੇ ਉਸ ਵੇਲੇ ਪਤਾ ਲੱਗਿਆ ਕਿ ਇਹ ਇਕ ਅਫਵਾਹ ਹੈ।

## ਪੁਲਿਸ ਹੈਡਲੀ ਦਾ ਬਿਆਨ ਦਰਜ ਕਰਾਉਣ ਦੀ ਤਿਆਰੀ ਵਿਚ

**ਮੁੰਬਈ:** ਮੁੰਬਈ ਪੁਲਿਸ 26/11 ਹਮਲਾ ਕੇਸ ਦਾ ਸਾਹਮਣਾ ਕਰ ਰਹੇ ਲਸ਼ਕਰ-ਏ-ਤੋਇਬਾ ਦੇ ਅਤਿਵਾਦੀ ਸਈਅਦ ਜਬੀਉਦੀਨ ਅੰਸਾਰੀ ਉਰਫ ਅਬੂ ਜੰਦਾਲ ਖਿਲਾਫ਼ ਮਾਮਲੇ ਨੂੰ ਮਜ਼ਬੂਤ ਬਣਾਉਣ ਲਈ ਅਮਰੀਕਾ ਤੋਂ ਵੀਡੀਓ ਕਾਨਫਰੰਸਿੰਗ ਜ਼ਰੀਏ ਡੇਵਿਡ ਹੈਡਲੀ ਦਾ ਬਿਆਨ ਦਰਜ ਕਰਵਾਉਣ ਦੀ ਤਿਆਰੀ ਵਿਚ ਹੈ।

ਕ੍ਰਾਈਮ ਬਰਾਂਚ ਦੇ ਸੰਯੁਕਤ ਨਿਰਦੇਸ਼ਕ ਅਤੁਲ ਕੁਲਕਰਨੀ ਸਮੇਤ ਮੁੰਬਈ ਪੁਲਿਸ ਦੇ ਉੱਚ ਅਧਿਕਾਰੀਆਂ, ਪ੍ਰਧਾਨ ਮੰਤਰੀ ਦਫ਼ਤਰ ਤੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਵਿਚਕਾਰ ਕਈ ਬੈਠਕਾਂ ਤੋਂ ਬਾਅਦ ਹੈਡਲੀ ਦੀ ਗਵਾਹੀ ਦਰਜ ਕਰਨ ਦੀ ਯੋਜਨਾ ਬਣਾਈ ਗਈ ਹੈ। ਫਿਲਹਾਲ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਅਬੂ ਜੰਦਾਲ ਮਾਮਲੇ ਵਿਚ ਹੇਠਲੀ ਅਦਾਲਤ ਵਿਚ ਸੁਣਵਾਈ ਦੌਰਾਨ ਵੀਡੀਓ ਕਾਨਫਰੰਸਿੰਗ ਜ਼ਰੀਏ ਹੈਡਲੀ ਦੀ ਗਵਾਹੀ 'ਤੇ ਅਮਰੀਕਾ ਕੀ ਰਵੱਈਆ ਅਖਤਿਆਰ ਕਰੇਗਾ। ਮੁੰਬਈ ਹਮਲੇ ਤੇ ਡੈਨਮਾਰਕ ਵਿਚ ਅਤਿਵਾਦੀ ਹਮਲੇ ਦੇ ਕੇਸ ਵਿਚ ਹੈਡਲੀ ਅਮਰੀਕਾ ਵਿਚ 35 ਸਾਲ ਦੀ ਸਜ਼ਾ ਕੱਟ ਰਿਹਾ ਹੈ।

## ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਕੌਮੀ ਪੱਧਰ ਉਤੇ ਮਨਾਉਣ ਲਈ ਚਾਰਾਜੋਈ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰਾਜਪਾਲ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਭੇਜ ਕੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਕੌਮੀ ਪੱਧਰ ਉਤੇ ਮਨਾਉਣ ਦੀ ਅਪੀਲ ਕੀਤੀ ਹੈ।

ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਲਿਖਿਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਆਨੰਦਪੁਰ ਸਾਹਿਬ ਵਿਖੇ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ 500 ਬ੍ਰਾਹਮਣਾਂ ਨੇ ਉਸ ਵੇਲੇ ਦੇ ਮੁਗਲ ਸ਼ਾਸਕ ਔਰੰਗਜ਼ੇਬ ਖ਼ਿਲਾਫ਼ ਸ਼ਿਕਾਇਤ ਕੀਤੀ ਕਿ ਉਹ ਹਿੰਦੂਆਂ ਦੇ ਜਨੇਊ ਉਤਾਰ ਕੇ ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾਈ ਜਾ ਰਿਹਾ ਹੈ। ਇਸ ਉਤੇ ਗੁਰੂ ਜੀ ਨੇ ਔਰੰਗਜ਼ੇਬ ਨੂੰ ਜਵਾਬ ਭੇਜਿਆ ਸੀ ਕਿ ਜੇਕਰ ਉਹ ਉਨ੍ਹਾਂ (ਗੁਰੂ ਤੇਗ ਬਹਾਦਰ) ਦਾ ਧਰਮ ਤਬਦੀਲ ਕਰਾ ਦੇਵੇ ਤਾਂ ਫਿਰ ਇਹ ਬ੍ਰਾਹਮਣ ਵੀ ਮੁਸਲਮਾਨ ਬਣ ਜਾਣਗੇ। ਔਰੰਗਜ਼ੇਬ ਨੇ ਗੁਰੂ ਜੀ ਨੂੰ ਲਾਲਚ ਤੇ ਡਰਾਵੇ ਦਿੱਤੇ ਪਰ ਉਹ ਨਾ ਡੋਲੇ। ਔਰੰਗਜ਼ੇਬ ਦੇ ਹੁਕਮਾਂ ਉਤੇ ਗੁਰੂ ਜੀ ਦੇ ਸਾਥੀ ਭਾਈ ਮਤੀ ਦਾਸ ਨੂੰ ਆਰਿਆਂ ਨਾਲ ਚੀਰਿਆ ਗਿਆ, ਭਾਈ ਸਤੀ ਦਾਸ ਨੂੰ ਅੱਗ ਵਿਚ ਸਾੜ ਦਿੱਤਾ ਗਿਆ ਤੇ ਭਾਈ ਦਿਆਲਾ ਨੂੰ ਉਬਲਦੀ ਦੇਗ ਵਿਚ ਬਿਠਾ ਕੇ ਸ਼ਹੀਦ ਕਰ ਦਿੱਤਾ ਪਰ ਗੁਰੂ ਜੀ ਅਡੋਲ ਚਿੱਤ ਰਹੇ। ਇਸ ਉਤੇ ਬੌਖਲਾਏ ਔਰੰਗਜ਼ੇਬ ਨੇ ਦਿੱਲੀ ਦੇ ਚਾਂਦਨੀ ਚੌਕ ਵਿਚ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ।

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਨੇ ਆਪਣਾ ਤੇ ਆਪਣੇ ਸਾਥੀਆਂ ਦਾ ਬਲੀਦਾਨ ਦੇ ਕੇ ਤਿਲਕ ਜੰਞੂ ਦੀ ਰਾਖੀ ਕੀਤੀ ਤੇ ਹਿੰਦੂ ਧਰਮ ਨੂੰ ਬਚਾਇਆ। ਉਨ੍ਹਾਂ ਕਿਹਾ ਕਿ ਇਸ ਸਿੱਖ ਗੁਰੂ ਦਾ ਸ਼ਹੀਦੀ ਦਿਹਾੜਾ ਹਰ ਸਾਲ 15 ਨਵੰਬਰ ਨੂੰ ਕੌਮੀ ਪੱਧਰ ਉਤੇ ਮਨਾਇਆ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਅਦੁੱਤੀ ਕੁਰਬਾਨੀ ਦਾ ਸੰਦੇਸ਼ ਸੰਸਾਰ ਭਰ ਵਿਚ ਪਹੁੰਚੇ।

# ਸ਼੍ਰੋਮਣੀ ਕਮੇਟੀ ਨੇ ਭੁੱਲਰ ਦੀ ਰਿਹਾਈ ਲਈ ਮਦਦ ਦਾ ਭਰੋਸਾ ਦਿਵਾਇਆ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਥੇ ਹਸਪਤਾਲ ਵਿਚ ਜ਼ੇਰੇ ਇਲਾਜ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨਾਲ ਮੁਲਾਕਾਤ ਕਰਕੇ ਉਸ ਦੀ ਰਿਹਾਈ ਲਈ ਪਰਿਵਾਰ ਨੂੰ ਹਰ ਸੰਭਵ ਕਾਨੂੰਨੀ ਤੇ ਮਾਇਕ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ।

ਹੁਣ ਤੱਕ ਪ੍ਰੋ. ਭੁੱਲਰ ਨਾਲ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਤੇ ਹੋਰ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਮੁਲਾਕਾਤ ਕਰ ਚੁੱਕੇ ਹਨ। ਮੁਲਾਕਾਤ ਮਗਰੋਂ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਉਸ ਦੀ ਹਾਲਤ ਪਹਿਲਾਂ ਨਾਲੋਂ ਬੇਹਤਰ ਹੈ। ਸ਼੍ਰੋਮਣੀ ਕਮੇਟੀ ਨੇ ਉਸ ਨੂੰ ਰਿਹਾਈ ਵਾਸਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਭੁੱਲਰ ਦੀ ਪਤਨੀ ਨਵਨੀਤ ਕੌਰ ਨਾਲ ਵੀ ਮੁਲਾਕਾਤ ਕੀਤੀ ਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

ਉਨ੍ਹਾਂ ਆਖਿਆ ਕਿ ਭੁੱਲਰ ਦੇ ਸਰੀਰ ਵਿਚ ਹੋਈ ਇਕ ਗਿਲਡੀ ਦਾ ਅਪਰੇਸ਼ਨ ਕੀਤਾ ਗਿਆ ਹੈ, ਜੋ ਪਹਿਲਾਂ ਹੀ ਮਨੁੱਖੀ ਹੱਕਾਂ ਦੇ ਆਧਾਰ ਉਤੇ ਦਿੱਲੀ ਜੇਲ੍ਹ ਵਿਚ ਹੋ ਜਾਣਾ ਚਾਹੀਦਾ ਸੀ। ਇਥੇ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਕਿਸੇ ਵੀ ਆਗੂ ਵੱਲੋਂ ਭੁੱਲਰ ਦਾ ਪਤਾ ਲੈਣ ਦਾ ਯਤਨ ਨਹੀਂ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਆਗੂਆਂ ਨੇ ਉਸ ਤੋਂ ਦੂਰੀ ਬਣਾਈ ਹੋਈ ਹੈ। ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਨੇ ਦੱਸਿਆ ਕਿ ਪੈਰੋਲ ਉਤੇ ਰਿਹਾਈ ਸਬੰਧੀ ਅਰਜ਼ੀ ਉਸ ਦੇ ਠੀਕ ਹੋਣ ਮਗਰੋਂ ਦਾਇਰ ਕੀਤੀ ਜਾਵੇਗੀ।

# ਨਿਕੰਮਾ ਹੀ ਨਿਕਲਿਆ ਨਵਾਂ ਭਾਸ਼ਾ ਐਕਟ

## ਦਫਤਰਾਂ ਵਿਚ ਮਾਂ ਬੋਲੀ ਲਈ ਅਣਗਹਿਲੀ ਜਾਰੀ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ 2008 ਵਿਚ ਰਾਜ ਭਾਸ਼ਾ ਸੋਧ ਐਕਟ ਤਹਿਤ ਪੰਜਾਬੀ ਦੀ ਦਫਤਰੀ ਕੰਮਕਾਜ ਵਿਚ ਵਰਤੋਂ ਜ਼ਰੂਰੀ ਕਰ ਦਿੱਤੀ ਗਈ ਸੀ ਪਰ ਇਸ ਐਕਟ ਦੇ ਲਾਗੂ ਹੋਣ ਦੇ ਛੇ ਸੱਤ ਸਾਲ ਲੰਘਣ ਮਗਰੋਂ ਵੀ ਦਫਤਰਾਂ ਵਿਚ ਮਾਂ ਬੋਲੀ ਪ੍ਰਤੀ ਅਣਗਹਿਲੀ ਹੋਣੀ ਜਾਰੀ ਹੈ। ਭਾਵੇਂ ਪੰਜਾਬ ਸਰਕਾਰ ਨੇ ਰਾਜ ਭਾਸ਼ਾ ਪੰਜਾਬੀ ਲਈ ਐਕਟ ਵਿਚ ਕੀਤੀ ਇਸ ਤਰਮੀਮ ਨੂੰ ਵੱਡੀ ਉਪਲਬਧੀ ਵਜੋਂ ਪਹਿਲੇ ਕੁਝ ਸਾਲ ਪ੍ਰਚਾਰ ਵੀ ਕੀਤਾ ਸੀ ਪਰ ਹਕੀਕਤ ਵਿਚ ਇਹ ਐਕਟ ਵੀ ਪੰਜਾਬੀ ਲਈ ਕੁਝ ਖਾਸ ਸੁਨੇਹਾ ਦਿੰਦਾ ਨਹੀਂ ਜਾਪ ਰਿਹਾ।

ਭਾਸ਼ਾ ਵਿਭਾਗ ਪੰਜਾਬ ਨੇ ਇਸ ਐਕਟ ਦੇ ਮੱਦੇਨਜ਼ਰ ਵਿੱਢੀ ਚੈਕਿੰਗ ਮੁਹਿੰਮ ਦੌਰਾਨ ਹੁਣ ਤੱਕ ਤਕਰੀਬਨ ਤਿੰਨ ਸੌ ਅਧਿਕਾਰੀ ਤੇ ਕਰਮਚਾਰੀ ਪੰਜਾਬੀ ਪ੍ਰਤੀ ਕੁਤਾਹੀ ਕਰਦੇ ਫੜੇ ਹਨ। ਸਾਲ 2015 ਦੇ ਪਹਿਲੇ ਤਿੰਨ ਮਹੀਨਿਆਂ ਵਿਚ ਸੱਤ ਅਧਿਕਾਰੀ ਪੰਜਾਬੀ ਤੋਂ ਬੇਮੁਖ ਪਾਏ ਗਏ ਹਨ।

ਭਾਸ਼ਾ ਵਿਭਾਗ ਪੰਜਾਬ ਤੋਂ ਮਿਲੀ ਜਾਣਕਾਰੀ ਅਨੁਸਾਰ ਤਰਮੀਮ ਐਕਟ ਦੇ ਲਾਗੂ ਹੋਣ ਤੋਂ ਲੈ ਕੇ ਪਹਿਲੇ ਢਾਈ ਸਾਲਾਂ ਤੱਕ ਰਾਜ ਦੇ 3014 ਦਫਤਰਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ ਸੀ, ਜਿਸ ਦੌਰਾਨ ਸਰਕਾਰੀ ਦਫਤਰਾਂ ਦੇ 105 ਅਧਿਕਾਰੀ ਤੇ 155 ਕਰਮਚਾਰੀ ਪੰਜਾਬੀ ਪ੍ਰਤੀ ਕੁਤਾਹੀਕਾਰ ਵਜੋਂ ਸਾਹਮਣੇ ਆਏ ਸਨ। ਪੰਜਾਬੀ ਤੋਂ ਮੁਨੱਕਰ ਹੋਇਆ ਇਹ ਅਮਲਾ ਹੋਰਨਾਂ ਭਾਸ਼ਾਵਾਂ ਵਿਚ ਹੀ ਦਫਤਰੀ ਕੰਮਕਾਜ ਕਰ ਰਿਹਾ ਸੀ। ਪਿਛਲੇ ਸਾਲ 2014 ਦੌਰਾਨ ਭਾਸ਼ਾ ਵਿਭਾਗ ਨੇ ਇਸ ਮੁਹਿੰਮ ਤਹਿਤ 611 ਦਫ਼ਤਰਾਂ ਦੀ ਚੈਕਿੰਗ ਕੀਤੀ, ਜਿਸ ਦੌਰਾਨ ਪੰਜ ਅਧਿਕਾਰੀ ਤੇ ਪੰਜ ਹੀ ਕਰਮਚਾਰੀ ਰਾਜ ਭਾਸ਼ਾ ਪ੍ਰਤੀ ਅਣਗਹਿਲੀ ਕਰਦੇ ਪਾਏ ਗਏ। ਜਾਣਕਾਰੀ ਮੁਤਾਬਕ ਸਾਲ 2015 ਦੇ ਪਹਿਲੇ ਤਿੰਨ ਮਹੀਨਿਆਂ ਦੀ ਚੈਕਿੰਗ ਦੌਰਾਨ ਸੱਤ ਅਧਿਕਾਰੀ ਐਕਟ ਦੀ ਉਲੰਘਣਾ ਕਰਦੇ ਪਾਏ ਗਏ ਹਨ।



ਭਾਸ਼ਾ ਵਿਭਾਗ ਦੇ ਡਾਇਰੈਕਟਰ ਡਾ. ਚੇਤਨ ਸਿੰਘ ਦਾ ਕਹਿਣਾ ਹੈ ਕਿ ਜਿਹੜੇ ਵੀ ਅਧਿਕਾਰੀ ਤੇ ਕਰਮਚਾਰੀ ਪੰਜਾਬੀ ਪ੍ਰਤੀ ਕੁਤਾਹੀਕਾਰ ਵਜੋਂ ਸਾਹਮਣੇ ਆਏ ਹਨ, ਉਨ੍ਹਾਂ ਖ਼ਿਲਾਫ ਕਾਰਵਾਈ ਲਈ ਸਬੰਧਤ ਮੁੱਖ ਦਫਤਰਾਂ ਨੂੰ ਨਾਲੋਂ ਨਾਲ ਲਿਖਿਆ ਜਾ ਰਿਹਾ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ ਦਾ ਕਹਿਣਾ ਹੈ ਕਿ ਜਿੰਨਾ ਚਿਰ ਰਾਜ ਭਾਸ਼ਾ ਪ੍ਰਤੀ ਕੁਤਾਹੀਕਾਰ ਅਧਿਕਾਰੀ ਜਾਂ ਕਰਮਚਾਰੀ ਨੂੰ ਸਖ਼ਤ ਸਜ਼ਾ ਦਾ ਭਾਗੀਦਾਰ ਨਹੀਂ ਬਣਾਇਆ ਜਾਂਦਾ ਉਨਾ ਚਿਰ ਇਹ ਐਕਟ ਸ਼ਕਤੀਸ਼ਾਲੀ ਨਹੀਂ ਮੰਨਿਆ ਜਾਵੇਗਾ। ਇਹ ਐਕਟ ਰਾਜ ਭਾਸ਼ਾ ਪੰਜਾਬੀ ਦੀ ਮੁਕੰਮਲ ਰਾਖੀ ਲਈ ਨਾਕਾਫੀ ਹੈ।

## ਹਰਿਆਣਾ 'ਚ ਪੰਜਾਬੀ ਬਾਰੇ ਵਿਸ਼ੇਸ਼ ਸੈੱਲ ਕਾਇਮ ਹੋਵੇਗਾ

**ਚੰਡੀਗੜ੍ਹ:** ਹਰਿਆਣਾ ਵਿਚ ਪੰਜਾਬੀ ਨੂੰ ਦੂਜੀ ਸਰਕਾਰੀ ਭਾਸ਼ਾ ਦੇ ਤੌਰ ਉਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਬਾਰੇ ਇਕ ਵਿਸ਼ੇਸ਼ ਸੈੱਲ ਕਾਇਮ ਕੀਤਾ ਜਾਵੇਗਾ।

ਹਰਿਆਣਾ ਸਰਕਾਰ ਦੇ ਚੀਫ਼ ਸੈਕਟਰੀ ਡੀ.ਐਸ. ਢੇਸੀ ਨੇ ਕਿਹਾ ਹੈ ਕਿ ਉਹ ਪੰਜਾਬੀ ਭਾਸ਼ਾ ਬਾਰੇ ਵਿਸ਼ੇਸ਼ ਸੈੱਲ ਕਾਇਮ ਕਰਨ ਬਾਰੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਗੱਲਬਾਤ ਕਰਨਗੇ। ਕਈ ਸਾਲ ਪਹਿਲਾਂ ਹਰਿਆਣਾ ਪ੍ਰਸ਼ਾਸਨ ਵਿਚ ਪੰਜਾਬੀ ਨੂੰ ਦੂਜੀ ਰਾਜ ਭਾਸ਼ਾ ਲਾਗੂ ਕਰਨ ਬਾਰੇ ਬਾਕਾਇਦਾ ਕਾਨੂੰਨ ਬਣ ਚੁੱਕਾ ਹੈ, ਜਿਸ ਉਤੇ ਅਮਲ ਕਰਨ ਲਈ ਸਕੱਤਰੇਤ ਵਿਚ ਮੁੱਖ ਮੰਤਰੀ, ਮੰਤਰੀਆਂ, ਸੀਨੀਅਰ ਅਧਿਕਾਰੀਆਂ ਤੋਂ ਲੈ ਕੇ ਹਰ ਛੋਟੇ ਮੋਟੇ ਅਧਿਕਾਰੀ ਦੇ ਦਫ਼ਤਰ ਦੇ ਬਾਹਰ ਨਾਂ ਵਾਲੀਆਂ ਪਲੇਟਾਂ ਅੰਗਰੇਜ਼ੀ ਤੇ ਹਿੰਦੀ ਦੇ ਨਾਲ-ਨਾਲ ਪੰਜਾਬੀ ਵਿਚ ਵੀ ਲਾ ਦਿੱਤੀਆਂ ਗਈਆਂ। ਹੁਣ ਸਿਵਲ ਸਕੱਤਰੇਤ ਵਿਚ ਪੰਜਾਬੀ ਦਾ ਵਿਸ਼ੇਸ਼ ਸੈੱਲ ਕਾਇਮ ਕੀਤਾ ਜਾਵੇਗਾ।

# ਯੂਰਪੀ ਯੂਨੀਅਨ ਅੱਗੇ ਝੁਕਿਆ ਯੂਨਾਨ

**ਬਰੱਸਲਸ:** ਯੂਨਾਨ ਨੂੰ ਤਕਰੀਬਨ 17 ਘੰਟਿਆਂ ਤੱਕ ਚੱਲੀ ਬੈਠਕ ਤੋਂ ਬਾਅਦ ਆਰਥਿਕ ਮੁਹਾਜ਼ ਉਤੇ ਰਾਹਤ ਮਿਲ ਗਈ ਹੈ। ਇਤਿਹਾਸਕ ਸਮਝੌਤੇ ਤੋਂ ਬਾਅਦ ਯੂਨਾਨ ਯੂਰੋ ਜ਼ੋਨ ਤੋਂ ਬਾਹਰ ਹੋਣ ਤੋਂ ਬਚ ਗਿਆ। ਖੱਬੇ ਪੱਖੀ ਪ੍ਰਧਾਨ ਮੰਤਰੀ ਅਲੈਕਸਿਸ ਸਿਪਰਾਸ ਨੇ 86 ਅਰਬ ਯੂਰੋ ਤਿੰਨ ਸਾਲਾਂ ਵਿਚ ਮਿਲਣ ਦੇ ਬਦਲੇ ਯੂਨਾਨ ਵਿਚ ਸਖ਼ਤ ਸੁਧਾਰ ਲਾਗੂ ਕਰਨ ਉਤੇ ਸਹਿਮਤੀ ਪ੍ਰਗਟਾਈ ਹੈ। ਯੂਨਾਨ ਇਸ ਤੋਂ ਪਹਿਲਾਂ ਯੂਰਪੀ ਯੂਨੀਅਨ ਦੀਆਂ ਸ਼ਰਤਾਂ ਲਾਗੂ ਕਰਨ ਤੋਂ ਇਨਕਾਰੀ ਸੀ ਤੇ ਸਰਕਾਰ ਨੂੰ ਮੁਲਕ ਦੇ ਲੋਕਾਂ ਦੀ ਹਮਾਇਤ ਵੀ ਮਿਲੀ ਸੀ।

ਯੂਰਪੀ ਯੂਨੀਅਨ ਦੇ ਮੁਖੀ ਡੋਨਾਲਡ ਟਸਕ ਨੇ ਕਿਹਾ ਕਿ ਯੂਰੋ ਸੰਮੇਲਨ ਵਿਚ ਸਰਬਸੰਮਤੀ ਨਾਲ ਸਮਝੌਤਾ ਹੋਇਆ ਹੈ। ਯੂਰਪੀ ਸਥਿਰਤਾ ਪ੍ਰਬੰਧ ਪ੍ਰੋਗਰਾਮ ਤਹਿਤ ਯੂਨਾਨ ਨੂੰ ਸੰਜੀਦਾ ਸੁਧਾਰ ਲਾਗੂ ਕਰਨੇ ਪੈਣਗੇ ਤੇ ਮਾਲੀ ਸਹਾਇਤਾ ਦਿੱਤੀ ਜਾਵੇਗੀ। ਸਿਪਰਾਸ ਨੇ ਸਮਝੌਤੇ ਨੂੰ ਯੂਨਾਨ ਲਈ ਵਧੀਆ ਕਰਾਰ ਦਿੰਦਿਆਂ ਕਿਹਾ ਕਿ ਆਪਣੇ ਅਧਿਕਾਰਾਂ ਲਈ ਲੜੀ ਜੰਗ ਮੁੱਕ ਗਈ ਹੈ।

# ਇਸਰੋ ਦੀ ਵੈੱਬਸਾਈਟ 'ਅੰਤਰਿਕਸ਼' ਹੈਕ

**ਬੰਗਲੌਰ:** ਇਸਰੋ ਦੀ ਵੈੱਬਸਾਈਟ ਦਾ ਕਾਰੋਬਾਰੀ ਵਿੰਗ ਅੰਤਰਿਕਸ਼ ਕਾਰਪੋਰੇਸ਼ਨ ਲਿਮਟਡ ਹੈਕ ਹੋ ਗਿਆ, ਜਿਸ ਨੂੰ ਪੁਲਾੜ ਏਜੰਸੀ ਵੱਲੋਂ ਠੀਕ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸਰੋ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅੰਤਰਿਕਸ਼ ਕਾਰਪੋਰੇਸ਼ਨ ਲਿਮਟਡ ਵੈਬਸਾਈਟ ਦਾ ਹੋਮ ਪੇਜ ਹੈਕ ਹੋ ਗਿਆ ਹੈ। ਇਸ ਬਾਰੇ ਅਧਿਕਾਰੀਆਂ ਨੂੰ ਦੱਸ ਦਿੱਤਾ ਗਿਆ ਹੈ, ਜੋ ਇਸ ਸਮੱਸਿਆ ਦਾ ਹੱਲ ਲੱਭ ਰਹੇ ਹਨ। ਵੈਬਸਾਈਟ ਦੇ ਬਾਕੀ ਪੇਜ ਠੀਕ ਹਨ।


DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ





Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.





For Emergency Call anytime at 847-673-3825
EARLY BIRD SALE!!!!
India $545
London $250



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਦਰਿਆਵਾਂ ਦੇ ਪਾਣੀਆਂ ਦੀਆਂ ਹਕੀਕਤਾਂ

ਜੰਮੂ ਕਸ਼ਮੀਰ ਨੇ 6500 ਕਰੋੜ ਰੁਪਏ ਗੁਆ ਲਏ ਅਤੇ 1960 ਦੀ ਸਿੰਧ ਦੇ ਪਾਣੀਆਂ ਬਾਰੇ ਸੰਧੀ ਨੇ ਉਸ ਲਈ ਅਮਨ ਵੀ ਯਕੀਨੀ ਨਹੀਂ ਬਣਾਇਆ। ਇਹ ਸੰਧੀ ਇਹ ਸੋਚ ਕੇ ਕੀਤੀ ਗਈ ਸੀ ਕਿ ਸਿੰਧ ਤੇ ਹੋਰ ਸਹਾਇਕ ਦਰਿਆਵਾਂ ਦਾ 80 ਫ਼ੀਸਦੀ ਪਾਣੀ ਅਤੇ ਨਾਲ ਹੀ ਭਾਰਤ ਦੇ ਹੋਰ ਪੱਛਮੀ ਦਰਿਆਵਾਂ ਦਾ ਪਾਣੀ ਪਾਕਿਸਤਾਨ ਨੂੰ ਦੇਣ ਨਾਲ ਕਸ਼ਮੀਰ ਵਿਚ ਸ਼ਾਂਤੀ ਹੋ ਜਾਵੇਗੀ। ਅਸਲੀਅਤ ਇਹ ਨਹੀਂ ਰਹੀ। ਇਸੇ ਲਈ ਹੁਣ ਇਹੀ ਵਾਜਬ ਜਾਪਦਾ ਹੈ ਕਿ ਭਾਰਤ, ਸਿੰਧ ਦੇ ਪਾਣੀਆਂ ਦੀ ਸੰਧੀ ਰੱਦ ਕਰ ਦੇਵੇ। ਅਜਿਹਾ ਹੋਣ 'ਤੇ ਹੀ ਉਹ ਰਿਪੇਰੀਅਨ ਮੁਲਕ ਹੋਣ ਦਾ ਦਾਅਵਾ ਕਰ ਸਕੇਗਾ- ਬਿਲਕੁਲ ਉਵੇਂ, ਜਿਵੇਂ ਪੰਜਾਬ ਦੇ ਸਿਆਸਤਦਾਨ ਰਿਪੇਰੀਅਨ ਰਾਜ ਹੋਣ ਦੇ ਨਾਤੇ ਸਤਲੁਜ, ਬਿਆਸ ਤੇ ਰਾਵੀ ਦੇ ਪਾਣੀਆਂ ਉਤੇ ਸਿਰਫ਼ ਪੰਜਾਬ ਦਾ ਹੱਕ ਹੋਣ ਦਾ ਦਾਅਵਾ ਕਰਦੇ ਹਨ।

ਤਿੰਨਾਂ ਦਰਿਆਵਾਂ ਦੇ ਪਾਣੀਆਂ ਉਤੇ ਸਿਰਫ਼ ਆਪਣਾ ਹੱਕ ਹੋਣ ਦੇ ਪੰਜਾਬ ਦੇ ਦਾਅਵੇ ਅਤੇ ਹਰਿਆਣਾ ਤੇ ਰਾਜਸਥਾਨ ਵੱਲੋਂ ਸਿੰਧ ਬੇਸਿਨ ਦਾ ਹਿੱਸਾ ਹੋਣ ਦੇ ਨਾਤੇ ਇਨ੍ਹਾਂ ਪਾਣੀਆਂ ਦੇ ਹਿੱਸੇਦਾਰ ਹੋਣ ਦੇ ਜਵਾਬੀ ਦਾਅਵਿਆਂ ਦੇ ਮੱਦੇਨਜ਼ਰ ਇਹ ਸਵਾਲ ਪੁੱਛਣਾ ਅਤਿਅੰਤ ਜ਼ਰੂਰੀ ਜਾਪਦਾ ਹੈ ਕਿ ਇਹ ਦਰਿਆ ਹਨ ਕੀਹਦੇ? ਆਪਣੇ ਰਿਪੇਰੀਅਨ

**ਹਰਬੰਸ ਸਿੰਘ**

ਹੱਕਾਂ 'ਤੇ ਜ਼ੋਰ ਦਿੰਦਿਆਂ ਪੰਜਾਬ ਇਹ ਤੱਥ ਭੁੱਲ ਜਾਂਦਾ ਹੈ ਕਿ ਇਹ ਸਾਰੇ ਦਰਿਆ ਤਾਂ ਮੁੱਢ ਵਿਚ ਹਿਮਾਚਲ ਪ੍ਰਦੇਸ਼ ਵਿਚੋਂ ਲੰਘਦੇ ਹਨ ਅਤੇ ਉਹ ਵੀ ਰਿਪੇਰੀਅਨ ਰਾਜ ਹੈ। ਪੰਜਾਬ ਤਾਂ ਇਨ੍ਹਾਂ ਰਾਜਾਂ ਦਾ ਪਾਣੀ ਸਿਰਫ਼ ਉਸ ਸੂਰਤ ਵਿਚ ਵਰਤ ਸਕਦਾ ਹੈ ਜਦੋਂ ਇਨ੍ਹਾਂ ਦਰਿਆਵਾਂ 'ਤੇ ਹਿਮਾਚਲ ਪ੍ਰਦੇਸ਼ ਵਿਚ ਡੈਮ ਉਸਾਰ ਕੇ ਫਿਰ ਤਰਤੀਬਵਾਰ ਢੰਗ ਨਾਲ ਪਾਣੀ ਅੱਗੇ ਛੱਡਿਆ ਜਾਵੇ। ਅਜਿਹਾ ਹੋ ਵੀ ਰਿਹਾ ਹੈ। ਭਾਖੜਾ ਡੈਮ ਦੀ ਉਸਾਰੀ ਉਦੋਂ ਕੀਤੀ ਗਈ ਸੀ ਜਦੋਂ ਬਿਲਾਸਪੁਰ ਜ਼ਿਲ੍ਹਾ ਸਾਂਝੇ ਪੰਜਾਬ ਦਾ ਹਿੱਸਾ ਸੀ। ਪੌਂਗ ਤੇ ਥੀਨ ਡੈਮ ਉਦੋਂ ਹੋਂਦ ਵਿਚ ਆਏ ਜਦੋਂ ਕਾਂਗੜਾ ਜ਼ਿਲ੍ਹਾ ਹਿਮਾਚਲ ਪ੍ਰਦੇਸ਼ ਦਾ ਹਿੱਸਾ ਬਣ ਚੁੱਕਾ ਸੀ। ਇਸੇ ਕਾਰਨ ਹੀ ਇਹ ਰਾਜ ਵੀ ਰਿਪੇਰੀਅਨ ਵਿਵਾਦ ਦਾ ਹਿੱਸਾ ਬਣਿਆ। ਉਂਜ, ਰਿਪੇਰੀਅਨ ਸਿਧਾਂਤਾਂ ਨੂੰ ਲੈ ਕੇ ਜਦੋਂ ਕੋਈ ਬਹਿਸ ਸ਼ੁਰੂ ਹੁੰਦੀ ਹੈ ਤਾਂ ਉਸ ਵਿਚ ਪਾਕਿਸਤਾਨੀ ਪੰਜਾਬ, ਖ਼ਾਸ ਤੌਰ 'ਤੇ ਬਹਾਵਲਪੁਰ ਖ਼ਿੱਤੇ ਦੇ ਰਿਪੇਰੀਅਨ ਹੱਕਾਂ ਦਾ ਵੀ ਜ਼ਿਕਰ ਆਉਣਾ ਸੁਭਾਵਿਕ ਹੋ ਜਾਂਦਾ ਹੈ।

ਦਰਿਆਈ ਪਾਣੀਆਂ ਦਾ ਵਿਵਾਦ 20ਵੀਂ ਸਦੀ ਦੇ ਮੁੱਢਲੇ ਸਾਲਾਂ ਦੀ ਦੇਣ ਹੈ ਜਦੋਂ ਬੀਕਾਨੇਰ ਤੇ ਬਹਾਵਲਪੁਰ (ਹੁਣ ਪਾਕਿਸਤਾਨ) ਰਿਆਸਤਾਂ ਦੇ ਦਰਿਆਈ ਪਾਣੀਆਂ ਦੀ ਵਰਤੋਂ ਨੂੰ ਲੈ ਕੇ ਬ੍ਰਿਟਿਸ਼ ਪੰਜਾਬ ਨਾਲ ਸਿੰਗ ਭਿੜੇ ਸਨ। ਭਾਰਤ ਦੇ ਬਟਵਾਰੇ ਤੋਂ ਬਾਅਦ ਦਰਿਆਈ ਪਾਣੀਆਂ ਨੂੰ ਲੈ ਕੇ ਭਾਰਤ ਤੇ ਪਾਕਿਸਤਾਨ ਦਰਮਿਆਨ ਜੰਗ ਦੀ ਨੌਬਤ ਆ ਗਈ ਸੀ। ਪਾਕਿਸਤਾਨ ਵਿਚਲੇ ਨਹਿਰੀ ਢਾਂਚੇ ਦੇ ਹੈੱਡਵਰਕਸ ਭਾਰਤੀ ਪੰਜਾਬ ਵਿਚ ਸਨ ਅਤੇ ਉਸ ਦੀ ਸ਼ਿਕਾਇਤ ਸੀ ਕਿ ਉਸ ਨੂੰ ਪੂਰਾ ਪਾਣੀ ਨਹੀਂ ਮਿਲ ਰਿਹਾ। ਅਜਿਹੇ ਖ਼ਤਰਿਆਂ ਨੂੰ ਮਿਟਾਉਣ ਅਤੇ ਬਟਵਾਰੇ ਤੋਂ ਬਾਅਦ ਦੀਆਂ ਸਥਿਤੀਆਂ ਨਾਲ ਜੁੜੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਿੰਧ ਦੇ ਪਾਣੀਆਂ ਦੀ ਸੰਧੀ 1960 ਵਿਚ ਹੋਂਦ ਵਿਚ ਆਈ ਸੀ।

ਇਸ ਸੰਧੀ ਉਤੇ ਸਰਸਰੀ ਨਜ਼ਰ ਮਾਰਿਆਂ ਇਹ ਪਤਾ ਲੱਗ ਜਾਂਦਾ ਹੈ ਕਿ ਮਸਲੇ ਦਾ ਹੱਲ ਰਿਪੇਰੀਅਨ ਰਾਜਾਂ ਦੇ ਹੱਕਾਂ ਦੇ ਆਧਾਰ 'ਤੇ ਨਹੀਂ ਬਲਕਿ ਸਿੰਧ ਨਾਲ ਜੁੜੇ ਸਾਰੇ ਦਰਿਆਵਾਂ ਨੂੰ ਦਰਿਆਈ ਸਿਸਟਮ ਮੰਨ ਕੇ ਕੀਤਾ ਗਿਆ। ਇਸ ਤੋਂ ਇਹ ਭਾਵ ਨਹੀਂ ਕਿ ਦਰਿਆਈ ਵਿਵਾਦ ਰਿਪੇਰੀਅਨ ਸਿਧਾਂਤਾਂ ਦੇ ਆਧਾਰ 'ਤੇ ਹੱਲ ਨਹੀਂ ਕੀਤੇ ਜਾ ਸਕਦੇ। ਯੂਰਪ ਵਿਚ ਡੈਨਿਊਬ ਦਰਿਆ ਦੇ ਬੇਸਿਨ ਨਾਲ 18 ਦੇਸ਼ ਜੁੜੇ ਹੋਏ ਹਨ ਅਤੇ ਉਨ੍ਹਾਂ ਨੇ ਰਿਪੇਰੀਅਨ ਸਿਧਾਂਤਾਂ ਦੇ ਆਧਾਰ 'ਤੇ ਪਾਣੀਆਂ ਦੀ ਵੰਡ ਕੀਤੀ। ਉਂਜ, ਇਨ੍ਹਾਂ ਦੇਸ਼ਾਂ ਨੇ ਰਿਪੇਰੀਅਨ ਸਿਧਾਂਤ ਦੀ ਸੌੜੀ ਵਿਆਖਿਆ ਦੀ ਥਾਂ ਬੇਸਿਨ ਦੇ ਸੰਕਲਪ ਨੂੰ ਸਮਝੌਤੇ ਦਾ ਆਧਾਰ ਬਣਾਇਆ ਜਿਸ ਦੇ ਜ਼ਰੀਏ ਡੈਨਿਊਬ ਤੋਂ ਕਿਤੇ ਦੂਰ ਪੈਣ ਵਾਲਾ ਇਟਲੀ ਵੀ ਇਸ ਸੰਧੀ ਦਾ ਅੰਗ ਬਣ ਗਿਆ, ਪਰ ਭਾਰਤ ਤੇ ਪਾਕਿਸਤਾਨ ਨੇ ਸੰਸਾਰ ਬੈਂਕ ਦੀ ਵਿਚਲੋਗਿਰੀ ਨਾਲ ਮਸਲੇ ਦਾ ਹੱਲ ਅਜਿਹੇ ਸਿਧਾਂਤ ਰਾਹੀਂ ਕਰ ਲਿਆ ਜਿਸ ਦੀ ਮਿਸਾਲ ਇਤਿਹਾਸ ਵਿਚ ਨਹੀਂ ਮਿਲਦੀ। ਇਸ ਸਮਝੌਤੇ ਰਾਹੀਂ ਬੇਸਿਨ ਵਿਚ ਪੈਂਦੇ ਦਰਿਆ ਹੀ ਵੰਡ ਲਏ ਗਏ ਅਤੇ ਉਨ੍ਹਾਂ ਦੇ ਪਾਣੀਆਂ ਦੇ ਪੂਰੇ ਹੱਕ ਸਬੰਧਤ ਮੁਲਕ ਨੂੰ ਦੇ ਦਿੱਤੇ ਗਏ।

ਇਸ ਸਮਝੌਤੇ ਲਈ ਹਾਲਾਤ ਕੁਝ ਇਸ ਤਰ੍ਹਾਂ ਦੇ ਸਨ: ਤਿੰਨ ਦਰਿਆਵਾਂ ਨਾਲ ਜੁੜੀਆਂ ਨਹਿਰਾਂ ਦੇ ਹੈੱਡਵਰਕਸ ਕਿਉਂਕਿ ਭਾਰਤੀ ਪੰਜਾਬ ਵਿਚ ਪੈਂਦੇ ਸਨ, ਇਸ ਲਈ ਪਾਕਿਸਤਾਨ ਨੂੰ ਇਹ ਭੈਅ ਸਤਾਉਣ ਲੱਗਾ ਕਿ ਭਾਰਤ ਉਸ ਦੇ ਨਹਿਰੀ ਢਾਂਚੇ ਲਈ ਪਾਣੀ ਰੋਕ ਕੇ ਉਸ ਨੂੰ ਆਰਥਿਕ ਤੌਰ 'ਤੇ ਬਲੈਕਮੇਲ ਕਰ ਸਕਦਾ ਹੈ। ਦੂਜੇ ਪਾਸੇ ਭਾਰਤ ਨੂੰ ਪਾਕਿਸਤਾਨ ਵਾਲੇ ਪਾਸਿਉਂ ਆਏ 2.10 ਕਰੋੜ ਸ਼ਰਨਾਰਥੀਆਂ ਲਈ ਰੋਟੀ ਜੁਟਾਉਣ ਤੇ ਉਨ੍ਹਾਂ ਦੇ ਪੁਨਰਵਾਸ ਦਾ ਪ੍ਰਬੰਧ ਕਰਨ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਤੋਂ ਵੀ ਵੱਧ ਪੇਚੀਦਾ ਮਸਲਾ ਇਹ ਸੀ ਕਿ ਪੂਰਬੀ ਪੰਜਾਬ ਵਿਚਲੀ ਬਹੁਤ ਧਰਤੀ ਸਿੰਜਾਈ ਲਈ ਮੀਂਹ 'ਤੇ ਨਿਰਭਰ ਸੀ ਜਦੋਂਕਿ ਜਰਖੇਜ਼ ਤੇ ਸੇਜੂ ਧਰਤੀ



ਪਾਕਿਸਤਾਨ ਕੋਲ ਚਲੀ ਗਈ ਸੀ। ਆਜ਼ਾਦ ਭਾਰਤ ਨੇ 2.10 ਕਰੋੜ ਲੋਕਾਂ ਲਈ ਰੋਟੀ ਜੁਟਾਉਣ ਵਾਸਤੇ ਜਿਥੇ ਸੇਜੂ ਜ਼ਮੀਨਾਂ ਦਾ ਪ੍ਰਬੰਧ ਕਰਨਾ ਸੀ, ਉਥੇ ਸਿੰਧ ਬੇਸਿਨ ਵਿਚ ਹੀ ਸੁੱਕੀਆਂ ਪਈਆਂ 3.5 ਕਰੋੜ ਏਕੜ ਜ਼ਮੀਨਾਂ ਲਈ ਪਾਣੀ ਦਾ ਇੰਤਜ਼ਾਮ ਕਰਨਾ ਸੀ। ਰਾਵੀ, ਬਿਆਸ, ਸਤਲੁਜ, ਜਿਹਲਮ ਤੇ ਚਨਾਬ ਦਰਿਆਵਾਂ ਦਾ ਕੰਟਰੋਲ ਆਪਣੇ ਹੱਥ ਹੋਣ ਦੇ ਬਾਵਜੂਦ ਭਾਰਤ ਦੀ ਹਾਲਤ ਦਰਿਆਈ ਪਾਣੀਆਂ ਦੀ ਵਰਤੋਂ ਦੇ ਸਾਧਨਾਂ ਪੱਖੋਂ ਪਾਕਿਸਤਾਨ ਨਾਲੋਂ ਬਿਹਤਰ ਨਹੀਂ ਸੀ।

ਕਈ ਤਜਵੀਜ਼ਾਂ ਬਾਰੇ ਚਰਚਾ ਹੋਈ। ਆਖ਼ਰਕਾਰ ਮੌਜੂਦਾ ਸਮਝੌਤੇ 'ਤੇ ਹੀ ਸਹਿਮਤੀ ਬਣੀ ਭਾਵੇਂ ਇਸ ਤਹਿਤ ਭਾਰਤ ਨੂੰ ਸਿੰਧ ਦੀ ਜਲ ਪ੍ਰਣਾਲੀ ਦਾ ਮਹਿਜ਼ 20 ਫ਼ੀਸਦੀ ਹਿੱਸਾ ਹੀ ਮਿਲਿਆ। ਇਹ ਵੀ ਉਦੋਂ ਹੀ ਸੰਭਵ ਹੋਇਆ, ਜਦੋਂ ਭਾਰਤ ਨੇ ਪਾਕਿਸਤਾਨ ਅਤੇ ਸਾਲਸੀ (ਸੰਸਾਰ ਬੈਂਕ) ਨੂੰ ਵਿਸ਼ਵਾਸ ਦਿਵਾਇਆ ਕਿ ਘੱਗਰ ਦਰਿਆ ਇਥੇ ਵਗਦਾ ਹੋਣ ਕਾਰਨ ਰਾਜਸਥਾਨ ਤੇ ਭਾਰਤੀ ਪੰਜਾਬ ਦੋਵੇਂ ਸਿੰਧ ਘਾਟੀ ਦਾ ਹਿੱਸਾ ਹਨ ਅਤੇ ਇਸ ਰੇਤੀਲੇ ਇਲਾਕੇ ਦੀ ਸਿੰਜਾਈ ਲਈ ਪਾਣੀ ਲੋੜੀਂਦਾ ਹੈ। ਇਸੇ ਕਰ ਕੇ ਰਾਜਸਥਾਨ ਨੂੰ ਤਿੰਨਾਂ ਪੂਰਬੀ ਦਰਿਆਵਾਂ ਦੇ ਪਾਣੀ ਦਾ ਵੱਡਾ ਹਿੱਸਾ ਮਿਲਿਆ। ਇਸੇ ਦੌਰਾਨ ਭਾਰਤ ਨੇ ਚਨਾਬ, ਜਿਹਲਮ ਅਤੇ ਸਿੰਧ ਦੇ ਪਾਣੀਆਂ 'ਤੇ ਆਪਣਾ ਦਾਅਵਾ ਛੱਡ ਦਿੱਤਾ। ਗ਼ੌਰਤਲਬ ਹੈ ਕਿ ਇਹ ਤਿੰਨੇ ਦਰਿਆ ਜੰਮੂ ਕਸ਼ਮੀਰ ਵਿਚ ਵਹਿੰਦੇ ਹੋਏ ਪਾਕਿਸਤਾਨ ਦਾਖ਼ਲ ਹੁੰਦੇ ਹਨ। ਕੁਝ ਛੋਟਾਂ ਨੂੰ ਛੱਡ ਕੇ ਜੰਮੂ ਕਸ਼ਮੀਰ ਅਤੇ ਭਾਰਤ ਦੇ ਇਨ੍ਹਾਂ ਦਰਿਆਵਾਂ ਦਾ ਪਾਣੀ ਵਰਤਣ ਉਤੇ ਪਾਬੰਦੀ ਲਾ ਦਿੱਤੀ ਸੀ ਤੇ ਜੰਮੂ ਕਸ਼ਮੀਰ ਦੇ ਦਰਿਆਵਾਂ ਦਾ ਪਾਣੀ ਵੀ ਪਣ-ਬਿਜਲੀ ਦੇ ਉਤਪਾਦਨ ਲਈ ਮੁਕੰਮਲ ਤੌਰ 'ਤੇ ਵਰਤਿਆ ਨਹੀਂ ਜਾ ਸਕਿਆ।

ਪੰਜਾਬ ਦੇ ਸਿਆਸਤਦਾਨਾਂ ਨੂੰ ਇਹ ਤੱਥ ਨਜ਼ਰਅੰਦਾਜ਼ ਕਰਨਾ ਸੁਖਾਲਾ ਜਾਪਦਾ ਹੈ ਕਿਉਂਕਿ ਉਹ ਸੂਬੇ ਵਿਚ 'ਦਹਿਸ਼ਤਗਰਦੀ ਦੇ ਸਿਰ ਚੁੱਕਣ' ਦੀ ਗੱਲ ਨੂੰ ਆਪਣੇ ਹੱਕ ਵਿਚ ਭੁੰਨਾਉਣ ਦੀ ਮੁਹਾਰਤ ਰੱਖਦੇ ਹਨ। ਅਸਲੀਅਤ ਇਹ ਹੈ ਕਿ ਸਿੰਧ ਜਲ ਸਮਝੌਤੇ ਦੇ ਪਿਛੋਕੜ ਅਤੇ ਸਿੰਧ ਘਾਟੀ ਵਿਚ ਡਿੱਗਦੇ ਪੂਰਬੀ ਦਰਿਆਵਾਂ ਦਾ ਪਾਣੀ ਹਾਸਲ ਕਰਨ ਲਈ ਜੰਮੂ ਕਸ਼ਮੀਰ ਵੱਲੋਂ ਕਿਤੇ ਵੱਧ ਕੀਮਤ ਚੁਕਾਈ ਗਈ। ਉਸ ਦੇ ਰਿਪੇਰੀਅਨ ਹੱਕ ਨਜ਼ਰਅੰਦਾਜ਼ ਕੀਤੇ ਗਏ। ਇਸੇ ਲਈ ਇਹ ਹੈਰਾਨੀ ਦੀ ਗੱਲ ਨਹੀਂ ਕਿ ਜੰਮੂ ਕਸ਼ਮੀਰ ਵਿਚ ਸਿੰਧ ਜਲ ਸਮਝੌਤੇ ਨੂੰ ਮਨਸੂਖ਼ ਕਰਨ ਦੀ ਮੰਗ ਜ਼ੋਰ ਫੜਦੀ ਜਾ ਰਹੀ ਹੈ। ਸਾਲ 2002 ਵਿਚ ਜੰਮੂ ਕਸ਼ਮੀਰ ਵਿਧਾਨ ਸਭਾ ਨੇ ਇਸ ਇਕਰਾਰਨਾਮੇ ਦੀ ਪੜਚੋਲ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਸੀ। ਇਸ ਅਹਿਦਨਾਮੇ ਦੀ ਨਿੰਦਾ ਕਰਨ ਵਾਲੇ ਬੁਲਾਰਿਆਂ ਵਿਚ ਨੈਸ਼ਨਲ ਕਾਨਫ਼ਰੰਸ ਦੇ ਜੀ.ਐਮ. ਬਾਵਨ ਤੋਂ ਲੈ ਕੇ ਭਾਜਪਾ ਦੇ ਸ਼ਿਵ ਚਰਨ ਗੁਪਤਾ ਅਤੇ ਸੀ.ਪੀ.ਐਮ. ਦੇ ਆਗੂ ਮੁਹੰਮਦ ਯੂਸਫ਼ ਤਰੀਗਾਮੀ ਤਕ ਸ਼ਾਮਲ ਸਨ। ਸੱਚਾਈ ਇਹ ਹੈ ਕਿ ਇਸ ਸੰਧੀ ਕਾਰਨ ਸੂਬੇ ਨੂੰ ਪਏ ਘਾਟੇ ਬਾਰੇ ਇਹ ਸਿਆਸਤਦਾਨ ਨਿਰੀ ਭਾਸ਼ਣਬਾਜ਼ੀ ਨਹੀਂ ਕਰਦੇ, ਬਲਕਿ ਸਮੁੱਚੇ ਸੂਬੇ ਦੇ ਲੋਕਾਂ ਦੀ ਸੋਚ ਦੀ ਤਰਜਮਾਨੀ ਕਰਦੇ ਹਨ।

ਇੰਟਰਨੈਸ਼ਨਲ ਵਾਟਰ ਮੈਨੇਜਮੈਂਟ ਇੰਸਟੀਚਿਊਟ ਅਤੇ ਟਾਟਾ ਵਾਟਰ ਪਾਲਿਸੀ ਪ੍ਰੋਗਰਾਮ ਵੱਲੋਂ ਇਸ ਬਾਰੇ ਪੇਸ਼ ਕੀਤੀ ਗਈ ਰਿਪੋਰਟ ਵਿਚ ਵੀ ਸਿੰਧ ਜਲ ਸਮਝੌਤਾ ਮਨਸੂਖ਼ ਕਰਨ ਦੀ ਲੋੜ ਦਰਸਾਈ ਗਈ ਹੈ। ਰਿਪੋਰਟ ਮੁਤਾਬਕ ਭਾਵੇਂ ਇਹ ਸਮਝੌਤਾ ਮੁਲਕ ਦੇ ਹਿੱਤ ਵਿਚ ਕੀਤਾ ਗਿਆ, ਫਿਰ ਵੀ ਇਸ ਸਮਝੌਤੇ ਕਾਰਨ ਜੰਮੂ ਕਸ਼ਮੀਰ ਆਪਣੇ ਹੀ ਜਲ ਸ੍ਰੋਤਾਂ ਦੀ ਵਰਤੋਂ ਤੋਂ ਮਹਿਰੂਮ ਹੋ ਗਿਆ। ਇਸ ਦੇ ਸਿੱਟੇ ਵਜੋਂ ਸੂਬੇ ਦੇ ਵਿਕਾਸ 'ਤੇ ਨਾਂਹਪੱਖੀ ਪ੍ਰਭਾਵ ਪਿਆ। ਦੂਜੇ ਪਾਸੇ ਸਿੰਧ ਜਲ ਸਮਝੌਤੇ ਤਹਿਤ ਖੇਤੀਬਾੜੀ ਅਤੇ ਬਿਜਲੀ ਉਤਪਾਦਨ ਲਈ ਪੂਰਬੀ ਦਰਿਆਵਾਂ ਦਾ ਪਾਣੀ ਵਰਤ ਕੇ ਪੰਜਾਬ ਨੇ ਤਰੱਕੀ ਕੀਤੀ। ਇਸ ਸਮਝੌਤੇ ਕਾਰਨ ਜੰਮੂ ਕਸ਼ਮੀਰ ਨੂੰ 6,500 ਕਰੋੜ ਰੁਪਏ ਦਾ ਘਾਟਾ ਪਿਆ।

ਬਗਲੀਹਾਰ ਪ੍ਰੋਜੈਕਟ ਲਈ ਮਨਜ਼ੂਰੀ ਲੈਣ ਵਾਸਤੇ ਭਾਰਤ ਨੂੰ ਕਾਫ਼ੀ ਮੁਸ਼ੱਕਤ ਕਰਨੀ ਪਈ ਜਦੋਂ ਕਿ ਕ੍ਰਿਸ਼ਨ-ਗੰਗਾ, ਵੂੱਲਰ ਬੰਨ੍ਹ ਅਤੇ ਤੁਲਬੁਲ ਪ੍ਰੋਜੈਕਟ ਹਾਲੇ ਵੀ ਲਟਕ ਰਹੇ ਹਨ। ਸਭ ਤੋਂ ਅਹਿਮ ਗੱਲ ਇਹ ਹੈ ਕਿ ਸਮਝੌਤੇ ਦੇ ਬਾਵਜੂਦ ਪਾਕਿਸਤਾਨ ਨਾਲ ਸ਼ਾਂਤੀਪੂਰਨ ਸਬੰਧ ਕਾਇਮ ਨਹੀਂ ਹੋ ਸਕੇ। ਅਸਲ ਵਿਚ ਸ਼ਾਂਤੀ ਕਾਇਮ ਕਰਨ ਹਿੱਤ ਹੀ ਪਾਕਿਸਤਾਨ ਨੂੰ ਪੱਛਮੀ ਦਰਿਆਵਾਂ ਸਬੰਧੀ ਕੁਝ ਰਿਆਇਤਾਂ ਦੇਣ ਦੇ ਨਾਲ-ਨਾਲ ਸਿੰਧ ਦੇ ਪਾਣੀ ਦਾ 80 ਫ਼ੀਸਦੀ ਹਿੱਸਾ ਦਿੱਤਾ ਗਿਆ ਸੀ। ਇਨ੍ਹਾਂ ਤੱਥਾਂ ਦੇ ਮੱਦੇਨਜ਼ਰ ਸਿੰਧ ਜਲ ਸਮਝੌਤਾ ਮਨਸੂਖ਼ ਹੋਣ ਮਗਰੋਂ ਹੀ ਭਾਰਤ ਰਿਪੇਰੀਅਨ ਸਿਧਾਂਤਾਂ ਬਾਰੇ ਆਪਣਾ ਪੱਖ ਜ਼ੋਰਦਾਰ ਢੰਗ ਨਾਲ ਪੇਸ਼ ਕਰ ਸਕੇਗਾ।

# ਹਿੰਦ-ਪਾਕਿ ਦੋਸਤੀ ਦੇ ਕੌਣ ਹਨ ਵਿਰੋਧੀ?

ਹਿੰਦ-ਪਾਕਿ ਦੋਸਤੀ ਦੇ ਦੁਸ਼ਮਣ ਇਕ ਹੀ ਤਸਵੀਰ ਦੇ ਦੋ ਪਾਸੇ ਹਨ। ਨਫ਼ਰਤ ਤੇ ਮੁਹੱਬਤ ਦਾ ਸਬੰਧ ਵੀ ਧੁੱਪ ਤੇ ਛਾਂ ਵਾਲਾ ਹੈ। ਪਾਕਿਸਤਾਨ ਦੇ ਸਿਆਸੀ ਤੇ ਪੜ੍ਹੇ-ਲਿਖੇ ਧਰਮ ਨਿਰਪੱਖ ਸੋਚ ਰੱਖਣ ਵਾਲੇ ਤਬਕੇ ਦਾ ਖਿਆਲ ਹੈ ਕਿ ਹਿੰਦੁਸਤਾਨ-ਪਾਕਿਸਤਾਨ ਦੀ ਸਿਵਲ ਤੇ ਫ਼ੌਜੀ ਅਫ਼ਸਰਸ਼ਾਹੀ ਦੋਵਾਂ ਮੁਲਕਾਂ ਵਿਚਕਾਰ ਦੋਸਤਾਨਾ ਸਬੰਧਾਂ ਦੀ ਹਮਾਇਤੀ ਨਹੀਂ ਹੈ। ਦੋਵਾਂ ਪਾਸਿਆਂ ਦੀ ਅਫਸਰਸ਼ਾਹੀ ਇਕ-ਦੂਜੇ 'ਤੇ ਭਰੋਸਾ ਕਰਨ ਲਈ ਵੀ ਤਿਆਰ ਨਹੀਂ ਹੈ। ਦਿਲਚਸਪ ਗੱਲ ਇਹ ਹੈ ਕਿ ਹਿੰਦੁਸਤਾਨੀ ਮੀਡੀਆ ਆਪਣੇ ਮੁਲਕ ਦੀ ਅਫ਼ਸਰਸ਼ਾਹੀ ਦੀ ਪਾਕਿਸਤਾਨ ਬਾਰੇ ਬਣਾਈ ਗਈ ਕਿਸੇ ਵੀ ਨੀਤੀ ਦੀ ਵਿਰੋਧ ਨਹੀਂ ਕਰਦਾ। ਪਾਕਿਸਤਾਨ ਅੰਦਰ ਹਾਲਤ ਐਨ ਉਲਟ ਹੈ।

**ਤਾਹਿਰ ਮਹਿਮੂਦ**

ਪਾਕਿਸਤਾਨ ਵਿਚ ਮੀਡੀਏ 'ਚ ਖੁੱਲ੍ਹੇਆਮ ਇਹ ਗੱਲ ਕੀਤੀ ਤੇ ਲਿਖੀ ਜਾਂਦੀ ਹੈ ਕਿ ਪਾਕਿਸਤਾਨੀ ਅਫਸਰਸ਼ਾਹੀ ਹਿੰਦੁਸਤਾਨ ਨਾਲ ਦੋਸਤੀ ਦੀ ਰਾਹ 'ਚ ਸਭ ਤੋਂ ਵੱਡੀ ਰੁਕਾਵਟ ਹੈ।

ਹਿੰਦੁਸਤਾਨ ਨਾਲ ਦੋਸਤੀ ਤੇ ਤਿਜਾਰਤ ਦੀ ਖਾਹਿਸ਼ ਦੀ ਸਭ ਤੋਂ ਜ਼ਿਆਦਾ ਵਿਰੋਧ ਮਜ਼ਹਬੀ ਜਥੇਬੰਦੀਆਂ ਕਰਦੀਆਂ ਹਨ, ਖਾਸ ਤੌਰ 'ਤੇ ਉਹ ਮਜ਼ਹਬੀ ਜਥੇਬੰਦੀਆਂ ਜੋ ਹਿੰਦੁਸਤਾਨੀ ਕਸ਼ਮੀਰ ਅੰਦਰ ਜਹਾਦ ਦੇ ਨਾਂ ਹੇਠ ਲੜਦੇ ਹਨ ਜਾਂ ਇਸ ਜਹਾਦ ਦੇ ਜ਼ਬਰਦਸਤ ਹਾਮੀ ਹਨ। ਅਫ਼ਸਰਸ਼ਾਹੀ ਦੀਆਂ ਹਾਮੀ ਜਮਾਤਾਂ ਸਭ ਦੀਆਂ ਸਭ ਅਫ਼ਸਰਸ਼ਾਹੀ ਦੀਆਂ ਖਿੱਚੀਆਂ ਹੋਈਆਂ ਲਕੀਰਾਂ ਤੋਂ ਇਕ ਪੈਰ ਵੀ ਅੱਗੇ-ਪਿੱਛੇ ਰੱਖ ਕੇ ਨਹੀਂ ਤੁਰਦੀਆਂ। ਇਹ ਤਨਜ਼ੀਮਾਂ ਤੇ ਜਮਾਤਾਂ ਹਿੰਦੁਸਤਾਨ ਵਿਰੁੱਧ ਜਲਸੇ-ਜਲੂਸ ਕਰ ਕੇ ਹਿੰਦੁਸਤਾਨ ਨਾਲ ਦੋਸਤੀ-ਤਿਜਾਰਤ ਦੀ ਮੁਖ਼ਾਲਫ਼ਤ ਕਰਨ ਵਾਲੀਆਂ ਤਾਕਤਾਂ ਦੇ ਹੱਥ ਮਜ਼ਬੂਤ ਕਰਦੀਆਂ ਹਨ।

ਜਹਾਦ ਦੀਆਂ ਹਾਮੀ ਪਾਕਿਸਤਾਨ ਦੀਆਂ ਮਜ਼ਹਬੀ ਜਮਾਤਾਂ ਦਾ ਇਹ ਕਹਿਣਾ ਵੀ ਹੈ ਕਿ ਜੇ ਪਾਕਿਸਤਾਨ ਨੇ ਕਸ਼ਮੀਰੀ ਜਹਾਦੀਆਂ ਨੂੰ ਨਜ਼ਰਅੰਦਾਜ਼ ਕਰ ਕੇ ਹਿੰਦੁਸਤਾਨ ਨਾਲ ਦੋਸਤੀ ਕਰ ਲਈ ਤਾਂ ਇਹ ਕਸ਼ਮੀਰੀ, ਜਹਾਦੀ ਤਨਜ਼ੀਮਾਂ ਲਈ ਵੱਡਾ ਧੱਕੇ ਤੇ ਦੁੱਖ ਵਾਲੀ ਗੱਲ ਹੋਵੇਗੀ। ਪਾਕਿਸਤਾਨ ਦੇ 90 ਫ਼ੀਸਦੀ ਸੇਵਾ ਮੁਕਤ ਜਰਨੈਲਾਂ ਤੇ ਇਸ ਖ਼ਿੱਤੇ ਦੇ ਜੰਗੀ ਮਾਮਲਿਆਂ ਦੇ ਮਾਹਿਰਾਂ ਦੀ ਇਹੋ ਸੋਚ ਹੈ ਤੇ ਉਹ ਇਸ ਬਾਰੇ ਬਿਜਲਈ ਮੀਡੀਆ 'ਤੇ ਖੁੱਲ੍ਹ ਕੇ ਗੱਲ ਵੀ ਕਰਦੇ ਹਨ ਕਿ ਹਿੰਦੁਸਤਾਨ ਨਾਲ ਦੋਸਤੀ ਦੇ ਮਾਮਲੇ 'ਚ ਸਾਨੂੰ ਬਹੁਤ ਇਹਤਿਆਤ ਤੇ ਫੂਕਾਂ ਮਾਰ-ਮਾਰ ਪੈਰ ਅੱਗੇ ਵਧਾਉਣੇ ਚਾਹੀਦੇ ਹਨ। ਸਾਨੂੰ ਹਿੰਦੁਸਤਾਨ ਨਾਲ ਜੰਗ ਕਰਨ ਦੀ ਸੋਚ ਨੂੰ ਬਦਲ ਦੇਣਾ ਚਾਹੀਦਾ ਹੈ ਪਰ ਕਸ਼ਮੀਰ ਦੇ ਮਾਮਲੇ ਨੂੰ ਇਕ ਪਾਸੇ ਰੱਖ ਕੇ ਹਿੰਦੁਸਤਾਨ ਨਾਲ ਦੋਸਤੀ ਨਹੀਂ ਕਰਨੀ ਚਾਹੀਦੀ।

ਅਫ਼ਸਰਸ਼ਾਹੀ ਦੀਆਂ ਹਾਮੀ ਮਜ਼ਹਬੀ ਤੇ ਸਿਆਸੀ ਜਮਾਤਾਂ ਤੇ ਖ਼ੁਦ ਅਫ਼ਸਰਸ਼ਾਹੀ ਇਹ ਸਭ ਇਕ ਹੀ ਕਤਾਰ 'ਚ ਖੜ੍ਹੇ ਹਨ। ਪਾਕਿਸਤਾਨੀ ਜੰਗੀ ਮਾਹਿਰ ਚਾਹੇ ਉਹ ਸਿਵਲੀਅਨ ਹਨ ਜਾਂ ਫ਼ੌਜ ਨਾਲ ਸਬੰਧਤ ਹਨ, ਸਭ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਹਿੰਦੁਸਤਾਨ ਦਾ ਇਸ ਖ਼ਿੱਤੇ 'ਚ ਖਾਸ ਏਜੰਡਾ ਹੈ। ਇਸ ਖਾਸ ਯੋਜਨਾ ਨੂੰ ਨਾਕਾਮ ਬਣਾਉਣਾ ਫ਼ੌਜੀ ਲੀਡਰਸ਼ਿਪ ਦਾ ਫਰਜ਼ ਬਣਦਾ ਹੈ। ਨਹੀਂ ਤਾਂ ਪਾਕਿਸਤਾਨ ਬਹੁਤ ਮੁਸ਼ਕਿਲ ਤੇ ਖ਼ਤਰਨਾਕ ਹਾਲਤ ਵਿਚ ਫਸ ਜਾਏਗਾ।

ਹਿੰਦ-ਪਾਕਿ ਖ਼ਿੱਤੇ 'ਤੇ ਖਾਸ ਅੰਦਾਜ਼ ਨਾਲ ਨਜ਼ਰ ਰੱਖਣ ਵਾਲੇ ਤੇ ਜੰਗੀ ਮਾਮਲਿਆਂ ਦੇ ਮਾਹਿਰ ਫ਼ੌਜ ਜਾਂ ਸਿਵਲ ਅਦਾਰਿਆਂ ਨਾਲ ਸਬੰਧ ਰੱਖਣ ਵਾਲੇ ਆਹਲਾ ਪਾਕਿਸਤਾਨੀ ਹਾਜ਼ਰ ਸਰਵਿਸ ਜਾਂ ਸੇਵਾ-ਮੁਕਤ ਅਫ਼ਸਰ ਹਿੰਦੁਸਤਾਨ ਦੀ ਉਸ ਜੰਗੀ ਯੋਜਨਾ ਦਾ ਹਵਾਲਾ ਵੀ ਦਿੰਦੇ ਹਨ ਜੋ ਕਿਹਾ ਜਾਂਦਾ ਹੈ ਕਿ ਹਿੰਦੁਸਤਾਨ ਦੇ ਜੰਗੀ ਮਾਹਿਰਾਂ ਨੇ ਕੋਲਡ ਸਟਾਰਟ ਡਾਕਟ੍ਰਾਇਨ ਦੇ ਨਾਂ ਹੇਠ ਬਣਾਈ ਹੈ।

ਇਸ ਯੋਜਨਾ ਤਹਿਤ ਪਾਕਿਸਤਾਨ ਦੀ ਧਰਤੀ ਦੇ ਕਿਸੇ ਵੀ ਹਿੱਸੇ ਜਾਂ ਸ਼ਹਿਰ ਉੱਤੇ ਹਿੰਦੁਸਤਾਨੀ ਹਵਾਈ ਸੈਨਾ ਨਾਲ ਬਹੁਤ ਵੱਡਾ ਹਮਲਾ ਕੀਤਾ ਜਾਏ। ਇਸ ਹਮਲੇ ਦੀ ਛਾਂ ਹੇਠ ਕਮਾਂਡੋ ਫੋਰਸ ਨਾਲ ਸਰਜੀਕਲ ਸਟਰਾਈਕ ਕੀਤੀ ਜਾਏ। ਆਪਣਾ ਮਿਸ਼ਨ ਮੁਕੰਮਲ ਕਰ ਕੇ ਇਤਿਹਾਦੀ ਤੇਜ਼ੀ ਨਾਲ ਵਾਪਸ ਆਪਣੇ ਅੱਡਿਆਂ 'ਤੇ ਪਹੁੰਚ ਜਾਇਆ ਕਰਨ। ਇਹ ਹਮਲਾ ਅਜਿਹੀ ਤੇਜ਼ੀ ਤੇ ਅਚਾਨਕ ਕੀਤਾ ਜਾਏ ਕਿ ਪਾਕਿਸਤਾਨੀ ਫ਼ੌਜ ਵੱਲੋਂ ਇਸ ਹਮਲੇ ਨੂੰ ਰੋਕਣ ਲਈ ਕੋਈ 'ਐਡਵਾਂਸ ਰੈਸਟ੍ਰਿਕਸ਼ਨ' ਆ ਹੀ ਨਾ ਸਕੇ। ਪਾਕਿਸਤਾਨ ਨੇ ਇਸ ਕੋਲਡ ਸਟਾਰਟ ਡਾਕਟ੍ਰਾਇਨ ਦੀ ਭਾਰਤੀ ਯੋਜਨਾ ਅਮਰੀਕੀ ਹਕੂਮਤ ਦੇ ਕਰਤਾ-ਧਰਤਾਵਾਂ ਅੱਗੇ ਵੀ ਰੱਖੀ ਸੀ। ਅਮਰੀਕਾ ਨੇ ਪਾਕਿਸਤਾਨ ਨੂੰ ਯਕੀਨ ਦਿਵਾਇਆ ਸੀ ਕਿ ਹਿੰਦੁਸਤਾਨ ਅਜਿਹਾ ਕੋਈ ਹਮਲਾ ਨਹੀਂ ਕਰੇਗਾ, ਪਰ ਪਾਕਿਸਤਾਨ ਦੇ ਅਮਰੀਕਾ ਨਾਲ ਗੱਲ ਕਰਨ ਵਾਲੇ ਫ਼ੌਜੀ ਜਰਨੈਲ ਨੇ ਅੱਗਿਉਂ ਇਹ ਜਵਾਬ ਦਿੱਤਾ ਸੀ ਕਿ ਕਿਸੇ ਵੀ ਹੋਣ ਵਾਲੀ ਸੰਭਾਵੀ ਜੰਗ ਦੇ ਖ਼ਤਰੇ 'ਚ ਦੁਸ਼ਮਣ ਦੀ ਸਲਾਹੀਅਤ ਨੂੰ ਪਰਖਿਆ ਜਾਂਦਾ ਹੈ, ਨੀਅਤ ਨੂੰ ਪਰਖਣਾ ਬਾਅਦ ਦੀ ਗੱਲ ਹੈ।

ਜੇ ਦੁਸ਼ਮਣ ਕੋਲ ਅਜਿਹੀ ਯੋਜਨਾ ਦੀ ਸਫਲਤਾ ਲਈ ਤਾਕਤ ਤੇ ਕਰ ਗੁਜ਼ਰਨ ਦੀ ਕਾਬਲੀਅਤ ਹੈ ਤਾਂ ਅਜਿਹੇ ਅਚਾਨਕ ਹਮਲੇ ਨੂੰ ਰੋਕਣ ਲਈ ਇਤਿਹਾਦੀ ਆਹਲਾ ਦਰਜਾ ਦੀ ਐਂਟੀ-ਕੋਲਡ ਸਟਾਰਟ ਡਾਕਟ੍ਰਾਇਨ ਬਣਾਉਣੀ ਪੈਂਦੀ ਹੈ, ਕਿਉਂਕਿ ਦੁਸ਼ਮਣ ਦੀ ਨੀਅਤ ਤਾਂ ਕਦੀ ਵੀ ਬਦਲ ਸਕਦੀ ਹੈ। ਹੁਣ ਪਾਕਿਸਤਾਨੀ ਜੰਗੀ ਮਾਹਿਰਾਂ ਦੀ ਯੋਜਨਾ ਇਸ ਮਰਕਜ਼ੀ ਖਿਆਲ ਦੁਆਲੇ ਹੀ ਘੁੰਮ ਰਹੀ ਹੈ ਕਿ ਅਜਿਹੇ ਕਿਸੇ ਵੀ ਅਚਾਨਕ ਕੀਤੇ ਹਮਲੇ ਨੂੰ ਕਿਵੇਂ ਨਾਕਾਮ ਕੀਤਾ ਜਾ ਸਕਦਾ ਹੈ।

ਦਰਅਸਲ ਸਾਨੂੰ ਇਕ-ਦੂਜੇ 'ਤੇ ਅਚਾਨਕ ਫ਼ੌਜੀ ਹਮਲਾ ਕਰਨ ਲਈ ਕੋਲਡ ਸਟਾਰਟ ਡਾਕਟ੍ਰਾਇਨ ਵਰਗੀ ਯੋਜਨਾਬੰਦੀ ਦੀ ਜ਼ਰੂਰਤ ਨਹੀਂ ਹੈ, ਬਲਕਿ ਦੋਸਤੀ, ਤਿਜਾਰਤ ਤੇ ਖ਼ਿੱਤੇ ਦੇ ਲੋਕਾਂ ਦੇ ਆਮ ਮੇਲ-ਜੋਲ ਵਾਲੀ ਯੋਜਨਾ ਦੀ ਜ਼ਰੂਰਤ ਹੈ। ਇਸ ਮਨਸੂਬੇ 'ਤੇ ਇੰਨੀ ਤੇਜ਼ੀ ਨਾਲ ਅਮਲ ਹੋਣਾ ਚਾਹੀਦਾ ਹੈ ਕਿ ਸਾਲਾਂ ਦਾ ਸਫ਼ਰ ਮਹੀਨਿਆਂ 'ਚ ਤੈਅ ਹੋ ਜਾਏ; ਤਾਂਕਿ ਅਸੀਂ ਦੁਨੀਆਂ ਨੂੰ ਦੱਸ ਸਕੀਏ ਕਿ ਅੱਧੀ ਸਦੀ ਤੋਂ ਵੱਧ ਦੀ ਦੁਸ਼ਮਣੀ ਅਸੀਂ ਅਮਨ ਦੀ ਜੰਗ ਦੇ ਪਹਿਲੇ ਹੱਲੇ ਨਾਲ ਹੀ ਖ਼ਤਮ ਕਰ ਦਿੱਤੀ ਹੈ। ਅਮਨ ਦੀ ਇਹ ਜੰਗ ਦੋਵੇਂ ਮੁਲਕ ਆਪਣੀ ਇਕ ਅਰਬ ਤੋਂ ਵੱਧ ਫ਼ੌਜ ਨਾਲ ਲੜ ਸਕਦੇ ਹਨ। ਇਹ ਅਮਨ ਫ਼ੌਜ ਹੈ, ਦੋਵਾਂ ਮੁਲਕਾਂ ਦੀ ਅਮਨ ਦੀ ਖਾਹਿਸ਼ਮੰਦ ਆਬਾਦੀ ਜੋ ਇਸ ਨਫ਼ਰਤ, ਦੁਸ਼ਮਣੀ, ਸਾਜ਼ਿਸ਼ਾਂ ਤੇ ਜੰਗੀ ਜਨੂੰਨੀਅਤ ਤੋਂ ਤੰਗ ਆ ਚੁੱਕੀ ਹੈ।

ਪਾਕਿਸਤਾਨੀ ਤਾਜਰਾਂ ਦਾ ਖਾਸ ਹਲਕਾ ਇਸ ਦੇ ਨਾਲ ਨਾਲ ਸਨਅਤਕਾਰਾਂ ਦਾ ਵੱਡਾ ਹਿੱਸਾ ਹਿੰਦੁਸਤਾਨੀ ਤਾਜਰਾਂ ਤੇ ਸਨਅਤਕਾਰਾਂ ਨੂੰ ਪਾਕਿਸਤਾਨ ਅੰਦਰ ਤਿਜਾਰਤੀ ਸਹੂਲਤਾਂ ਦੇਣ ਦੇ ਖਿਲਾਫ਼ ਹੈ। ਖਾਸ ਤੌਰ 'ਤੇ ਆਟੋ ਮੋਬਾਈਲ ਸੈਕਟਰ ਇਸ ਮਾਮਲੇ 'ਚ ਸਭ ਤੋਂ ਅੱਗੇ ਹੈ। ਆਟੋ ਮੋਬਾਈਲ ਸਨਅਤ ਦੇ ਮਾਲਕਾਂ ਦਾ ਕਹਿਣਾ ਹੈ ਕਿ ਹਿੰਦੁਸਤਾਨੀ ਆਟੋ ਮੋਬਾਈਲ ਸਨਅਤ ਦਿਓ ਵਾਂਗ ਹੈ ਜੋ ਪਾਕਿਸਤਾਨ ਦੀ ਆਟੋ ਮੋਬਾਈਲ ਸਨਅਤ ਨੂੰ ਨਿਗਲ ਜਾਏਗਾ।

ਮਾਮਲਾ ਇਹ ਹੈ ਕਿ ਪਾਕਿਸਤਾਨ ਦੀ ਆਟੋ ਮੋਬਾਈਲ ਸਨਅਤ ਪਾਕਿਸਤਾਨੀਆਂ ਨੂੰ ਲੁੱਟ ਰਹੀ ਹੈ। ਪਾਕਿਸਤਾਨ ਆਟੋ ਮੋਬਾਈਲ ਸਨਅਤ ਦੇ ਕਰਤਾ-ਧਰਤਾ ਇਹ ਕਿਵੇਂ ਬਰਦਾਸ਼ਤ ਕਰਨਗੇ ਕਿ ਹਿੰਦੁਸਤਾਨੀ ਆਟੋ ਮੋਬਾਈਲ ਸਨਅਤ ਦੇ ਮੋਟਰਸਾਈਕਲ, ਕਾਰਾਂ ਤੇ ਟਰੈਕਟਰ ਸਸਤੇ ਭਾਅ ਪਾਕਿਸਤਾਨ ਦੇ ਲੋਕ ਖਰੀਦ ਸਕਣ। ਹਿੰਦੁਸਤਾਨ ਦੀ ਬਣੀ ਹੋਈ ਨੈਨੋ ਕਾਰ ਪਾਕਿਸਤਾਨ ਅੰਦਰ ਥੋੜ੍ਹੀ ਆਮਦਨੀ ਵਾਲੇ ਪਾਕਿਸਤਾਨੀ ਪਰਿਵਾਰਾਂ ਦਾ ਖਾਬ ਹੈ ਜਿਸ ਨੂੰ ਉਹ ਪੂਰਾ ਕਰਨ ਦੀ ਬਹੁਤ ਖਾਹਿਸ਼ ਰੱਖਦੇ ਹਨ। ਇਹੋ ਫਰਟੀਲਾਈਜ਼ਰ ਸਨਅਤ ਦਾ ਹਾਲ ਹੈ। ਇਸ ਨੇ ਮਾਫੀਆ ਦੀ ਸ਼ਕਲ ਅਖ਼ਤਿਆਰ ਕਰ ਚੁੱਕੀ ਹੈ। ਇਹ ਮਾਫੀਆ ਆਮ ਆਦਮੀ ਤੇ ਕਿਸਾਨਾਂ ਦੇ ਤਨ ਦੇ ਕੱਪੜੇ ਲਾਹੁਣ ਤੱਕ ਚਲਾ ਗਿਆ ਹੈ। ਇਹ ਮਾਫੀਆ ਕਦੋਂ ਚਾਹੇਗਾ ਕਿ ਹਿੰਦੁਸਤਾਨ ਦੀ ਆਟੋ ਮੋਬਾਈਲ ਤੇ ਫਰਟੀਲਾਈਜ਼ਰ ਸਨਅਤ ਨੂੰ ਪਾਕਿਸਤਾਨ ਅੰਦਰ ਕਾਰੋਬਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ? ਇਸ ਤੋਂ ਇਲਾਵਾ ਕੁਝ ਮਜ਼ਹਬੀ ਸਿਆਸੀ ਜਮਾਤਾਂ, ਜਹਾਦੀ ਤਨਜ਼ੀਮਾਂ ਤੇ ਉਨ੍ਹਾਂ ਦੀਆਂ ਹਾਮੀ ਜਥੇਬੰਦੀਆਂ ਨਹੀਂ ਚਾਹੁੰਦੀਆਂ ਕਿ ਦੋਹਾਂ ਮੁਲਕਾਂ ਵਿਚ ਸਾਂਝ ਵਧੇ। ਇਨ੍ਹਾਂ ਸਭ ਨੇ ਆਪਣੇ ਰਾਜਨੀਤਕ ਤੇ ਵਪਾਰਕ ਹਿਤਾਂ ਕਾਰਨ ਹਿੰਦ-ਪਾਕਿ ਦੋਸਤੀ ਅੱਗੇ ਰੁਕਾਵਟਾਂ ਲਾਈਆਂ ਹਨ।

*ਪਾਕਿਸਤਾਨੀ ਤਾਜਰਾਂ ਦਾ ਖਾਸ ਹਲਕਾ ਇਸ ਦੇ ਨਾਲ ਨਾਲ ਸਨਅਤਕਾਰਾਂ ਦਾ ਵੱਡਾ ਹਿੱਸਾ ਹਿੰਦੁਸਤਾਨੀ ਤਾਜਰਾਂ ਤੇ ਸਨਅਤਕਾਰਾਂ ਨੂੰ ਪਾਕਿਸਤਾਨ ਅੰਦਰ ਤਿਜਾਰਤੀ ਸਹੂਲਤਾਂ ਦੇਣ ਦੇ ਖਿਲਾਫ਼ ਹੈ। ਖਾਸ ਤੌਰ 'ਤੇ ਆਟੋ ਮੋਬਾਈਲ ਸੈਕਟਰ ਇਸ ਮਾਮਲੇ 'ਚ ਸਭ ਤੋਂ ਅੱਗੇ ਹੈ। ਆਟੋ ਮੋਬਾਈਲ ਸਨਅਤ ਦੇ ਮਾਲਕਾਂ ਦਾ ਕਹਿਣਾ ਹੈ ਕਿ ਹਿੰਦੁਸਤਾਨੀ ਆਟੋ ਮੋਬਾਈਲ ਸਨਅਤ ਦਿਓ ਵਾਂਗ ਹੈ ਜੋ ਪਾਕਿਸਤਾਨ ਦੀ ਆਟੋ ਮੋਬਾਈਲ ਸਨਅਤ ਨੂੰ ਨਿਗਲ ਜਾਏਗਾ।... ਇਸ ਤੋਂ ਇਲਾਵਾ ਕੁਝ ਮਜ਼ਹਬੀ ਸਿਆਸੀ ਜਮਾਤਾਂ, ਜਹਾਦੀ ਤਨਜ਼ੀਮਾਂ ਤੇ ਉਨ੍ਹਾਂ ਦੀਆਂ ਹਾਮੀ ਜਥੇਬੰਦੀਆਂ ਨਹੀਂ ਚਾਹੁੰਦੀਆਂ ਕਿ ਦੋਹਾਂ ਮੁਲਕਾਂ ਵਿਚ ਸਾਂਝ ਵਧੇ।*

# ਰਾਜ ਗਾਇਕ ਹੰਸ ਰਾਜ ਹੰਸ ਦੇ ਕੁਝ ਰਾਜ਼

## ਪੰਜਾਬੀ ਗਾਇਕੀ ਦੇ ਅੰਦਰ ਬਾਹਰ



**ਐਸ. ਅਸ਼ੋਕ ਭੌਰਾ**
**ਫੋਨ: 510-415-3315**

ਦੁਨੀਆਂ ਮੰਨਦੀ ਹੈ ਕਿ ਅਫਗਾਨਾਂ ਨੇ ਬਹੁਤ ਕੁਝ ਗੁਆ ਲਿਆ ਹੈ, ਆਰਥਿਕ ਤਬਾਹੀ ਵੀ ਕਰਾ ਲਈ ਹੈ ਪਰ ਜੋ ਬਚਾਇਆ ਹੋਇਐ, ਉਹ ਸਭ ਤੋਂ ਵੱਧ ਕੀਮਤੀ ਹੈ-ਅਣਖ। ਤੇ ਇਧਰ ਪੰਜਾਬੀ ਗਾਇਕੀ ਵਿਚ ਕੱਚ-ਘਰੜ ਤੇ ਛੋਕਰ-ਖੇਲ ਗਾਇਕਾਂ ਨੇ ਰੱਜ ਕੇ ਨੁਕਸਾਨ ਕੀਤਾ ਹੈ, ਵਿਰਸਾ ਤੀਲਾ ਤੀਲਾ ਕਰ ਦਿੱਤਾ ਪਰ ਇਹ ਮਾਣ ਬਣਿਆ ਰਹੇਗਾ ਕਿ ਇਸੇ ਦੌਰ ਵਿਚ ਗੁਰਦਾਸ ਮਾਨ ਉਚਾ ਹੋ ਕੇ ਰਿਹਾ, ਵਡਾਲੀ ਭਰਾਵਾਂ ਦੀ ਤਾਂ ਗੱਲ ਹੀ ਕੁਝ ਹੋਰ ਹੈ, ਤੇ ਇਸੇ ਸਮੇਂ ਵਿਚ ਹੰਸ ਰਾਜ ਹੰਸ ਦਾ ਕੱਦ ਰਾਜ ਗਾਇਕ ਤੇ ਪਦਮਸ੍ਰੀ ਨਾਲ ਵੱਡਾ ਹੀ ਰਿਹਾ। ਉਹਦੀ ਗੱਲ ਕਰਨ ਵੇਲੇ ਮੈਨੂੰ ਕੁਝ ਸੰਜਮ ਵੀ ਵਰਤਣਾ ਪਵੇਗਾ, ਕਿਉਂਕਿ ਮੈਂ ਹੰਸ ਰਾਜ ਹੰਸ ਕਰ ਕੇ ਲਿਖਿਆ ਵੀ ਰੱਜ ਕੇ ਹੈ ਅਤੇ ਉਹਨੂੰ ਸੁਣਿਆ ਵੀ ਜੀਅ ਭਰ ਕੇ ਹੈ। ਉਹਦਾ ਸੰਘਰਸ਼ ਵੀ ਦੇਖਿਆ ਹੈ, ਉਹਦੀ ਗੁਰਬਤ ਵੀ, ਤੇ ਉਹਦਾ ਸਿਖਰ ਵੀ ਦੇਖਿਆ ਹੈ। ਜਰੀਏ ਭਾਵੇਂ ਕੁਝ ਵੀ ਰਹੇ ਹੋਣ, ਪਰ ਉਹ ਮੁਲਕ ਦੀਆਂ ਵੱਡੀਆਂ ਸਰਕਾਰੀ ਮਹਿਫਲਾਂ, ਮੇਲਿਆਂ, ਸਰਕਾਰੀ ਤੇ ਗੈਰ-ਸਰਕਾਰੀ ਸਮਾਗਮਾਂ ਦਾ ਮੁੱਖ ਗਵੱਈਆ ਰਿਹਾ ਹੈ। ਉਹ ਰੱਜ ਕੇ ਸੁਨੱਖਾ ਹੈ, ਪੜ੍ਹਿਆ-ਲਿਖਿਆ ਵੀ ਹੈ। ਸਲੀਕਾ ਇੰਨਾ ਕਿ ਅੱਖ ਮਿਲਣ ਤੋਂ ਪਹਿਲਾਂ ਚੰਗੇ ਭਲੇ ਦੇ ਅੰਦਰ ਵੜਨ ਦੀ ਸਮਰੱਥਾ ਰੱਖਦਾ ਹੈ। ਅਸੀਂ ਆਪ ਰੁੱਸਦੇ ਵੀ ਰਹੇ ਹਾਂ ਤੇ ਮੰਨਦੇ ਵੀ। ਤੇ ਹਾਂ! ਲੋਹੇ ਲਾਖੇ ਵੀ ਹੁੰਦੇ ਰਹੇ ਹਾਂ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਸੀਂ ਕਿੰਨਾ ਚਿਰ ਬੋਲੇ ਹੀ ਨਹੀਂ, ਪਰ ਟੁੱਟੇ ਫਿਰ ਵੀ ਨਹੀਂ। ਮੇਰੀਆਂ ਕਈ ਗਲਤੀਆਂ, ਕੀਤੀਆਂ ਭਾਵੇਂ ਇਕ-ਅੱਧੀ ਵਾਰ ਹੋਣ, ਪਰ ਜੁੜ ਹੰਸ ਨਾਲ ਗਈਆਂ। ਕਈ ਸਾਲ ਉਹ ਸ਼ੌਂਕੀ ਮੇਲੇ ਦਾ ਗੁਰਜ ਲੁੱਟਦਾ ਰਿਹਾ, ਪਰ ਮੇਰੇ ਵਾਂਗ ਦੋ ਦਹਾਕਿਆਂ ਦੇ ਵਕਫ਼ੇ ਤੋਂ ਵੀ ਵੱਧ ਜਿਹੜੇ ਹੰਸ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਹ ਕਦੇ ਸੋਚ ਵੀ ਨਹੀਂ ਸੀ ਸਕਦੇ ਕਿ ਉਹ ਕਦੇ ਸਿਆਸਤਦਾਨ ਵੀ ਬਣ ਸਕਦਾ ਹੈ, ਚੋਣਾਂ ਲੜ ਸਕਦਾ ਹੈ। ਉਹ ਲੀਡਰਾਂ ਵਾਲੇ ਲੱਛੇਦਾਰ ਭਾਸ਼ਣ ਨਹੀਂ ਕਰ ਸਕਦਾ, ਉਹਦੀ ਜ਼ੁਬਾਨ ਰੱਜ ਕੇ ਮਿੱਠੀ ਹੈ। ਹੰਸ ਦੇ ਜਿਹੜੇ ਆਲੋਚਕ ਉਹਦੀ ਪਾਕਿਸਤਾਨ ਵਿਚ ਇਕ ਟੀ.ਵੀ. ਮੁਲਾਕਾਤ ਅਤੇ ਦੂਜੇ ਪਾਸੇ ਬਾਦਲਾਂ ਦੇ ਸੋਹਲੇ ਗਾਉਣ ਦਾ ਹਵਾਲਾ ਦਿੰਦੇ ਹਨ, ਮੈਂ ਇਹੋ ਤਰਕ ਦਿਆਂਗਾ ਕਿ ਜੇ ਉਹਨੂੰ ਰੰਗੀਲੀ ਰਾਜਨੀਤੀ ਦਾ ਗਿਆਨ ਹੁੰਦਾ, ਤਾਂ ਇਉਂ ਵਾਪਰਨਾ ਹੀ ਨਹੀਂ ਸੀ ਤੇ ਉਂਜ ਰਾਜਨੀਤੀ ਵਿਚੋਂ ਉਹਨੇ ਕੀ ਖੱਟਿਆ ਹੈ, ਬਿਹਤਰ ਉਹੀ ਦੱਸ ਸਕਦਾ ਹੈ। ਹੰਸ ਦੀ ਸ਼ਖਸੀਅਤ ਵਿਚ ਜਿਹੜੀ ਗੱਲ ਬਰਾਬਰ ਬਣੀ ਹੋਈ ਹੈ, ਉਹ ਇਹ ਹੈ ਕਿ ਉਹਦੇ ਵਾਲਾਂ ਦਾ ਸਟਾਈਲ ਤਕਰੀਬਨ ਇਕੋ ਜਿਹਾ ਰਿਹਾ ਹੈ।



*ਸ਼ਮਸ਼ੇਰ ਸੰਧੂ ਤੇ ਹੰਸ ਰਾਜ ਹੰਸ ਤੇ ਐਸ. ਅਸ਼ੋਕ ਭੌਰਾ।*



*ਹੰਸ ਰਾਜ ਹੰਸ ਤੇ ਐਸ. ਅਸ਼ੋਕ ਭੌਰਾ: ਸੰਘਰਸ਼ ਦੇ ਸਾਂਝੇ ਦਿਨਾਂ ਦੀ ਕਹਾਣੀ।*

ਗੱਲ 1983-84 ਦੀ ਹੋਵੇਗੀ, ਐਚ.ਐਮ.ਵੀ. ਦੀ ਐਲ.ਪੀ. ਡਿਸਕ ਆਈ ਸੀ, ਜੋਗੀਆਂ ਦੇ ਕੰਨਾਂ ਵਿਚ...। ਟਾਈਟਲ ਉਤੇ ਵੱਡੇ ਵੱਡੇ ਵਾਲਾਂ ਵਾਲੀ ਉਹਦੀ ਫਕੀਰਾਂ ਵਰਗੀ ਫੋਟੋ ਸੀ। ਇਹਦੇ ਗੀਤ 'ਪੱਲੇ ਪਾ ਗਈਆਂ ਫਕੀਰੀ ਅੱਖਾਂ ਹੀਰ ਦੀਆਂ' ਤੇ 'ਅਸੀਂ ਕੱਲੇ ਰਹਿ ਗਏ, ਤੇਰਾ ਨੀ ਵਿਆਹ ਹੋ ਗਿਆ' ਚੱਲ ਗਏ। ਦੋ ਕੁ ਗੀਤ ਚੰਨ ਗੁਰਾਇਆਂ ਵਾਲੇ ਨੇ ਲਿਖੇ ਸਨ ਤੇ ਬਾਕੀ ਦੇਵ ਮਲਕੀਤ ਖਾਬਰਿਆਂ ਵਾਲਿਆਂ ਨੇ। ਇਸ ਤੋਂ ਬਾਅਦ ਕਈ ਵਰ੍ਹੇ ਉਹ ਪੰਜਾਬ ਵਿਚ ਘੱਟ, ਇੰਗਲੈਂਡ ਵਿਚ ਵੱਧ ਰਿਹਾ। ਘਰਾਂ ਅਤੇ ਮਿੱਤਰਾਂ-ਦੋਸਤਾਂ ਵਿਚ ਮਹਿਫਲਾਂ ਲਾਉਂਦਾ ਰਿਹਾ। ਇਨ੍ਹਾਂ ਦਿਨਾਂ ਵਿਚ ਹੀ ਮੈਂ ਸੰਗੀਤਕਾਰ ਚਰਨਜੀਤ ਆਹੂਜਾ ਨੂੰ ਕਈ ਵਾਰ ਕਿਹਾ ਕਿ ਹੰਸ ਨੂੰ ਕਿਉਂ ਨਹੀਂ ਰਿਕਾਰਡ ਕਰਦੇ? ਉਹਦਾ ਜੁਆਬ ਹਰ ਵਾਰ ਇਹੋ ਹੁੰਦਾ ਸੀ, "ਤੂੰ ਲੈ ਆ, ਮੈਂ ਰਿਕਾਰਡ ਕਰਾਂਗਾ, ਉਹ ਲੱਭਦਾ ਹੀ ਨਹੀਂ।" ਭੇਤ ਇਹ ਵੀ ਉਦੋਂ ਹੀ ਪਤਾ ਲੱਗਾ ਸੀ ਕਿ ਉਹਦਾ ਐਲ.ਪੀ., ਜਲੰਧਰ ਸਾਹਨੀ ਰੇਡੀਓ ਵਾਲਿਆਂ ਨੇ ਰਿਕਾਰਡ ਕਰਵਾਇਆ ਸੀ। ਇਹ ਗੱਲ ਉਨ੍ਹਾਂ ਦਿਨਾਂ ਦੀ ਵੀ ਕਹਿ ਸਕਦੇ ਹਾਂ, ਜਦੋਂ 'ਗੁਰੂ ਜੀ ਗੁਰੂ ਜੀ' ਸ਼ਬਦ ਗਾਇਕਾਂ ਨੇ ਹਾਲੇ ਨਵਾਂ ਨਵਾਂ ਚਰਨਜੀਤ ਅਹੂਜਾ ਦੇ ਨਾਂ ਨਾਲ ਜੋੜਨਾ ਸ਼ੁਰੂ ਕੀਤਾ ਸੀ।

ਮੈਂ ਅਖਬਾਰ ਵਿਚ ਗਾਇਕਾਂ ਤੇ ਢਾਡੀਆਂ ਬਾਰੇ ਲਿਖਣ ਲਈ ਕਾਫੀ ਸਰਗਰਮ ਹੋ ਗਿਆ ਸਾਂ, ਪਰ ਹੰਸ ਨਾਲ ਮੇਰਾ ਮੇਲ ਨਹੀਂ ਸੀ ਹੋ ਰਿਹਾ। ਅਚਾਨਕ 'ਸੁਰ ਸੱਜਣਾਂ ਦੀ' ਕਾਲਮ ਵੇਲੇ ਉਹਦੀ ਚੋਣ ਹੋ ਗਈ ਕਿ ਉਹਦੀ ਪਤਨੀ ਰੇਸ਼ਮਾ ਨਾਲ ਮੁਲਾਕਾਤ ਛਾਪੀ ਜਾਵੇ। ਨਿੱਘੀ ਧੁੱਪ ਤੇ 1989 ਦਾ ਫਰਵਰੀ ਮਹੀਨਾ। ਮੇਰਾ ਪਾਠਕ ਮਿੱਤਰ ਗੁਰਚਰਨ ਪੱਲੀ ਝਿੱਕੀ ਜਲੰਧਰ ਵਿਚ ਫੈਕਟਰੀ ਵਿਚ ਕੰਮ ਕਰਦਾ ਸੀ। ਗਾਇਕਾਂ ਨੂੰ ਮਿਲਣ ਦੇ ਸ਼ੌਕ ਵਿਚ ਉਹ ਮੈਨੂੰ ਪਠਾਨਕੋਟ ਚੌਕ ਤੋਂ ਆਪਣੇ ਸਾਈਕਲ 'ਤੇ ਬਿਠਾ ਕੇ ਸਫ਼ੀਪੁਰ ਤੱਕ ਅੱਠ-ਨੌਂ ਕਿਲੋਮੀਟਰ ਲੈ ਕੇ ਗਿਆ। ਦਿਲਚਸਪ ਗੱਲ ਇਹ ਸੀ ਕਿ ਸਾਈਕਲ ਨੂੰ ਕੈਰੀਅਰ ਵੀ ਨਹੀਂ ਸੀ ਤੇ ਮੂਹਰਲੇ ਡੰਡੇ 'ਤੇ ਬਹਿ ਕੇ ਜਾਣਾ ਪਿਆ ਸੀ।

ਪਿੰਡ ਵਿਚ ਘਰ ਦੀ ਬਾਹਰਲੀ ਬੈਠਕ ਸੋਹਣੀ ਸ਼ਿੰਗਾਰੀ ਹੋਈ ਸੀ। ਇਹ ਰੱਜ ਕੇ ਮਿਲਣ ਵਾਲੀ ਸਾਡੀ ਪਹਿਲੀ ਮੁਲਾਕਾਤ ਸੀ। ਬਤੀਆਂ ਗੱਲਾਂ ਹੋਈਆਂ। ਕਾਲਮ ਕਿਉਂਕਿ ਗਾਇਕਾਂ ਦੀਆਂ ਪਤਨੀਆਂ ਨਾਲ ਗੱਲਬਾਤ ਦਾ ਸੀ, ਰੇਸ਼ਮਾ ਨੂੰ ਹੰਸ ਨੇ ਪਿਛੇ ਜਾ ਕੇ ਸਿਰਫ਼ ਪਰਿਵਾਰ ਵਾਂਗ ਮਿਲਾਇਆ, ਸਵਾਲ-ਜਵਾਬ ਦਾ ਸਿਲਸਿਲਾ ਚੱਲ ਹੀ ਨਾ ਸਕਿਆ; ਤੇ ਇਹ ਗੱਲ ਮੈਂ ਮੰਨਦਾ ਹਾਂ ਕਿ ਇਹ ਮੁਲਾਕਾਤ ਤਾਂ ਛਪ ਗਈ, ਪਰ ਜਵਾਬ ਮਨਘੜਤ ਹੀ ਸਨ। ਇਹ ਉਹ ਦਿਨ ਸੀ ਜਿੰਦਣ ਉਹਨੇ ਮੈਨੂੰ ਬਲਦੇਵ ਮਸਤਾਨੇ ਦੇ ਸੰਗੀਤ ਵਾਲੀ ਕੈਸਿਟ 'ਵਾਰਿਸ ਪੰਜਾਬ ਦੇ' ਭੇਟ ਕੀਤੀ। ਇਸ ਵਿਚ ਗੀਤ ਸਨ, 'ਆਸ਼ਕਾਂ ਦੀ ਕਾਹਦੀ ਜ਼ਿੰਦਗੀ', 'ਖੇਤਿਆਂ ਨੂੰ ਲਈ ਜਾਂਦਾ ਏ, ਕੋਈ ਪੁੱਟ ਕੇ ਸਿਆਲੋਂ ਬੂਟਾ'। ਉਸ ਦਿਨ ਤੱਕ ਹੰਸ ਨੂੰ ਵੀ ਨਹੀਂ ਸੀ ਪਤਾ ਕਿ ਇਹ ਗੀਤ ਹਿੱਟ ਹੋਣਗੇ। ਹੰਸ ਵਪਾਰਕ ਗਵੱਈਆ ਵੀ ਇਥੋਂ ਹੀ ਬਣਿਆ। ਇਸ ਤੋਂ ਪਹਿਲਾਂ ਉਹ ਮਹਿਫਲਾਂ ਵਿਚ ਗਾਉਂਦਾ ਹੁੰਦਾ ਸੀ, 'ਕਿਥੇ ਕੱਟੇਂਗਾ ਰਾਤ ਵੇ ਟੁੱਟਿਆ ਤਾਰਿਆ' ਜਾਂ 'ਐਸੀ ਪਿਆਰ ਵਿਚ ਕਸੂਤੀ ਹਾਰ ਪੈ ਗਈ'।

1990 ਵਿਚ ਮੈਂ ਢਾਡੀ ਅਮਰ ਸਿੰਘ ਸ਼ੌਂਕੀ ਦੇ ਗੀਤਾਂ ਦੀ ਕੈਸਿਟ 'ਸੱਜਣਾਂ ਦੂਰ ਦਿਆ' ਰਿਲੀਜ਼ ਕੀਤੀ। ਇਹਦੇ ਵਿਚ 'ਫੜ੍ਹਾਂ ਫੋਕੀਆਂ ਬਥੇਰੇ ਲੋਕੀਂ ਮਾਰਦੇ' ਅਤੇ 'ਪੂਰਨ' ਵਾਲੇ ਗੀਤ ਹੰਸ ਦੇ ਸਨ। ਇਹ ਉਹੀ ਸਮਾਂ ਸੀ ਜਦੋਂ ਹੰਸ ਰਾਜ ਹੰਸ ਹਰ ਥਾਂ ਹੋਣ ਲੱਗ ਪਈ ਸੀ, ਪਰ ਅਜੇ ਨੇਰ੍ਹੀ ਨਹੀਂ ਸੀ ਚੜ੍ਹੀ।

ਸਬੱਬ ਇਹ ਬਣਿਆ ਕਿ ਹੰਸ ਨਾਲ ਫਿਰ ਚਰਨਜੀਤ ਅਹੂਜਾ ਦੇ ਹੱਥ ਘੁੱਟ ਕੇ ਜੁੜ ਗਏ। ਜਿਸ ਦਿਨ 'ਤੇਰਾ ਮੇਰਾ ਪਿਆਰ' ਕੈਸਿਟ ਟੀ-ਸੀਰੀਜ਼ ਨੇ ਰਿਲੀਜ਼ ਕੀਤੀ, ਮੈਂ ਤੇ ਸਰਦੂਲ ਸਿਕੰਦਰ ਲੁਧਿਆਣੇ ਹੀ ਸਾਂ। ਕਹਿਣ ਨੂੰ ਭਾਵੇਂ ਕਹੀ ਜਾਂਦੇ ਨੇ ਕਿ ਬੰਦੇ ਵਿਚ ਸ਼ਰੀਕਪੁਣਾ ਹੁੰਦੈ, ਪਰ ਉਸ ਦਿਨ ਸਰਦੂਲ ਕਹਿਣ ਲੱਗਾ, "ਹਰਜੀਤ ਭਾਜੀ ਗੁਲਮੋਹਰ ਹੋਟਲ ਵਿਚ ਠਹਿਰੇ ਹੋਏ ਹਨ, ਉਨ੍ਹਾਂ ਕੋਲ ਚੱਲਦੇ ਹਾਂ।" ਅਸਲ ਵਿਚ ਦੂਰਦਰਸ਼ਨ ਦਾ ਬਹੁ-ਚਰਚਿਤ ਪ੍ਰੋਗਰਾਮ 'ਰੌਣਕ ਮੇਲਾ' ਉਦੋਂ ਹਰਜੀਤ ਕੋਲ ਸੀ। ਇਹ ਕੈਸਿਟ ਅਸੀਂ ਭਦੌੜ ਹਾਉਸ ਸੁਣ ਕੇ ਗਏ ਸਾਂ। ਸਰਦੂਲ ਚਾਹੁੰਦਾ ਸੀ ਕਿ 'ਮੈਂ ਬੱਸਾਂ ਲੁਧਿਆਣੇ ਦੀਆਂ ਤੱਕਦਾ ਰਿਹਾ' ਗੀਤ ਚੱਲੇ, ਪਰ ਮੈਂ ਹਰਜੀਤ ਨੂੰ 'ਅੱਜ ਕੱਲ੍ਹ ਸੁਣਿਆ ਫਤੂਰ ਵਿਚ ਰਹਿੰਦੇ ਹੋ' ਗੀਤ 'ਰੌਣਕ ਮੇਲੇ' ਵਿਚ ਰਿਕਾਰਡ ਕਰਨ ਲਈ ਮਨਾ ਲਿਆ। ਹੰਸ ਨੂੰ ਸ਼ਾਇਦ ਇਨ੍ਹਾਂ ਸਾਰੀਆਂ ਗੱਲਾਂ ਦਾ ਹਾਲੇ ਤੱਕ ਵੀ ਇਲਮ ਨਾ ਹੋਵੇ, ਪਰ ਮੈਂ ਤੇ ਸਰਦੂਲ ਚਾਹੁੰਦੇ ਸਾਂ ਕਿ ਹੰਸ ਚੱਲੇ, ਉਹਦੇ ਅੰਦਰ ਵੱਡਾ ਗਵੱਈਆ ਬਣਨ ਵਾਲੇ ਗੁਣ ਹਨ। ਗੱਲ ਉਹੀ ਹੋਈ, ਗੀਤ 'ਰੌਣਕ ਮੇਲੇ' ਵਿਚ ਕਾਹਦਾ ਚੱਲਿਆ, ਹੰਸ ਨੇ ਪ੍ਰਸਿੱਧੀ ਦੇ ਸਾਰੇ ਬੈਰੀਕੇਡ ਤੋੜ ਦਿੱਤੇ।



*'ਅਜੀਤ' ਦੇ ਦਫ਼ਤਰ ਵਿਚ ਬਰਜਿੰਦਰ ਸਿੰਘ ਹਮਦਰਦ, ਅਮਰ ਨੂਰੀ, ਹੰਸ ਰਾਜ ਹੰਸ ਤੇ ਐਸ. ਅਸ਼ੋਕ ਭੌਰਾ।*

ਹੰਸ ਭਾਵੇਂ ਮੇਰੇ ਵਿਆਹ 'ਤੇ ਨਹੀਂ ਆਇਆ ਪਰ ਬਾਅਦ ਵਿਚ ਚਾਹੇ ਸ਼ਮਸ਼ੇਰ ਸੰਧੂ ਦੇ ਸਹੁਰੀਂ ਗੁਣਾਚੌਰ ਪ੍ਰੋਗਰਾਮ ਹੋਵੇ, ਚਾਹੇ ਮਜਾਰੇ ਰਾਜਾ ਸਾਹਿਬ ਦੇ, ਉਹ ਅੱਧੀ ਅੱਧੀ ਰਾਤੀਂ ਵੀ ਮੈਨੂੰ ਮੇਰੇ ਪਿੰਡ ਭੌਰੇ ਮਿਲ ਕੇ ਜਾਂਦਾ।

ਇਹ ਗੱਲ ਵੀ ਮੈਂ ਮਾਣ ਨਾਲ ਕਹਿੰਦਾ ਰਿਹਾ ਹਾਂ ਕਿ 1990, 91 ਤੇ 92 ਦੇ ਸ਼ੌਂਕੀ ਮੇਲੇ ਸਿਰਫ਼ ਹੰਸ ਦੇ ਨਾਮ ਰਹੇ। ਇਸ ਤੋਂ ਬਾਅਦ ਅਗਲੇ ਤਿੰਨ ਸਾਲ ਮੇਰੇ ਨਾਲ ਨਾਰਾਜ਼ਗੀਆਂ ਕਰ ਕੇ ਨਾ ਮੈਂ ਉਹਨੂੰ ਸੱਦਾ ਦਿੱਤਾ ਤੇ ਨਾ ਉਹ ਆਇਆ। ਉਹ ਉਦੋਂ ਆਇਆ ਜਦੋਂ 1996 ਵਿਚ ਦੋ ਮੇਲੇ ਲੱਗੇ। ਉਹ ਵਿਰੋਧੀਆਂ ਦੇ ਸੱਦੇ 'ਤੇ ਆਇਆ ਜ਼ਰੂਰ, ਪਰ ਗਾ ਨਹੀਂ ਸਕਿਆ, ਕਿਉਂਕਿ ਉਸੇ ਦਿਨ ਅਸੀਂ ਸਾਰੇ ਦਿਲਸ਼ਾਦ ਅਖਤਰ ਦੇ ਕਤਲ ਵਿਰੁੱਧ ਲੁਧਿਆਣੇ ਨਰਿੰਦਰ ਬੀਬਾ ਦੀ ਅਗਵਾਈ ਹੇਠ ਮੁਜ਼ਾਹਰੇ ਵਿਚ ਸ਼ਾਮਲ ਸਾਂ।

ਆਸਟਰੇਲੀਆ ਦੇ ਟੂਰ ਵਿਚ ਸਾਡੇ ਦਰਮਿਆਨ, ਅਖਬਾਰ ਵਿਚ ਕੰਮ ਕਰਦੇ ਇਕ ਕਰਿੰਦੇ ਨੇ ਫਿੱਕ ਪਾਈ। ਇਹ ਉਹੀ ਕਰਿੰਦਾ ਸੀ ਜੋ ਤੇਰਾਂ ਰੁਪਏ ਵੀਹ ਪੈਸੇ ਵਿਚ ਅਖਬਾਰੀ ਦਬਦਬੇ ਨਾਲ ਜਲੰਧਰ ਤੋਂ ਫਗਵਾੜੇ ਤੱਕ ਬੱਸ ਦਾ ਕਿਰਾਇਆ ਤੇ ਫਿਰ ਅਮਰੀਕਾ ਤੱਕ ਮੁਫ਼ਤ ਹੀ ਪੁੱਜ ਗਿਆ। ਲੋਕੀਂ ਤਾਂ ਪੈਸੇ ਦੇ ਕੇ ਬਾਹਰ ਜਾਂਦੇ ਹਨ, ਪਰ ਉਹ ਹੱਥ ਦੀ ਇੰਨੀ ਸਫ਼ਾਈ ਖੇਡ ਗਿਆ ਕਿ ਉਹਨੂੰ ਆਸਟਰੇਲੀਆ ਨਾਲ ਜਾਣ ਦੇ ਪੈਸੇ ਵੀ ਅਸੀਂ ਦਿੱਤੇ। ਮੌਸਮ ਦੀ ਖਰਾਬੀ ਕਰ ਕੇ ਅੱਠ ਘੰਟੇ ਲੇਟ ਫਲਾਈਟ ਦੀ ਉਡੀਕ ਅਸੀਂ ਸਾਰਿਆਂ ਨੇ ਹੇਠਾਂ ਸੌਂ ਕੇ ਕੀਤੀ। ਜਹਾਜ਼ ਵਿਚ ਲੰਮਾ ਸਫ਼ਰ ਮੈਂ ਤੇ ਹੰਸ ਨੇ ਨਾਲੋ ਨਾਲ ਸੀਟਾਂ 'ਤੇ ਬਹਿ ਕੇ ਗੱਲਾਂ ਨਾਲ ਤੈਅ ਕੀਤਾ। ਆਉਣ ਤੱਕ ਸਭ ਠੀਕ ਸੀ ਤੇ ਉਹ ਸ਼ੌਂਕੀ ਮੇਲੇ 'ਤੇ ਗਾਉਣ ਵੀ ਆਇਆ ਸੀ ਪਰ ਫਿਰ ਤੜੱਕ ਤੜੱਕ ਹੋ ਗਈ। ਉਹ ਨੂਰਪੁਰੀ ਮੇਲੇ 'ਤੇ ਫਗਵਾੜੇ ਗਾਉਂਦਿਆਂ ਮੈਨੂੰ ਸਾਹਮਣੇ ਬੈਠਾ ਦੇਖ ਕੇ ਸ਼ਾਇਰੀ ਵਿਚ ਵੀ ਹੁੱਝਾਂ ਮਾਰਦਾ ਰਿਹਾ।

ਨਾਰਾਜ਼ਗੀ ਦੀ ਕੰਧ ਪੈਣ ਤੋਂ ਬਾਅਦ ਦਿਲਚਸਪ ਘਟਨਾ ਇਹ ਵਾਪਰੀ ਕਿ ਜਲੰਧਰ ਇਕ ਪੈਲੇਸ ਵਿਚ ਮਨਮੋਹਨ ਵਾਰਸ ਦੇ ਵਿਆਹ ਦੀ ਰਿਸੈਪਸ਼ਨ ਉਤੇ ਪਹਿਲੀ ਕਤਾਰ ਵਿਚ ਭਾਜੀ ਬਰਜਿੰਦਰ ਸਿੰਘ, ਨਾਲ ਹੰਸ ਰਾਜ ਹੰਸ ਤੇ ਇਕ ਪਾਸੇ ਮੈਂ। ਅਸੀਂ ਸਿਰਫ਼ ਰਸਮੀ ਹੱਥ ਮਿਲਾਇਆ। ਸਟੇਜ ਉਤੇ ਜਦੋਂ ਚੰਡੀਗੜ੍ਹੀਆ ਹਰਦੀਪ ਗਾਉਣ ਲੱਗਾ ਤਾਂ ਉਸ 'ਤੇ ਪੈਸੇ ਸੁੱਟਣ ਗਏ ਹੰਸ ਦੀ ਜੇਬ ਵਿਚੋਂ ਪੰਜ ਹਜ਼ਾਰ ਦੀ ਦੱਥੀ ਨੋਟਾਂ ਦੀ ਡਿੱਗ ਪਈ। ਉਹਨੂੰ ਕੋਈ ਪਤਾ ਨਹੀਂ ਸੀ, ਮੁੜਦਿਆਂ ਮੈਂ ਖੜ੍ਹ ਕੇ ਦੋਵੇਂ ਹੱਥਾਂ ਨਾਲ ਉਹਨੂੰ ਨੋਟ ਫੜਾ ਕੇ ਕਿਹਾ, "ਇਹ ਤੇਰੀ ਜੇਬ ਵਿਚੋਂ ਡਿੱਗ ਪਏ ਸਨ।" ਉਹ ਹੱਸ ਪਿਆ ਤੇ ਜੱਫੀ ਪਾ ਕੇ ਕਹਿਣ ਲੱਗਾ, "ਵੇਖ ਲੈ ਆਪਣੀ ਸਾਂਝ ਟੁੱਟੀ ਨਹੀਂ।"

ਹੰਸ ਦਾ ਵਿਰਸੇ ਵਾਲਾ ਘਰ ਵੀ ਅਸੀਂ ਵੇਖਿਆ। 'ਅਜੀਤ' ਦੇ ਸਮਾਚਾਰ ਸੰਪਾਦਕ ਰਾਜਿੰਦਰ ਰਾਜਨ ਦੇ ਬੇਟੇ ਦੇ ਵਿਆਹ 'ਤੇ ਸਰਦੂਲ, ਨੂਰੀ ਸਮੇਤ ਮੈਂ ਕਈ ਗਾਇਕਾਂ ਨੂੰ ਲੈ ਕੇ ਆਇਆ। ਨੇੜੇ ਹੋਣੇ ਅਸੀਂ ਉਹਦੇ ਘਰ ਗਏ ਤੇ ਜਿਹੜੀ ਹੁਣ ਕੋਠੀ ਪਿੰਡ ਬਣੀ ਹੈ, ਉਸ ਦਿਨ ਉਸ ਨੇ ਬੈਟਰੀਆਂ ਮਾਰ ਕੇ ਨੀਂਹਾਂ ਪੁੱਟਣ ਲਈ ਪਾਈ ਸਫ਼ੈਦੀ ਦੇ ਨਿਸ਼ਾਨ ਦਿਖਾਏ। ਫਿਰ ਉਦੋਂ ਵੀ ਗਏ ਜਦੋਂ ਨੂਰੀ, ਮੈਂ ਤੇ ਨੂਰੀ ਦਾ ਬਾਪੂ ਰੌਸ਼ਨ ਸਾਗਰ ਇਕੱਠੇ ਸਾਂ। ਇਸ ਕੋਠੀ ਨੂੰ ਪਲਸਤਰ ਤਾਂ ਹੋ ਗਿਆ ਸੀ, ਰੰਗ ਅਜੇ ਹੋਣਾ ਸੀ।



*ਹੰਸ ਰਾਜ ਹੰਸ ਤੇ ਐਸ. ਅਸ਼ੋਕ ਭੌਰਾ 1991 ਵਿਚ ਵਿਆਨਾ ਏਅਰਪੋਰਟ 'ਤੇ।*

ਫਿਰ ਦਿਨ ਬਦਲਦੇ ਗਏ, ਉਹਨੇ ਊਧਮ ਸਿੰਘ ਨਗਰ ਵਿਚ ਵੱਡਾ ਘਰ ਲਿਆ। ਫਿਰ ਉਥੇ ਦਫ਼ਤਰ ਬਣ ਗਿਆ, ਫਿਰ ਜਲੰਧਰ ਵਿਚ ਹੋਰ ਵੱਡਾ ਘਰ ਅਤੇ ਹੁਣ ਵਾਲਾ ਮਹਿਲ ਵੀ ਜਿਹੜਾ ਪਹਿਲਾਂ ਲਵਲੀ ਸਵੀਟਸ ਵਾਲਿਆਂ ਦਾ ਸੀ। ਉਥੇ ਮੈਂ ਇਕ ਵਾਰ ਹੀ ਗਿਆ। ਕਦੋਂ ਭਲਾ?... ਸਾਲ 2007 ਮੈਂ ਅਤੇ ਹਰਨੇਕ ਲੱਲੀ ਨੇ ਜਲੰਧਰ ਦੂਰਦਰਸ਼ਨ ਤੋਂ ਨਵੇਂ ਸਾਲ ਦਾ ਪ੍ਰੋਗਰਾਮ ਪੂਰੇ ਬਾਰਾਂ ਲੱਖ ਵਿਚ ਖਰੀਦ ਲਿਆ। ਨਾਂ ਪ੍ਰੋਗਰਾਮ ਦਾ ਰੱਖਿਆ 'ਛਣਕਾਟਾ ਪੈਂਦਾ ਗਲੀ ਗਲੀ।' ਨਕੋਦਰ ਨੂਰ ਮਹਿਲ ਰੋਡ 'ਤੇ ਇਕ ਪੈਲੇਸ ਵਿਚ ਸੈਟ ਲਾ ਲਿਆ। ਸ਼ੂਟਿੰਗ ਦੌਰਾਨ ਮਹਾਂਭਾਰਤ ਵਰਗੀ ਲੜਾਈ ਹੋ ਗਈ। ਸ਼ਮਾਰੂ ਕੰਪਨੀ ਨਾਲ ਡੀ.ਵੀ.ਡੀ. ਤੇ ਆਡੀਓ ਰਿਲੀਜ਼ ਕਰਨ ਦੀ ਗੱਲ ਚੱਲ ਰਹੀ ਸੀ। ਉਨ੍ਹਾਂ ਸ਼ਰਤ ਰੱਖੀ ਸੀ ਕਿ ਕਮਰਸ਼ੀਅਲ ਵੈਲਿਊ ਲਈ ਹੰਸ ਨੂੰ ਸ਼ਾਮਲ ਕਰੋ। ਅੱਧਿਓਂ ਵੱਧ ਪ੍ਰੋਗਰਾਮ ਨਿੱਬੜ ਗਿਆ ਸੀ, ਮੈਂ ਨਾ ਤਾਂ ਹੰਸ ਨੂੰ ਕਹਾਂ, ਕਿ ਉਹਨੇ ਕਹਿਣਾ, ਪਹਿਲਾਂ ਕਿਥੇ ਗਿਆ ਸੀ? ਖੈਰ! ਵਿਚੋਲਾ ਦੂਰਦਰਸ਼ਨ ਵਾਲਾ ਬੰਗਾ ਬਣ ਗਿਆ ਤੇ ਅਸੀਂ ਲੱਖ ਰੁਪਿਆ ਇਕ ਗੀਤ ਦਾ ਹੰਸ ਨੂੰ ਦਿੱਤਾ ਤੇ ਸ਼ੂਟਿੰਗ ਨਿੱਕੂ ਪਾਰਕ ਵਿਚ ਕੀਤੀ। ਹੰਸ ਲੜਾਈ ਵਾਲੇ ਸੈਟ ਉਤੇ ਜਾਣ ਲਈ ਨਾ ਮੰਨਿਆ, ਇਸੇ ਲਈ 'ਛਣਕਾਟਾ ਪੈਂਦਾ ਗਲੀ ਗਲੀ' ਦਾ ਇਕੋ-ਇਕ ਹੰਸ ਵਾਲਾ ਗੀਤ ਹੀ ਸੀ ਜੋ ਸੈਟ 'ਤੇ ਨਹੀਂ ਸੀ ਫਿਲਮਾਇਆ ਗਿਆ।

'ਅਜੀਤ' ਦੇ ਦਫ਼ਤਰ ਵਿਚ ਪਹਿਲੀ ਵਾਰ ਹੰਸ ਨੂੰ ਮੈਂ ਲੈ ਕੇ ਗਿਆ, ਭਾਜੀ ਬਰਜਿੰਦਰ ਸਿੰਘ ਨੂੰ ਮੈਂ ਹੀ ਮਿਲਾਇਆ, ਉਹਦੇ ਬਾਰੇ ਬਹੁਤਾ ਤੇ ਚੰਗਾ ਲਿਖਿਆ। ਉਹ ਮੇਰਾ ਕਹਿਣਾ ਮੰਨਦਾ ਰਿਹਾ, ਮੇਰੇ ਸੱਦੇ 'ਤੇ ਹਰ ਥਾਂ ਪਹੁੰਚਦਾ ਰਿਹਾ। ਉਹ ਆਪਣੇ ਕੈਰੀਅਰ ਵਿਚ ਮੇਰਾ ਯੋਗਦਾਨ ਮੰਨੇ ਜਾਂ ਨਾ, ਪਰ ਜਦੋਂ ਹਰਜੀਤ ਨੇ ਉਹਨੂੰ 'ਵਿਸਾਖੀ' ਫਿਲਮ ਵਿਚ ਲਿਆ, ਰੰਗ ਬਹੁਤੇ ਅਖ਼ਬਾਰੀ ਮੈਂ ਹੀ ਭਰੇ, ਪਰ ਸਾਡੀ ਖਿੱਚੋਤਾਣ ਬਣੀ ਹੀ ਰਹੀ। ਕਈ ਵਾਰੀ ਵਿਟਰੇ ਰਹੇ, ਟੁੱਟ-ਭੱਜ ਹੁੰਦੀ ਰਹੀ, ਪਰ 'ਜੋਗੀਆਂ ਦੇ ਕੰਨਾਂ ਵਿਚ' ਤੋਂ ਪਦਮਸ੍ਰੀ ਤੱਕ ਦਾ ਸਾਰਾ ਸਫਰ ਨਾਲੋ ਨਾਲ ਲੰਘਿਆ। ਸੱਚ ਇਹ ਵੀ ਹੈ ਕਿ ਅਸੀਂ ਨਾਰਾਜ਼ ਹੋ ਕੇ ਵੀ ਲੋਕਾਂ ਕੋਲ ਇਕ ਦੂਜੇ ਖਿਲਾਫ਼ ਕੁਝ ਵੀ ਨਹੀਂ ਬੋਲੇ।

'ਧੁੱਪ ਰਹਿਣੀ ਨਾ ਛਾਂ ਬੰਦਿਆ' ਹਾਲਾਂਕਿ ਸ਼ਮਸ਼ੇਰ ਸੰਧੂ ਦਾ ਲਿਖਿਆ ਹੰਸ ਦਾ ਹਿੱਟ ਗੀਤ

(ਬਾਕੀ ਸਫਾ 33 ਉਤੇ)

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਗੁੰਗੀ ਦੇ ਵੈਣ

ਇਹ ਚਾਲ ਸਮੇਂ ਦੀ ਕਹਿੰਦੀ ਆ, ਕੋਈ ਆਪਾਂ ਵੀ ਵਲ ਛਲ ਕਰੀਏ।
ਪਰ ਦਿਲ ਆਖਦਾ ਇਹ ਚੰਦਰਾ, ਨਹੀਂ! ਬੰਦਿਆਂ ਵਾਲੀ ਗੱਲ ਕਰੀਏ।
ਜੇ ਹਾਲੇ ਮਨੁੱਖਤਾ ਜਿਉਂਦੀ ਹੈ, ਕੁਝ ਬਰਕਤਾਂ ਨੇ ਇਮਾਨ ਦੀਆਂ।
ਇਹ ਬੇਈਮਾਨ ਤਾਂ ਚਾਹੁੰਦੇ ਨੇ, ਹਰ ਪਾਸੇ ਹੀ ਜਲ ਥਲ ਕਰੀਏ।
ਜੇ ਰੋਜ਼ ਹੀ ਮਰਨਾ ਪੈਂਦਾ ਹੈ, ਤੇ ਜਿਉਣ ਦਾ ਕੋਈ ਰਸਤਾ ਨਹੀਂ।
ਇਹ ਬਿਨ ਮਰਜ਼ੋਂ ਹੀ ਮਰਨੇ ਦਾ, ਕੋਈ ਆਖਰ ਨੂੰ ਤਾਂ ਹੱਲ ਕਰੀਏ।
ਇਹ ਲੋਕ ਦੁਹਾਈਆਂ ਤਾਂ ਦੇਂਦੇ, ਚਹੁੰ ਪਾਸੀਂ ਜ਼ਖ਼ਮ ਅਵੱਲੇ ਨੇ।
ਇਹ ਕਾਫਰ ਕਾਹਤੋਂ ਕਾਬਜ਼ ਨੇ, ਕੋਈ ਹਾਜੀ ਮੱਕੇ ਵੱਲ ਕਰੀਏ।
ਬੋਲੇ ਤੋਂ ਅੰਨ੍ਹੀਂ ਮੂਹਰੇ ਹੈ, 'ਤੇ ਵੈਣ ਪਵਾਉਂਦੇ ਗੁੰਗੀ ਤੋਂ।
ਵਿਹਲੜ ਵੀ ਰੁੱਝੇ ਦੱਸਦੇ ਨੇ, ਜੇ ਗੱਲ ਕਰੀਏ ਕਿਸ ਪਲ ਕਰੀਏ।
ਇਹ ਚੁੱਪ ਬੁਰੀ ਕੁਝ ਕਹਿਣੇ ਤੋਂ, ਚੁਪ ਰਹਿ ਕੇ 'ਭੌਰੇ' ਸਰਨਾ ਨਹੀਂ।
ਗੱਲ ਆਖਰ ਕਰਨੀ ਪੈਣੀ ਐ, ਭਾਵੇਂ ਅੱਜ ਕਰੀਏ ਭਾਵੇਂ ਕੱਲ੍ਹ ਕਰੀਏ।

ਵਿਚਾਰ-ਚਰਚਾ

# ਗੁਰੁਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖਾਂ ਵਿਚ ਅਸੀਂ ਸ਼ਬਦ ਗੁਰੂ ਦੀ ਗੱਲ ਕੀਤੀ ਸੀ ਕਿ ਗੁਰੂ ਨਾਨਕ ਸਾਹਿਬ ਅਨੁਸਾਰ ਉਨ੍ਹਾਂ ਦਾ ਗੁਰੂ ਸ਼ਬਦ ਹੈ ਅਤੇ ਸ਼ਬਦ ਅਕਾਲ ਪੁਰਖ ਦਾ ਰੂਪ ਹੋ ਕੇ ਸਭ ਵਿਚ ਵਿਚਰ ਰਿਹਾ ਹੈ, ਸ਼ਬਦ ਹੀ ਗੁਰੂ ਹੈ। ਇਸ ਲੇਖ ਵਿਚ ਅਸੀਂ ਸਿੱਖ ਧਰਮ ਵਿਚ ਸੰਗਤ ਦੇ ਸੰਕਲਪ ਨੂੰ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿਉਂਕਿ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਦੀ ਸਿੱਧਾਂ ਨਾਲ ਵਿਚਾਰ ਚਰਚਾ ਦੇ ਸਬੰਧ ਵਿਚ ਅਕਾਲ ਪੁਰਖ, ਸੰਗਤ ਅਤੇ ਬਾਣੀ ਦੇ ਓਟ ਆਸਰੇ ਦਾ ਹਵਾਲਾ ਦਿੱਤਾ ਮਿਲਦਾ ਹੈ।

'ਸਿਧ ਗੋਸਟਿ' ਗੁਰੂ ਨਾਨਕ ਸਾਹਿਬ ਦੇ ਸਿੱਧਾਂ ਨਾਲ ਸਿਧਾਂਤਕ ਵਾਰਤਾਲਾਪ 'ਤੇ ਆਧਾਰਤ ਬਾਣੀ ਹੈ। ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਪ੍ਰਾਪਤ ਭਾਰਤ ਵਿਚਲੀਆਂ ਧਾਰਮਕ ਪਰਿਪਾਟੀਆਂ ਏਕਾਂਤਕ ਹਨ ਅਤੇ ਅਧਿਆਤਮਕ ਪ੍ਰਾਪਤੀ ਲਈ ਸਮਾਜ ਤੋਂ ਦੂਰ ਰਹਿ ਕੇ ਕਠਿਨ ਤਪੱਸਿਆ ਦੀ ਸਿਫਾਰਸ਼ ਕਰਦੀਆਂ ਹਨ। ਸਿੱਧਾਂ ਅਤੇ ਯੋਗੀਆਂ ਦਾ ਤਾਂ ਸਾਰਾ ਜੀਵਨ ਹੀ ਏਕਾਂਤਕ ਹੈ ਜਿਸ ਵਿਚ ਸੰਸਾਰ ਜਾਂ ਪਰਿਵਾਰ ਨਾਲ ਕੋਈ ਸਬੰਧ ਨਹੀਂ ਰੱਖਿਆ ਜਾਂਦਾ।

ਵਾਰਤਾਲਾਪ ਕਰਦਿਆਂ ਸਿੱਧ-ਜੋਗੀ ਆਪਣੇ ਮਾਰਗ ਬਾਰੇ ਸਪੱਸ਼ਟ ਕਰਦੇ ਹਨ ਕਿ ਉਹ ਦੁਨੀਆਂਦਾਰੀ, ਇਸ ਦੇ ਮੇਲਿਆਂ-ਝਮੇਲਿਆਂ ਤੋਂ ਦੂਰ ਜੰਗਲਾਂ ਵਿਚ ਵੱਖਰੇ ਰਹਿੰਦੇ ਹਨ, ਰੁੱਖਾਂ-ਬਿਰਖਾਂ ਨੂੰ ਆਪਣਾ ਆਸਰਾ ਬਣਾਉਂਦੇ ਹਨ ਅਤੇ ਕੰਦ-ਮੂਲ ਖਾ ਕੇ ਆਪਣਾ ਗੁਜ਼ਾਰਾ ਕਰਦੇ ਹਨ। ਤੀਰਥਾਂ ਦਾ ਇਸ਼ਨਾਨ ਕਰਕੇ ਸੁਖ-ਫਲ ਪ੍ਰਾਪਤ ਕਰਦੇ ਹਨ।

ਗੁਰੂ ਨਾਨਕ ਇਸ ਦਾ ਉਤਰ ਦਿੰਦੇ ਹਨ ਕਿ ਅਸਲੀ ਜੋਗ ਜਾਂ ਰੱਬ ਨਾਲ ਇਕਸੁਰਤਾ ਇਹ ਹੈ ਕਿ ਸੰਸਾਰਕ ਧੰਦੇ ਕਰਦਾ ਹੋਇਆ ਵੀ ਮਨੁੱਖ ਉਨ੍ਹਾਂ ਵਿਚ ਮਸਰੂਫ ਹੋ ਕੇ ਸਿਰਜਣਹਾਰ ਨੂੰ ਭੁੱਲ ਨਾ ਜਾਵੇ, ਦੂਸਰਿਆਂ ਦੇ ਘਰ ਵਿਚ ਆਪਣੇ ਮਨ ਨੂੰ ਡੋਲਣ ਨਾ ਦੇਵੇ। ਉਸ ਇੱਕ ਅਕਾਲ ਪੁਰਖ ਦੇ ਨਾਮ ਤੋਂ ਬਿਨਾ ਮਨ ਟਿਕਾਉ ਵਿਚ ਨਹੀਂ ਆਉਂਦਾ। ਸਤਿਗੁਰੂ ਨੇ ਘਰ ਵਿਚ ਰਹਿ ਕੇ ਹੀ ਟਿਕਾਣਾ ਦਿਖਾ ਦਿੱਤਾ ਹੈ। ਮਨੁੱਖ ਸੰਸਾਰਕ ਧੰਦਿਆਂ ਵਿਚ ਪੈ ਕੇ ਵੀ ਅਡੋਲ ਰਹਿ ਸਕਦਾ ਹੈ, ਆਪਣੇ ਜੀਵਨ ਨੂੰ ਸੰਜਮ ਵਿਚ ਰੱਖ ਕੇ ਨਾਮ-ਮਾਰਗ 'ਤੇ ਚੱਲ ਸਕਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਧਰਮ ਨੂੰ ਏਕਾਂਤਕਤਾ ਅਤੇ ਕਰਮ-ਕਾਂਡ ਨਾਲੋਂ ਤੋੜ ਕੇ ਸਮਾਜਕ ਜੀਵਨ ਨਾਲ ਜੋੜਿਆ ਅਤੇ ਨਾਮ ਦੀ ਪ੍ਰਾਪਤੀ ਲਈ ਏਕਾਂਤਕਤਾ ਦੀ ਥਾਂ ਸੰਗਤੀ ਮਾਡਲ ਦਿੱਤਾ।

ਗੁਰਮਤਿ ਅਨੁਸਾਰ ਮਨੁੱਖ ਦੇ ਸਾਹਮਣੇ ਜੋ ਆਦਰਸ਼ ਹੈ, ਉਹ ਅਕਾਲ ਪੁਰਖ ਦੇ ਗੁਣਾਂ ਦਾ ਸਿਮਰਨ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਅੰਦਰ ਵਸਾ ਕੇ ਆਪਣੇ ਆਪ ਨੂੰ ਉਨ੍ਹਾਂ ਗੁਣਾਂ ਦਾ ਧਾਰਨੀ ਬਣਾਉਣਾ ਹੈ। ਉਸ ਦੇ ਗੁਣਾਂ ਦਾ ਸਿਮਰਨ ਹੀ ਉਸ ਦੇ ਨਾਮ ਦਾ ਸਿਮਰਨ ਹੈ। ਇਸੇ ਪਦ ਦੀ ਪ੍ਰਾਪਤੀ ਨੂੰ ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ 'ਸਚਿਆਰ' ਹੋਣਾ ਕਿਹਾ ਹੈ ਅਤੇ ਇਸੇ ਨੂੰ ਗੁਰਮਤਿ ਵਿਚ ਗੁਰਮੁਖ, ਬ੍ਰਹਮਗਿਆਨੀ ਆਦਿ ਵੀ ਕਿਹਾ ਗਿਆ ਹੈ। ਹਉਮੈ ਸਚਿਆਰ ਪਦ ਦੀ ਪ੍ਰਾਪਤੀ ਦੇ ਰਸਤੇ ਦਾ ਰੋੜਾ ਹੈ ਜਿਸ ਨੂੰ ਸੰਗਤ ਵਿਚ ਜਾ ਕੇ ਨਾਮ ਸਿਮਰਨ ਰਾਹੀਂ, ਉਸ ਦੇ ਗੁਣਾਂ ਦਾ ਗਾਇਨ ਕਰਕੇ ਦੂਰ ਕੀਤਾ ਜਾ ਸਕਦਾ ਹੈ। ਨਿਰਮਲ ਮਨ ਵਿਚ ਹੀ ਉਸ ਦੇ ਨਾਮ ਦਾ ਵਾਸ ਹੁੰਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਅਜਿਹੇ ਵਿਕਾਰ ਹਨ ਜੋ ਮਨੁੱਖ ਦੇ ਮਨ ਨੂੰ ਮੈਲਾ ਕਰਦੇ ਹਨ। ਏਕਾਂਤ ਵਿਚ ਤਪੱਸਿਆ ਅਤੇ ਹਠ ਜੋਗ ਆਦਿ ਰਾਹੀਂ ਇਨ੍ਹਾਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਗੁਰਮਤਿ ਅਨੁਸਾਰ ਇਨ੍ਹਾਂ ਨੂੰ ਮਾਰਨਾ ਸੰਭਵ ਨਹੀਂ ਹੈ ਪਰ ਮਨੁੱਖ ਇਨ੍ਹਾਂ ਨੂੰ ਕਾਬੂ ਕਰਕੇ ਸਹੀ ਦਿਸ਼ਾ ਵਿਚ ਸੇਧ ਸਕਦਾ ਹੈ। ਇਸ ਲਈ ਸਮਾਜ ਤੋਂ ਭੱਜਣ ਦੀ ਜ਼ਰੂਰਤ ਨਹੀਂ ਹੈ ਅਤੇ ਸਮਾਜ 'ਚ ਰਹਿੰਦਿਆਂ ਸੰਸਾਰਕ ਜੀਵਨ ਬਸਰ ਕਰਦਿਆਂ ਹੀ ਇਨ੍ਹਾਂ ਨੂੰ ਸਹੀ ਦਿਸ਼ਾ ਵਿਚ ਸੇਧਿਆ ਜਾ ਸਕਦਾ ਹੈ ਤੇ ਮਨੁੱਖ ਇਨ੍ਹਾਂ 'ਤੇ ਕਾਬੂ ਪਾ ਸਕਦਾ ਹੈ। ਸੰਗਤ ਇਸ ਲਈ ਸਭ ਤੋਂ ਕਾਰਗਰ ਮਾਧਿਅਮ ਹੈ।

ਸਿਰੀ ਰਾਗੁ ਵਿਚ ਗੁਰੂ ਨਾਨਕ ਦੇਵ ਮਨੁੱਖ ਨੂੰ ਗੁਰੂ ਦੀ ਮਤ ਅਨੁਸਾਰ ਚੱਲ ਕੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਲਈ ਕਹਿੰਦੇ ਹਨ ਕਿਉਂਕਿ ਜਦੋਂ ਮਨੁੱਖ ਆਪਣੇ ਮਨ ਨੂੰ ਸਿਮਰਨ ਦੀ ਕਸਵੱਟੀ ਉਤੇ ਲਾਉਂਦਾ ਹੈ ਤਾਂ ਉਹ ਤੋਲ ਵਿਚ ਪੂਰਾ ਉਤਰਦਾ ਹੈ। ਨਾਮ ਸਿਮਰਨ ਰਾਹੀਂ ਮਨੁੱਖੀ ਹਿਰਦਾ ਅਨਮੋਲ ਹੋ ਜਾਂਦਾ ਹੈ, ਜਿਸ ਦਾ ਮੁੱਲ ਪਾ ਸਕਣਾ ਮੁਸ਼ਕਿਲ ਹੈ। ਇਹ ਕੀਮਤੀ ਨਾਮ ਜਿਸ ਦੇ ਸਿਮਰਨ ਨਾਲ ਹਿਰਦਾ ਨਿਰਮਲ ਅਤੇ ਅਮੋਲ ਹੋ ਜਾਂਦਾ ਹੈ, ਗੁਰੂ ਪਾਸ ਹੈ ਅਤੇ ਗੁਰੂ ਸਤਿਸੰਗਤ ਵਿਚ ਮਿਲਦਾ ਹੈ। ਇਸ ਲਈ ਸਤਿਸੰਗਤ ਵਿਚ ਜਾ ਕੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਅਕਾਲ ਪੁਰਖ ਦੇ ਗੁਣਾਂ ਦਾ ਦਿਨ-ਰਾਤ ਗਾਇਨ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ,

ਭਾਈ ਰੇ ਹਰਿ ਹੀਰਾ ਗੁਰ ਮਾਹਿ॥
ਸਤਸੰਗਤਿ ਸਤਗੁਰੁ ਪਾਈਐ
ਅਹਿਨਿਸਿ ਸਬਦਿ ਸਲਾਹਿ॥੧॥ਰਹਾਉ॥
(ਪੰਨਾ 22)

ਗੁਰੂ ਨਾਨਕ ਸਾਹਿਬ ਆਪਣੇ ਮਨ ਨੂੰ ਸਮਝਾਉਂਦੇ ਹਨ ਕਿ ਇਹ ਮਨੁੱਖਾ ਜਨਮ ਉਸ ਅਕਾਲ ਪੁਰਖ ਨੂੰ ਮਿਲਣ ਦਾ ਵੇਲਾ ਹੈ। ਜਦੋਂ ਤੱਕ ਸਾਹ ਆ ਰਿਹਾ ਹੈ, ਉਦੋਂ ਤੱਕ ਹੀ ਇਹ ਸਰੀਰ ਕੰਮ ਆ ਰਿਹਾ ਹੈ, ਉਸ ਪਿੱਛੋਂ ਇਸ ਨੇ ਬੇਕਾਰ ਹੋ ਜਾਣਾ ਹੈ। ਗੁਣਾਂ ਤੋਂ ਵਿਹੂਣਾ ਇਹ ਸਰੀਰ ਕਿਸੇ ਕੰਮ ਨਹੀਂ ਆਉਣਾ। ਇਸ ਲਈ ਹੇ ਮਨ! ਤੂੰ ਇਸ ਸਮੇਂ ਦਾ ਲਾਹਾ ਲੈ ਅਤੇ ਗੁਰੂ ਦੀ ਸਿੱਖਿਆ ਰਾਹੀਂ ਉਸ ਦਾ ਨਾਮ ਸਿਮਰ, ਗੁਣਾਂ ਦਾ ਗਾਇਨ ਕਰ ਜਿਸ ਨਾਲ ਹਉਮੈ ਰੋਗ ਦੂਰ ਹੋ ਜਾਵੇ। ਪੁਸਤਕਾਂ ਲਿਖ ਲਿਖ ਕੇ, ਪੜ੍ਹ ਪੜ੍ਹ ਕੇ, ਕਥਾ ਕਹਾਣੀਆਂ ਸੁਣ ਕੇ ਵੀ ਤ੍ਰਿਸ਼ਨਾ ਦਾ ਰੋਗ ਦੂਰ ਨਹੀਂ ਹੁੰਦਾ। ਉਸ ਅਕਾਲ ਪੁਰਖ ਦੇ ਗੁਣਾਂ ਦੀ ਸਹੀ ਕੀਮਤ ਗੁਰੂ ਦੀ ਸਿੱਖਿਆ ਨਾਲ ਲੱਭਦੀ ਹੈ। ਗੁਰੂ ਦੀ ਸਿੱਖਿਆ ਸਤਿਸੰਗਤ ਵਿਚੋਂ ਮਿਲਣੀ ਹੈ।

ਗੁਰੂ ਨਾਨਕ ਸਾਹਿਬ ਅਨੁਸਾਰ ਸਿਆਣਪਾਂ, ਚਤੁਰਾਈਆਂ, ਲੱਖਾਂ ਬੰਦਿਆਂ ਨਾਲ ਪ੍ਰੀਤ ਕਰਨ 'ਤੇ ਵੀ ਅੰਦਰਲੀ ਤ੍ਰਿਸ਼ਨਾ ਮੁੱਕਦੀ ਨਹੀਂ, ਨਾਮ ਤੋਂ ਬਿਨਾ ਦੁੱਖ ਅਤੇ ਸੰਤਾਪ ਦੂਰ ਨਹੀਂ ਹੁੰਦਾ ਅਤੇ ਇਹ ਸਿਰਫ ਗੁਰੂ ਦੀ ਸੰਗਤ ਕਰਨ ਨਾਲ ਮੁੱਕਦੀ ਹੈ ਅਤੇ ਗੁਰੂ ਦੀ ਸੰਗਤ ਵਿਚ ਜਾ ਕੇ ਹੀ ਤ੍ਰਿਸ਼ਨਾ ਮੁੱਕਦੀ ਹੈ। ਪਰਮਾਤਮਾ ਦੇ ਨਾਮ ਸਿਮਰਨ ਨਾਲ ਹੀ ਇਨ੍ਹਾਂ ਰੋਗਾਂ ਤੋਂ ਛੁਟਕਾਰਾ ਹੁੰਦਾ ਹੈ ਅਤੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਮਨੁੱਖ ਆਪਣੇ ਆਪ ਨੂੰ ਸਮਝਦਾ ਹੈ,

ਲਖ ਸਿਆਣਪ ਜੇ ਕਰੀ
ਲਖ ਸਿਉ ਪ੍ਰੀਤਿ ਮਿਲਾਪੁ॥
ਬਿਨੁ ਸੰਗਤਿ ਸਾਧ ਨ ਧ੍ਰਾਪੀਆ
ਬਿਨੁ ਨਾਵੈ ਦੂਖ ਸੰਤਾਪੁ॥
ਹਰਿ ਜਪਿ ਜੀਅਰੇ ਛੁਟੀਐ
ਗੁਰਮੁਖਿ ਚੀਨੈ ਆਪੁ॥੩॥ (ਪੰਨਾ 20)

ਸਤਿਸੰਗਤ ਰਾਹੀਂ ਮਨੁੱਖ ਦੇ ਅਉਗੁਣ ਦੂਰ ਹੋ ਜਾਂਦੇ ਹਨ ਅਤੇ ਉਹ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਕੇ ਉਸ ਦਾ ਅਨੁਭਵ ਕਰ ਸਕਦਾ ਹੈ ਪਰ ਇਹ ਸਤਿਸੰਗਤ ਵੱਡੇ ਭਾਗਾਂ ਅਤੇ ਮਿਹਰ ਨਾਲ ਮਿਲਦੀ ਹੈ। ਇਸ ਵੱਲ ਸੰਕੇਤ ਕਰਦਿਆਂ ਗੁਰੂ ਅਮਰਦਾਸ ਦੱਸਦੇ ਹਨ ਕਿ ਜਿਹੜੇ ਮਨੁੱਖ ਆਪਣੇ ਆਪ ਨੂੰ ਉਸ ਅਕਾਲ ਪੁਰਖ ਦੇ ਗੁਣਾਂ ਦਾ ਸਿਮਰਨ ਕਰਨ ਵਿਚ ਲਗਾ ਕੇ ਰੱਖਦੇ ਹਨ, ਉਨ੍ਹਾਂ ਦਾ ਆਖਣਾ, ਦੇਖਣਾ ਅਤੇ ਬੋਲਣਾ ਗੁਰੂ ਦੇ ਸ਼ਬਦ ਵਿਚ ਲੀਨ ਰਹਿੰਦਾ ਹੈ ਭਾਵ ਉਨ੍ਹਾਂ ਦਾ ਹਰ ਕਰਮ ਗੁਰੂ ਦੇ ਸ਼ਬਦ ਦਾ ਅਨੁਸਾਰੀ ਹੋ ਕੇ ਵਾਪਰ ਰਿਹਾ ਹੁੰਦਾ ਹੈ। ਉਨ੍ਹਾਂ ਨੂੰ ਹਰ ਪਾਸੇ ਅਕਾਲ ਪੁਰਖ ਨਜ਼ਰ ਆਉਂਦਾ ਹੈ ਅਤੇ ਹੋਰਨਾਂ ਨੂੰ ਵੀ ਉਹ ਅਕਾਲ ਪੁਰਖ ਦੇ ਗੁਣਾਂ ਦੀ ਵਡਿਆਈ ਹੀ ਦੱਸਦੇ ਹਨ ਜਿਸ ਨਾਲ ਉਨ੍ਹਾਂ ਦੀ ਸ਼ੋਭਾ ਵੀ ਦੁਨੀਆਂ 'ਤੇ ਕਾਇਮ ਹੋ ਜਾਂਦੀ ਹੈ। ਅਕਾਲ ਪੁਰਖ ਉਨ੍ਹਾਂ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ, ਜਿਸ ਕਰਕੇ ਉਨ੍ਹਾਂ ਦੇ ਅੰਦਰੋਂ ਮੋਹ-ਮਾਇਆ ਤੇ ਹਉਮੈ ਦੂਰ ਹੋ ਜਾਂਦੇ ਹਨ ਅਤੇ ਉਹ ਪਰਮਾਤਮਾ ਦੇ ਦਰ 'ਤੇ ਸਥਾਨ ਪ੍ਰਾਪਤ ਕਰ ਲੈਂਦੇ ਹਨ। ਇਹ ਨਾਮ-ਸਿਮਰਨ ਪਰਮਾਤਮਾ ਦੀ ਮਿਹਰ ਸਦਕਾ ਮਿਲਦਾ ਹੈ ਅਤੇ ਉਸ ਦੀ ਮਿਹਰ ਨਾਲ ਮਨੁੱਖ ਨੂੰ ਸਤਿਸੰਗਤ ਪ੍ਰਾਪਤ ਹੁੰਦੀ ਹੈ। ਸਤਿਸੰਗਤ ਵਿਚ ਆ ਕੇ ਮਨੁੱਖ ਦੇ ਅੰਦਰੋਂ ਹਉਮੈ ਆਦਿ ਵਿਕਾਰ ਦੂਰ ਹੁੰਦੇ ਹਨ, ਉਹ ਗੁਰੂ ਦੇ ਸ਼ਬਦ ਨਾਲ ਜੁੜਦਾ ਹੈ। ਗੁਰੂ ਦੇ ਸ਼ਬਦ ਰਾਹੀਂ ਅਕਾਲ ਪੁਰਖ ਨਾਲ ਮੇਲ ਹੁੰਦਾ ਹੈ,

ਨਦਰੀ ਨਾਮੁ ਧਿਆਈਐ
ਵਿਣੁ ਕਰਮਾ ਪਾਇਆ ਨ ਜਾਇ॥
ਪੂਰੈ ਭਾਗਿ ਸਤਸੰਗਤਿ ਲਹੈ
ਸਤਗੁਰੁ ਭੇਟੈ ਜਿਸੁ ਆਇ॥
ਅਨਦਿਨੁ ਨਾਮੇ ਰਤਿਆ
ਦੁਖੁ ਬਿਖਿਆ ਵਿਚਹੁ ਜਾਇ॥
ਨਾਨਕ ਸਬਦਿ ਮਿਲਾਵੜਾ
ਨਾਮੇ ਨਾਮਿ ਸਮਾਇ॥੪॥ (ਪੰਨਾ 35)

ਗੁਰੂ ਰਾਮਦਾਸ ਇਸੇ ਖਿਆਲ ਨੂੰ ਦ੍ਰਿੜਾਉਂਦੇ ਹਨ ਕਿ ਜਿਸ ਮਨੁੱਖ ਨੂੰ ਪਰਮਾਤਮ-ਨਾਮ ਨਾਲ ਰਸੀ ਹੋਈ ਸਤਿਸੰਗਤ ਚੰਗੀ ਲਗਦੀ ਹੈ, ਉਸ ਨੂੰ ਸਤਿਸੰਗਤ ਵਿਚ ਨਾਮ ਪ੍ਰਾਪਤ ਹੁੰਦਾ ਹੈ। ਅਜਿਹਾ ਮਨੁੱਖ ਜਿਵੇਂ ਜਿਵੇਂ ਅਕਾਲ ਪੁਰਖ ਦਾ ਨਾਮ ਸਿਮਰਦਾ ਹੈ, ਉਸ ਨੂੰ ਹਰ ਇੱਕ ਵਿਚ ਉਸ ਅਕਾਲ ਪੁਰਖ ਦੀ ਵਿਆਪਕਤਾ ਦਾ ਅਨੁਭਵ ਹੁੰਦਾ ਹੈ ਕਿ ਸਭ ਅੰਦਰ ਉਸੇ ਦੀ ਜੋਤਿ ਵਸ ਰਹੀ ਹੈ। ਇਸ ਅਹਿਸਾਸ ਨਾਲ ਉਸ ਦਾ ਮਨ ਖਿੜਦਾ ਹੈ, ਵਿਗਸਦਾ ਹੈ। ਉਸ ਨੂੰ ਅਕਾਲ ਪੁਰਖ ਤੋਂ ਬਿਨਾ ਹੋਰ ਕੋਈ ਨਜ਼ਰ ਨਹੀਂ ਆਉਂਦਾ, ਇਸ ਲਈ ਉਹ ਨਾਮ ਰਸ ਪੀਂਦਾ ਰਹਿੰਦਾ ਹੈ। ਅਕਾਲ ਪੁਰਖ ਨਾਲ ਮਨੁੱਖ ਦੀ ਇਹ ਸਾਂਝ ਗੁਰੂ ਦੀ ਸੰਗਤ ਵਿਚ ਜਾ ਕੇ ਪੈਂਦੀ ਹੈ, ਉਸ ਦੇ ਅੰਦਰ ਸਮਰਪਣ ਦਾ ਅਹਿਸਾਸ ਜਾਗਦਾ ਹੈ ਅਤੇ ਉਹ ਪੂਰੇ ਗੁਰੂ ਦਾ ਸ਼ੁਕਰਗੁਜ਼ਾਰ ਹੁੰਦਾ ਹੈ। ਗੁਰੂ ਦੇ ਸ਼ਬਦ ਰਾਹੀਂ ਉਸ ਨੂੰ ਇਹ ਗਿਆਨ ਮਿਲਦਾ ਹੈ, ਗੁਰੂ ਦੀ ਸੰਗਤ ਵਿਚ ਉਸ ਨੂੰ ਨਾਮ ਦੀ ਪਛਾਣ ਹੁੰਦੀ ਹੈ। ਜਿਹੜਾ ਇਸ ਨਾਮ-ਰਸ ਨੂੰ ਪੀਂਦਾ ਹੈ, ਉਸ ਨੂੰ ਇਸ ਦੀ ਵਿਧੀ ਦਾ ਪਤਾ ਲਗਦਾ ਹੈ,

ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ
ਵਿਚਿ ਸੰਗਤਿ ਹਰਿ ਰਸੁ ਹੋਇ ਜੀਉ॥
ਹਰਿ ਹਰਿ ਆਰਾਧਿਆ
ਗੁਰ ਸਬਦਿ ਵਿਗਾਸਿਆ
ਬੀਜਾ ਅਵਰੁ ਨ ਕੋਇ ਜੀਉ॥
ਅਵਰੁ ਨ ਕੋਇ ਹਰਿ ਅੰਮ੍ਰਿਤੁ ਸੋਇ
ਜਿਨਿ ਪੀਆ ਸੋ ਬਿਧਿ ਜਾਣੈ॥
ਧਨੁ ਧੰਨੁ ਗੁਰੂ ਪੂਰਾ ਪ੍ਰਭੁ ਪਾਇਆ
ਲਗਿ ਸੰਗਤਿ ਨਾਮੁ ਪਛਾਣੈ॥ (ਪੰਨਾ 446)

ਗੁਰੂ ਰਾਮਦਾਸ ਮਨੁੱਖ ਨੂੰ ਸਤਿਸੰਗਤ ਵਿਚ ਜਾ ਕੇ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਨ ਦਾ ਉਪਦੇਸ਼ ਕਰਦੇ ਹਨ। ਇਸ ਤਰ੍ਹਾਂ ਸਤਿਸੰਗਤ ਵਿਚ ਜਦੋਂ ਮਨੁੱਖ ਗੁਣਾਂ ਦਾ ਗਾਇਨ ਕਰਦਾ ਹੈ ਤਾਂ ਉਸ ਦੇ ਅੰਦਰੋਂ ਅਗਿਆਨ ਰੂਪੀ ਹਨੇਰਾ ਖਤਮ ਹੁੰਦਾ ਹੈ ਅਤੇ ਗਿਆਨ ਦਾ ਚਾਨਣ ਹੋ ਜਾਂਦਾ ਹੈ।

ਗੁਰੂ ਅਰਜਨ ਦੇਵ ਮਨੁੱਖ ਨੂੰ ਆਗਾਹ ਕਰਦੇ ਹਨ ਕਿ ਮਾਇਆ ਦੇ ਲਾਲਚ ਵਿਚ ਪੈ ਕੇ ਇਸ ਨੂੰ ਇਕੱਠੀ ਕਰਦੇ ਰਹਿਣਾ ਸਿਆਣਪ ਨਹੀਂ ਹੈ, ਕਿਉਂਕਿ ਇਸ ਨੇ ਇਥੇ ਹੀ ਰਹਿ ਜਾਣਾ ਹੈ। ਉਹ ਮਨੁੱਖ ਇਸ ਸੰਸਾਰ ਤੋਂ ਤਰ ਜਾਂਦਾ ਹੈ ਜੋ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ, ਉਸ ਦੇ ਗੁਣਾਂ ਨੂੰ ਧਿਆਉਂਦਾ ਹੈ। ਅਜਿਹਾ ਮਨੁੱਖ ਚੰਗੇ ਭਾਗਾਂ ਵਾਲਾ ਹੈ। ਉਹ ਸਤਿਸੰਗਤ ਵਿਚ ਜਾਂਦਾ ਹੈ ਜਿਸ ਕਰਕੇ ਉਸ ਦਾ ਮਨ ਵਿਕਾਰਾਂ ਵੱਲੋਂ ਸੁਚੇਤ ਰਹਿੰਦਾ ਹੈ, ਉਹ ਸਤਿਸੰਗਤ ਵਿਚ ਜਾ ਕੇ ਗਿਆਨ ਹਾਸਲ ਕਰਦਾ ਹੈ। ਮਾਣ ਅਤੇ ਮੋਹ ਆਦਿ ਵਿਕਾਰ ਜਿਹੜੇ ਮਨੁੱਖ ਦੇ ਬੰਧਨ ਦਾ ਕਾਰਨ ਬਣਦੇ ਹਨ, ਉਨ੍ਹਾਂ ਦਾ ਤਿਆਗ ਕਰ ਦਿੰਦਾ ਹੈ ਅਤੇ ਅਕਾਲ ਪੁਰਖ ਦੇ ਨਾਮ-ਸਿਮਰਨ ਵੱਲ ਲੱਗ ਜਾਂਦਾ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਅਜਿਹੇ ਮਨੁੱਖਾਂ ਦੇ ਚਰਨੀਂ ਲੱਗਣ ਅਤੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਵੇ,

ਸੇ ਉਧਰੇ ਜਿਨ ਰਾਮ ਧਿਆਏ॥
ਜਤਨ ਮਾਇਆ ਕੇ ਕਾਮਿ ਨ ਆਏ॥
(ਪੰਨਾ 1312)

ਭਗਤ ਕਬੀਰ ਦੱਸਦੇ ਹਨ ਕਿ ਮਾਇਆ ਦਾ ਪੁਜਾਰੀ ਮਨੁੱਖ ਨੂੰ ਪਰਮਾਤਮਾ ਤੋਂ ਵਿਛੋੜਦਾ ਹੈ ਪਰ ਸਤਿਸੰਗਤ ਮਨੁੱਖ ਨੂੰ ਉਸ ਨਾਲ ਜੋੜਦੀ ਹੈ ਕਿਉਂਕਿ ਸਤਿਸੰਗਤ ਵਿਚ ਮਨੁੱਖ ਬਿਬੇਕ ਬੁਧਿ ਪ੍ਰਾਪਤ ਕਰਦਾ ਹੈ, ਬਿਬੇਕ ਬੁਧਿ ਤੋਂ ਭਾਵ ਉਚੀ ਬੁੱਧੀ ਹੈ ਜਿਸ ਰਾਹੀਂ ਮਨੁੱਖ ਚੰਗੇ ਅਤੇ ਬੁਰੇ, ਠੀਕ ਅਤੇ ਗਲਤ ਦੀ ਪਛਾਣ ਕਰਨੀ ਸਿੱਖ ਜਾਂਦਾ ਹੈ। (ਸਿੱਖ ਧਰਮ ਵਿਚ 'ਦੀਜੈ ਬੁਧਿ ਬਿਬੇਕਾ' ਦੀ ਅਰਦਾਸ ਕੀਤੀ ਜਾਂਦੀ ਹੈ)। ਜਿਸ ਤਰ੍ਹਾਂ ਪਾਰਸ ਨੂੰ ਛੋਹਣ ਨਾਲ ਉਹੀ ਲੋਹਾ ਸੋਨਾ ਬਣ ਜਾਂਦਾ ਹੈ; ਇਸੇ ਤਰ੍ਹਾਂ ਸਤਿਸੰਗਤ ਵਿਚ ਜਾਣ ਨਾਲ ਥੋੜੀ ਜਾਂ ਬੁਰੀ ਮੱਤ ਵਾਲਾ ਮਨੁੱਖ ਵੀ ਬਿਬੇਕ ਬੁੱਧ ਹਾਸਲ ਕਰ ਲੈਂਦਾ ਹੈ,

ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ॥
ਪਾਰਸੁ ਪਰਸਿ ਲੋਹਾ ਕੰਚਨ ਸੋਈ॥੩॥
(ਪੰਨਾ 481)

ਹਰ ਇਕੱਠ ਨੂੰ ਜਾਂ ਮਹਿਜ ਇਕੱਠੇ ਹੋ ਕੇ ਬੈਠਣ ਨੂੰ ਸਤਿਸੰਗਤ ਨਹੀਂ ਕਿਹਾ ਜਾ ਸਕਦਾ। ਸਤਿਸੰਗਤ ਕਹਿੰਦੇ ਕਿਸ ਨੂੰ ਹਨ? ਕਿਸ ਕਿਸਮ ਦੇ ਇਕੱਠ ਨੂੰ ਸੰਗਤ ਸਮਝਣਾ ਚਾਹੀਦਾ ਹੈ? ਇਸ ਦੀ ਵਿਆਖਿਆ ਵੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕੀਤੀ ਹੋਈ ਹੈ। ਗੁਰੂ ਨਾਨਕ ਸਾਹਿਬ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਕੱਠ ਸਤਿਸੰਗਤ ਹੈ ਜਿਥੇ ਅਕਾਲ ਪੁਰਖ ਦੇ ਗੁਣਾਂ ਨੂੰ ਵਿਚਾਰਿਆ ਜਾਂਦਾ ਹੈ, ਜਿਥੇ ਸਿਰਫ਼ ਤੇ ਸਿਰਫ਼ ਅਕਾਲ ਪੁਰਖ ਦੇ ਨਾਮ ਦੀ ਸਿਫ਼ਤ ਸਾਲਾਹ ਕੀਤੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਸਤਿਗੁਰੂ ਨੇ ਇਹ ਗੱਲ ਸਮਝਾ ਦਿੱਤੀ ਹੈ ਕਿ ਸਤਿਸੰਗਤ ਵਿਚ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨਾ ਹੀ ਅਕਾਲ ਪੁਰਖ ਦਾ ਹੁਕਮ ਹੈ,

ਸਤਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥
ਏਕੋ ਨਾਮੁ ਹੁਕਮੁ ਹੈ ਨਾਨਕ
ਸਤਿਗੁਰਿ ਦੀਆ ਬੁਝਾਇ ਜੀਉ॥੫॥
(ਪੰਨਾ 72)

ਭਾਈ ਗੁਰਦਾਸ ਨੂੰ ਗੁਰਮਤਿ ਦੇ ਪਹਿਲੇ ਵਿਆਖਿਆਕਾਰ ਮੰਨਿਆ ਗਿਆ ਹੈ ਅਤੇ ਉਨ੍ਹਾਂ ਦੀਆਂ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਸੰਗਤ ਦਾ ਅਸਰ ਕਿੰਨਾ ਪਰਬਲ ਹੁੰਦਾ ਹੈ, ਬੜੇ ਸੌਖੇ ਸ਼ਬਦਾਂ ਵਿਚ ਭਾਈ ਸਾਹਿਬ ਦੱਸਦੇ ਹਨ। ਤਾਂਬੇ ਨੂੰ ਜਦੋਂ ਕਲੀ (ਇੱਕ ਧਾਤ) ਨਾਲ ਮਿਲਾ ਦਿੱਤਾ ਜਾਂਦਾ ਹੈ ਤਾਂ ਉਹ ਕੈਂਹ ਅਰਥਾਤ ਕਾਂਸੀ ਬਣ ਜਾਂਦਾ ਹੈ, ਜਿਸਤ ਨਾਲ ਮਿਲ ਕੇ ਉਹੀ ਤਾਂਬਾ ਪਿੱਤਲ ਦੀ ਸ਼ਕਲ ਲੈ ਲੈਂਦਾ ਹੈ ਅਤੇ ਸਿੱਕੇ ਨਾਲ ਮਿਲਣ ਤੇ ਭਰਤ ਧਾਤੂ ਬਣ ਜਾਂਦਾ ਹੈ। ਜੇ ਤਾਂਬੇ ਨੂੰ ਪਾਰਸ ਦੀ ਛੋਹ ਮਿਲ ਜਾਵੇ ਤਾਂ ਉਹੀ ਤਾਂਬਾ ਸੋਨੇ ਦਾ ਰੂਪ ਧਾਰ ਲੈਂਦਾ ਹੈ। ਉਸੇ ਤਾਂਬੇ ਦੀ ਭਸਮ ਬਣਾ ਕੇ ਦਵਾਈ ਤਿਆਰ ਕੀਤੀ ਜਾਂਦੀ ਹੈ (ਜੋ ਰੋਗ ਦੂਰ ਕਰਦੀ ਹੈ)। ਪਰਵਰਦਗਾਰ ਸਾਰੀ ਰਚਨਾ ਵਿਚ ਵਿਆਪਕ ਹੈ ਪਰ ਉਸ ਦੇ ਗੁਣਾਂ ਦੀ ਸਿਫਤ ਸਾਲਾਹ ਗੁਰਮੁਖਾਂ ਦੀ ਸੰਗਤ ਵਿਚ ਹੁੰਦੀ ਹੈ। (2-6)।

ਅੱਗੇ ਸੋਲਵੀਂ ਵਾਰ ਦੀ ਛੇਵੀਂ ਪਉੜੀ ਵਿਚ ਭਾਈ ਗੁਰਦਾਸ ਦੱਸਦੇ ਹਨ ਕਿ ਚੰਦਨ ਦਾ ਬਵੰਜਾ ਉਂਗਲਾਂ ਦਾ ਰੁੱਖ ਜੰਗਲ ਬੀਆਵਾਨ ਵਿਚ ਉਗਦਾ ਹੈ। ਹੋਰ ਦਰੱਖਤਾਂ ਦੇ ਨੇੜੇ ਉਹ ਸਿਰ ਝੁਕਾ ਕੇ ਸਮਾਧੀ-ਸਥਿਤ ਰਹਿੰਦਾ ਹੈ। ਹਵਾ ਦੇ ਰੁਮਕਣ ਨਾਲ ਉਹ ਆਪਣੀ ਸੁਗੰਧੀ ਚਾਰ-ਚੁਫੇਰੇ ਖੁਸ਼ੀ ਨਾਲ ਪ੍ਰਗਟ ਕਰਦਾ ਹੈ। ਫਲਾਂ ਵਾਲੇ ਅਤੇ ਬਿਨਾਂ ਫਲਾਂ ਦੇ ਹਰ ਤਰ੍ਹਾਂ ਦੀ ਬਨਸਪਤੀ ਨੂੰ ਇੱਕੋ ਜਿਹਾ ਸੁਗੰਧਤ ਕਰ ਕੇ ਚੰਦਨਵਾੜੀ ਦਾ ਰੂਪ ਦੇ ਦਿੰਦਾ ਹੈ। ਇਸੇ ਤਰ੍ਹਾਂ ਗੁਰਮੁਖ ਸਾਧ ਸੰਗਤ 'ਚ ਜਾ ਕੇ ਸੁੱਖ ਫਲ ਪ੍ਰਾਪਤ ਕਰਦੇ ਹਨ ਤੇ ਇੱਕ ਦਿਨ ਵਿਚ ਪਤਿਤਾਂ ਨੂੰ ਪਵਿੱਤਰ ਕਰ ਦਿੰਦੇ ਹਨ। (16-6)

ਗੁਰਬਾਣੀ ਗਿਆਨ

# ਪਾਇਓ ਬਾਲ ਬੁਧਿ ਸੁਖੁ ਰੇ

**ਰਾਗੁ ਗਉੜੀ ਮਾਲਾ ਮਹਲਾ ੫**
ਪਾਇਓ ਬਾਲ ਬੁਧਿ ਸੁਖੁ ਰੇ॥
ਹਰਖ ਸੋਗ ਹਾਨਿ ਮਿਰਤੁ ਦੂਖ ਸੁਖ
ਚਿਤਿ ਸਮਸਰਿ ਗੁਰ ਮਿਲੇ॥੧॥ ਰਹਾਉ॥
ਜਉ ਲਉ ਹਉ ਕਿਛੁ ਸੋਚਉ ਚਿਤਵਉ
ਤਉ ਲਉ ਦੁਖਨੁ ਭਰੇ॥
ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ
ਤਉ ਆਨਦ ਸਹਜੇ॥੧॥
ਜੇਤੀ ਸਿਆਨਪ ਕਰਮ ਹਉ ਕੀਏ
ਤੇਤੇ ਬੰਧ ਪਰੇ॥
ਜਉ ਸਾਧੂ ਕਰੁ ਮਸਤਕਿ ਧਰਿਓ
ਤਬ ਹਮ ਮੁਕਤ ਭਏ॥੨॥
ਜਉ ਲਉ ਮੇਰੋ ਮੇਰੋ ਕਰਤੋ
ਤਉ ਲਉ ਬਿਖੁ ਘੇਰੇ॥
ਮਨੁ ਤਨੁ ਬੁਧਿ ਅਰਪੀ ਠਾਕੁਰ ਕਉ
ਤਬ ਹਮ ਸਹਜਿ ਸੋਏ॥ ੩॥
ਜਉ ਲਉ ਪੋਟ ਉਠਾਈ ਚਲਿਆਉ
ਤਉ ਲਉ ਡਾਨ ਭਰੇ॥
ਪੋਟ ਡਾਰਿ ਗੁਰੁ ਪੂਰਾ ਮਿਲਿਆ
ਤਉ ਨਾਨਕ ਨਿਰਭਏ॥੪॥

ਪੰਜਵੇਂ ਸਤਿਗੁਰੂ ਸੰਸਾਰ ਦੇ ਜੀਵਾਂ ਨੂੰ ਉਪਦੇਸ਼ ਕਰਦੇ ਆਖਦੇ ਹਨ- ਪਾਇਓ ਬਾਲ ਬੁਧਿ ਸੁਖੁ ਰੇ, ਹੇ ਭਾਈ! ਜਿਸ ਨੂੰ ਵੀ ਸੁਖ ਅਨੰਦ ਦੀ ਪ੍ਰਾਪਤੀ ਹੋਈ, ਬੱਚਿਆਂ ਵਾਲੀ ਬੁਧਿ, ਭਾਵ ਭੋਲੇਪਨ ਨਾਲ ਹੀ ਹੋਈ, ਵੱਡੀ ਉਮਰਾਂ ਦੀ ਚਤੁਰਾਈ ਜਾਂ ਸਿਆਣਪ ਨਾਲ ਨਹੀਂ। ਹਰਖ ਸੋਗ ਹਾਨਿ ਮਿਰਤੁ ਦੂਖ ਸੁਖ, ਹੇ ਭਾਈ! ਜਦੋਂ ਪੂਰਾ ਗੁਰੂ ਮਿਲ ਪੈਂਦਾ ਹੈ ਤਾਂ ਖੁਸ਼ੀ, ਗਮੀ, ਘਾਟਾ, ਮੌਤ, ਦੁਖ, ਸੁਖ- ਇਨ੍ਹਾਂ ਸਭਨਾਂ ਦੀ ਚਿੰਤਾ ਮੁੱਕ ਜਾਂਦੀ ਹੈ। ਸਭ ਕੁਝ ਇਕ ਸਮਾਨ ਹੀ ਲੱਗਣ ਲੱਗ ਪੈਂਦਾ ਹੈ।

ਜਉ ਲਉ ਹਉ ਕਿਛੁ ਸੋਚਉ ਚਿਤਵਉ
ਤਉ ਲਉ ਦੁਖਨੁ ਭਰੇ॥
ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ
ਤਉ ਆਨਦ ਸਹਜੇ॥੧॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਜਦੋਂ ਤੱਕ ਮੈਂ ਆਪਣੀ ਚਤੁਰਾਈ ਨਾਲ ਸੋਚਦਾ ਰਿਹਾ ਹਾਂ, ਜਾਂ ਚਿਤਵਦਾ ਰਿਹਾ ਹਾਂ; ਤਉ ਲਉ ਦੁਖਨੁ ਭਰੇ, ਉਦੋਂ ਤੱਕ ਮੈਂ ਦੁਖਾਂ ਨਾਲ ਹੀ ਭਰਿਆ ਰਿਹਾ ਹਾਂ; ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ, ਹੁਣ ਜਦੋਂ ਦਾ ਮੈਨੂੰ ਕ੍ਰਿਪਾ ਦਾ ਸਾਗਰ ਪੂਰਾ ਗੁਰੂ ਮਿਲ ਪਿਆ ਹੈ, ਤਾਂ ਉਦੋਂ ਹੀ ਮੈਂ ਸਹਿਜ ਅਵਸਥਾ ਅਤੇ ਆਤਮਿਕ ਅਡੋਲ ਦਾ ਅਨੰਦ ਮਾਣ ਰਿਹਾ ਹਾਂ।

ਜੇਤੀ ਸਿਆਨਪ ਕਰਮ ਹਉ ਕੀਏ
ਤੇਤੇ ਬੰਧ ਪਰੇ॥
ਜਉ ਸਾਧੂ ਕਰੁ ਮਸਤਕਿ ਧਰਿਓ
ਤਬ ਹਮ ਮੁਕਤ ਭਏ॥੨॥

ਪੰਚਮ ਪਾਤਸ਼ਾਹ ਫਰਮਾਉਂਦੇ ਹਨ, ਜਦੋਂ ਤੱਕ ਮੈਂ ਸਿਆਣਪ ਤੇ ਚਤੁਰਾਈ ਦੇ ਕਰਮ ਕਰਦਾ ਰਿਹਾ ਹਾਂ; ਉਤਨੇ ਹੀ ਜ਼ਿਆਦਾ ਮੋਹ ਮਾਇਆ ਦੇ ਮੈਨੂੰ ਬੰਧਨ ਪੈਂਦੇ ਗਏ; ਜਉ ਸਾਧੂ ਕਰੁ ਮਸਤਕਿ ਧਰਿਓ, ਪਰ ਹੇ ਭਾਈ! ਹੁਣ ਜਦੋਂ ਦਾ ਮੇਰੇ ਪੂਰੇ ਗੁਰੂ ਨੇ ਮੇਰੇ ਮੱਥੇ ਉਤੇ ਆਪਣਾ ਮਿਹਰ ਭਰਿਆ ਹੱਥ ਰੱਖ ਦਿੱਤਾ ਹੈ; ਤਬ ਹਮ ਮੁਕਤ ਭਏ, ਉਦੋਂ ਤੱਕ ਮੈਂ ਮਾਇਆ ਤੇ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਹੋ ਗਿਆ ਹਾਂ।

ਜਉ ਲਉ ਮੇਰੋ ਮੇਰੋ ਕਰਤੋ
ਤਉ ਲਉ ਬਿਖੁ ਘੇਰੇ॥
ਮਨੁ ਤਨੁ ਬੁਧਿ ਅਰਪੀ ਠਾਕੁਰ ਕਉ
ਤਬ ਹਮ ਸਹਜਿ ਸੋਏ॥੩॥

ਸਤਿਗੁਰੂ ਜੀ ਬਚਨ ਕਰਦੇ ਹਨ, ਹੇ ਭਾਈ! ਜਦੋਂ ਤੱਕ ਮੈਂ ਮੇਰਾ ਮੇਰਾ ਕਰਦਾ ਰਿਹਾ, ਇਹ ਘਰ ਮੇਰਾ ਹੈ, ਪਰਿਵਾਰ ਮੇਰਾ ਹੈ, ਧਨ ਦੌਲਤਾਂ ਮੇਰੀਆਂ ਹਨ; ਤਉ ਲਉ ਬਿਖੁ ਘੇਰੇ, ਉਦੋਂ ਤੱਕ ਮਾਇਆ ਦੇ ਮੋਹ ਰੂਪੀ ਜ਼ਹਿਰ ਨੇ ਘੇਰਾ ਪਾਈ ਰੱਖਿਆ। ਮਨੁ ਤਨੁ ਬੁਧਿ ਅਰਪੀ ਠਾਕੁਰ ਕਉ, ਗੁਰੂ ਕ੍ਰਿਪਾ ਸਦਕਾ ਮੈਂ ਆਪਣਾ ਮਨ, ਤਨ ਤੇ ਸਾਰੀ ਸਿਆਣਪ ਪ੍ਰਭੂ ਅੱਗੇ ਅਰਪਣ ਕਰ ਦਿੱਤਾ ਹੈ ਤਾਂ ਮੈਂ ਸੁਖ ਵਿਚ ਵਸ ਰਿਹਾ ਹਾਂ।

ਜਉ ਲਉ ਪੋਟ ਉਠਾਈ ਚਲਿਆਉ
ਤਉ ਲਉ ਡਾਨ ਭਰੇ॥
ਪੋਟ ਡਾਰਿ ਗੁਰੁ ਪੂਰਾ ਮਿਲਿਆ
ਤਉ ਨਾਨਕ ਨਿਰਭਏ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਪਿਤਾ ਕਿੰਨਾ ਸੋਹਣਾ ਸਮਝਾਉਣਾ ਕਰਦੇ ਹਨ- ਜਉ ਲਉ ਪੋਟ ਉਠਾਈ ਚਲਿਆਉ, ਹੇ ਭਾਈ! ਜਦੋਂ ਤੱਕ ਮੈਂ ਮੋਹ ਮਾਇਆ ਅਤੇ ਵਿਕਾਰਾਂ ਦੀ ਗਠੜੀ ਸਿਰ 'ਤੇ ਚੁੱਕ ਕੇ ਤੁਰਦਾ ਰਿਹਾ ਹਾਂ; ਉਦੋਂ ਤੱਕ ਮੈਂ ਦੁਨੀਆਂ ਦੇ ਡਰਾਂ ਤੇ ਸਹਿਮਾਂ ਦਾ ਡੰਨ ਭਰਦਾ ਰਿਹਾ ਹਾਂ; ਪੋਟ ਡਾਰਿ ਗੁਰੁ ਪੂਰਾ ਮਿਲਿਆ, ਹੁਣ ਮੈਨੂੰ ਪੂਰਾ ਗੁਰੂ ਮਿਲ ਗਿਆ ਹੈ, ਤੇ ਗੁਰੂ ਕ੍ਰਿਪਾ ਸਦਕਾ ਮੈਂ ਉਹ ਗਠੜੀ ਪਰ੍ਹਾਂ ਸੁੱਟ ਦਿੱਤੀ ਹੈ ਅਤੇ ਨਾਨਕ ਹੁਣ ਨਿਰਭੈ ਹੋ ਗਿਆ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਗੁਰਮਤਿ ਅਤੇ ਸਿੱਖ ਧਰਮ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਿੱਖ ਧਰਮ ਦੀ ਬੁਨਿਆਦ ਮੰਨੀ ਜਾਂਦੀ ਹੈ। ਸਿੱਖ ਧਾਰਮਕ ਸੰਸਥਾਵਾਂ ਆਪਣੀਆਂ ਗਤੀਵਿਧੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਪਦੇਸ਼ ਦੇ ਅਨੁਕੂਲ ਹੋਣ ਦਾ ਦਾਅਵਾ ਕਰਦੀਆਂ ਹਨ। ਉਨ੍ਹਾਂ ਦਾ ਦਾਅਵਾ ਸਹੀ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਆਗੂਆਂ ਦੀ ਸੋਚ ਅਤੇ ਵਿਚਾਰ ਵਿਚ ਗੁਰਬਾਣੀ ਦੀ ਅਧਿਆਤਮਕ ਵਿਚਾਰਧਾਰਾ ਨਾਲੋਂ ਬਹੁਤ ਅੰਤਰ ਹੈ। ਇਸ ਦੇ ਦੋ ਕਾਰਨ ਹਨ: ਇਕ, ਸਿੱਖ ਜਥੇਬੰਦੀਆਂ ਦੇ ਬਹੁਤੇ ਆਗੂਆਂ ਵਿਚ ਗੁਰਬਾਣੀ ਉਪਦੇਸ਼ ਦੀ ਸੂਝ ਦੀ ਘਾਟ ਹੈ, ਅਤੇ ਦੂਜਾ, ਜਿਨ੍ਹਾਂ ਨੂੰ ਗੁਰਬਾਣੀ ਉਪਦੇਸ਼ ਦੀ ਸੂਝ ਹੈ, ਉਹ ਉਸ ਉਪਦੇਸ਼ ਨੂੰ ਜੀਵਨ ਵਿਚ ਧਾਰਨ ਕਰਨ ਦੀ ਹਿੰਮਤ ਨਹੀਂ ਜੁਟਾ ਪਾਉਂਦੇ।

ਸਿੱਖ ਧਰਮ ਵਿਚ ਗੁਰਬਾਣੀ ਉਪਦੇਸ਼ ਦੀ ਸੂਝ ਦੀ ਘਾਟ ਦਾ ਮੁੱਖ ਕਾਰਨ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਧਿਆਤਮਕ ਗਿਆਨ

**ਹਾਕਮ ਸਿੰਘ**

ਹੈ ਅਤੇ ਅਧਿਆਤਮਕ ਗਿਆਨ ਵਿਚ ਬਹੁਤ ਘੱਟ ਲੋਕਾਂ ਦੀ ਦਿਲਚਸਪੀ ਹੁੰਦੀ ਹੈ। ਅਧਿਆਤਮਕ ਗਿਆਨ ਕੋਈ ਸੰਸਾਰਕ ਜਾਣਕਾਰੀ ਜਾਂ ਸਭਿਆਚਾਰ ਨਹੀਂ ਹੁੰਦਾ। ਇਹ ਕੋਈ ਸਮਾਜਕ ਸੰਗਠਨ ਵੀ ਨਹੀਂ ਹੁੰਦਾ। ਅਧਿਆਤਮਕ ਗਿਆਨ ਦੀ ਸੰਸਾਰਕ ਕਾਰ ਵਿਹਾਰ ਵਿਚ ਕੋਈ ਪ੍ਰਾਸੰਗਿਕਤਾ ਨਹੀਂ ਹੈ। ਸੰਸਾਰਕ ਜਾਣਕਾਰੀ ਅਤੇ ਅਧਿਆਤਮਕ ਗਿਆਨ ਦੋ ਵਖਰੀਆਂ ਅਤੇ ਅਸਬੰਧਤ ਧਰਾਤਲਾਂ ਤੇ ਵਿਚਰਦੇ ਹਨ। ਗੁਰਬਾਣੀ ਦਾ ਇਨ੍ਹਾਂ ਦੇ ਅੰਤਰ ਬਾਰੇ ਕਥਨ ਹੈ:

"ਪੜੀਅਹਿ ਜੇਤੇ ਬਰਸ ਬਰਸ
ਪੜੀਅਹਿ ਜੇਤੇ ਮਾਸ॥
ਪੜੀਅਹਿ ਜੇਤੀ ਆਰਜਾ
ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ
ਹਉਮੈ ਝਖਣਾ ਝਾਖ॥" (ਪੰਨਾ 467)

---

"ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥"
(ਪੰਨਾ 148)

ਸੰਸਾਰਕ ਜਾਣਕਾਰੀ ਦਿਖਾਈ ਦੇ ਰਹੇ ਤ੍ਰੈਗੁਣੀ ਸੰਸਾਰ, ਇਸ ਦੇ ਪਦਾਰਥਾਂ ਅਤੇ ਇਸ ਵਿਚ ਵਰਤ ਰਹੀ ਮਾਇਆ ਦੇ ਪ੍ਰਭਾਵ ਦੀ ਜਾਣਕਾਰੀ ਹੁੰਦੀ ਹੈ। ਵਿਦਿਅਕ ਅਦਾਰਿਆਂ ਵਿਚ ਇਹ ਜਾਣਕਾਰੀ ਵਿਗਿਆਨ, ਸਮਾਜ ਸ਼ਾਸਤਰ, ਇਤਿਹਾਸ, ਸਾਹਿਤ ਅਤੇ ਮਨੋਰੰਜਨ ਦੀ ਸਿਖਿਆ ਰਾਹੀਂ ਦਿੱਤੀ ਜਾਂਦੀ ਹੈ। ਇਸ ਦੇ ਵਿਪਰੀਤ ਅਧਿਆਤਮਕ ਗਿਆਨ ਅਦਿੱਖ ਪ੍ਰਭੂ ਅਤੇ ਉਸ ਦੀ ਸਿਰਜੀ ਖੇਡ ਦਾ ਗਿਆਨ ਹੈ। ਇਸ ਗਿਆਨ ਦੀ ਰਸਮੀ ਸਿਖਿਆ ਦੇ ਅਦਾਰਿਆਂ ਵਿਚ ਅਖਾੜਿਆਂ, ਮੱਠਾਂ ਅਤੇ ਟਕਸਾਲਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਭਾਵੇਂ ਇਹ ਸੰਸਥਾਵਾਂ ਪ੍ਰਮਾਣਤ ਸਿਖਿਆ ਅਦਾਰੇ ਨਹੀਂ ਹਨ। ਇਸ ਗਿਆਨ ਦੀ ਪ੍ਰਾਪਤੀ ਸੰਸਾਰਕ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਚੌਥੇ ਪਦ ਵਿਚ ਗੁਰੂ ਦੀ ਕਿਰਪਾ ਦੁਆਰਾ ਹੀ ਸੰਭਵ ਹੁੰਦੀ ਹੈ,

ਗੁਰ ਪ੍ਰਸਾਦਿ ਰਤਨੁ ਹਰਿ ਲਾਭੈ
ਮਿਟੈ ਅਗਿਆਨੁ ਹੋਇ ਉਜੀਆਰਾ॥
(ਪੰਨਾ 353)

---

ਰਜ ਗੁਣ ਤਮ ਗੁਣ ਸਤ ਗੁਣ
ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨੈ
ਤਿਨ ਹੀ ਪਰਮ ਪਦੁ ਪਾਇਆ॥
(ਪੰਨਾ 1123)

ਗੁਰਬਾਣੀ ਵਿਸ਼ਵਾਸ 'ਤੇ ਆਧਾਰਤ ਪ੍ਰਭੂ ਅਤੇ ਉਸ ਦੀ ਸਾਜੀ ਸ੍ਰਿਸ਼ਟੀ ਦਾ ਅਨੁਭਵੀ ਗਿਆਨ ਹੈ। ਇਸ ਗਿਆਨ ਦੇ ਸਰੋਤ ਨੂੰ ਖਸਮ ਕੀ ਜਾਂ ਧੁਰ ਕੀ ਬਾਣੀ ਆਖਿਆ ਗਿਆ ਹੈ। ਇਹ ਗਿਆਨ ਬੁੱਧੀ ਨੂੰ ਨਹੀਂ, ਮਨ ਨੂੰ ਸੰਬੋਧਿਤ ਹੈ। ਵਿਰਲੇ ਹੀ ਅਧਿਆਤਮਕ ਗਿਆਨ ਪ੍ਰਾਪਤ ਕਰਨ ਦੇ ਅਭਿਲਾਸ਼ੀ ਹੁੰਦੇ ਹਨ,

ਐਸੇ ਜਨ ਵਿਰਲੇ ਸੰਸਾਰੇ॥
ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ॥
(ਪੰਨਾ 1039)

ਗੁਰਬਾਣੀ ਦੇ ਮੂਲ ਉਪਦੇਸ਼ ਬਾਰੇ ਸੂਝ ਦੀ ਘਾਟ ਦਾ ਇਕ ਕਾਰਨ ਇਹ ਵੀ ਹੈ ਕਿ ਲਗਭਗ ਚਾਰ ਸੌ ਸਾਲ ਤੋਂ ਵਾਪਰ ਰਹੀਆਂ ਇਤਿਹਾਸਕ ਘਟਨਾਵਾਂ ਅਤੇ ਸਮਾਜਕ ਲਹਿਰਾਂ ਗੁਰਬਾਣੀ ਦੇ ਸੰਚਾਰ ਕੇਂਦਰਾਂ ਵਿਚ ਹੀ ਗੁਰਮਤਿ ਵਿਰੋਧੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਦੀਆਂ ਰਹੀਆਂ ਹਨ। ਗੁਰਬਾਣੀ ਦੇ ਸੰਚਾਰ ਕੇਂਦਰਾਂ ਵਿਚ ਗੁਰਮਤਿ ਦੀ ਵਿਰੋਧਤਾ ਗੁਰਗੱਦੀ ਦੇ ਅਭਿਲਾਖੀਆਂ, ਉਨ੍ਹਾਂ ਦੀ ਸੰਤਾਨ, ਉਦਾਸੀ ਅਤੇ ਨਿਰਮਲੇ ਪੁਜਾਰੀਆਂ ਤੇ ਉਨ੍ਹਾਂ ਦੇ ਪਿਛਲੱਗ ਵਿਦਵਾਨਾਂ ਅਤੇ ਪ੍ਰਚਾਰਕਾਂ ਵਲੋਂ ਹੁੰਦੀ ਰਹੀ ਹੈ। ਉਨ੍ਹਾਂ ਗੁਰਬਾਣੀ ਦੇ ਅਧਿਆਤਮਕ ਗਿਆਨ ਨੂੰ ਮਨ ਲੁਭਾਊ ਪਰੰਪਰਾਗਤ ਮਿਥਿਹਾਸਕ ਕਹਾਣੀਆਂ ਅਤੇ ਕਰਮ ਕਾਂਡਾਂ ਨਾਲ ਰਲਗੱਡ ਕਰਕੇ ਇਕ ਸਮਾਜਕ ਸੰਗਠਨ ਵਿਚ ਬਦਲ ਦਿੱਤਾ। ਸਿੰਘ ਸਭਾਵਾਂ ਨੇ ਉਦਾਸੀ ਅਤੇ ਨਿਰਮਲੇ ਸਾਧੂਆਂ ਵਲੋਂ ਸਿੱਖ ਧਰਮ ਵਿਚ ਪ੍ਰਚਲਤ ਕੀਤੇ ਸਨਾਤਨੀ ਵਿਚਾਰਾਂ ਅਤੇ ਵਿਹਾਰਾਂ ਦੀ ਥਾਂ ਪੱਛਮੀ ਧਾਰਮਕ ਵਿਚਾਰਧਾਰਾ ਤੋਂ ਪ੍ਰਭਾਵਿਤ ਵਿਚਾਰ ਅਤੇ ਵਿਹਾਰ ਚਾਲੂ ਕਰ ਦਿੱਤੇ।

ਇਸ ਤਰ੍ਹਾਂ ਅਜੋਕਾ ਸਿੱਖ ਧਰਮ ਇਕ ਵਖਰੇ ਸਮਾਜ, ਨਿਵੇਕਲੇ ਸਭਿਆਚਾਰ, ਸੰਗਠਤ ਬਲ, ਮਿਥਾਂ ਅਤੇ ਕਰਾਮਾਤਾਂ ਨਾਲ ਸ਼ਿੰਗਾਰੇ ਗੌਰਵਮਈ ਇਤਿਹਾਸ ਦਾ ਵਾਰਸ ਬਣ ਕੇ ਰਹਿ ਗਿਆ ਜਦੋਂ ਕਿ ਗੁਰਬਾਣੀ ਸਾਰੀ ਮਾਨਵਤਾ ਦੀ ਏਕਤਾ, ਬਰਾਬਰੀ, ਸੁਤੰਤਰਤਾ ਅਤੇ ਮਾਨਵਤਾ ਵਿਚ ਨਿਮਰਤਾ ਦੀ ਮੁਦਈ ਬਣੀ ਰਹੀ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਜੇ ਗੁਰਬਾਣੀ ਉਪਦੇਸ਼ ਨੂੰ ਨਜ਼ਰ ਅੰਦਾਜ਼ ਕਰਕੇ ਸਿੱਖ ਧਰਮ ਦੀ ਰੱਖਿਆ ਨਾ ਕੀਤੀ ਗਈ ਹੁੰਦੀ ਤਾਂ ਸਿੱਖ ਧਰਮ ਖਤਮ ਹੋ ਜਾਣਾ ਸੀ।

ਕਈ ਵਿਦਵਾਨ ਭਗਤੀ ਲਹਿਰ ਅਤੇ ਗੁਰਬਾਣੀ ਦਾ ਮਨੋਰਥ ਸਮਾਜ ਸੁਧਾਰ ਦੱਸਦੇ ਹਨ। ਗੁਰਬਾਣੀ ਵਿਚ ਤਾਂ ਕੇਵਲ ਵਿਅਕਤੀ ਦੇ ਆਪਣੇ ਮਨ 'ਤੇ ਕਾਬੂ ਪਾਉਣ ਦੀ ਗੱਲ ਕੀਤੀ ਗਈ ਹੈ। ਸਮਾਜ ਸੁਧਾਰ ਬਾਰੇ ਗੁਰਬਾਣੀ ਵਿਚ ਕੋਈ ਪ੍ਰਮਾਣ ਨਹੀਂ ਮਿਲਦਾ। ਦਰਅਸਲ ਸੰਸਾਰ ਵਿਚ ਮਾਇਆ ਤਾਂ ਪ੍ਰਭੂ ਨੇ ਆਪ ਥਾਪੀ ਹੋਈ ਹੈ। ਮਨੁੱਖ ਸੰਸਾਰ ਦਾ ਕੀ ਸੁਧਾਰ ਕਰ ਸਕਦਾ ਹੈ? ਹਾਂ, ਮਨੁੱਖ ਨੇ ਸੰਸਾਰ ਵਿਚ ਵੰਡੀਆਂ ਪਾ ਕੇ ਸਮਾਜ ਦੀ ਸਿਰਜਣਾ ਜ਼ਰੂਰ ਕੀਤੀ ਹੈ ਜਿਸ ਦੇ ਪ੍ਰਬੰਧਕ ਲੋਕਾਂ ਨੂੰ ਰੱਖਿਆ ਅਤੇ ਬਿਹਤਰੀ ਦਾ ਭਰੋਸਾ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਅਤੇ ਜੰਗਾਂ ਛੇੜ ਕੇ ਉਨ੍ਹਾਂ ਦਾ ਘਾਣ ਕਰਦੇ ਰਹਿੰਦੇ ਹਨ। ਲੋਕਾਂ ਨੂੰ ਸਮਾਜ ਵਿਚ ਆਪਣੇ ਮੂਲ ਅਧਿਕਾਰਾਂ ਲਈ ਸੰਘਰਸ਼ਾਂ ਰਾਹੀਂ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ। ਗੁਰਬਾਣੀ ਸਮਾਜਕ ਘਟਨਾਵਾਂ ਨੂੰ ਤ੍ਰੈਗੁਣੀ ਸੰਸਾਰ ਵਿਚ ਵਰਤ ਰਹੀ ਮਾਇਆ ਦੇ ਪ੍ਰਭਾਵ ਦਾ ਪਰਿਣਾਮ ਦੱਸਦੀ ਹੈ।

ਆਧੁਨਿਕ ਸਮਾਜ ਵਿਚ ਪਦਾਰਥਕ ਸੁਵਿਧਾਵਾਂ, ਤਕਨੀਕੀ ਪ੍ਰਾਪਤੀਆਂ, ਜਾਣਕਾਰੀ ਦੀ ਬਹੁਤਾਤ, ਵੱਧ ਰਹੀ ਗਤੀ ਅਤੇ ਮਾਨਸਿਕ ਚੁਣੌਤੀਆਂ ਵਾਲਾ ਮਾਹੌਲ ਬਣਿਆ ਹੋਇਆ ਹੈ। ਸਮਾਜ ਦੇ ਵਿਕਾਸ ਦੀ ਗਤੀ ਦਿਨ ਪਰ ਦਿਨ ਤੇਜ਼ ਹੁੰਦੀ ਜਾ ਰਹੀ ਹੈ। ਅਜਿਹੇ ਪਦਾਰਥਵਾਦੀ ਮਾਹੌਲ ਵਿਚ ਗੁਰਬਾਣੀ ਦੇ ਸੰਜਮੀ, ਸਹਿਜ ਅਤੇ ਤਿਆਗਮਈ ਉਪਦੇਸ਼ ਦੀ ਅਨੁਕੂਲਤਾ ਬਾਰੇ ਸ਼ੰਕਾ ਹੋਣਾ ਸੁਭਾਵਕ ਹੈ ਕਿਉਂਕਿ ਇਹ ਦੋਨੋਂ ਜੀਵਨ ਢੰਗ ਬੇਮੇਲ ਹਨ। ਪਰ ਇਨ੍ਹਾਂ ਬੇਮੇਲ ਜੀਵਨ ਢੰਗਾਂ ਨੂੰ ਇਕ ਦੂਜੇ ਦੇ ਮੁਆਫਕ ਬਣਾਉਣ ਦਾ ਔਖਾ ਕੰਮ ਪੁਜਾਰੀ ਸ਼੍ਰੇਣੀ ਨੇ ਕਰ ਦਿੱਤਾ ਹੈ। ਪੁਜਾਰੀ ਵਰਗ ਲੋਕਾਂ ਵਿਚ ਧਾਰਮਕ ਸ਼ਰਧਾ ਉਤੇਜਿਤ ਕਰਨ ਦਾ ਮਾਹਰ ਹੈ। ਧਾਰਮਕ ਸ਼ਰਧਾ ਭਾਵੇਂ ਅਧਿਆਤਮਕ ਗਿਆਨ ਨਹੀਂ ਹੁੰਦੀ ਪਰ ਇਹ ਅਧਿਆਤਮਕ ਗਿਆਨ ਦਾ ਮਾਰਗ ਦਰਸ਼ਨ ਕਰਨ ਵਿਚ ਸਹਾਇਕ ਹੁੰਦੀ ਹੈ। ਸ਼ਰਧਾ ਵਿਚ ਸ਼ੰਕੇ ਅਤੇ ਤਰਕ ਲਈ ਕੋਈ ਗੁੰਜਾਇਸ਼ ਨਹੀਂ ਹੁੰਦੀ। ਪੁਜਾਰੀ ਪ੍ਰਭੂ ਦੇ ਕਲਪੇ ਅਵਤਾਰ ਦੀ ਮੂਰਤੀ ਜਾਂ ਪ੍ਰਭੂ ਦੀ ਬਾਣੀ ਦੇ ਗ੍ਰੰਥ ਵਿਚ ਅਦਿੱਖ ਪ੍ਰਭੂ ਅਤੇ ਉਸ ਦੇ ਗਿਆਨ ਦੀ ਵਰਚੂਅਲ ਰੀਐਲਿਟੀ ਸਿਰਜ ਕੇ ਉਸ ਬਾਰੇ ਮਿਥਿਹਾਸਕ ਕਹਾਣੀਆਂ ਘੜ ਲੈਂਦੇ ਹਨ ਅਤੇ ਉਸ ਨਾਲ ਕਰਮ ਕਾਂਡ ਜੋੜ ਕੇ ਉਸ ਨੂੰ ਅਧਿਆਤਮਕ ਗਿਆਨ ਦਾ ਪਵਿੱਤਰ ਅਤੇ ਪ੍ਰਭਾਵਸ਼ਾਲੀ ਪ੍ਰਤੀਨਿਧੀ ਬਣਾ ਦਿੰਦੇ ਹਨ।

ਅਧਿਆਤਮਕ ਗਿਆਨ ਦੇ ਵਸਤੂ ਜਾਂ ਪਦਾਰਥਕ ਰੂਪਾਂਤਰਣ ਨੂੰ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਪੂਜਾ ਸਥਾਨ ਵਿਚ ਸਥਾਪਤ ਕਰ ਦਿੱਤਾ ਜਾਂਦਾ ਹੈ। ਅਧਿਆਤਮਕ ਗਿਆਨ ਨੂੰ ਧਰਮ ਦਾ ਸਮਾਜਕ ਰੂਪ ਦੇ ਕੇ ਰਾਜ ਪ੍ਰਬੰਧ ਦਾ ਭਰੋਸੇਯੋਗ ਸਹਾਇਕ ਬਣਾ ਦਿੱਤਾ ਜਾਂਦਾ ਹੈ ਅਤੇ ਧਾਰਮਕ ਸਥਾਨ ਸ਼ਰਧਾਲੂਆਂ ਨੂੰ ਦੋਨੋਂ ਜਹਾਨਾਂ ਦੇ ਸੁੱਖ ਦਾ ਵਿਸ਼ਵਾਸ ਦੁਆ ਕੇ ਸੰਤੁਸ਼ਟ ਕਰ ਦਿੰਦੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਮੂਲ ਅਧਿਆਤਮਕ ਉਪਦੇਸ਼ ਬਾਰੇ ਸੰਖੇਪ ਵਿਚਾਰ ਕਰਨੀ ਉਚਿੱਤ ਹੋਵੇਗੀ। ਗੁਰਬਾਣੀ ਉਪਦੇਸ਼ ਦਾ ਸਬੰਧ ਤਿੰਨ ਮੁਖ ਵਿਸ਼ਿਆਂ ਨਾਲ ਹੈ: (1) ਪ੍ਰਭੂ ਦੀ ਸਿਫਤ ਸਾਲਾਹ ਅਤੇ ਗੁਣ; (2) ਸੰਸਾਰ ਵਿਚ ਤ੍ਰੈਗੁਣੀ ਮਾਇਆ ਦਾ ਵਿਆਪਕ ਪ੍ਰਭਾਵ ਅਤੇ ਉਸ ਦੇ ਪਰਿਣਾਮ; ਅਤੇ (3) ਮਨੁੱਖੀ ਜੀਵਨ ਦਾ ਮਨੋਰਥ ਅਤੇ ਮਨ ਨੂੰ ਸੋਧਣ ਦੀ ਵਿਧੀ। ਗੁਰਬਾਣੀ ਇਨ੍ਹਾਂ ਤਿੰਨ ਵਿਸ਼ਿਆਂ ਬਾਰੇ ਵਿਸਤ੍ਰਿਤ ਗਿਆਨ ਦਿੰਦੀ ਹੈ। ਇਨ੍ਹਾਂ ਵਿਸ਼ਿਆਂ ਵਿਚ ਜਿਨ੍ਹਾਂ ਮੁੱਖ ਤੱਤਾਂ 'ਤੇ ਵਿਚਾਰ ਕੀਤੀ ਗਈ ਹੈ, ਉਹ ਹਨ: ਪਹਿਲਾ, ਹੋਂਦ ਕੇਵਲ ਇਕ ਪ੍ਰਭੂ ਦੀ ਹੈ, ਹੋਰ ਕਿਸੇ ਦੀ ਨਹੀਂ। ਪ੍ਰਭੂ ਦੀ ਹੋਂਦ ਸਦੀਵੀ ਅਤੇ ਆਪਣੇ ਆਪ ਤੋਂ ਹੈ। ਗੁਰਬਾਣੀ ਪ੍ਰਭੂ ਨੂੰ ਸੈਭੰ ਆਖਦੀ ਹੈ। ਸਾਰੀ ਸ੍ਰਿਸ਼ਟੀ ਪ੍ਰਭੂ ਦੀ ਸਿਰਜਣਾ ਤੇ ਖੇਡ ਹੈ ਅਤੇ ਉਹ ਸ੍ਰਿਸ਼ਟੀ ਵਿਚ ਆਪ ਵਿਆਪਕ ਹੈ,

ਦੁਯੀ ਕੁਦਰਤਿ ਸਾਜੀਐ
ਕਰਿ ਆਸਣੁ ਡਿਠੋ ਚਾਉ॥ (ਪੰਨਾ 463)



ਪ੍ਰਭੂ ਨੇ ਕੁਦਰਤ ਦੀ ਸਿਰਜਣਾ ਕਰਕੇ ਉਸ ਨੂੰ ਨਿਯਮਬੱਧ ਕੀਤਾ ਹੋਇਆ ਹੈ,

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥
(ਪੰਨਾ 268)

ਸਾਰੀ ਸ੍ਰਿਸ਼ਟੀ ਉਸ ਦੇ ਹੁਕਮ ਵਿਚ ਉਸ ਦੇ ਸਿਰਜੇ ਨਿਯਮਾਂ ਅਨੁਸਾਰ ਚਲ ਰਹੀ ਹੈ। ਪ੍ਰਭੂ ਦਾ ਕੋਈ ਰੂਪ ਨਹੀਂ ਹੈ। ਉਹ ਸੰਸਾਰ ਵਿਚ ਵਿਆਪਕ ਹੁੰਦੇ ਹੋਏ ਵੀ ਉਸ ਤੋਂ ਵਖਰਾ ਹੈ ਅਤੇ ਸਧਾਰਣ ਵਿਅਕਤੀ ਵਿਚ ਉਸ ਨੂੰ ਅਨੁਭਵ ਕਰਨ ਦੀ ਯੋਗਤਾ ਨਹੀਂ ਹੈ। ਉਹ ਬੇਅੰਤ ਹੈ, ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਵਿਸ਼ਵਾਸ ਕਰਨ ਵਾਲੇ ਵਿਅਕਤੀ ਲਈ ਪ੍ਰਭੂ ਦੀ ਹੋਂਦ ਹੈ ਅਤੇ ਨਾ ਮੰਨਣ ਵਾਲੇ ਲਈ ਉਹ ਭਰਮ ਹੈ ਪਰ ਮਨੁੱਖਾਂ ਦੇ ਵਿਚਾਰਾਂ ਨਾਲ ਪ੍ਰਭੂ ਦੀ ਹਸਤੀ ਨੂੰ ਕੋਈ ਫਰਕ ਨਹੀਂ ਪੈਂਦਾ।

ਦੂਜਾ, ਪ੍ਰਭੂ ਦੀ ਸਿਰਜੀ ਸੰਸਾਰਕ ਖੇਡ ਵਿਚ, ਜਿਸ ਦਾ ਸਿੱਖ ਧਰਮ ਵੀ ਇਕ ਭਾਗ ਹੈ, ਮਾਇਆ, ਭਰਮ ਅਤੇ ਦਵੈਤ ਦਾ ਬੋਲ ਬਾਲਾ ਹੈ। ਮਾਇਆ ਵਿਚ ਤ੍ਰੈ-ਗੁਣ, ਰਜ, ਤਮ ਅਤੇ ਸਤ, ਅਤੇ ਪੰਜ ਵਿਸ਼ੇ ਵਿਕਾਰ- ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ, ਕਿਰਿਆਸ਼ੀਲ ਹਨ ਜੋ ਮਨੁੱਖ ਨੂੰ ਭਰਮਾ ਕੇ ਭੰਵਾਈਂ ਫਿਰਦੇ ਹਨ, ਪ੍ਰਭੂ ਬਾਰੇ ਸੋਚਣ ਤੋਂ ਰੋਕੀ ਰੱਖਦੇ ਹਨ। ਸੰਸਾਰ ਨਿਰੰਤਰ ਬਦਲ ਰਿਹਾ ਹੈ ਅਤੇ ਜੰਮਣ-ਮਰਨ ਦੇ ਗੇੜ ਵਿਚ ਪਿਆ ਹੋਇਆ ਹੈ। ਨਿਰੰਤਰ ਬਦਲ ਰਹੇ ਸੰਸਾਰ ਦੀ ਅਸਲੀਅਤ ਜਾਨਣੀ ਸੰਭਵ ਨਹੀਂ ਕਿਉਂਕਿ ਜੋ ਦਿਸਦਾ ਹੈ, ਉਹ ਬੀਤ ਚੁਕਿਆ ਹੋਣ ਕਾਰਨ ਹੁੰਦਾ ਨਹੀਂ ਅਤੇ ਜੋ ਹੁੰਦਾ ਹੈ, ਉਹ ਬਦਲਣ ਕਾਰਨ ਨਜ਼ਰ ਨਹੀਂ ਆਉਂਦਾ। ਪ੍ਰਭੂ ਦੀ ਵਿਆਪਕਤਾ ਵੀ ਮਨੁੱਖ ਦੇ ਸੰਸਾਰ ਬਾਰੇ ਭਰਮ ਦਾ ਕਾਰਨ ਬਣੀ ਹੋਈ ਹੈ। ਪ੍ਰਭੂ ਸੰਸਾਰ ਵਿਚ ਵਿਆਪਕ ਹੈ ਪਰ ਸਾਧਾਰਣ ਮਨੁੱਖ ਨੂੰ ਨਜ਼ਰ ਨਹੀਂ ਆਉਂਦਾ ਅਤੇ ਜੋ ਕੁਝ ਮਨੁੱਖ ਨੂੰ ਨਜ਼ਰ ਆਉਂਦਾ ਹੈ, ਉਸ ਵਿਚ ਪ੍ਰਭੂ ਦੀ ਹੋਂਦ ਨਾ ਹੋਣ ਕਾਰਨ ਉਹ ਸੱਚ ਨਹੀਂ ਹੁੰਦਾ, ਭਰਮ ਜਾਂ ਸੁਪਨਾ ਹੁੰਦਾ ਹੈ ਕਿਉਂਕਿ ਹੋਂਦ ਤੇ ਕੇਵਲ ਪ੍ਰਭੂ ਦੀ ਹੀ ਹੈ,

ਨਾਨਕ ਸੋ ਪ੍ਰਭੂ ਪ੍ਰਭੂ ਦਿਖਾਵੈ
ਬਿਨੁ ਸਾਚੇ ਜਗੁ ਸੁਪਨਾ॥ (ਪੰਨਾ 1274)

ਸਾਧਾਰਣ ਮਨੁੱਖ ਵਿਚ ਸੰਸਾਰ ਦੀ ਅਸਲੀਅਤ ਜਾਨਣ ਦੀ ਯੋਗਤਾ ਨਹੀਂ ਹੈ। ਇਸੇ ਲਈ ਗੁਰਬਾਣੀ ਵਿਚ ਦਿਖਾਈ ਦੇ ਰਹੇ ਸੰਸਾਰ ਨੂੰ ਸੁਪਨਾ, ਝੂਠ, ਜਲ ਤਰੰਗ ਅਤੇ ਭੁਲੇਖਾ ਵੀ ਆਖਿਆ ਗਿਆ ਹੈ। ਗੁਰਬਾਣੀ ਸੰਸਾਰ ਨੂੰ ਭਵਜਲ ਆਖਦੀ ਹੈ,

ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ
ਗੁਰ ਸਬਦੀ ਹਰਿ ਪਾਰਿ ਲੰਘਾਈ॥
(ਪੰਨਾ 353)

ਸੰਸਾਰ ਵਿਚ ਜਨਮ ਲੈਣ ਤੇ ਮਨੁੱਖ ਪ੍ਰਭੂ ਨਾਲੋਂ ਵਿਛੜ ਕੇ ਹਉਮੈ ਨਾਲ ਜੁੜ ਜਾਂਦਾ ਹੈ। ਇਹ ਵਿਛੋੜਾ, ਹਉਮੈ ਅਤੇ ਮਾਇਆ ਦਾ ਪ੍ਰਭਾਵ ਸੰਸਾਰਕ ਜੀਵਨ ਨੂੰ ਇਕ ਸੰਘਰਸ਼ ਬਣਾ ਦਿੰਦੇ ਹਨ। ਗੁਰਬਾਣੀ ਅਨੁਸਾਰ ਮਨੁੱਖੀ ਜੀਵਨ ਦਾ ਮਨੋਰਥ ਇਸ ਭਵਸਾਗਰ ਨੂੰ ਪਾਰ ਕਰਕੇ ਪ੍ਰਭੂ ਨਾਲ ਮੇਲ ਹੈ,

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
(ਪੰਨਾ 12)

---

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ॥ (ਪੰਨਾ 694)

ਤੀਜਾ, ਗੁਰਬਾਣੀ ਮਨੁੱਖ ਨੂੰ ਸਰੀਰ ਅਤੇ ਮਨ ਦੇ ਸੁਮੇਲ ਦੀ ਉਪਜ ਮੰਨਦੀ ਹੈ, ਮਨ ਅਤੇ ਸਰੀਰ ਦੇ ਸਬੰਧ ਨੂੰ ਧਨ ਪਿਰ ਦਾ ਰਿਸ਼ਤਾ ਅਤੇ ਪਿਰ ਨੂੰ ਹੁਕਮੀ ਬੰਦਾ ਆਖਦੀ ਹੈ। ਸਰੀਰ ਬਿਨਸਨਹਾਰ ਹੈ ਪਰ ਮਨ ਅਬਨਾਸੀ ਹੈ। ਮਨ ਸਰੀਰ ਦਾ ਚਾਲਕ ਅਤੇ ਮਾਲਕ ਹੈ ਪਰ ਸਰੀਰ ਦਾ ਸਥੂਲ ਭਾਗ ਨਹੀਂ ਹੈ। ਮਨ ਜੋਤਿ ਸਰੂਪ ਹੈ,

ਮਨ ਤੂ ਜੋਤਿ ਸਰੂਪੁ ਹੈ
ਅਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ
ਗੁਰਮਤੀ ਰੰਗੁ ਮਾਣਿ॥ (ਪੰਨਾ 441)

'ਜੋਤਿ ਸਰੂਪ' ਹੋਣ ਕਾਰਨ ਮਨ ਵਿਚ ਪ੍ਰਭੂ ਨੂੰ ਮਿਲਣ ਦੀ ਯੋਗਤਾ ਹੈ ਤੇ ਸਰੀਰ ਦੀ ਮੌਤ ਹੋਣ ਨਾਲ ਇਸ ਦੀ ਮੌਤ ਨਹੀਂ ਹੁੰਦੀ। ਮਨ ਦੇ ਸਰੀਰ ਨਾਲ ਮੇਲ 'ਚ ਹਉਮੈ ਜੁੜੀ ਹੁੰਦੀ ਹੈ ਕਿਉਂਕਿ ਮਨੁੱਖ ਦਾ ਜਨਮ ਹੀ ਹਉਮੈ 'ਚ ਹੁੰਦਾ ਹੈ,

ਹਉ ਵਿਚਿ ਮਾਇਆ ਹਉ ਵਿਚਿ ਛਾਇਆ॥
ਹਉਮੈ ਕਰਿ ਕਰਿ ਜੰਤ ਉਪਾਇਆ॥
(ਪੰਨਾ 466)

ਹਉਮੈ ਮਨੁੱਖ ਨੂੰ ਪ੍ਰਭੂ ਨਾਲੋਂ ਵਖਰਾ ਅਤੇ ਸੁਤੰਤਰ ਹੋਣ ਦਾ ਭਰਮ ਪਾ ਕੇ ਮਾਇਆ ਦੇ ਭਰਮਜਾਲ ਵਿਚ ਫਸਾਈ ਰੱਖਦੀ ਹੈ ਅਤੇ ਮਾਇਆ ਦਾ ਭਰਮਾਇਆ ਮਨ ਪ੍ਰਭੂ ਨੂੰ ਵਿਸਾਰ ਕੇ ਬਾਹਰ ਸੰਸਾਰ ਵਿਚ ਭਟਕਦਾ ਫਿਰਦਾ ਹੈ।

ਗੁਰਬਾਣੀ ਮਨੁੱਖ ਨੂੰ ਮਨ ਵਸ ਕਰਨ ਜਾਂ ਹਉਮੈ ਨੂੰ ਮਾਰਨ ਦਾ ਉਪਦੇਸ਼ ਕਰਦੀ ਹੈ। ਮਨ ਵਸ ਕਰਨ ਦੀ ਪ੍ਰਕਿਰਿਆ ਬਾਰੇ ਗੁਰਬਾਣੀ ਵਿਚ ਬਹੁਤ ਵਿਸਤਾਰ ਨਾਲ ਸਮਝਾਇਆ ਗਿਆ ਹੈ। ਸਰੀਰ ਅਤੇ ਬੁੱਧੀ ਵਿਚ ਮਨ ਵਸ ਕਰਨ ਦੀ ਸਮਰਥਾ ਨਹੀਂ ਹੈ, ਉਹ ਤੇ ਆਪ ਹੀ ਮਨ ਦੇ ਅਧੀਨ ਹਨ,

ਏਹੁ ਮਨ ਮਾਰਿਆ ਨ ਮਰੇ
ਜੇ ਲੋਚੇ ਸਭ ਕੋਇ॥
ਨਾਨਕ ਮਨ ਹੀ ਕਉ ਮਨੁ ਮਾਰਸੀ
ਜੇ ਸਤਿਗੁਰੁ ਭੇਟੇ ਸੋਇ॥ (ਪੰਨਾ 1089)

ਹਉਮੈ ਨੂੰ ਕੇਵਲ ਮਨ ਹੀ ਮਾਰ ਸਕਦਾ ਹੈ,

ਮਨੁ ਮਰੈ ਦਾਰੂ ਜਾਣੈ ਕੋਇ॥
ਮਨੁ ਸਬਦਿ ਮਰੈ ਬੂਝੈ ਜਨੁ ਸੋਇ॥
(ਪੰਨਾ 159)

ਹਉਮੈ ਦੀਰਘ ਰੋਗੁ ਹੈ
ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ
ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ
ਇਤੁ ਸੰਜਮਿ ਦੁਖ ਜਾਹਿ॥ (ਪੰਨਾ 466)

ਹਉਮੈ ਨੂੰ ਗੁਰ-ਸ਼ਬਦ ਦੀ ਓਟ ਲੈ ਕੇ ਹੀ ਮਾਰਿਆ ਜਾ ਸਕਦਾ ਹੈ ਅਤੇ ਗੁਰ-ਸ਼ਬਦ ਦੀ ਓਟ ਗੁਰੂ ਦੀ ਕਿਰਪਾ ਨਾਲ ਸੰਭਵ ਹੁੰਦੀ ਹੈ ਜਿਸ ਲਈ ਮਨੁੱਖ ਨੂੰ ਪ੍ਰਭੂ ਅੱਗੇ ਅਰਦਾਸ ਕਰਨੀ ਬਣਦੀ ਹੈ। ਗੁਰਬਾਣੀ ਵਿਚ ਅਰਦਾਸ ਦਾ ਇਹੋ ਮੁੱਖ ਮੰਤਵ ਦੱਸਿਆ ਗਿਆ ਹੈ। ਗੁਰੂ ਦੀ ਕਿਰਪਾ ਰਾਹੀਂ ਗੁਰ-ਸ਼ਬਦ ਮਨ ਨੂੰ ਨਿਰਮਲ ਕਰ ਕੇ ਪ੍ਰਭੂ ਨੂੰ ਮਿਲਣਯੋਗ ਬਣਾ ਦਿੰਦਾ ਹੈ ਅਤੇ ਐਸੇ ਮਨ ਨੂੰ ਗੁਰਬਾਣੀ 'ਮਨਿ ਜੀਤੈ ਜਗੁ ਜੀਤੁ' ਆਖਦੀ ਹੈ।

ਮਨ ਅਤੇ ਆਤਮਾ ਦਾ ਡੂੰਘਾ ਸਬੰਧ ਹੈ। ਆਤਮਾ ਪ੍ਰਭੂ ਦਾ ਅੰਸ਼ ਹੈ ਅਤੇ ਇਸ ਦਾ ਵਾਸਾ ਮਨੁੱਖੀ ਸਰੀਰ ਵਿਚ ਹੈ,

ਆਤਮ ਰਾਮੁ ਰਾਮੁ ਹੈ ਆਤਮ॥
ਹਰਿ ਪਾਈਐ ਸਬਦਿ ਵਿਚਾਰਾ ਹੇ॥
(ਪੰਨਾ 1030)

ਮਨ ਵੀ 'ਜੋਤਿ ਸਰੂਪ' ਹੈ ਪਰ ਹਉਮੈ ਅਤੇ ਸੰਸਾਰਕ ਮਾਇਆ ਦੇ ਪ੍ਰਭਾਵ ਨੇ ਇਸ ਨੂੰ ਚੰਚਲ ਅਤੇ 'ਉਡਨ ਪੰਖੇਰੂ ਬਨ ਕਾ' ਬਣਾ ਛੱਡਿਆ ਹੈ। ਸਰੀਰ ਨਾਲ ਜੁੜਿਆ ਹੋਣ ਕਾਰਨ ਮਨ ਬਾਹਰਮੁਖੀ ਹੁੰਦਾ ਹੈ ਅਤੇ ਮੋਹ ਦੇ ਬੰਧਨਾਂ ਵਿਚ ਫਸਿਆ ਰਹਿੰਦਾ ਹੈ। ਗੁਰਬਾਣੀ ਮਨੁੱਖ ਨੂੰ ਆਪਣੇ ਅੰਦਰ ਵਸ ਰਹੇ ਪ੍ਰਭੂ ਨਾਲ ਮਿਲਾਪ ਲਈ ਉਦਮ ਕਰਨ ਦਾ ਉਪਦੇਸ਼ ਦਿੰਦੀ ਹੈ। ਐਸਾ ਕਰਨ ਲਈ ਮਨ ਨੂੰ ਸੰਸਾਰਕ ਧੰਦਿਆਂ ਤੋਂ ਹੋੜ ਕੇ ਸ਼ੁਭ ਗੁਣ ਧਾਰਨ ਕਰਨ ਦੀ ਲੋੜ ਹੁੰਦੀ ਹੈ,

ਵਿਣੁ ਗੁਣ ਕੀਤੇ ਭਗਤਿ ਨ ਹੋਇ॥
(ਪੰਨਾ 4)

ਸਾਚੀ ਬਾਣੀ ਸੂਚਾ ਹੋਇ॥
ਗੁਣ ਤੇ ਨਾਮੁ ਪਰਾਪਤਿ ਹੋਇ॥
(ਪੰਨਾ 361)

ਗੁਰਬਾਣੀ ਮਨੁੱਖ ਨੂੰ ਨਿਮਰਤਾ, ਸੰਜਮ, ਸਹਿਜ, ਪ੍ਰੇਮ ਭਾਵਨਾ, ਬਰਾਬਰੀ, ਸ਼ਾਂਤੀ, ਪਰਉਪਕਾਰ ਅਤੇ ਨਿਜੀ ਸੁਤੰਤਰਤਾ ਦੇ ਗੁਣ ਧਾਰਨ ਕਰਨ ਲਈ ਆਖਦੀ ਹੈ।

ਮਨੁੱਖ ਨੂੰ ਆਪਣੇ ਕੀਤੇ ਹਰ ਕਰਮ ਦਾ ਫਲ ਅਵੱਸ਼ ਪ੍ਰਾਪਤ ਹੁੰਦਾ ਹੈ ਪਰ ਫਲ ਦਾ ਨਿਰਣਾ ਪ੍ਰਭੂ ਦੇ ਸਿਰਜੇ ਨਿਯਮਾਂ ਅਨੁਸਾਰ ਹੁੰਦਾ ਹੈ। ਮਨੁੱਖ ਅਤੇ ਪੁਜਾਰੀ ਵਿਚ ਪ੍ਰਭੂ ਦੇ ਨਿਰਣੇ ਨੂੰ ਬਦਲਣ ਦੀ ਸਮਰਥਾ ਨਹੀਂ ਹੁੰਦੀ। ਸਾਰੀ ਕਾਇਨਾਤ ਪ੍ਰਭੂ ਦੇ ਹੁਕਮ ਅਤੇ ਉਸ ਦੇ ਸਿਰਜੇ ਨਿਯਮਾਂ ਅਨੁਸਾਰ ਚਲ ਰਹੀ ਹੈ। ਮਨੁੱਖ ਨੂੰ ਆਪਣੇ ਨਸੀਬ ਅਨੁਸਾਰ ਕਰਮ ਦੀ ਚੋਣ ਕਰਨ ਦੀ ਸੀਮਤ ਸਮਰਥਾ ਹੈ। ਕਰਮ ਦੀ ਚੋਣ ਕਰਨ ਵੇਲੇ ਗੁਰਬਾਣੀ ਮਨੁੱਖ ਨੂੰ ਪ੍ਰਭੂ ਦਾ ਹੁਕਮ ਬੁਝਣ ਅਤੇ ਉਸ ਅਨੁਸਾਰ ਚਲਣ ਦਾ ਉਪਦੇਸ਼ ਦਿੰਦੀ ਹੈ। ਅਜਿਹੇ ਕਰਮਾਂ ਨੂੰ ਨਿਸ਼ਕਾਮ ਕਰਮ ਆਖਿਆ ਗਿਆ ਹੈ।

ਕਈ ਵਿਦਵਾਨ ਗੁਰਬਾਣੀ ਦੇ ਮੂਲ ਉਪਦੇਸ਼ ਨੂੰ ਅਵਿਹਾਰਕ ਆਖਦੇ ਹਨ ਅਤੇ ਕਈ ਇਸ ਨੂੰ ਵਿਗਿਆਨਕ ਤੌਰ 'ਤੇ ਬੇਥਵਾ ਸਮਝਦੇ ਹਨ। ਗੁਰਬਾਣੀ ਦੇ ਸੰਸਾਰ ਅਤੇ ਮਨ ਬਾਰੇ ਜੋ ਵਿਚਾਰ ਉਪਰ ਦਿੱਤੇ ਗਏ ਹਨ, ਉਨ੍ਹਾਂ ਦੀ ਸੱਚਾਈ ਸੰਸਾਰ ਵਿਚ ਸਪਸ਼ਟ ਨਜ਼ਰ ਆਉਂਦੀ ਹੈ। ਕਹਿਣ ਨੂੰ ਤੇ ਸਮਾਜ ਨੇ ਬਹੁਤ ਉਨਤੀ ਕਰ ਲਈ ਹੈ ਪਰ ਸੰਸਾਰ ਦੀ ਬਹੁਗਿਣਤੀ ਗ਼ਰੀਬੀ, ਭੁੱਖਮਰੀ, ਬੇਰੁਜ਼ਗਾਰੀ, ਗੰਦਗੀ, ਜੰਗਾਂ, ਯੁਧਾਂ, ਅਤਿਆਚਾਰਾਂ, ਕਤਲੋਗ਼ਾਰਤ, ਫਿਰਕੂ ਦੰਗਿਆਂ, ਨਸਲਕੁਸ਼ੀ, ਆਤੰਕਵਾਦ, ਵਿਤਕਰੇ, ਊਚ-ਨੀਚ, ਹਥਿਆਰਾਂ ਦੀ ਦੌੜ, ਵਧੀਕੀਆਂ, ਨਸ਼ਿਆਂ ਅਤੇ ਹੋਰ ਲੱਖ ਵਿਕਾਰਾਂ ਦਾ ਸ਼ਿਕਾਰ ਹੈ।

ਹਿਵੀਂ ਸ਼ਤਾਬਦੀ ਦੀਆਂ ਜੰਗਾਂ ਨੇ ਤਾਂ ਕਰੋੜਾਂ ਮਾਸੂਮਾਂ ਨੂੰ ਮਾਰ ਮੁਕਾਇਆ ਸੀ। ਹੁਣ ਮਨੁੱਖ ਵਿਗਿਆਨ ਦੇ ਆਸਰੇ ਮਾਨਵਤਾ ਨੂੰ ਫਨ੍ਹਾ ਕਰਨ ਦਾ ਪੂਰਾ ਪ੍ਰਬੰਧ ਕਰੀ ਬੈਠਾ ਹੈ। ਇਹ ਕੈਸਾ ਵਿਗਿਆਨ ਅਤੇ ਕੈਸੀ ਉਨਤੀ ਹੈ? ਉਧਰ ਸੰਯੁਕਤ ਰਾਸ਼ਟਰ ਮਨੁੱਖੀ ਜ਼ਮੀਰ ਨੂੰ ਜਗਾਉਣ ਦਾ ਯਤਨ ਕਰ ਰਿਹਾ ਹੈ ਪਰ ਸੰਗਠਤ ਹਉਮੈ ਕੁਝ ਸੁਣਨ ਨੂੰ ਤਿਆਰ ਨਹੀਂ ਹੈ। ਹੁਣ ਤੇ ਮਨੁੱਖਤਾ ਦੇ ਪ੍ਰੇਮੀਆਂ ਨੂੰ ਮਾਨਵਤਾ ਦੇ ਬਚਾਓ, ਬਿਹਤਰੀ ਅਤੇ ਸੁਤੰਤਰਤਾ ਲਈ ਆਪ ਉਦਮ ਅਤੇ ਪ੍ਰਭੂ ਦੀ ਕਿਰਪਾ ਲਈ ਅਰਦਾਸ ਕਰਨੀ ਪਵੇਗੀ। ਅਜੋਕੇ ਮਨੁੱਖ ਕੋਲ ਖੁਸ਼ਹਾਲ ਜੀਵਨ ਦੇ ਸਾਰੇ ਸਾਧਨ ਹਨ ਪਰ ਉਹ ਦੁੱਖੀ, ਅਸੰਤੁਸ਼ਟ ਅਤੇ ਚਿੰਤਤ ਹੈ। ਗੁਰਬਾਣੀ ਇਨ੍ਹਾਂ ਮਨੁੱਖੀ ਸਮੱਸਿਆਵਾਂ ਦਾ ਹੀ ਹੱਲ ਹੈ।

#

## ਕਹਾਣੀ

# ਦਲਦਲ

***ਵਰਿਆਮ ਸੰਧੂ ਦੀ ਕਹਾਣੀ 'ਦਲਦਲ' ਵੀ ਉਸ ਦੀਆਂ ਹੋਰ ਕਹਾਣੀਆਂ ਵਾਂਗ ਬਹੁ-ਪਰਤਾਂ ਅਤੇ ਅਰਥਾਂ ਵਾਲੀ ਕਹਾਣੀ ਹੈ। ਇਹ ਕਹਾਣੀ ਭਾਵੇਂ ਪਿੰਡ ਵਿਚ ਵਾਪਰ ਚੁੱਕੀ ਇਕ ਘਟਨਾ ਨੂੰ ਆਧਾਰ ਬਣਾ ਕੇ ਬੁਣੀ ਗਈ ਹੈ, ਪਰ ਆਪਣੀ ਨਿਵੇਕਲੀ ਸ਼ੈਲੀ ਨਾਲ ਵਰਿਆਮ ਸੰਧੂ ਜ਼ਿੰਦਗੀ ਦੀਆਂ ਕਈ ਹਕੀਕਤਾਂ ਪਾਠਕਾਂ ਅੱਗੇ ਪਰੋਸ ਦਿੰਦਾ ਹੈ। ਇਸ ਪੱਖੋਂ ਉਹ ਸੱਚਮੁਚ ਹੀ ਵਰਿਆਮ ਹੈ। ਇਹ ਹਕੀਕਤਾਂ ਅਸਲ ਵਿਚ ਕੌੜੀਆਂ ਸੱਚਾਈਆਂ ਵੀ ਹਨ, ਇਸ ਲਈ ਨਾਲ ਦੀ ਨਾਲ ਬੇਵਸੀ ਦੇ ਲਪੇਟੇ ਵੀ ਵੱਜੀ ਜਾਂਦੇ ਹਨ। ਇਸ ਉਧੇੜ-ਬੁਣ ਵਿਚ ਉਹ ਉਸ ਦਲਦਲ ਦਾ ਜ਼ਿਕਰ ਛੋਹ ਲੈਂਦਾ ਹੈ ਜਿਹੜੀ ਬੇਵਸੀ ਕਾਰਨ ਹਰ ਮਨੁੱਖ ਦੇ ਆਲੇ-ਦੁਆਲੇ ਲਗਾਤਾਰ ਘੇਰਾ ਘੱਤਦੀ ਰਹਿੰਦੀ ਹੈ। -ਸੰਪਾਦਕ***

ਉਹ ਡਰ ਕੇ ਉਭੜਵਾਹੇ ਉਠ ਕੇ ਇਕਦਮ ਮੰਜੇ 'ਤੇ ਬੈਠ ਗਿਆ। ਪੂਰੇ ਜ਼ੋਰ ਨਾਲ ਹੋ ਰਹੇ ਦਰਦ ਕਰਕੇ ਸਿਰ ਫਟਣ ਨੂੰ ਆ ਰਿਹਾ ਸੀ। ਅੱਖਾਂ ਵਿਚੋਂ ਸੇਕ ਇੰਜ ਨਿਕਲ ਰਿਹਾ ਸੀ ਜਿਵੇਂ ਪੁਤਲੀਆਂ ਵਿਚੋਂ ਲਾਟਾਂ ਨਿਕਲ ਰਹੀਆਂ ਹੋਣ। ਤੋਟ ਦੇ ਮਾਰੇ ਸ਼ਰਾਬੀ ਵਾਂਗ ਸਰੀਰ ਭੰਨਿਆ ਪਿਆ ਸੀ। ਹੁਣੇ ਆਇਆ ਭਿਆਨਕ ਸੁਪਨਾ ਅਤੇ ਕੱਲ੍ਹ ਸ਼ਾਮੀਂ ਵਾਪਰੀ ਦੁਰਘਟਨਾ ਜ਼ਿਹਨ ਵਿਚ ਰਲਗੱਡ ਹੋਏ, ਮੈਦਾਨ-ਏ-ਜੰਗ ਵਿਚ ਚੱਲਦੀਆਂ ਤਲਵਾਰਾਂ ਵਾਂਗ ਉਸ ਦੇ ਅੰਦਰ ਨੂੰ ਕੱਟ ਵੱਢ ਰਹੇ ਸਨ।

ਉਸ ਨੇ ਇਸ ਸਭ ਕਾਸੇ ਤੋਂ ਧਿਆਨ ਪਾਸੇ ਕਰਨ ਲਈ ਬਲਦੀਆਂ ਅੱਖਾਂ ਨੂੰ ਘੁੱਟ ਕੇ ਮੀਚਿਆ ਅਤੇ ਸਿਰ ਨੂੰ ਝਟਕਿਆ। ਸਾਹਮਣੇ ਚੁਬਾਰੇ ਉਹਲਿਓਂ ਹੌਲੀ ਹੌਲੀ ਉਪਰ ਉਠ ਰਹੇ ਸੂਰਜ ਦਾ ਸੇਕ ਚੜ੍ਹਦੇ ਦਿਨ ਨਾਲ ਹੀ ਪੂਰੇ ਜਲੌਅ ਵਿਚ ਸੀ। ਝਰਨੇ ਵਿਚੋਂ ਵੇਖਿਆ, ਹੇਠਾਂ ਵਿਹੜੇ ਵਿਚ ਉਸ ਦੀ ਪਤਨੀ ਸਵੇਰ ਦੇ ਨਿੱਕੇ ਮੋਟੇ ਕੰਮ ਕਰ ਰਹੀ ਸੀ। ਜਦ ਵੀ ਉਹ ਹਫ਼ਤੇ ਦੇ ਕਿਸੇ ਸਨਿੱਚਰਵਾਰ ਛੁੱਟੀ ਆਉਂਦਾ ਸੀ ਤਾਂ ਉਸ ਦੀ ਪਤਨੀ ਐਤਵਾਰ ਦੀ ਸਵੇਰ ਉਸ ਨੂੰ ਅਤੇ ਬੱਚਿਆਂ ਨੂੰ ਸੁੱਤਿਆਂ ਨੂੰ ਨਹੀਂ ਸੀ ਉਠਾਉਂਦੀ। ਉਸ ਦੀ ਇੱਛਾ ਹੁੰਦੀ ਸੀ ਕਿ ਏਨੇ ਦਿਨਾਂ ਪਿਛੋਂ ਥੱਕਿਆ ਆਇਆ ਉਹ ਆਪਣੀ ਨੀਂਦ ਪੂਰੀ ਕਰ ਲਵੇ। ਬੱਚੇ ਵੀ ਉਠ ਕੇ ਰੌਲਾ ਪਾ ਕੇ ਉਸ ਨੂੰ ਜਗਾ ਨਾ ਦੇਣ,



**ਵਰਿਆਮ ਸੰਧੂ**
e-mail: waryamsandhu@gmail.com

ਇਸ ਲਈ ਉਹ ਦੋਹਾਂ ਬੱਚਿਆਂ ਨੂੰ ਵੀ ਨਹੀਂ ਸੀ ਜਗਾਉਂਦੀ।

ਉਸ ਨੇ ਵੇਖਿਆ, ਉਸ ਦੇ ਖੱਬੇ ਹੱਥ ਵੱਡੇ ਮੰਜੇ 'ਤੇ ਦੋਵੇਂ ਬੱਚੇ ਲੇਟੇ ਹੋਏ ਸਨ। ਛੇ ਕੁ ਸਾਲ ਦੀ ਬੱਚੀ ਨੇ ਤਿੰਨ ਕੁ ਸਾਲ ਦੇ ਆਪਣੇ ਛੋਟੇ ਵੀਰ ਦੇ ਗਲ ਦੁਆਲੇ ਬਾਂਹ ਇੰਜ ਵਲੀ ਹੋਈ ਸੀ ਜਿਵੇਂ ਸੁੱਤੇ ਪਏ ਦੀ ਵੀ ਰੱਖਿਆ ਕਰ ਰਹੀ ਹੋਵੇ। ਛੋਟੇ ਬੱਚੇ ਦੀ ਇਕ ਬਾਂਹ ਮੰਜੇ ਦੀ ਹੀਅ ਤੋਂ ਹੇਠਾਂ ਉਲਰੀ ਹੋਈ ਸੀ। ਤੇ ਬੜੇ ਮਾਸੂਮ ਅੰਦਾਜ਼ ਵਿਚ ਉਸ ਦੇ ਹੱਥ ਦਾ ਪੰਜਾ ਖੁੱਲ੍ਹਾ ਹੋਇਆ ਸੀ। ਉਸ ਦੀਆਂ ਅੱਖਾਂ ਅੱਧ-ਖੁੱਲ੍ਹੀਆਂ ਹੋਣ ਕਰ ਕੇ ਉਹ ਸੁੱਤਾ ਹੋਇਆ ਵੀ ਜਾਗਦਾ ਲੱਗਦਾ ਸੀ। ਪਾਕਿਸਤਾਨ ਨਾ ਜਾਣ ਕਰ ਕੇ ਇੱਧਰ ਰਹਿ ਗਿਆ ਫੱਜਾ ਮਰਾਸੀ ਅਕਸਰ ਕਹਿੰਦਾ ਹੁੰਦਾ ਸੀ ਕਿ 'ਸੰਧੂਆਂ' ਦੀਆਂ ਸੁੱਤਿਆਂ ਦੀਆਂ ਵੀ ਅੱਖਾਂ ਖੁੱਲ੍ਹੀਆਂ ਰਹਿੰਦੀਆਂ ਹਨ। ਉਹ ਦੱਸਦਾ, ਇਕ ਵਾਰ ਕੋਈ ਦੁਸ਼ਮਣ ਕਿਸੇ ਸੂਰਮੇ ਸੰਧੂ ਨੂੰ ਸੁੱਤਾ ਪਿਆ ਵੇਖ ਕੇ ਕਤਲ ਕਰਨ ਆਇਆ ਤਾਂ ਸੁੱਤੇ ਪਏ ਦੀਆਂ ਅੱਧ-ਖੁੱਲ੍ਹੀਆਂ ਅੱਖਾਂ ਦੇਖ ਕੇ ਹੀ ਉਸ ਦਾ ਹੌਸਲਾ ਰੇਤ ਹੋ ਗਿਆ ਤੇ ਉਹ ਡਰਦਾ, ਕੰਬਦਾ ਵਾਪਸ ਦੌੜ ਗਿਆ ਸੀ। ਤੇ ਇੰਜ ਫੱਜਾ, "ਸੰਧੂ ਪਾਤਸ਼ਾਹ! ਸਰਦਾਰੀਆਂ ਬਣੀਆਂ ਰਹਿਣ, ਦੀਦਾਰ ਸੁੰਹ ਰਾਜੇ ਦਾ ਪੁੱਤਰ ਚੰਦਾ ਸੁੰਹ ਰਾਜੇ ਦਾ ਪੋਤਰਾ...", ਕਹਿੰਦਾ ਕੁਝ ਮੰਗਣ ਦੇ ਆਪਣੇ ਉਦੇਸ਼ ਦੇ ਰੂ-ਬ-ਰੂ ਆ ਖਲੋਂਦਾ। ਫੱਜੇ ਦੀਆਂ ਗੱਲਾਂ ਸੁਣ ਕੇ ਉਹ ਅੱਗਿਉਂ ਹੱਸ ਪੈਂਦਾ, "ਅਸੀਂ ਤਾਂ ਨਿਰੇ ਸੰਧੂ ਈ ਆਂ। ਤੇ ਪਾਤਸ਼ਾਹ...ਸਗੋਂ ਸੱਚਾ ਪਾਤਸ਼ਾਹ ਤਾਂ ਤੂੰ ਏਂ...ਜਿਹੜਾ ਦੂਜਿਆਂ ਨੂੰ ਇੰਜ ਪਾਤਸ਼ਾਹੀਆਂ ਬਖਸ਼ਦਾ ਫਿਰਦੈਂ।"

ਤੇ ਹੁਣ ਜਦੋਂ ਉਸ ਨੇ ਨਿੱਕੇ 'ਸੰਧੂ ਪਾਤਸ਼ਾਹ' ਦੀਆਂ ਖੁੱਲ੍ਹੀਆਂ ਅੱਖਾਂ ਵੱਲ ਇਕ ਵਾਰ ਫੇਰ ਵੇਖਿਆ ਤਾਂ ਉਸ ਦਾ ਕਹਿਣ ਨੂੰ ਜੀਅ ਕਰ ਆਇਆ, "ਹੁਣ ਕੌਣ ਸੁੱਤਿਆਂ ਦੀਆਂ ਅੱਧ-ਖੁੱਲ੍ਹੀਆਂ ਅੱਖਾਂ ਤੋਂ ਡਰਦਾ ਹੈ। ਹੁਣ ਤਾਂ ਜਾਗਦਿਆਂ ਦੀਆਂ ਪੂਰੀਆਂ ਖੁੱਲ੍ਹੀਆਂ ਅੱਖਾਂ ਤੋਂ ਵੀ ਕੋਈ ਨਹੀਂ ਡਰਦਾ। ਜੇ ਕੋਈ ਇੰਜ ਡਰਦਾ ਹੁੰਦਾ ਤਾਂ ਕੱਲ੍ਹ ਵਾਲੀ ਘਟਨਾ ਕਿਉਂ ਵਾਪਰਦੀ?"

ਕਲਪਨਾ ਵਿਚ ਹੀ ਉਹ ਸਾਰਾ ਦ੍ਰਿਸ਼ ਉਸ ਦੀਆਂ ਅੱਖਾਂ ਅੱਗਿਉਂ ਗੁਜ਼ਰ ਗਿਆ। ਉਹ ਸ਼ਰਮ ਤੇ ਗੁੱਸੇ ਨਾਲ ਪਾਣੀ ਪਾਣੀ ਹੋ ਗਿਆ। ਸੇਕ ਛੱਡਦੀਆਂ ਅੱਖਾਂ ਨੂੰ ਇਕ ਵਾਰ ਫੇਰ ਘੁੱਟ ਕੇ ਮੀਚਿਆ ਤੇ ਹੁਣੇ ਆਏ ਸੁਪਨੇ ਦੇ ਪ੍ਰਤੀਕਾਤਮਕ ਅਰਥ ਢੂੰਡਣ ਲੱਗਾ।

...ਉਹ ਬਹੁਤ ਸਾਰੇ ਜਾਣੇ-ਪਛਾਣੇ ਚਿਹਰਿਆ ਦੀ ਭੀੜ ਵਿਚ ਖਲੋਤਾ ਸੀ। ਬਿਲਕੁਲ ਉਸ ਦੇ ਆਪਣੇ ਲੋਕ...ਉਸ ਨੂੰ ਚਾਹੁਣ ਵਾਲੇ, ਪਿਆਰਨ ਵਾਲੇ, ਪਰ ਅਚਾਨਕ ਉਨ੍ਹਾਂ ਦੇ ਸਿਰ 'ਤੇ ਸਿੰਗ ਉਗ ਆਏ ਤੇ ਉਨ੍ਹਾਂ ਦੇ ਦੰਦ ਭਿਆਨਕ ਰੂਪ ਵਿਚ ਤੰਗਲੀਆਂ ਦੀਆਂ ਸੁਤਾਂ ਵਾਂਗ ਉਭਰ ਆਏ। ਚੀਕਾਂ ਦਾ ਕੰਨ ਪਾੜਵਾਂ ਸ਼ੋਰ ਉਚਾ ਹੋਇਆ। ਉਹ ਸਾਰੇ ਲੋਕ ਭਿਆਨਕ ਹਾਸਾ ਹੱਸਦੇ ਉਸ ਦੇ ਸਿਰ 'ਤੇ ਪਿਆਰ ਨਾਲ ਹੱਥ ਫੇਰਨ ਲਈ ਘੇਰਾ ਬਣਾ ਕੇ ਉਸ ਵੱਲ ਵਧਦੇ ਆ ਰਹੇ ਸਨ।

ਉਸ ਨੇ ਘਬਰਾ ਕੇ ਵੇਖਿਆ, ਉਨ੍ਹਾਂ ਸਭਨਾਂ ਦੇ ਮੂੰਹਾਂ ਵਿਚੋਂ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਹਨ। ਲੁਹਾਰ ਦੀ ਭੱਠੀ ਵਿਚ ਭਖਦੇ ਫਾਲੇ ਵਾਂਗ ਤਿੱਖੇ ਦੰਦ ਤੇ ਮੂੰਹ ਵਿਚੋਂ ਨਿਕਲਦੀਆਂ ਲਾਟਾਂ ਉਸ ਦੇ ਨੇੜੇ...ਹੋਰ ਨੇੜੇ ਹੁੰਦੀਆਂ ਜਾ ਰਹੀਆਂ ਹਨ। ਹੋਰ ਪਲ ਨੂੰ ਉਹ ਉਸ ਨੂੰ ਲੂਹ ਦੇਣਗੇ। ਉਹ ਅੰਦਰੋਂ ਪੂਰੀ ਤਰ੍ਹਾਂ ਘਬਰਾਇਆ ਤੇ ਡਰਿਆ ਹੋਇਆ ਸੀ। ਮੌਤ ਉਸ ਨੂੰ ਹੁਣੇ ਲੂਹ ਕੇ ਲੈ ਜਾਵੇਗੀ, ਪਰ ਉਸ ਦੇ ਦਿਲ ਦੀ ਕਿਸੇ ਅੰਦਰਲੀ ਨੁੱਕਰ ਵਿਚ ਅਜੇ ਵੀ ਹੌਸਲਾ ਸੀ। ਉਸ ਨੇ ਚੁੱਪ ਕੀਤੇ ਮਰ ਜਾਣ ਨਾਲੋਂ ਬਹਾਦਰਾਂ ਵਾਂਗ ਮਰਨਾ ਚਾਹਿਆ। ਜਿਵੇਂ ਭਰੇ ਮੁਜ਼ਾਹਰਿਆਂ ਵਿਚ ਉਹ ਬਾਂਹ ਉਚੀ ਕਰ ਕੇ ਨਾਅਰੇ ਲਾਇਆ ਕਰਦਾ ਸੀ, ਉਸ ਨੇ ਆਪਣੀ ਬਾਂਹ ਉਚੀ ਕੀਤੀ, ਜੋਸ਼ ਨਾਲ ਮੁੱਠੀ ਨੂੰ ਹਵਾ ਵਿਚ ਲਹਿਰਾਇਆ ਤੇ ਪੂਰੇ ਜ਼ੋਰ ਨਾਲ ਉਨ੍ਹਾਂ ਵਿਰੁੱਧ ਚੀਕਿਆ। ਉਸ ਦੀ ਚੀਕ ਉਸ ਦੇ ਸੰਘ ਵਿਚ ਹੀ ਖੁਸ਼ਕ ਹੋ ਗਈ, ਪਰ ਉਸ ਦੀ ਤਣੀ ਹੋਈ ਬਾਂਹ ਤੇ ਘੁੱਟੀ ਹੋਈ ਮੁੱਠੀ ਪੂਰੀ ਸਿਦਕ-ਦਿਲੀ ਨਾਲ ਹਵਾ ਵਿਚ ਲਹਿਰਾ ਰਹੀਆਂ ਸਨ।

...ਤੇ ਉਸ ਵੇਖਿਆ, ਉਹ ਬਲਦੇ ਚਿਹਰਿਆਂ ਵਾਲੇ, ਲੰਮੇ ਦੰਦਾਂ ਵਾਲੇ ਲੋਕ ਉਥੇ ਦੇ ਉਥੇ ਖਲੋਤੇ ਖਲੋਤੇ ਰੁੱਖ ਬਣ ਗਏ। ਉਸ ਦਾ ਹੌਸਲਾ ਵਧਿਆ ਤੇ ਇਕ ਵਾਰ ਫੇਰ ਉਸ ਨੇ ਬਾਂਹ ਉਚੀ ਕਰ ਕੇ ਜ਼ੋਰ ਦਾ ਨਾਅਰਾ ਲਾਇਆ, ਤਾਂ ਕੀ ਵੇਖਦਾ ਹੈ, ਉਹੋ ਹੀ ਜਾਣੇ-ਪਛਾਣੇ, ਉਸ ਨੂੰ ਪਿਆਰਨ ਵਾਲੇ ਲੋਕਾਂ ਦੀ ਭੀੜ ਵਿਚ ਜਲੂਸ ਦੀ ਸ਼ਕਲ ਵਿਚ ਉਸ ਦੀ ਸਹਾਇਤਾ ਲਈ ਨਾਅਰੇ ਮਾਰਦੀ ਆ ਰਹੀ ਸੀ। ਉਨ੍ਹਾਂ ਨੇ ਆ ਕੇ ਉਸ ਨੂੰ ਜੇਤੂ ਨਾਇਕ ਵਾਂਗ ਬਾਹਵਾਂ 'ਤੇ ਚੁੱਕ ਲਿਆ ਤੇ ਨਾਅਰੇ ਮਾਰਦੇ ਲੈ ਤੁਰੇ।

ਉਹ ਸੁਪਨੇ ਦੀ ਦੁਨੀਆਂ ਵਿਚੋਂ ਨਿਕਲ ਕੇ ਸੱਚ ਦੀ ਦੁਨੀਆਂ ਵਿਚ ਆਇਆ। ਉਸ ਪੱਕਾ ਇਰਾਦਾ ਕਰ ਲਿਆ ਕਿ ਉਹ ਚੁੱਪ ਕਰ ਕੇ ਨਹੀਂ ਬੈਠੇਗਾ। ਹੁਣੇ ਹੀ ਸਰਪੰਚ ਵੱਲ ਜਾਵੇਗਾ। ਪੜ੍ਹਿਆ ਲਿਖਿਆ ਮੁੰਡਾ ਸੀ ਸਰਪੰਚ, ਤੇ ਉਸ ਦੇ ਖੂਨ ਨੇ ਅਜੇ ਬੋਅ ਵੀ ਨਹੀਂ ਸੀ ਮਾਰੀ। ਉਂਜ ਵੀ ਉਸ ਦੇ ਆਖੇ ਲੱਗਦਾ ਸੀ। ਉਸ ਦਾ ਆਦਰ-ਮਾਣ ਕਰਦਾ ਸੀ। ਉਸ ਸੋਚਿਆ ਕਿ ਉਹ ਉਸ ਨੂੰ ਸਾਫ਼ ਕਹੇਗਾ ਕਿ ਜੇ ਸ਼ਰੇਆਮ ਚਿੱਟੇ ਦਿਨ ਇਹੋ ਜਿਹੀਆਂ ਕਾਲੀਆਂ ਕਰਤੂਤਾਂ ਹੋਣੀਆਂ ਹਨ ਤੇ ਅੱਗਿਉਂ ਕਿਸੇ ਨੇ ਕੁਸਕਣਾ ਤਕ ਨਹੀਂ, ਤਾਂ ਉਸ ਦੇ ਸਰਪੰਚ ਬਣਨ ਦਾ ਕੀ ਫਾਇਦਾ? ਜੇ ਇੰਜ ਹੀ ਜਾਬਰ ਲੋਕ ਸਭ ਦੇ ਵੇਖਦਿਆਂ ਵੇਖਦਿਆਂ ਪਿੰਡ ਦੇ ਮੂੰਹ 'ਤੇ ਕਾਲਖ ਪੋਤ ਜਾਣ ਤਾਂ ਵੱਡੇ ਵੱਡੇ ਚਿੱਟੇ ਪੱਗੜ ਬੰਨ੍ਹ ਕੇ ਪਿੰਡ ਦੇ ਚੌਧਰੀ ਪਰ੍ਹਿਆ ਵਿਚ ਕਿਹੜਾ ਮੂੰਹ ਲੈ ਕੇ ਬੈਠਦੇ ਸਨ। ਉਹ ਤਾਂ ਇਹ ਵੀ ਕਹਿ ਦਏਗਾ ਕਿ ਜੇ ਸਰਪੰਚ ਨੇ ਜਾਂ ਕਿਸੇ ਹੋਰ ਨੇ ਕੁਝ ਨਾ ਕੀਤਾ ਤਾਂ ਉਹ ਇਕੱਲਾ ਹੀ ਮਜ਼ਲੂਮ ਧਿਰ ਦੀ ਮਦਦ 'ਤੇ ਖਲੋਵੇਗਾ। ਕੀ ਹੋਇਆ, ਜੇ ਉਹ ਸਰਗਰਮ ਸਿਆਸਤ ਛੱਡ ਗਿਆ ਸੀ। ਉਹ ਤਾਂ ਉਖੜ-ਪੈੜੀ, ਕਿਸੇ ਤਣ ਪੱਤਣ ਨਾ ਲਾਉਣ ਵਾਲੀ ਸਿਆਸਤ ਦਾ ਦੋਸ਼ ਸੀ, ਨਹੀਂ ਤਾਂ ਉਸ ਦਾ ਮਨ ਤਾਂ ਨਹੀਂ ਸੀ ਮਰ ਗਿਆ...ਉਸ ਦੀਆਂ ਅੱਖਾਂ ਤਾਂ ਨਹੀਂ ਸਨ ਅੰਨ੍ਹੀਆਂ ਹੋ ਗਈਆਂ। ਅਜੇ ਤਾਂ ਉਸ ਦੀਆਂ ਅੱਖਾਂ ਵਿਚ ਜੋਤ ਸੀ।

ਰਾਤੀਂ ਜਦੋਂ ਆਖਰੀ ਬੱਸ ਤੋਂ ਉਤਰ ਕੇ ਉਸ ਨੇ ਚੰਨ ਚਾਨਣੀ ਵਿਚ ਸ਼ਾਂਤ ਸੁੱਤੇ ਆਪਣੇ ਪਿੰਡ ਨੂੰ ਵੇਖਿਆ ਸੀ ਤਾਂ ਉਹ ਸਦਾ ਵਾਂਗ ਪਿੰਡ ਵਾਸਤੇ ਸੁਖਾਵੇਂ ਤੇ ਮੋਹ ਭਰੇ ਅਹਿਸਾਸ ਨਾਲ ਭਿੱਜ ਗਿਆ ਸੀ। ਮੁਗਲ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਤੱਕ ਲੜੀ ਗਈ ਹਰ ਜ਼ੁਲਮ ਵਿਰੋਧੀ ਲੜਾਈ ਵਿਚ ਉਸ ਦਾ ਪਿੰਡ ਪੇਸ਼ ਪੇਸ਼ ਰਿਹਾ ਸੀ। ਇਸ ਪਿੰਡ ਨੇ ਕਈ ਮਹਾਨ ਸ਼ਹੀਦ ਪੈਦਾ ਕੀਤੇ ਸਨ। ਪਿੰਡ ਦੇ ਮਹਾਨ ਇਤਿਹਾਸ ਉਤੇ ਉਸ ਨੂੰ ਅੰਤਾਂ ਦਾ ਮਾਣ ਸੀ। ਲੋਕਾਂ ਦੇ ਸਾਂਝੇ ਹਿੱਤ ਲਈ ਲੜੀਆਂ ਗਈਆਂ ਲੜਾਈਆਂ ਵਿਚ ਇਸ ਪਿੰਡ ਦਾ ਉਚੇਚਾ ਯੋਗਦਾਨ ਸੀ।

ਉਹ ਖੁਸ਼ ਸੀ ਕਿ ਚੰਗੇ ਸਾਂਝੇ ਕੰਮਾਂ ਲਈ ਰਲ ਕੇ ਚੱਲਣ ਦੀ ਰਵਾਇਤ ਉਸ ਦੇ ਪਿੰਡ ਨੇ ਭੁਲਾਈ ਨਹੀਂ ਸੀ। ਇਸ ਮੰਗਲਵਾਰ ਨੂੰ ਅੰਬੂ ਬ੍ਰਾਹਮਣ ਦੀ ਜਵਾਨ ਕੁੜੀ ਦਾ ਵਿਆਹ ਸਾਰਾ ਪਿੰਡ ਰਲ ਕੇ ਕਰ ਰਿਹਾ ਸੀ, ਕਿਉਂਕਿ ਅੰਬੂ ਵਿਚਾਰਾ ਬਿਨਾਂ ਕੋਈ ਜਾਇਦਾਦ ਛੱਡਿਆਂ, ਕੁਝ ਮਹੀਨੇ ਹੋਏ ਇਕ ਮੇਲੇ ਤੋਂ ਸਾਈਕਲ ਪਿੱਛੇ ਪੇਟੀ ਬੰਨ੍ਹੀ, ਬਰਫ਼ ਦੇ ਗੋਲੇ ਵੇਚ ਕੇ ਮੁੜਦਿਆਂ, ਕਿਸੇ ਟਰੱਕ ਹੇਠਾਂ ਆ ਗਿਆ ਸੀ। ਕੁੜੀ ਦਾ ਵਿਆਹ ਮਿਥਿਆ ਹੋਇਆ ਸੀ। ਮੁੰਡੇ ਵਾਲੇ ਸਾਕ ਛੱਡਣ ਨੂੰ ਫਿਰਦੇ ਸਨ। ਪਿੰਡ ਦੇ ਸਿਆਣੇ ਮਿਲ ਬੈਠੇ ਤੇ ਅੰਬੂ ਦੀ ਧੀ ਨੂੰ ਉਨ੍ਹਾਂ ਪਿੰਡ ਦੀ ਧੀ ਮੰਨ ਕੇ ਉਸ ਦੇ ਵਿਆਹ ਦਾ ਜ਼ਿੰਮਾ ਆਪਣੇ ਸਿਰ ਲੈਂਦਿਆਂ ਮੁੰਡੇ ਵਾਲਿਆਂ ਨੂੰ ਮਨਾ ਲਿਆ ਸੀ। ਅੰਬੂ ਉਸ ਦਾ ਨਿੱਕੇ ਹੁੰਦਿਆਂ ਜਮਾਤੀ ਸੀ। ਇਸ ਲਈ ਉਸ ਸੋਚਿਆ ਕਿ ਸਾਂਝੀ ਉਗਰਾਹੀ ਦੇਣ ਤੋਂ ਬਿਨਾਂ ਇਸ ਸਾਂਝੇ ਸਮਾਗਮ ਵਿਚ ਉਸ ਦਾ ਸ਼ਾਮਲ ਹੋਣਾ ਵੀ ਲਾਜ਼ਮੀ ਸੀ। ਇਸੇ ਲਈ ਉਹਨੇ ਤਿੰਨ ਛੁੱਟੀਆਂ ਲੈ ਲਈਆਂ ਸਨ ਤੇ ਆਉਂਦਾ ਹੋਇਆ ਸ਼ਹਿਰ ਉਤਰ ਕੇ ਉਹ ਅੰਬੂ ਦੀ ਕੁੜੀ ਲਈ ਦੋ ਸੂਟ ਤੇ ਵਿਆਹ ਵਾਲੇ ਦਿਨ ਉਸ ਦੇ ਸਿਰ 'ਤੇ ਲੈਣ ਲਈ ਸੂਹਾ ਸਾਲੂ ਵੀ ਲੈ ਆਇਆ ਸੀ। ਸਾਰੇ ਰਾਹ ਉਹ ਬੱਸ ਵਿਚ ਬੈਠਾ ਅੰਬੂ ਨਾਲ ਬਚਪਨ ਵਿਚ ਬਿਤਾਈਆਂ ਘੜੀਆਂ ਯਾਦ ਕਰਦਾ ਰਿਹਾ ਸੀ। ਉਹ ਇਕੱਠੇ ਇਕੋ ਤੱਪੜ 'ਤੇ ਲਾਗੇ ਲਾਗੇ ਬੈਠਦੇ ਰਹੇ ਸਨ। ਉਹ ਅੰਬੂ ਦੇ ਰਗੜ ਕੇ ਮੁੰਨੇ ਸਿਰ ਉਤਲੀ ਬੋਦੀ ਨੂੰ ਹਿਲਾ ਕੇ ਉਸ ਨੂੰ ਛੇੜਿਆ ਕਰਦਾ, "ਬਾਹਮਣਾ! ਤੇਰੀ ਬੋਦੀ ਨੂੰ ਤਾਰਾ ਸਾਹਮਣਾ।"

ਅੰਬੂ ਬੋਦੀ ਛੁਡਾਉਂਦਿਆਂ ਝੱਟ ਬੁੜ੍ਹਕ ਪੈਂਦਾ: "ਜੱਟ ਘੜੇ ਦਾ ਮੱਟ, ਘੜੇ ਨੂੰ ਹੋ'ਗੀ ਮੋਰੀ। ਜੱਟਾ! ਫੇਰ ਕਰੇਂਗਾ ਚੋਰੀ?"

ਇਨ੍ਹਾਂ ਮਿੱਠੀਆਂ ਝੜਪਾਂ ਦੇ ਬਾਵਜੂਦ ਉਹ ਚੰਗੇ ਯਾਰ ਰਹੇ ਸਨ। ਅੰਬੂ ਅਕਸਰ ਉਸ ਦੀ ਫੱਟੀ ਪੋਚ ਦਿੰਦਾ ਤੇ ਉਮਰੋਂ ਵੱਡਾ ਤੇ ਤਕੜਾ ਹੋਣ ਕਰ ਕੇ ਦੂਜੇ ਮੁੰਡਿਆਂ ਨਾਲ ਲੜਾਈ ਵਿਚ ਉਸ ਦੀ ਮਦਦ ਕਰਦਾ। ਤੇ ਉਹ ਸਦਾ ਅੰਬੂ ਦੀ ਕਾਪੀ ਤੇ ਸਵਾਲ ਹੱਲ ਕਰ ਕੇ ਦਿੰਦਾ।

ਕੁਝ ਸਾਲ ਇਕੱਠੇ ਰਹੇ ਤੇ ਫਿਰ ਅੰਬੂ ਨੇ ਪੜ੍ਹਾਈ ਵਿਚੇ ਛੱਡ ਦਿੱਤੀ। ਘਰਦਿਆਂ ਛੋਟੀ ਉਮਰੇ ਹੀ ਉਸ ਦਾ ਵਿਆਹ ਕਰ ਦਿੱਤਾ। ਫਿਰ ਵਹੁਟੀ, ਬੱਚੇ ਅਤੇ ਘਰ ਦਾ ਚੱਕਰ।

ਅੱਡੇ ਤੋਂ ਪਿੰਡ ਵੱਲ ਤੁਰਦਿਆਂ ਵਿਚਕਾਰੋਂ ਉਚੀ ਥਾਂ 'ਤੇ ਵੱਸਿਆ ਤੇ ਦੋਹਾਂ ਪਾਸਿਆਂ ਤੋਂ ਨੀਵਾਂ ਉਸ ਦਾ ਪਿੰਡ ਉਸ ਨੂੰ ਉਚੀ ਥਾਂ 'ਤੇ ਖੰਭ ਖਿਲਾਰ ਕੇ ਬੈਠੇ ਕਬੂਤਰ ਵਾਂਗ ਲੱਗਾ। ਉਸ ਦਾ ਜੀਅ ਕੀਤਾ, ਉਹ ਸਾਰੇ ਦੇ ਸਾਰੇ ਪਿੰਡ ਨੂੰ ਇਕੋ ਵਾਰ ਕਲਾਵੇ ਵਿਚ ਲੈ ਕੇ ਹਿੱਕ ਨਾਲ ਘੁੱਟ ਲਵੇ ਤੇ ਚੁੰਮ ਲਵੇ। ਹੁਣ ਦੂਰ ਨੌਕਰੀ ਕਰਦਾ ਹੋਣ ਕਰ ਕੇ ਪਿੰਡ ਨਾਲੋਂ ਵਿਛੜਨ ਦਾ ਦਰੇਗ ਵੀ ਹੋ ਸਕਦਾ ਸੀ, ਪਰ ਜਦੋਂ ਪਾਰਟੀ ਵਿਚ ਕੰਮ ਕਰਦੇ ਸਮੇਂ ਵੱਖ ਵੱਖ ਪਿੰਡਾਂ ਵਿਚ ਨਵੇਂ 'ਕਾਂਟੈਕਟ' ਸਥਾਪਤ ਕਰਨ ਜਾਂ ਨੌਜਵਾਨ ਸਭਾਵਾਂ ਦੀਆਂ ਇਕੱਤਰਤਾਵਾਂ ਨੂੰ ਸੰਬੋਧਨ ਕਰਨ ਜਾਂ ਕਿਸੇ ਸਾਹਿਤਕ ਸਮਾਗਮ 'ਤੇ ਜਾਂਦਾ, ਤਾਂ ਕਿਸੇ ਦੇ ਪੁੱਛਣ 'ਤੇ ਆਪਣੇ ਪਿੰਡ ਬਾਰੇ ਦੱਸਦਿਆਂ ਮਜ਼ਾ ਆਉਂਦਾ ਸੀ। ਹਿੱਕ ਮਾਣ ਨਾਲ ਫੁੱਲ ਜਾਂਦੀ ਸੀ। ਤੇ ਉਹ ਅਕਸਰ ਆਪਣੇ ਇਲਾਕੇ ਤੇ ਆਮ ਕਰ ਕੇ ਆਪਣੇ ਪਿੰਡ ਦੇ ਇਤਹਾਸਕ ਗੌਰਵ ਬਾਰੇ ਬੋਲਣ ਲੱਗ ਪੈਂਦਾ।

ਇਸ ਗੌਰਵ ਨੂੰ ਆਉਣ ਵਾਲੀਆਂ ਨਸਲਾਂ ਦੇ ਦਿਲਾਂ ਵਿਚ ਸਦਾ ਤਾਜ਼ਾ ਰੱਖਣ ਲਈ ਉਹ ਚਾਹੁੰਦਾ ਸੀ ਕਿ ਪਿੰਡ ਵਿਚ ਸ਼ਹੀਦਾਂ ਦੀ ਯੋਗ ਯਾਦਗਾਰ ਉਸਾਰੀ ਜਾਵੇ। ਇਹ ਗੱਲ ਉਹ ਪਿੰਡ ਦੇ ਪਤਵੰਤੇ ਲੋਕਾਂ ਅੱਗੇ ਕਈ ਵਾਰ ਰੱਖ ਚੁੱਕਾ ਸੀ। ਜ਼ਬਾਨੀ-ਕਲਾਮੀ ਤਾਂ ਸਭ ਸਹਿਮਤ ਹੁੰਦੇ ਪਰ ਅਮਲ ਵਿਚ ਕੁਝ ਕਰਨ ਲਈ ਕੋਈ ਅੱਗੇ ਨਾ ਆਉਂਦਾ।

ਏਨੇ ਬਹਾਦਰ ਤੇ ਸ਼ਹੀਦ ਪੈਦਾ ਕਰਨ ਵਾਲਾ ਪਿੰਡ ਬਦਕਿਸਮਤੀ ਨਾਲ ਕੋਈ ਮੰਤਰੀ ਵਗੈਰਾ ਪੈਦਾ ਨਹੀਂ ਸੀ ਕਰ ਸਕਿਆ। ਨਹੀਂ ਤਾਂ ਸਰਕਾਰੇ-ਦਰਬਾਰੇ ਹੀ ਉਨ੍ਹਾਂ ਦੀ ਕੁਝ ਸੁਣੀ ਜਾਂਦੀ। ਉਸ ਨੇ ਬਦੇਸ਼ ਗਏ ਆਪਣੇ ਪਿੰਡ ਦੇ ਕੁਝ ਬੰਦਿਆਂ ਤੇ ਆਪਣੇ ਮਿੱਤਰਾਂ ਤੋਂ ਕੁਝ ਰੁਪਏ ਇਸ ਮਕਸਦ ਲਈ ਚਿੱਠੀਆਂ ਲਿਖ ਕੇ ਮੰਗਵਾਏ ਸਨ। ਨਵਾਂ ਸਰਪੰਚ ਉਸ ਦੇ ਕਹਿਣ 'ਤੇ ਹੀ ਪਿੰਡ ਵੜਦਿਆਂ ਹੀ ਸੜਕ ਦੇ ਬਿਲਕੁਲ ਨਾਲ ਲਗਦੀ ਪੰਚਾਇਤੀ ਜ਼ਮੀਨ ਵਿਚੋਂ ਕੁਝ ਜ਼ਮੀਨ ਯਾਦਗਾਰ ਬਣਾਉਣ ਲਈ ਦੇਣਾ ਮੰਨ ਗਿਆ ਸੀ। ਚੰਨ-ਚਾਨਣੀ ਵਿਚ ਉਹ ਅੱਠ ਮਰਲੇ ਥਾਂ ਸੜਕ ਦੇ ਨਾਲ ਹੀ ਰਾਖਵੀਂ ਰੱਖੀ ਹੋਈ ਤੇ ਤਿੰਨ ਤਿੰਨ ਫੁੱਟ ਉਚੀ ਕੰਧ ਨਾਲ ਘਿਰੀ ਹੋਈ ਵੇਖ ਕੇ ਉਸ ਨੂੰ ਆਪਣੀ ਕਾਰਵਾਈ 'ਤੇ ਮਾਣ ਜਿਹਾ ਹੋਇਆ। ਯੋਜਨਾ ਅਨੁਸਾਰ ਹੁਣ ਮੁੱਖ ਦਰਵਾਜ਼ੇ ਦਾ ਫਾਟਕ ਲਵਾ ਕੇ ਜਗ੍ਹਾ ਦੇ ਐਨ ਵਿਚਕਾਰ ਥੰਮ ਖੜ੍ਹਾ ਕਰ ਕੇ ਉਸ 'ਤੇ ਸ਼ਹੀਦਾਂ ਦੇ ਨਾਂ ਸਿੱਲ ਉਤੇ ਲਿਖਵਾ ਕੇ ਲਾ ਦਿੱਤੇ ਜਾਣੇ ਸਨ ਤੇ ਇੰਜ ਇਹ ਮਾਣਯੋਗ ਯਾਦਗਾਰ ਸੰਪੂਰਨ ਹੋ ਜਾਣੀ ਸੀ।



ਪਿੰਡ ਵੜਦਾ ਉਹ ਸੋਚ ਰਿਹਾ ਸੀ ਕਿ ਇਨ੍ਹਾਂ ਤਿੰਨ ਛੁੱਟੀਆਂ ਵਿਚ ਅੰਬੂ ਦੀ ਕੁੜੀ ਦੇ ਵਿਆਹ ਵਿਚ ਸ਼ਾਮਲ ਹੋਣ ਤੋਂ ਬਿਨਾਂ ਸਰਪੰਚ ਨਾਲ ਮਿਲ ਕੇ ਉਹ ਸ਼ਹੀਦੀ ਥੰਮ ਖੜ੍ਹਾ ਕਰਨ ਤੇ ਵੱਡੀ ਸਿਲ ਉਤੇ ਸ਼ਹੀਦਾਂ ਦੇ ਨਾਂ ਲਿਖਵਾਉਣ ਦੀ ਯੋਜਨਾ ਨੂੰ ਵੀ ਜ਼ਰੂਰ ਸਿਰੇ ਚਾੜ੍ਹੇਗਾ।

ਉਸ ਨੂੰ ਉਠਿਆ ਵੇਖ ਪਤਨੀ ਮੁਸਕਰਾਉਂਦੀ ਹੋਈ ਕੋਠੇ 'ਤੇ ਆਈ, ਤੇ ਥੱਲੇ ਜਾ ਕੇ ਬੁਰਸ਼ ਕਰ ਕੇ ਚਾਹ ਪਾਣੀ ਲਈ ਕਹਿੰਦੀ ਹਦਾਇਤ ਦੇਣ ਲੱਗੀ, "ਜੀ ਫਿਰ ਨਹਾ ਧੋ ਕੇ ਤਿਆਰ ਹੋ ਕੇ ਸਰਪੰਚ ਵੱਲ ਜਾਵੋ ਤੇ ਹੋਰ ਵੀ ਮੁਅਤਬਰ ਬੰਦਿਆਂ ਨੂੰ ਮਿਲੋ। ਜੇ ਇੰਜ ਈ ਗੁੰਡਾਗਰਦੀ ਹੋਣ ਲੱਗੀ ਤਾਂ ਕਿਸੇ ਦੀ ਵੀ ਧੀ ਭੈਣ ਦੀ ਇਜ਼ਤ ਸੇਫ ਨਹੀਂ। ਕਲਜੁਗ ਏਸੇ ਦਾ ਨਾਂ ਈ ਆ ਜੀ...ਹੋਰ ਕਲਜੁਗ ਕੀ ਹੁੰਦਾ?" ਉਹ ਗੱਲਾਂ ਵੀ ਕਰੀ ਜਾ ਰਹੀ ਸੀ, ਤੇ ਹਲੂਣ ਕੇ ਬੱਚਿਆਂ ਨੂੰ ਵੀ ਜਗਾ ਰਹੀ ਸੀ। ਨਿੱਕੇ ਨੂੰ ਕੂਲੀਆਂ ਤਲੀਆਂ ਨਾਲ ਅੱਖਾਂ ਮਲਦੇ ਨੂੰ ਉਸ ਨੇ ਕੁੱਛੜ ਚੁੱਕ ਕੇ ਹਿੱਕ ਨਾਲ ਘੁੱਟਦਿਆਂ ਚੁੰਮ ਲਿਆ, "ਪੁੱਤ ਤੂੰ ਚੱਜ ਦਾ ਨਿਕਲੀਂ...ਮਾਪਿਆਂ ਦੀ ਇੱਜ਼ਤ ਨੂੰ ਚਾਰ ਚੰਦ ਲਾਵੀਂ।"

"ਕੀ ਗੱਲ, ਮੈਂ ਚੱਜ ਦਾ ਨਹੀਂ?" ਉਹ ਮੁਸਕਰਾਇਆ। ਉਹ ਪੂਰੇ ਦੰਦ ਖੋਲ੍ਹ ਕੇ ਮਿੱਠਾ ਜਿਹਾ ਹੱਸੀ, "ਤੁਸੀਂ ਤਾਂ ਚੰਦ ਓ...ਚੰਦ।" ਤੇ ਫਿਰ ਗੰਭੀਰ ਹੁੰਦਿਆਂ ਬੋਲੀ, "ਪਰ ਇਸ ਮਸਲੇ ਮਗਰ ਜ਼ਰੂਰ ਤਕੜੇ ਹੋ ਕੇ ਪਵੋ। ਜੇ ਜਾ ਕੇ ਇਕ-ਦੋ ਛੁੱਟੀਆ ਵੀ ਲੈ ਕੇ ਆਉਣੀਆਂ ਪੈਣ ਤਾਂ ਕੋਈ ਹਰਜ਼ ਨ੍ਹੀਂ।" ਉਹ ਬੱਚੇ ਨੂੰ ਗੋਦ ਵਿਚ ਲੈ ਕੇ ਉਸ ਦੇ ਕੋਲ ਹੀ ਮੰਜੇ ਉਤੇ ਬੈਠ ਗਈ। ਉਸ ਨੇ ਰਾਤੀਂ ਉਸ ਕੋਲ ਪਹਿਲਾਂ ਹੀ ਤਿੰਨ ਛੁੱਟੀਆਂ ਲੈ ਕੇ ਆਏ ਹੋਣ ਦਾ ਜ਼ਿਕਰ ਨਹੀਂ ਸੀ ਕੀਤਾ। ਹੁਣ ਵੀ ਪਤਾ ਨਹੀਂ ਕਿਉਂ ਉਹ ਛੁੱਟੀਆਂ ਬਾਰੇ ਚੁੱਪ ਹੀ ਰਿਹਾ, ਸਗੋਂ ਉਸ ਨੂੰ ਉਲਟਾ ਸਵਾਲ ਕੀਤਾ, "ਮੈਂ ਤਾਂ ਰਾਤ ਦਾ ਸੋਚਦਾ, ਆਪਾਂ ਨੂੰ ਕੀ ਕਿਸੇ ਦੇ ਮਾਮਲੇ ਵਿਚ ਲੱਤ ਅੜਾਉਣ ਦੀ ਲੋੜ ਹੈ। ਨਾ ਆਪਣਾ ਕੋਈ ਮਤਲਬ, ਨਾ ਕੋਈ ਵਾਸਤਾ!"

"ਬੱਲੇ ਜੀ! ਬੱਲੇ!!" ਉਹ ਵਿਚੋਂ ਹੀ ਟੁਣਕ ਕੇ ਬੋਲੀ, "ਅੱਗੇ ਤਾਂ ਭਲਾ ਸਰਦਾਰ ਸਾਹਿਬ ਨੇ ਕਿਸੇ ਦੇ ਮਾਮਲੇ ਵਿਚ ਲੱਤ ਅੜਾਈ ਹੈ ਭਲਾ! ਜਦੋਂ ਮੈਂ ਰੋਕਦੀ ਹੁੰਦੀ ਸੀ ਤਾਂ ਮੈਨੂੰ ਹਨੂੰਮਾਨ ਵਾਲਾ ਲਤੀਫ਼ਾ ਸੁਣਾਇਆ ਕਰਦੇ ਸਨ; ਅਖੇ: ਪੰਡਤ ਨੇ ਰਮਾਇਣ ਦੀ ਕਥਾ ਕਰਦਿਆਂ ਸਾਹਮਣੇ ਬੈਠੀ ਸੰਗਤ ਨੂੰ ਪੁੱਛਿਆ, "ਹਨੂੰਮਾਨ ਕੌਣ ਸੀ?" ਤਾਂ ਪਿਛੇ ਖੜੋਤਾ ਇਕ ਜੱਟ ਆਖਣ ਲੱਗਾ, "ਹਨੂੰਮਾਨ ਜੱਟ ਸੀ।" ਪੰਡਤ ਨੇ ਹੈਰਾਨ ਹੋਏ ਨੇ ਪੁੱਛਿਆ, "ਜੱਟ ਕਿਵੇਂ?" ਜੱਟ ਕਹਿਣ ਲੱਗਾ, "ਜੀ ਜ਼ਨਾਨੀ ਕਿਸੇ ਦੀ, ਕੱਢ ਕੇ ਕੋਈ ਹੋਰ ਲੈ ਗਿਆ, ਉਹ ਵਿਚ ਐਵੇਂ ਆਪਣੀ ਪੂਛ ਨੂੰ ਅੱਗ ਲਵਾਈ ਫਿਰਦਾ ਸੀ, ਜੱਟ ਨੀਂ ਤਾਂ ਹੋਰ ਕੀ ਸੀ।" ਬੱਸ ਉਦੋਂ ਤਾਂ ਆਖਣਾ, ਆਪਾਂ ਤਾਂ ਜੱਟ ਹਨੂੰਮਾਨ ਆਂ। ਜਿਥੇ ਕਿਤੇ ਬੇਇਨਸਾਫੀ ਹੋਵੇ, ਆਪਣੇ ਤੋਂ ਲੱਤ ਗੱਡਿਆਂ ਤੋਂ ਬਿਨਾਂ ਰਿਹਾ ਨਹੀਂ ਜਾਂਦਾ।" ਤੇ ਉਹ ਉਸ ਨੂੰ ਬਾਹੋਂ ਫੜ ਕੇ ਹਲੂਣਦਿਆਂ ਮੁਸਕਰਾਈ, "ਉਠੋ! ਉਠੋ! ਨਹਾ-ਧੋ ਕੇ ਤਿਆਰ ਹੋਵੋ ਛੇਤੀ।"

"ਚੰਗਾ ਹਨੂੰਮਾਨ ਜੀ।" ਉਹ ਹੱਸਦਿਆਂ ਉਠਿਆ ਤੇ ਬਿਸਤਰਾ ਵਲ੍ਹੇਟ ਕੇ ਹੇਠਾਂ ਉਤਰ ਆਇਆ।

ਕੱਲ੍ਹ ਵਾਲੀ ਸਾਰੀ ਘਟਨਾ ਪਤਨੀ ਨੇ ਆਪਣੀਆਂ ਅੱਖਾਂ ਨਾਲ ਵੇਖੀ ਸੀ। ਇਸ ਲਈ ਉਸ ਦੇ ਮਨ 'ਤੇ ਹੋਰ ਵੀ ਡੂੰਘਾ ਅਸਰ ਸੀ। ਬੱਚਿਆਂ ਨੂੰ ਤਿਆਰ ਕਰਦੀ ਉਹ ਕਹਿ ਰਹੀ ਸੀ, "ਐਦਾਂ ਨ੍ਹੀਂ ਸੀ ਕਦੀ ਵੇਖਣ ਸੁਣਨ 'ਚ ਆਇਆ। ਮੈਂ ਕਹਿੰਦੀ ਆਂ ਅਜੀਬ ਹੈ ਤੁਹਾਡਾ ਪਿੰਡ ਵੀ...ਇਹੋ ਜਿਹਾ ਪਿੰਡ ਨ੍ਹੀਂ ਕਦੀ ਵੇਖਿਆ। ਲੋਕ ਕੋਠਿਆਂ 'ਤੇ ਖਲੋਤੇ ਤਮਾਸ਼ਾ ਵੇਖਦੇ ਰਹੇ ਪਰ ਕਿਸੇ ਵਿਚ ਹਿੰਮਤ ਨਾ ਹੋਈ ਕਿ ਉਸ ਗਰੀਬ ਬੇਦੋਸ਼ੀ ਜ਼ਨਾਨੀ ਨੂੰ ਛੁਡਾ ਹੀ ਦਈਏ!"

ਉਸ ਨੂੰ ਲੱਗਾ, ਉਹ ਉਸ ਦੇ ਪਿੰਡ ਨੂੰ ਮਿਹਣਾ ਮਾਰ ਰਹੀ ਸੀ। ਉਸ ਦਾ ਜੀਅ ਕੀਤਾ, ਪਤਨੀ ਨੂੰ ਸਮਝਾਵੇ ਕਿ ਜਿਥੇ ਵੀ ਕਿਤੇ ਜਾਨਦਾਰ ਲੋਕਾਂ ਦੀ ਜਾਨਦਾਰ ਜਥੇਬੰਦੀ ਨਹੀਂ, ਉਥੇ ਸਭਨੀਂ ਥਾਈਂ ਹੀ ਇਸ ਤਰ੍ਹਾਂ ਹੋ ਰਿਹਾ ਸੀ। ਗੱਲ ਇਕ ਪਿੰਡ ਦੀ ਨਹੀਂ, ਸਾਰੇ ਪਿੰਡਾਂ ਦੀ ਸੀ। ਲੋਕ ਆਪੋ-ਆਪਣੀਆਂ ਬੁੱਕਲਾਂ ਵਿਚ ਮੂੰਹ ਤਾਣ ਕੇ ਸੁੱਤੇ ਹੋਏ ਸਨ। ਭ੍ਰਿਸ਼ਟ ਸਿਆਸਤ ਦਾ ਸ਼ੇਰ ਸਭ ਦੇ ਸਿਰ 'ਤੇ ਦਹਾੜ ਰਿਹਾ ਸੀ ਤੇ ਲੋਕ ਸ਼ੁਤਰਮੁਰਗ ਵਾਂਗ ਰੇਤ ਵਿਚ ਸਿਰ ਦੇ ਕੇ, ਅੱਖਾਂ ਲੁਕਾਈ ਮੌਤ

***(ਬਾਕੀ ਅਗਲੇ ਸਫੇ 'ਤੇ)***

ਤੋਂ ਬਚਣ ਦੇ ਯਤਨ ਦੀ ਖੁਸ਼ਫ਼ਹਿਮੀ ਵਿਚ ਸਨ। ਅਜਿਹੇ ਵਾਤਾਵਰਣ ਵਿਚ ਬਿੱਲੀ ਵਾਂਗ ਸ਼ਹਿ ਲਾ ਕੇ ਬੈਠੀ ਵਿਗੜੀ ਵਿਵਸਥਾ ਸਾਹਮਣੇ ਹਰ ਬੰਦਾ ਕਬੂਤਰ ਵਾਂਗ ਅੱਖਾਂ ਮੀਚੀ ਆਪਣੇ ਆਪ ਨੂੰ ਸੁਰੱਖਿਅਤ ਸਮਝ ਰਿਹਾ ਸੀ।

ਪਤਨੀ ਗੰਭੀਰ ਹੋ ਗਈ। ਉਸ ਦਾ ਚਿਹਰਾ ਉਦਾਸ ਤੇ ਧੁਆਂਖਿਆ ਗਿਆ। ਉਹ ਹਮਦਰਦੀ ਦੀ ਮੂਰਤੀ ਬਣੀ ਬੈਠੀ ਸੀ। ਆਪਣੇ ਪਹਿਲੇ ਬਿਆਨ ਵਿਚ ਥੋੜ੍ਹੀ ਜਿਹੀ ਸੋਧ ਕਰਦਿਆਂ ਬੋਲੀ, "ਨਹੀਂ ਮੇਰਾ ਮਤਲਬ ਇਹ ਤਾਂ ਨ੍ਹੀਂ। ਸਭ ਥਾਈਂ ਇੰਜ ਈ ਬੇੜਾ ਗਰਕਣ ਤੇ ਆਇਆ, ਪਰ ਏਥੇ ਕੁਝ ਜ਼ਿਆਦਾ ਈ ਇਹੋ ਜਿਹੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਨੇ। ਅਜੇ ਪਿਛਲੇ ਦਿਨੀਂ ਵੇਖੋ।... ਬਾਹਰ ਗਈਆਂ ਜ਼ਨਾਨੀਆਂ 'ਚੋਂ ਰਾਤ ਇਕ ਦੀ ਕੰਨ ਦੀ ਵਾਲੀ ਕੋਈ ਲਾਹ ਕੇ ਭੱਜ ਗਿਆ ਸੀ।"

"ਫਿਰ ਇਹ ਪਿੰਡ ਛੱਡ ਕਿਉਂ ਨਹੀਂ ਦਿੰਦੀ। ਚੱਲ ਉਥੇ ਮੇਰੇ ਨਾਲ ਹੀ ਚੱਲ।" ਉਸ ਨੇ ਹੱਸ ਕੇ ਆਖਿਆ ਤਾਂ ਉਹ ਇਕਦਮ ਬੋਲ ਉਠੀ, "ਨਾ...ਨਾ...ਮੈਂ ਤਾਂ ਨਹੀਂ ਛੱਡ ਕੇ ਜਾਂਦੀ ਆਪਣੇ ਘਰ ਨੂੰ, ਮੈਂ ਆਪਣੇ ਹੱਥੀਂ ਬਣਾਇਐ...।" ਤੇ ਉਸ ਨੇ ਪੇਟ ਕੱਟ ਕੇ, ਭੁੱਖਿਆਂ ਰਹਿ ਕੇ ਬਣਾਏ ਆਪਣੇ ਮਕਾਨ ਵੱਲ ਵੇਖਦਿਆਂ ਮਾਣ ਵਿਚ ਫੁੱਲਵਾਂ ਸਾਹ ਲਿਆ ਤੇ ਫਿਰ ਉਦਾਸ ਹੋ ਗਈ।

ਰਾਤੀਂ ਜਦੋਂ ਉਹ ਘਰ ਪਹੁੰਚਿਆ ਸੀ ਤਾਂ ਪਤਨੀ ਬਾਹਰ ਵਿਹੜੇ ਵਿਚ ਮੰਜੇ ਉਤੇ ਬੱਚਿਆਂ ਸਮੇਤ ਬੈਠੀ ਸੀ। ਜਿਸ ਦਿਨ ਉਸ ਨੇ ਆਉਣਾ ਹੁੰਦਾ, ਬੱਚੇ ਉਸ ਨੂੰ ਮਿਲਣ ਲਈ ਤੇ 'ਚੀਜੀ' ਖਾਣ ਲਈ ਉਡੀਕ ਰਹੇ ਹੁੰਦੇ। ਉਹ ਓਨਾ ਚਿਰ ਸੌਂਦੇ ਨਾ। ਅੰਦਰ ਵੜਦੇ ਦੀਆਂ ਲੱਤਾਂ ਨਾਲ ਨਿੱਕਾ ਭੱਜ ਕੇ ਚੰਬੜ ਗਿਆ। ਵੱਡੀ ਬੱਚੀ ਨੇ ਉਸ ਦੇ ਹੱਥਾਂ ਵਿਚੋਂ ਫਲਾਂ ਵਾਲਾ ਲਿਫ਼ਾਫ਼ਾ ਝਪਟ ਮਾਰ ਕੇ ਖੋਹ ਲਿਆ।

ਬੱਚੇ ਫਲ ਖਾ ਕੇ ਉਸ ਦੁਆਲੇ ਹੋਏ ਉਸ ਨਾਲ ਲਾਡ ਪਿਆਰ ਕਰ ਰਹੇ ਸਨ। ਪਤਨੀ ਰੋਟੀ ਗਰਮ ਕਰ ਕੇ ਲੈ ਆਈ ਤੇ ਉਸ ਕੋਲ ਬੈਠ ਗਈ।

"ਹੂੰਅ...ਸੁਣਾਓ ਕੋਈ ਗੱਲ ਬਾਤ ਫਿਰ?" ਉਸ ਨੇ ਮੁਸਕਰਾਉਂਦਿਆਂ ਪਤਨੀ ਨੂੰ ਪੁੱਛਿਆ, ਕਿਉਂਕਿ ਉਸ ਦੇ ਆਉਂਦਿਆਂ ਹੀ ਉਹ ਪਿਛਲੇ ਸਭ ਦਿਨਾਂ ਦੀਆਂ ਆਪਣੇ ਅੰਦਰ ਡੱਕੀਆਂ ਗੱਲਾਂ, ਬਿਨਾਂ ਕੋਈ ਪੂਰਨ ਵਿਰਾਮ ਲਾਇਆਂ ਕਰਦੀ ਜਾਂਦੀ ਤੇ ਉਹ ਮੁਸਕਰਾਉਂਦਾ ਉਹਦਾ ਨਿੱਕੇ ਤੋਂ ਨਿੱਕਾ ਵੇਰਵਾ ਸੁਣਦਾ ਜਾਂਦਾ।

"ਸੁਣਾਉਣਾ ਕੀ ਆ ਮਿੱਠਿਓ। ਅੱਜ ਤਾਂ ਹੱਦ ਹੀ ਹੋ'ਗੀ। ਮੈਂ ਤਾਂ ਆਹਨੀਂ ਆਂ ਸੱਤਿਆਨਾਸ ਹੀ ਹੋ ਗਿਆ ਦੁਨੀਆਂ ਦਾ।" ਉਹ ਬੜੀ ਗੰਭੀਰ ਤੇ ਘਬਰਾਈ ਹੋਈ ਸੀ। ਉਹ ਹੈਰਾਨ ਹੋਇਆ, ਬੁਰਕੀ ਸੰਘੋਂ ਹੇਠਾਂ ਕਰ ਕੇ, ਉਹਦੇ ਮੂੰਹ ਵੱਲ ਵੇਖਣ ਲੱਗਾ।

ਕਸਬਾ-ਨੁਮਾ ਪਿੰਡ ਦੇ ਸਭ ਤੋਂ ਵੱਧ ਰੌਣਕ ਵਾਲੇ ਚੌਕ ਵਿਚੋਂ, ਜਿਥੇ ਪਿੰਡ ਦੀਆਂ ਵੱਡੀਆਂ ਵੱਡੀਆਂ ਦੁਕਾਨਾਂ ਸਨ ਤੇ ਜਿਨ੍ਹਾਂ ਦੁਕਾਨਾਂ 'ਤੇ ਸੌਦਾ ਲੈਣ ਆਏ ਲੋਕਾਂ ਦੀ ਗਹਿ-ਗੱਚ ਭੀੜ ਸੀ, ਸੌਦਾ ਲੈਣ ਆਈ 'ਪਾਲੇਮਾਰਾਂ' ਦੀ ਪ੍ਰੀਤਮ ਕੌਰ ਨੂੰ ਛਿੱਬੂਆਂ ਦੇ ਜੀਤੂ ਹੁਰਾਂ ਨੇ ਆ ਘੇਰਿਆ ਸੀ ਤੇ ਸਭ ਦੇ ਵਿੰਹਦਿਆਂ ਚਾਂਗਰਾਂ ਮਾਰਦੇ, ਗਾਲ੍ਹਾਂ ਕੱਢਦੇ, ਲਿਸ਼ਕਦੇ ਹਥਿਆਰ ਹੱਥ ਵਿਚ ਫੜੀ ਪੰਜ ਸੱਤ ਬੰਦੇ ਉਸ ਨੂੰ ਸ਼ੱਰੇ ਬਜ਼ਾਰ ਨੰਗਾ ਕਰਨ 'ਤੇ ਤੁਲੇ ਹੋਏ ਸਨ। ਜੀਤੂ ਨੇ ਦੁਨਾਲੀ ਅਸਮਾਨ ਨੂੰ ਸੇਧ ਕੇ ਫਾਇਰ ਕੀਤਾ ਤੇ ਬਘਿਆੜ ਵਾਂਗੂ ਦਹਾੜਿਆ, "ਜਿਹੜੇ ਮਾਂ ਦੇ ਪੁੱਤ ਨੂੰ ਜਾਨ ਨ੍ਹੀਂ ਪਿਆਰੀ, ਉਹੋ ਅੱਗੇ ਆਇਓ...ਇਹਨੂੰ ਅਸੀਂ ਨੰਗਿਆ ਕਰ ਕੇ ਫੇਰਨਾ ਜੇ...।"

ਉਸ ਨੇ ਬਾਜ਼ਾਰ ਵਿਚ ਤੇ ਹੱਟੀਆਂ 'ਤੇ ਖੜ੍ਹੇ ਡੌਰ ਭੌਰ ਹੋਏ ਲੋਕਾਂ ਨੂੰ ਵੰਗਾਰਿਆ ਤੇ ਫਿਰ ਹੱਥ ਜੋੜਦੀ, ਵਾਸਤੇ ਪਾਉਂਦੀ, "ਵੇ ਪੁੱਤਾ! ਮੈਨੂੰ ਬਸ਼ਕ ਲੋ...ਮੈਂ ਤੁਹਾਡੀ ਮਾਂਵਾਂ ਵਰਗੀ ਵੇ।" ਪ੍ਰੀਤਮ ਕੌਰ ਦੀ ਚਿੱਟੀ ਚੁੰਨੀ ਲਾਹ ਕੇ ਉਸ ਨੇ ਵਗਦੀ ਗੰਦੀ ਨਾਲੀ ਵਿਚ ਸੁੱਟ ਦਿੱਤੀ ਤੇ ਉਸ ਦੇ ਜੁੜੇ ਹੱਥਾਂ 'ਤੇ ਬੰਦੂਕ ਦਾ ਬੱਟ ਮਾਰ ਕੇ ਵੱਡੀ ਸਾਰੀ ਭੱਦੀ ਗਾਲ੍ਹ ਕੱਢੀ।

ਉਸ ਦੀ ਪਤਨੀ ਸੁਣਾ ਰਹੀ ਸੀ ਤੇ ਸੁਣਦਿਆਂ ਉਸ ਦੇ ਲੂੰ ਕੰਡੇ ਖੜ੍ਹੇ ਹੋ ਰਹੇ ਸਨ।

"ਪਰ ਉਨ੍ਹਾਂ ਇੰਜ ਕੀਤਾ ਕਿਉਂ? ਆਖਰ ਇਹਦੇ ਪਿੱਛੇ ਵੀ ਤਾਂ ਕੋਈ ਗੱਲ ਹੋਊ?"

"ਨਾ-ਹੱਕ ਜੀ, ਗੱਲ ਉਸ ਵਿਚਾਰੀ ਨਾਲ ਕਾਹਦੀ ਹੋਣੀ ਐਂ। ਕਹਿੰਦੇ ਨੇ, ਪ੍ਰੀਤਮ ਕੌਰ ਦੇ ਮੁੰਡੇ ਨੇ ਉਨ੍ਹਾਂ ਦੀ ਕੁੜੀ ਨੂੰ ਖੇਤ ਗਿਆਂ ਮਜ਼ਾਕ ਕੀਤਾ...।"

"ਕਸੂਰ ਮੁੰਡੇ ਦਾ ਤੇ ਬਦਲਾ ਉਸ ਦੀ ਮਾਂ ਤੋਂ ਲੈਣਾ, ਤੇ ਉਹ ਵੀ ਇਸ ਤਰੀਕੇ ਨਾਲ?" ਉਹ ਸ਼ਰਮ ਤੇ ਗੁੱਸੇ ਨਾਲ ਨਹੁੰ ਟੁੱਕ ਰਿਹਾ ਸੀ।

"ਕਿਸੇ ਨੇ ਅੱਗੇ ਹੋ ਕੇ ਛੁਡਾਇਆ ਨਾ?" ਉਸ ਦੇ ਅੰਦਰੋਂ ਬਲਦਾ ਹੋਇਆ ਪ੍ਰਸ਼ਨ ਨਿਕਲਿਆ।

"ਮੈਂ ਮਰ ਜਾਂ! ਮੈਂ ਰੋਂਦੀ ਹੋਰ ਕਿਹੜੀ ਗੱਲ ਨੂੰ ਆਂ।" ਤੇ ਉਹ ਦੱਸਦੀ ਰਹੀ।

ਸਾਰੇ ਲੋਕ ਤਮਾਸ਼ਾਈ ਬਣ ਕੇ ਵੇਖ ਰਹੇ ਸਨ। ਜ਼ਨਾਨੀਆਂ ਤੇ ਬੰਦੇ ਕੋਠੇ 'ਤੇ ਚੜ੍ਹੇ ਹੋਏ ਸਨ, ਜਿਵੇਂ ਕੋਈ ਜਲੂਸ ਨਿਕਲਦਾ ਵੇਖਣ ਲਈ ਖੜ੍ਹੇ ਹੋਣ।

ਪ੍ਰੀਤਮ ਕੌਰ ਬਹੁੜੀਆਂ ਪਾਉਂਦੀ ਰਹੀ, ਤਰਲੇ ਪਾਉਂਦੀ ਰਹੀ, ਹੱਥ ਜੋੜਦੀ ਰਹੀ।

"ਵੇ ਪੁੱਤੋ! ਮੈਨੂੰ ਏਤਰਾਂ ਬਿਜ਼ਤ ਕਰਨ ਨਾਲੋਂ ਮੈਨੂੰ ਗੋਲੀ ਮਾਰ ਦੋ...।"

ਇਕ ਨੇ ਉਸ ਦੀ ਗਿੱਚੀ ਵਿਚ ਪੂਰੇ ਜ਼ੋਰ ਨਾਲ ਧੌਲ ਮਾਰੀ ਤੇ ਉਹ ਮੂੰਹ ਪਰਨੇ ਧਰਤੀ 'ਤੇ ਡਿੱਗ ਪਈ। ਦੂਜੇ ਨੇ ਅੱਗੇ ਵਧ ਕੇ ਡਿੱਗੀ ਪਈ ਦੇ ਕੁਰਤੇ ਨੂੰ ਹੱਥ ਪਾਇਆ ਤੇ ਇਕ ਹੁਜਕੇ ਨਾਲ ਕੁਰਤੇ ਨੂੰ ਦੋਫਾੜ ਕਰ ਕੇ ਉਸ ਨੂੰ ਖਿੱਚ ਕੇ ਦੂਰ ਵਗਾਹ ਮਾਰਿਆ: ਉਹ ਆਪਣੀਆਂ ਦੋਹਾਂ ਛਾਤੀਆਂ 'ਤੇ ਆਪਣੇ ਹੱਥ ਘੁੱਟ ਕੇ ਤਣ ਕੇ ਬੈਠ ਗਈ।

"ਤਾਂਹ ਉਠ! ਕੁੱਤੀ ਰੰਨ ਨਾ ਹੋਵੇ ਤਾਂ...ਪਾਖੰਡ ਕਰਦੀ ਐ, ਇਥੇ ਦੀਵਾਨ ਸੁਣਨ ਬੈਠੀ ਏਂ...।" ਇਕ ਨੇ ਉਸ ਦੇ ਵਾਲਾਂ ਨੂੰ ਹੱਥ ਪਾ ਕੇ ਉਸ ਨੂੰ ਧੂਹ ਕੇ ਖੜ੍ਹਾ ਕਰ ਲਿਆ ਤੇ ਧੂੰਹਦੇ ਹੋਏ ਡਾਂਗਾਂ ਦੀਆਂ ਹੁੱਝਾਂ ਤੇ ਬੰਦੂਕ ਦੇ ਬੱਟ ਮਾਰਦੇ ਪਿਛਵਾੜੇ ਦੀ ਗਲੀ ਵਿਚੋਂ ਲੈ ਤੁਰੇ।

ਪ੍ਰੀਤਮ ਕੌਰ ਭਿੱਖ-ਮੰਗਦੀਆਂ ਅੱਖਾਂ ਨਾਲ ਆਸੇ-ਪਾਸੇ ਤੇ ਕੋਠਿਆਂ ਉਤੇ ਖਲੋਤੇ ਬੰਦਿਆਂ ਤੇ ਜ਼ਨਾਨੀਆਂ ਦੇ ਵਾਸਤੇ ਪਾ ਰਹੀ ਸੀ: "ਵੇ ਲੋਕੋ! ਮੈਂ ਤੁਹਾਡੀ ਭੈਣ ਵੇ। ਮੈਂ ਤੁਹਾਡੀ ਮਾਂ ਵੇ, ਬਹੁੜੀ...ਮੈਨੂੰ ਇਨ੍ਹਾਂ ਰਾਕਸ਼ਾਂ ਤੋਂ ਬਚਾਓ ਵੇ। ਮੇਰੇ ਸਿਰ 'ਤੇ ਇੱਟ ਮਾਰ ਕੇ ਈ ਮੈਨੂੰ ਮਾਰ ਦੋ...ਹਾਏ ਵੇ...।" ਉਹ ਵਿਲਕ ਰਹੀ ਸੀ।

ਕੋਠਿਆਂ 'ਤੇ ਚੜ੍ਹੀਆਂ ਜ਼ਨਾਨੀਆਂ ਜੀਤੂ ਹੁਰਾਂ ਨੂੰ ਉਚੀ ਉਚੀ ਲਾਹਨਤਾਂ ਪਾ ਰਹੀਆਂ ਸਨ, "ਤੁਹਾਡਾ ਬੇੜਾ ਗਰਕ ਹੋ'ਜੇ। ਤੁਹਾਡਾ ਕੱਖ ਨਾ ਰਹੇ ਜ਼ਾਲਮੋ...।"

ਪਤਨੀ ਦੱਸਦੀ ਜਾ ਰਹੀ ਸੀ, ਤੇ ਉਹ ਲੋਕਾਂ ਵਿਚੋਂ ਅਸਲੋਂ ਹੀ ਮਰ ਗਈ ਮਨੁੱਖਤਾ ਦਾ ਅਨੁਮਾਨ ਲਾ ਰਿਹਾ ਸੀ।

"ਜੀ ਮੇਰੇ ਅੰਦਰ ਤਾਂ ਐਨੀ ਅੱਗ ਬਲਦੀ ਪਈ ਸੀ ਕਿ ਜੀਅ ਕਰੇ, ਜ਼ਨਾਨੀਆਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੇ ਗਲ ਪੈ ਜੀਏ। ਜ਼ਨਾਨੀਆਂ ਨੂੰ ਮਾਰ ਥੋੜ੍ਹਾ ਦੇਣ ਲੱਗੇ ਸਨ ਉਹ?"

ਉਨ੍ਹਾਂ ਦੀ ਬੱਚੀ ਅਜੇ ਜਾਗਦੀ ਪਈ ਸੀ। ਉਸ ਨੇ ਵੀ ਸਾਰੀ ਘਟਨਾ ਆਪਣੀਆਂ ਅੱਖਾਂ ਨਾਲ ਮਾਂ ਦੇ ਨਾਲ ਕੋਠੇ 'ਤੇ ਚੜ੍ਹ ਕੇ ਵੇਖੀ ਸੀ। ਉਹ ਸਹਿਮੀਆਂ ਨਜ਼ਰਾਂ ਨਾਲ ਆਪਣੀ ਮਾਂ ਨੂੰ ਪਿਤਾ ਨਾਲ ਗੱਲਾਂ ਕਰਦਿਆਂ ਵੇਖ ਰਹੀ ਸੀ।

"ਡੈਡੀ! ਉਨ੍ਹਾਂ ਨੇ ਉਹਨੂੰ ਸਾਰਾ ਹੀ ਨੰਗਾ ਕੀਤਾ। ਕਿਛੇ ਵੀ ਨਾ ਛਡਾਇਆ।"

ਬੱਚੀ ਦੀ ਗੱਲ ਸੁਣਦਿਆਂ ਹੀ ਉਹਨੇ ਉਸ ਨੂੰ ਗਲ ਨਾਲ ਘੁੱਟ ਲਿਆ। ਉਹ ਸ਼ਰਮ ਨਾਲ ਗਰਕ ਹੋ ਗਿਆ। ਉਸ ਦੀਆਂ ਅੱਖਾਂ ਵਿਚ ਪਾਣੀ ਸਿੰਮ ਆਇਆ।

ਗਲੀ ਦੇ ਮੋੜ 'ਤੇ ਜਾ ਕੇ ਉਹ ਜਦੋਂ ਉਹਦੀ ਸਲਵਾਰ ਲਾਹੁਣ ਲੱਗੇ ਤਾਂ ਕਰਤਾਰਾ ਕਾਮਰੇਡ ਅੱਗੇ ਵਧਿਆ, "ਅਕਲ ਕਰੋ ਓ ਕੁਝ ਅਕਲ! ਹੋਰ ਕੁਝ ਨ੍ਹੀਂ ਤਾਂ ਰੱਬ ਤਾਂ ਵਿੰਹਦਾ ਤੁਹਾਨੂੰ...।"

ਉਸ ਨੂੰ ਅੱਗੇ ਵਧਿਆ ਆਉਂਦਾ ਦੇਖ ਜੀਤੂ ਨੇ ਅਸਮਾਨ ਨੂੰ ਸੇਧ ਕੇ ਫਾਇਰ ਕੀਤਾ, ਜਿਵੇਂ ਰੱਬ ਦੇ ਢਿੱਡ ਵਿਚ ਗੋਲੀ ਮਾਰੀ ਹੋਵੇ, ਤੇ ਉਸ ਨੂੰ ਮਾਰ ਕੇ ਨਿਸਚਿੰਤ ਹੋ ਕੇ ਲਲਕਾਰਿਆ, "ਅੱਗੇ ਨਾ ਵਧੀਂ ਕਾਮਰੇਡਾ! ਅੱਗੇ ਤੇਰੀ ਖੱਬੀ ਬਾਂਹ ਟੁੱਟੀ ਆ, ਹੁਣ ਸੱਜੀ ਤੁੜਾ ਬਹੇਂਗਾ।" ਤੇ ਉਸ ਨੇ ਗਲੂੱਥਾ ਮਾਰ ਕੇ ਉਸ ਨੂੰ ਗਲੀ ਦੇ ਇਕ ਪਾਸੇ ਵਗਾਹ ਮਾਰਿਆ।

ਪਤਨੀ ਦੱਸ ਰਹੀ ਸੀ ਕਿ ਗਲੀਆਂ ਵਿਚ ਤੇ ਕੋਠਿਆਂ ਉਤੇ 'ਕੱਠੀ ਹੋਈ ਭੀੜ ਦੇ ਸਾਹਮਣੇ ਉਹ ਉਸ ਔਰਤ ਨੂੰ ਅਲਫ਼-ਨੰਗਿਆ ਕਰ ਕੇ ਲੈ ਗਏ ਤੇ ਗਲੀਆਂ ਵਿਚ ਫੇਰਦੇ ਰਹੇ।

ਸਾਹੋ-ਸਾਹ ਹੋਈ ਪਤਨੀ ਦੀਆਂ ਗੱਲਾਂ ਸੁਣ ਕੇ ਉਹਦਾ ਅੰਦਰ ਦਰਦ ਨਾਲ ਪੱਛਿਆ ਗਿਆ ਸੀ।

"ਮੈਂ ਆਹਨਾਂ! ਲੋਕ ਅਸਲੋਂ ਹੀ ਮਰ ਗਏ। ਕੀ ਉਨ੍ਹਾਂ ਕੋਲ ਸਾਰੇ ਪਿੰਡ ਦੇ ਲੋਕਾਂ ਨਾਲੋਂ ਜ਼ਿਆਦਾ ਹਥਿਆਰ ਸਨ? ਰਲ ਕੇ ਇਕ ਵਾਰ ਟੁੱਟ ਕੇ ਉਨ੍ਹਾਂ ਦੇ ਗਲ ਪੈ ਜਾਂਦੇ...।" ਉਹ ਅੱਧਾ ਪਤਨੀ ਨਾਲ ਤੇ ਅੱਧਾ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ। ਉਹ ਜਿਵੇਂ ਆਪਣੇ ਅੰਦਰ ਡੁੱਬ ਗਿਆ।

"ਮੈਂ ਤਾਂ ਸ਼ਾਮੀਂ ਗੱਲਾਂ ਕਰਦਿਆਂ ਤਾਰੇ ਦੀ ਵਹੁਟੀ ਨੂੰ ਆਖਦੀ ਸਾਂ ਤੁਹਾਡਾ ਨਾਂ ਲੈ ਕੇ...ਕਿ ਜੇ ਉਹ ਹੁੰਦੇ ਤਾਂ ਉਨ੍ਹਾਂ ਤਾਂ ਨਹੀਂ ਸੀ ਇਸ ਤਰ੍ਹਾਂ ਹੋਣ ਦੇਣਾ ਕਦੀ ਵੀ, ਭਾਵੇਂ ਕੁਝ ਹੁੰਦਾ। ਉਹ ਤਾਂ ਲੋਕਾਂ ਨੂੰ ਵੰਗਾਰ ਕੇ, ਜਾ ਕੁੱਦਦੇ ਮੌਤ ਦੇ ਮੂੰਹ ਵਿਚ...ਪਰ ਉਹਨੂੰ ਨੰਗਿਆਂ ਨਹੀਂ ਸਨ ਹੋਣ ਦਿੰਦੇ।"

ਪਤਨੀ ਦੀ ਗੱਲ ਸੁਣ ਕੇ ਉਹਨੂੰ ਉਸ 'ਤੇ ਡਾਢਾ ਪਿਆਰ ਆਇਆ। ਉਸ ਨੂੰ ਪਤੀ 'ਤੇ ਕਿੰਨਾ ਮਾਣ ਸੀ। ਉਹ ਵੀ ਮਾਣ ਨਾਲ ਭਰ ਗਿਆ। ਉਸ ਦੇ ਆਪਣੇ ਜੀਵਨ ਦਾ ਨਿੱਕਾ ਜਿਹਾ ਇਤਿਹਾਸ ਉਸ ਦੀਆਂ ਨਜ਼ਰਾਂ ਅੱਗਿਉਂ ਗੁਜ਼ਰ ਗਿਆ, ਜਦੋਂ ਉਹ ਪਿੰਡ ਅਤੇ ਇਲਾਕੇ ਵਿਚ ਹਰ ਬੇਇਨਸਾਫੀ ਵਿਰੁੱਧ ਜੂਝਣ ਲਈ ਤਿਆਰ ਖੜ੍ਹਾ ਹੁੰਦਾ ਸੀ।

ਪਿੰਡ ਪਿੰਡ ਬਣੀਆਂ ਨੌਜਵਾਨ ਸਭਾਵਾਂ ਸ਼ਕਤੀਸ਼ਾਲੀ ਜਥੇਬੰਦੀ ਦੇ ਰੂਪ ਵਿਚ ਉਭਰ ਰਹੀਆਂ ਸਨ ਤੇ ਜਿਥੇ ਕਿਤੇ ਬੇਇਨਸਾਫੀ ਹੁੰਦੀ, ਰਲ ਕੇ ਟੱਕਰ ਲੈਣ ਲਈ ਤਿਆਰ ਹੁੰਦੀਆਂ ਸਨ।

"ਜੇ ਕਿਤੇ ਉਹ ਦਿਨ ਹੁੰਦੇ, ਤਾਂ ਇਨ੍ਹਾਂ ਨੂੰ ਇਕ ਵਾਰ ਤਾਂ ਗਿਆਨ ਕਰਾ ਦਿੰਦੇ।" ਉਸ ਨੂੰ ਹਸਰਤ ਸੀ ਕਿ ਫੁੱਟ ਦੀ ਸਿਆਸਤ ਅਤੇ ਕੁਸੇਧ ਨੇ ਜਥੇਬੰਦੀ ਦਾ ਢਾਂਚਾ ਤੋੜ ਦਿੱਤਾ ਸੀ।

"ਲੈ ਹੁਣ ਤੁਸੀਂ ਕੀ ਨਹੀਂ ਕਰ ਸਕਦੇ?" ਪਤਨੀ ਨੂੰ ਅਜੇ ਵੀ ਉਸ ਦੀ ਤਾਕਤ 'ਤੇ ਵਿਸ਼ਵਾਸ ਸੀ।

"ਸਵੇਰੇ ਸਰਪੰਚ ਨੂੰ ਮਿਲੋ, ਲੋਕਾਂ ਨੂੰ ਇਕੱਠਿਆਂ ਕਰ ਕੇ ਇਸ ਜ਼ੁਲਮ ਵਿਰੁੱਧ ਲਾਮਬੰਦ ਕਰੋ।"

ਉਹ ਪਤਨੀ ਨਾਲ ਸਹਿਮਤ ਹੁੰਦਾ ਹੋਇਆ ਵੀ ਹੈਰਾਨੀ ਨਾਲ ਉਸ ਦੇ ਮੂੰਹ ਵੱਲ ਵੇਖ ਰਿਹਾ ਸੀ। ਇਹ ਉਹੋ ਔਰਤ ਸੀ, ਜਿਹੜੀ ਸਦਾ ਉਸ ਨੂੰ ਅਜਿਹੇ ਕੰਮਾਂ ਤੋਂ ਵਰਜਦੀ ਹੁੰਦੀ ਸੀ, "ਤੁਸੀਂ ਸਾਰੀ ਦੁਨੀਆਂ ਠੀਕ ਕਰਨ ਦਾ ਠੇਕਾ ਲਿਆ ਹੋਇਐ, ਆਪਣੀ ਜ਼ਿੰਦਗੀ ਸੁਖ ਨਾਲ ਗੁਜ਼ਾਰੋ।"

ਤੇ ਹੁਣ ਜਦੋਂ ਉਹ ਚੰਗੀ ਨੌਕਰੀ 'ਤੇ ਲੱਗ ਗਿਆ ਸੀ ਤੇ ਸੁਖ ਦੀ ਜ਼ਿੰਦਗੀ ਗੁਜ਼ਾਰ ਰਿਹਾ ਸੀ ਤਾਂ ਉਹ ਉਸ ਨੂੰ ਜ਼ੁਲਮ ਵਿਰੁੱਧ ਲੜਨ ਲਈ ਵੰਗਾਰ ਰਹੀ ਸੀ।

ਗਈ ਰਾਤ ਤੱਕ ਉਸ ਨੂੰ ਨੀਂਦ ਨਾ ਆਈ। ਸਾਰੀ ਘਟਨਾ ਨਸ਼ਤਰ ਬਣ ਕੇ ਉਸ ਦੀਆਂ ਅੱਖਾਂ ਵਿਚ ਰੜਕ ਰਹੀ ਸੀ। ਕਲਪਨਾ ਵਿਚ ਹੀ ਨੰਗੀ ਔਰਤ ਉਸ ਦੀਆਂ ਅੱਖਾਂ ਅੱਗੇ ਤੁਰੀ ਜਾ ਰਹੀ ਸੀ ਤੇ ਟੁੱਟੇ ਹੱਥਾਂ ਤੇ ਟੁੱਕੀਆਂ ਜੀਭਾਂ ਵਾਲੇ ਲੋਕ ਆਸੇ-ਪਾਸੇ ਖੜ੍ਹੇ ਚੁੱਪ-ਚਾਪ ਵੇਖ ਰਹੇ ਸਨ ਤੇ ਉਸ ਦੇ ਕੰਨਾਂ ਵਿਚ ਆਵਾਜ਼ ਗੂੰਜ ਰਹੀ ਸੀ, "ਵੇ ਲੋਕੋ! ਮੈਂ ਤੁਹਾਡੀ ਭੈਣ ਜੇ...ਮੈਂ ਤੁਹਾਡੀ ਮਾਂ ਜੇ...ਬਹੁੜੀ...ਮੈਨੂੰ ਬਚਾਓ, ਇਨ੍ਹਾਂ ਰਾਕਸ਼ਾਂ ਤੋਂ।"

ਤੇ ਉਸ ਤਹੱਈਆ ਕਰ ਲਿਆ ਸੀ ਕਿ ਇਸ ਮਾਮਲੇ ਵਿਚ, ਜਿੰਨੀ ਵੀ ਵੱਧ ਤੋਂ ਵੱਧ ਹੋ ਸਕੇ, ਮਜ਼ਲੂਮ ਧਿਰ ਦੀ ਮਦਦ ਕਰਨੀ ਹੈ। ਉਸ ਸੋਚਿਆ ਕਿ ਸਮੁੱਚੇ ਪਿੰਡ ਦਾ ਇਕੱਠ ਕਰ ਕੇ ਉਨ੍ਹਾਂ ਜ਼ਾਲਮਾਂ ਵਿਰੁੱਧ ਸਮੂਹਕ ਕਾਰਵਾਈ ਕੀਤੀ ਜਾਵੇ, ਉਨ੍ਹਾਂ ਨੂੰ ਸਜ਼ਾ ਦਿਵਾਈ ਜਾਵੇ। ਕਈ ਦਲੀਲਾਂ ਉਸ ਦੇ ਮਨ ਵਿਚ ਆਉਂਦੀਆਂ ਤੇ ਤੁਰ ਜਾਂਦੀਆਂ। ਇਸ ਉਧੇੜ-ਬੁਣ ਵਿਚ ਕਿਤੇ ਤੜਕੇ ਜਿਹੇ ਕਿਤੇ ਉਸ ਦੀ ਅੱਖ ਲੱਗੀ। ਸੁੱਤਿਆਂ ਪਿਆਂ ਵੀ ਭਿਆਨਕ ਤੇ ਡਰਾਉਣੇ ਸੁਪਨੇ ਉਸ ਦੀਆਂ ਅੱਖਾਂ ਵਿਚ ਰੜਕਦੇ ਰਹੇ।

ਪਤਨੀ ਦੇ ਕਹਿਣ 'ਤੇ ਉਹ ਨਹਾ-ਧੋ ਕੇ ਤਿਆਰ ਹੋਇਆ ਤੇ ਸੋਚਿਆ ਕਿ ਰੋਟੀ ਖਾਣ ਤੋਂ ਪਹਿਲਾਂ ਇਕ ਵਾਰ ਸਰਪੰਚ ਨੂੰ ਮਿਲ ਆਵੇ ਤੇ ਉਸ ਨਾਲ ਇਹ ਮਾਮਲਾ ਸਾਰੇ ਪਹਿਲੂਆਂ ਤੋਂ ਵਿਚਾਰ ਆਵੇ।

ਘਰੋਂ ਬਾਹਰ ਨਿਕਲਿਆ ਹੀ ਸੀ ਕਿ ਬਾਜ਼ਾਰ ਵਿਚ ਬਿਹਾਰੀ ਥੱਥੇ ਦੀ ਹੱਟੀ 'ਤੇ ਲੋਕ ਜੁੜੇ ਹੋਏ ਸਨ ਤੇ ਕੱਲ੍ਹ ਵਾਲੀ ਘਟਨਾ ਨੂੰ ਹੀ ਚਿੱਥ ਰਹੇ ਸਨ। ਕੋਈ ਕੁਝ ਕਹਿ ਰਿਹਾ ਸੀ ਤੇ ਕੋਈ ਕੁਝ। ਉਹ ਵੀ ਭੀੜ ਦੇ ਇਕ ਪਾਸੇ ਖਲੋ ਗਿਆ। ਉਸ ਨੂੰ ਵੇਖ ਕੇ ਡਾਕਟਰ 'ਹੈਂ ਜੀ' ਬੋਲ ਪਿਆ, "ਜ਼ੁਲਮ ਹੋਇਆ...ਘੋਰ ਜ਼ੁਲਮ...ਹੈਂ ਜੀ... ਧੱਬਾ ਲੱਗ ਗਿਆ ਪਿੰਡ ਦੇ ਮੱਥੇ 'ਤੇ...ਹੈਂ ਜੀ। ਲੋਕ ਗੱਲਾਂ ਕਰਨਗੇ, ਫਲਾਣੇ ਪਿੰਡ ਨੇ ਆਹ ਕਰਤੂਤ ਕੀਤੀ ਆ, ਹੈਂ ਜੀ।" ਤੇ ਆਪਣੇ ਆਦਰਸ਼ਕ ਨਜ਼ਰੀਏ ਨੂੰ ਥੋੜ੍ਹਾ ਹੋਰ ਵਧਾ ਗਿਆ, "ਮੈਂ ਤਾਂ ਇਹ ਆਖੂੰਗਾ ਜੀ ਕਿ ਸਾਰਾ ਪਿੰਡ ਨੰਗਾ ਹੋ ਗਿਆ...ਸਾਰੀ ਭਾਰਤ ਮਾਂ ਨੰਗੀ ਹੋ ਗਈ। ਹੈਂ ਜੀ।"

ਘਾਰੂ ਅਮਲੀ ਨਸਵਾਰ ਦੀ ਡੱਬੀ ਟੁਣਕਾਉਂਦਾ ਨੱਕ ਵਿਚ ਚੂੰਢੀ ਲੈ ਰਿਹਾ ਸੀ। ਉਧਰੋਂ ਵਿਹਲਾ ਹੁੰਦਿਆਂ ਈ ਬੋਲ ਪਿਆ, "ਹੈਂ ਜੀ ਸਾਅ੍ਬ...ਭਾਰਤ ਮਾਤਾ ਦੇ ਜੇਠੇ ਪੁੱਤਰ ਜੀ ਸਾਅ੍ਬ, ਤੇਰੀ ਦੁਕਾਨ ਛੇਆਂ ਕਰਮਾਂ 'ਤੇ ਸੀ, ਓਦੋਂ ਤਾਂ ਦੁਕਾਨ ਦੇ ਥੜ੍ਹੇ 'ਤੇ ਖਲੋਤਾ ਦੰਦਾਂ ਵਿਚੋਂ ਕਰੇੜਾ ਕੱਢੀ ਜਾਂਦਾ ਸੀ।"

ਸਾਰੀ ਭੀੜ ਹੱਸ ਪਈ। ਛਿੱਥਾ ਹੋਇਆ ਡਾਕਟਰ ਉਸ ਵੱਲ ਇਸ਼ਾਰਾ ਕਰਦਿਆਂ ਬੋਲਿਆ, "ਅਸੀਂ ਤਾਂ ਜੀ ਵੇਖੋ! ਬੁੱਢੇ ਬੰਦੇ ਆਂ। ਹੈਂ ਜੀ, ਇਹ ਤਾਂ ਜੀ, ਇਨ੍ਹਾਂ ਵਰਗੇ ਨੌਜਵਾਨਾਂ ਦਾ ਕੰਮ ਐ, ਲੜਨਾ-ਭਿੜਨਾ। ਹੈਂ ਜੀ।"

ਘਾਰੂ ਦਾ ਨਸ਼ਾ ਖਿੜਿਆ ਹੋਇਆ ਸੀ। ਵਿਚੋਂ ਬੁੜ੍ਹਕ ਪਿਆ, "ਹਾਹੋ...ਹਾਹੋ! ਇਹਨੂੰ ਦਿਓ ਸੂ ਬਲਦੀ ਦੇ ਬੁੱਥੇ। ਇਹਨੂੰ ਨਾ ਟੁੱਕ ਖਾਣ ਦਿਓ ਸੁਖ ਨਾਲ। ਇਹਨੇ ਬੋਡੀ ਬੰਦਿਆਂ ਲਈ ਫਾਟਾਂ ਭੰਨਾਉਣ ਦਾ ਠੇਕਾ ਲਿਆ। ਇਹਨੂੰ ਤ੍ਹਾਡੀ ਪਿੰਡ ਵਾਲਿਆਂ ਦੀ ਕਰਤੂਤ ਦਾ ਪਤਾ ਨ੍ਹੀਂ ਨਾ! ਇਹਨੂੰ ਬਚਨ ਸੁੰਹ ਵਾਲੀ ਗੱਲ ਭੁੱਲ ਗਈ ਹੋਣੀ ਆਂ।"

ਘਾਰੂ ਦੀ ਗੱਲ ਤਾਂ ਸੱਚੀ ਸੀ। ਸ਼ਰਾਬੀ ਹੋਏ ਠਾਣੇਦਾਰ ਨੇ ਬਾਬੇ ਬਚਨ ਸੁੰਹ ਦੀ ਦਾੜ੍ਹੀ ਇਸ ਕਰ ਕੇ ਪੁੱਟ ਸੁੱਟੀ ਸੀ ਕਿ ਉਸ ਨੇ ਸਾਹਮਣਿਓਂ ਤੁਰੇ ਆਉਂਦੇ ਥਾਣੇਦਾਰ ਨੂੰ ਦੋਵੇਂ ਹੱਥ ਜੋੜ ਕੇ ਫਤਿਹ ਕਿਉਂ ਨਹੀਂ ਸੀ ਬੁਲਾਈ, ਤੇ ਬਚਨ ਸਿੰਘ ਗਰੀਬ ਕਿਸਾਨ ਦੀ ਮਦਦ ਲਈ ਸਾਰੇ ਪਿੰਡ ਵਿਚੋਂ ਕੋਈ ਪਤਵੰਤਾ ਬੰਦਾ ਨਹੀਂ ਸੀ ਉਠਿਆ, ਸਗੋਂ ਜੇ ਉਸ ਨੇ ਬਾਬੇ ਦੀ ਮਦਦ ਤੇ ਥਾਣੇਦਾਰ ਦੇ ਵਿਰੁੱਧ ਕਾਰਵਾਈ ਕਰਨ ਲਈ ਲੋਕਾਂ ਨੂੰ ਪ੍ਰੇਰਿਆ ਵੀ, ਤਾਂ ਉਹ ਉਸ ਮਾਰ-ਕੁੱਟ ਨੂੰ ਥਾਣੇਦਾਰ ਦਾ ਜਨਮ ਸਿੱਧ ਅਧਿਕਾਰ ਸਮਝਦੇ ਹੋਏ ਸਗੋਂ ਉਸ ਨੂੰ ਸਮਝੌਤੀ ਦੇ ਰਹੇ ਸਨ, "ਅਫ਼ਸਰ ਦੇ ਝਿੜਕੇ ਦਾ, ਤੇ ਮੀਂਹ ਦੇ ਤਿਲਕੇ ਦਾ, ਗੁੱਸਾ ਨਹੀਂ ਕਰਨਾ ਚਾਹੀਦਾ।" ਇਹ ਤਾਂ ਉਹੋ ਹੀ ਸੀ ਜਿਸ ਨੇ ਇਲਾਕੇ ਦੀਆਂ ਸਭਾਵਾਂ ਇਕੱਠੀਆਂ ਕਰ ਕੇ ਪਿੰਡ ਵਿਚੋਂ 'ਮਾੜੇ' ਸਮਝੇ ਜਾਂਦੇ ਬੰਦਿਆਂ ਨੂੰ ਨਾਲ ਲੈ ਕੇ, ਮੁਜ਼ਾਹਰੇ ਕਰ ਕੇ ਤੇ ਵਡੇ ਅਫਸਰਾਂ ਨੂੰ ਮਿਲ ਕੇ ਤਫਤੀਸ਼ ਕਰਵਾ ਕੇ ਥਾਣੇਦਾਰ ਨੂੰ ਲਾਈਨ ਹਾਜ਼ਰ ਕਰਵਾਇਆ ਸੀ, ਨਹੀਂ ਤਾਂ ਤਫਤੀਸ਼ ਸਮੇਂ ਪਿੰਡ ਦੇ 'ਪਤਵੰਤੇ' ਤਾਂ ਥਾਣੇਦਾਰ ਦੇ ਹੱਕ ਵਿਚ ਹੀ ਭੁਗਤੇ ਸਨ ਤੇ ਕਹਿੰਦੇ ਸਨ, "ਜੀ ਇਨ੍ਹਾਂ ਨਾਲ ਦਾ ਆਹਲਾ ਅਫਸਰ ਤਾਂ ਕਦੀ ਆਇਆ ਨ੍ਹੀਂ ਅੱਜ ਤੱਕ। ...ਅਸੀਂ ਤਾਂ ਕਦੀ ਸੁਣਿਆ ਨਹੀਂ ਕਿ ਇਨ੍ਹਾਂ ਸ਼ਰਾਬ ਪੀਤੀ ਹੋਵੇ...।"

"ਤਾਊ...ਬਚਨ ਸੁੰਹ ਵਾਲੀ ਗੱਲ ਮੈਨੂੰ ਭੁੱਲੀ ਤਾਂ ਨ੍ਹੀਂ?" ਉਹ ਘਾਰੂ ਨੂੰ ਸੰਬੋਧਨ ਹੋਇਆ, "ਪਰ ਇਹ ਗੱਲ ਤਾਂ ਮਾੜੀ ਹੋਈ ਐ।"

"ਮਾੜੀ ਜੀ, ਬਿਲਕੁਲ ਮਾੜੀ। ਇੰਜ ਨਹੀਂ ਸੀ ਹੋਣਾ ਚਾਹੀਦਾ।" ਸਾਰੇ ਸਹਿਮਤ ਸਨ।

"ਇੰਜ ਨਹੀਂ ਸੀ ਹੋਣਾ ਚਾਹੀਦਾ, ਤਾਂ ਅੱਗੇ ਹੋ ਕੇ ਛੁਡਾਉਣਾ ਸੀ ਫੇਰ? ਓਦੋਂ ਕਿਉਂ ਸਭ ਨੂੰ ਸੱਪ ਸੁੰਘ ਗਿਆ?" ਉਸ ਦੇ ਹਰਖੇ ਬੋਲ ਸੁਣ ਕੇ ਸਾਰੇ ਉਸ ਵੱਲ ਵੇਖਣ ਲੱਗੇ।

ਅਚਾਨਕ ਬਿਹਾਰੀ ਥੱਥੇ ਨੇ ਚੁੱਪ ਨੂੰ ਤੋੜਿਆ, "ਬ...ਬ...ਬਗਾਨੀ... ਮ...ਮ...ਮ... ਮੌਤੇ ਕੌਣ ਮ...ਮ...ਮਰਦਾ ਜੀ?"

ਰੋਡਾ ਧੂਸ਼ ਜਿਹੜਾ ਹੁਣ ਤੱਕ ਚੁੱਪ ਕਰ ਕੇ ਸੁਣ ਰਿਹਾ ਸੀ, ਆਪਣੀ ਮੱਘ ਵਰਗੀ ਉਚੀ ਆਵਾਜ਼ ਵਿਚ ਬੋਲਿਆ, "ਓ ਛੱਡੋ ਖਹਿੜਾ! ਜਾਓ! ਆਪੋ ਆਵਦੇ ਘਰ ਨੂੰ...ਤੁਸੀਂ ਆਪਸ ਵਿਚ ਨਾ ਲੜ ਪਿਓ। ਉਨ੍ਹਾਂ ਉਨ੍ਹਾਂ ਦੀ ਕੁੜੀ ਛੇੜੀ, ਉਨ੍ਹਾਂ ਉਨ੍ਹਾਂ ਦੀ ਬੁੱਢੀ ਨੰਗੀ ਕਰ'ਤੀ। ਜੱਟ ਇੰਜ ਬਦਲੇ ਲੈਂਦੇ ਈ ਹੁੰਦੇ ਆ...।" ਉਸ ਆਪਣੇ ਵੱਲੋਂ ਦੋ-ਟੁੱਕ ਕਰ ਦਿੱਤੀ ਤੇ ਫਿਰ, "ਜਾਓ ਜਾਓ ਘਰੋ ਘਰੀ..।" ਕਹਿੰਦਾ ਜੰਮੀ ਭੀੜ ਨੂੰ ਇੰਜ ਸ਼ਿਸ਼ਕਾਰਨ ਲੱਗਾ ਜਿਵੇਂ ਭੇਡਾਂ-ਬੱਕਰੀਆਂ ਦੇ ਇੱਜੜ ਨੂੰ ਖਿੰਡ ਜਾਣ ਲਈ ਕਹਿ ਰਿਹਾ ਹੋਵੇ।

ਸਰਪੰਚ ਵੱਲ ਜਾਂਦਿਆਂ ਉਹ ਸਾਰੀ ਘਟਨਾ ਬਾਰੇ, ਹੁਣੇ ਹੋਈਆਂ ਭੀੜ ਦੀਆਂ ਗੱਲਾਂ ਦੀ ਤਹਿ ਵਿਚ ਉਤਰਨ ਦਾ ਯਤਨ ਕਰਦਾ ਆ ਰਿਹਾ ਸੀ। ਘਾਰੂ ਦੀ ਗੱਲ ਵਜ਼ਨਦਾਰ ਸੀ ਤੇ ਬਿਹਾਰੀ ਥੱਥੇ ਦੀ ਸੱਚਾਈ ਵੀ ਕਿ "ਬਗਾਨੀ ਮੌਤੇ ਕੌਣ ਮਰਦਾ ਜੀ।"

"ਹਾਂ, ਲੋਕ ਤਾਂ ਆਪਣੀ-ਆਪਣੀ ਜਾਨ ਬਚਾਉਣ ਦੀ ਫਿਕਰ ਵਿਚ ਸਨ।" ਉਸ ਸੋਚਿਆ, "ਬਿਗਾਨੀ ਮੌਤ ਕੋਈ ਕਿੱਥੇ ਮਰਦਾ ਸੀ? ਅਤਿ ਦਾ ਸਾਂਝਾ ਸੰਕਟ ਜਾਂ ਕੋਈ ਸਾਂਝੀ ਜਥੇਬੰਦੀ ਹੀ ਲੋਕਾਂ ਨੂੰ ਇਕੱਠਿਆਂ ਕਰ ਕੇ ਕਿਸੇ ਜ਼ੁਲਮ ਵਿਰੁੱਧ ਲੜਨ ਦੀ ਪ੍ਰੇਰਨਾ ਦੇ ਸਕਦੇ ਹਨ।" ਉਸ ਨੂੰ ਯਾਦ ਆਇਆ, ਐਮਰਜੈਂਸੀ ਸਮੇਂ ਜਦੋਂ ਉਹ ਜੇਲ੍ਹ ਵਿਚ ਸੀ ਤਾਂ ਉਸ ਦੇ ਨੇੜਲੇ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਛੱਡ ਕੇ ਕੋਈ ਉਸ ਨਾਲ ਮੁਲਾਕਾਤ ਕਰਨ ਵੀ ਨਹੀਂ ਸੀ ਆਇਆ, ਸਗੋਂ ਉਸ ਦੇ ਮਿੱਤਰਾਂ ਨੂੰ ਕਹਿੰਦੇ ਸਨ, "ਓਏ ਉਹ ਤਾਂ ਛੂਤ ਦੀ ਬਿਮਾਰੀ ਏ, ਉਹਨੂੰ ਮਿਲ ਕੇ ਤੁਸੀਂ ਕਿਉਂ ਮਰਦੇ ਓ?"

ਇਸ ਪਿੰਡ ਵਿਚ ਹੁਣ ਵੀ ਤਾਂ ਉਹੋ ਹੀ ਲੋਕ ਸਨ ਤੇ ਉਨ੍ਹਾਂ ਦੇ ਹੁੰਦਿਆਂ ਜੇ ਇਹ ਸਭ ਕੁਝ ਹੋ ਗਿਆ ਸੀ ਤਾਂ ਗਿਲਾ ਕਿਸ 'ਤੇ? ਉਹ ਮੁਸਕਰਾਇਆ। ਉਸ ਨੂੰ ਇਕ ਘਟਨਾ ਚੇਤੇ ਆ ਗਈ ਸੀ। ਬਹੁਤ ਸਾਲ ਪਹਿਲਾਂ ਜਦੋਂ ਇਕ ਸ਼ਹਿਰ ਵਿਚ ਕੁਝ ਵਿਦਿਆਰਥੀ ਪੁਲਿਸ ਵੱਲੋਂ ਮਾਰ ਦਿੱਤੇ ਜਾਣ 'ਤੇ ਸਾਰੇ ਪੰਜਾਬ ਵਿਚ ਸਰਕਾਰ ਵਿਰੁੱਧ ਲਹਿਰ ਉਠ ਖੜ੍ਹੀ ਹੋਣ 'ਤੇ ਇਹਤਿਆਤ ਵਜੋਂ ਉਸ ਨੂੰ ਪੁਲਿਸ ਨੇ ਫੜ ਲਿਆ ਸੀ ਤਾਂ ਉਦੋਂ ਕੁਝ ਦਿਨ ਪਹਿਲਾਂ ਉਸ ਦੇ ਪਿਤਾ ਦੀ ਹੋਈ ਮੌਤ ਦਾ ਅਫ਼ਸੋਸ ਕਰਨ ਆਈ ਉਸ ਦੀ ਭੈਣ ਦੀ ਦੂਰ ਦੀ, 'ਬਾਹਰ-ਅੰਦਰ' ਮਿਲਣ ਵਾਲੀ ਸਹੇਲੀ ਕਹਿ ਰਹੀ ਸੀ, "ਭੈਣੇ! ਭਾਊ ਦੇ ਮਰਨ ਨਾਲ ਸਾਰਾ ਭਾਰ ਪੈ ਗਿਆ ਵਿਚਾਰੇ ਛੋਟੇ ਵੀਰ ਦੇ ਸਿਰ। ਵੱਡਾ ਵੀਰ ਤਾਂ ਮੈਂ ਸੁਣਿਐਂ ਨਲਾਇਕ ਹੀ ਨਿਕਲਿਆ।"

ਉਸ ਸੋਚਿਆ, "ਇਹ ਤਾਂ ਮੇਰੇ ਵਰਗੇ ਕਮਲੇ ਤੇ ਨਲਾਇਕ ਬੰਦਿਆਂ ਦਾ ਕੰਮ ਸੀ ਕਿ ਲੋਕਾਂ ਦੇ ਕੰਮਾਂ ਵਿਚ ਟੰਗਾਂ ਅੜਾਉਂਦੇ ਫਿਰਨ। ਉਸ ਨੂੰ ਲੱਗਾ, ਉਸ ਕੁੜੀ ਦੇ ਵਿਚਾਰ ਆਮ ਲੋਕਾਂ ਦੇ ਵਿਚਾਰ ਸਨ ਤੇ ਪਿੰਡ ਦੇ ਚੌਧਰੀ ਵੀ ਉਸ ਨੂੰ ਅੰਦਰੋਂ ਕਿਹੜਾ ਚੰਗਾ ਸਮਝਦੇ ਸਨ। ਲੋਕਾਂ ਲਈ ਲੜਦਾ ਮਰਦਾ ਸੀ ਤਾਂ ਉਹ ਨਲਾਇਕ ਤੇ ਨਿਕੰਮਾ ਸੀ, ਪਰ ਜਦੋਂ ਆਰਾਮ ਨਾਲ ਵਧੀਆ ਨੌਕਰੀ 'ਤੇ ਲੱਗ ਗਿਆ ਸੀ ਤਾਂ ਸਾਰੇ ਲੋਕ ਕਹਿੰਦੇ, "ਪਹਿਲੇ ਕੰਮ ਛੱਡ'ਤੇ ਜੀ।" ਉਹ ਉਸ ਵੱਲ ਇੰਜ ਵੇਖਦੇ, ਜਿਵੇਂ ਉਹ ਪਹਿਲਾਂ ਡਾਕੇ ਮਾਰਦਾ ਹੁੰਦਾ ਸੀ ਜਾਂ ਦਸ-ਨੰਬਰੀਆ ਬਦਮਾਸ਼ ਸੀ।

"ਚਲੋ ਚੰਗਾ ਕੀਤਾ ਜੇ। ਅੱਜ ਕੱਲ੍ਹ ਜ਼ਮਾਨਾ ਵੀ ਨ੍ਹੀਂ ਇਹੋ ਜਿਹੇ ਕੰਮਾਂ ਦਾ। ਕੋਈ ਨ੍ਹੀਂ ਕਿਸੇ ਦੀ ਮਦਦ ਲਈ ਬਹੁੜਦਾ, ਸਭ ਨੂੰ ਆਪੋ-ਆਪਣੀ ਪਈ ਹੋਈ ਏ।" ਤੇ ਜਦੋਂ ਉਹ ਸਰਪੰਚ ਦੇ ਚੁਬਾਰੇ ਵਿਚ ਵੜਿਆ ਤਾਂ ਵੇਖਿਆ, ਉਨ੍ਹਾਂ ਪਿਉ-ਪੁੱਤਰਾਂ ਵਿਚਕਾਰ ਵੀ ਲਗਭਗ ਇਸੇ ਮਸਲੇ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ। ਪਿਉ ਪੁਰਾਣਾ ਬੰਦਾ ਸੀ। ਮੁਢਲਿਆਂ ਵਿਚ ਦੋ ਵਾਰ ਆਪ ਵੀ ਸਰਪੰਚ ਰਹਿ ਚੁੱਕਾ ਸੀ। ਉਸ ਨੇ ਜ਼ਮਾਨੇ ਦੇ ਸਭ ਉਤਰਾਅ-ਚੜ੍ਹਾਅ ਵੇਖੇ ਹੋਏ ਸਨ। ਸਰਪੰਚ ਨੰਗੀ ਕੀਤੀ ਗਈ ਔਰਤ ਦੀ ਮਜ਼ਲੂਮ ਧਿਰ ਵੱਲ ਸੀ, ਤੇ ਉਹ ਸ਼ਾਮੀਂ ਘਟਨਾ ਵਾਪਰਨ ਤੋਂ ਪਿੱਛੋਂ ਆਪ ਇਕੱਲਾ ਥਾਣੇਦਾਰ ਨੂੰ ਮਿਲ ਕੇ ਆਇਆ ਸੀ, ਤੇ ਮਜ਼ਲੂਮ ਧਿਰ ਦੀ ਮਦਦ ਕਰਨ ਲਈ ਕਹਿ ਕੇ ਆਇਆ ਸੀ। ਘਰ ਉਸ ਦਾ ਪਿਤਾ ਕਹਿ ਰਿਹਾ ਸੀ ਕਿ ਜੀਤੂ ਹੁਰਾਂ ਨੇ ਵੋਟਾਂ ਵਿਚ ਉਨ੍ਹਾਂ ਦੀ ਡਟਵੀਂ ਮਦਦ ਕੀਤੀ ਸੀ। ਉਂਜ ਵੀ ਉਹ ਬੰਦਿਆਂ ਵਾਲੇ ਸਨ, ਮਾਰ-ਖੋਰੇ ਸਨ। ਲੋੜ ਸਮੇਂ ਹਰ ਵੇਲੇ ਮੋਢੇ ਨਾਲ ਮੋਢਾ ਦੇਣ ਲਈ ਤਿਆਰ ਰਹਿੰਦੇ ਸਨ, ਤੇ ਇਸ ਤੋਂ ਵੱਧ ਉਹ ਰਾਤੀਂ ਅੱਧੀ ਰਾਤ ਤੱਕ ਉਨ੍ਹਾਂ ਦੇ ਘਰ ਆ ਕੇ ਬੈਠੇ ਰਹੇ ਸਨ ਤੇ ਤਰਲੇ ਕਰਦੇ ਰਹੇ ਸਨ ਕਿ ਉਹ ਉਨ੍ਹਾਂ ਦੀ ਮੁਖਾਲਫ਼ਤ ਨਾ ਕਰੇ। ਉਹ ਤਾਂ ਉਨ੍ਹਾਂ ਦੇ ਹੱਥੀਂ-ਬੱਧੇ ਗੁਲਾਮ ਸਨ। ਨਾ ਕਦੀ ਅੱਗੇ ਉਸ ਤੋਂ ਭੱਜੇ ਸਨ ਤੇ ਨਾ ਅਗਾਂਹ ਭੱਜਣਗੇ। ਉਨ੍ਹਾਂ ਨੇ ਆਪਣੇ ਬੰਦੇ ਇਲਾਕੇ ਦੇ ਸਰਕਾਰੀ ਐਮ.ਐਲ.ਏ. ਵੱਲ ਵੀ ਭੇਜੇ ਸਨ। ਥਾਣੇਦਾਰ ਨੂੰ ਵੀ ਉਨ੍ਹਾਂ ਪਹੁੰਚ ਕੀਤੀ ਸੀ, ਪਰ ਸਰਪੰਚ 'ਆਪਣੇ ਬੰਦਿਆਂ' ਨੂੰ ਛੱਡ ਕੇ ਰਾਤੀਂ ਦੂਜੀ ਧਿਰ ਵੱਲੋਂ ਥਾਣੇਦਾਰ ਵੱਲ ਕਿਉਂ ਗਿਆ ਸੀ?

ਉਸ ਸੋਚਿਆ, "ਇਹ ਤਾਂ ਮੇਰੇ ਵਰਗੇ ਕਮਲੇ ਤੇ ਨਲਾਇਕ ਬੰਦਿਆਂ ਦਾ ਕੰਮ ਸੀ ਕਿ ਲੋਕਾਂ ਦੇ ਕੰਮਾਂ ਵਿਚ ਟੰਗਾਂ ਅੜਾਉਂਦੇ ਫਿਰਨ। ਉਸ ਨੂੰ ਲੱਗਾ, ਉਸ ਕੁੜੀ ਦੇ ਵਿਚਾਰ ਆਮ ਲੋਕਾਂ ਦੇ ਵਿਚਾਰ ਸਨ ਤੇ ਪਿੰਡ ਦੇ ਚੌਧਰੀ ਵੀ ਉਸ ਨੂੰ ਅੰਦਰੋਂ ਕਿਹੜਾ ਚੰਗਾ ਸਮਝਦੇ ਸਨ। ਲੋਕਾਂ ਲਈ ਲੜਦਾ ਮਰਦਾ ਸੀ ਤਾਂ ਉਹ ਨਲਾਇਕ ਤੇ ਨਿਕੰਮਾ ਸੀ, ਪਰ ਜਦੋਂ ਆਰਾਮ ਨਾਲ ਵਧੀਆ ਨੌਕਰੀ 'ਤੇ ਲੱਗ ਗਿਆ ਸੀ ਤਾਂ ਸਾਰੇ ਲੋਕ ਕਹਿੰਦੇ, "ਪਹਿਲੇ ਕੰਮ ਛੱਡ'ਤੇ ਜੀ।" ਉਹ ਉਸ ਵੱਲ ਇੰਜ ਵੇਖਦੇ, ਜਿਵੇਂ ਉਹ ਪਹਿਲਾਂ ਡਾਕੇ ਮਾਰਦਾ ਹੁੰਦਾ ਸੀ ਜਾਂ ਦਸ-ਨੰਬਰੀਆ ਬਦਮਾਸ਼ ਸੀ।

*(ਬਾਕੀ ਅਗਲੇ ਸਫੇ 'ਤੇ)*

# ਪਤੇ ਦੀ ਗੱਲ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਹੁਣ ਤੱਕ ਬੜੀਆਂ ਗੱਲਾਂ ਕੀਤੀਆਂ ਹਨ ਪਰ ਇਨ੍ਹਾਂ ਵਿਚ ਪਤੇ ਦੀ ਗੱਲ ਕੋਈ ਨਹੀਂ ਸੀ। ਸੋਚਿਆ ਕਿਉਂ ਨਾ ਪਤੇ ਦੇ ਗੱਲ ਹੀ ਕੀਤੀ ਜਾਵੇ। 'ਸਿਰੇ ਦੀ ਗੱਲ' ਵਾਂਗ 'ਪਤੇ ਦੀ ਗੱਲ' ਵੀ ਇਕ ਮੁਹਾਵਰਾ ਹੈ ਜਿਸ ਦਾ ਮਤਲਬ ਕਿਸੇ ਵਰਤਾਰੇ ਬਾਰੇ ਅੰਦਰਲੀ ਗੁੱਝੀ ਗੱਲ ਨੂੰ ਜੱਗ ਜ਼ਾਹਿਰ ਕਰਨ ਤੋਂ ਹੈ। ਮਲੂਮ ਹੋਣ ਜਾਂ ਗਿਆਨ ਹੋਣ ਦੇ ਅਰਥਾਂ ਵਿਚ ਪਤਾ ਸ਼ਬਦ ਪੰਜਾਬੀ ਵਿਚ ਬਹੁਤ ਵਰਤਿਆ ਜਾਂਦਾ ਹੈ। ਜਿਵੇਂ ਕਿਸੇ ਗੁੰਮ ਵਿਅਕਤੀ ਜਾਂ ਵਸਤ ਦਾ ਪਤਾ ਲਾਉਣਾ, ਕਿਸੇ ਬੀਮਾਰ ਦਾ ਹਾਲ ਪਤਾ ਕਰਨਾ। ਇਸ ਸ਼ਬਦ ਵਿਚ ਖੋਜ ਦੇ ਭਾਵ ਵੀ ਆ ਜਾਂਦੇ ਹਨ, ਮਸਲਨ 'ਹੁਣ ਤੱਕ 118 ਤੱਤਾਂ ਦਾ ਪਤਾ ਲਾਇਆ ਗਿਆ ਹੈ।' ਪਤਾ ਸ਼ਬਦ ਅੱਗੇ ਵੱਖੋ ਵੱਖਰੀਆਂ ਕਿਰਿਆਵਾਂ ਲਾ ਕੇ ਥੋੜ੍ਹੇ ਬਹੁਤੇ ਅਰਥਾਂ ਦਾ ਫਰਕ ਪੈ ਜਾਂਦਾ ਹੈ ਜਿਵੇਂ ਪਤਾ ਹੋਣਾ, ਪਤਾ ਕਰਨਾ, ਪਤਾ ਲਾਉਣਾ, ਪਤਾ ਦੇਣਾ, ਪਤਾ ਲੈਣਾ, ਪਤਾ ਪੁੱਛਣਾ, ਪਤਾ ਚੱਲਣਾ ਆਦਿ ਸਭ ਵਿਚ ਭਿੰਨ ਅਰਥ-ਪਰਛਾਈਆਂ ਹਨ। ਸਭਨਾਂ ਵਿਚ ਗਿਆਨ-ਧਿਆਨ ਦਾ ਸਾਂਝਾ ਭਾਵ ਹੈ ਪਰ "ਦਿੰਨਾਂ ਤੈਨੂੰ ਪਤਾ!" ਜਾਂ "ਤੈਨੂੰ ਪਤਾ ਮੇਰਾ?" ਜਿਹੀ ਧਮਕੀ ਵਿਚ ਇਹ ਗਿਆਨ-ਧਿਆਨ ਕਿਵੇਂ ਪ੍ਰਗਟ ਹੁੰਦਾ ਹੈ? ਅਸਲ 'ਚ ਇਸ ਧਮਕੀ ਰਾਹੀਂ ਆਪਣੇ ਸਖਤ ਅਤੇ ਗਲਤ ਕੰਮ ਨਾ ਬਰਦਾਸ਼ਤ ਕਰਨ ਦੇ ਸੁਭਾਅ ਬਾਰੇ ਗਿਆਨ ਦਿੱਤਾ ਗਿਆ ਹੈ।

ਪਤਾ ਦਾ ਇਕ ਆਮ ਅਰਥ ਹੈ, ਚਿੱਠੀ ਆਦਿ 'ਤੇ ਲਿਖਿਆ ਸਿਰਨਾਵਾਂ। ਕੁਝ ਉਲਟੇ ਸਿਧੇ ਹੋਰ ਸ਼ਬਦ ਇਸ ਦੇ ਅੱਗੇ ਪਿਛੇ ਜੋੜ ਕੇ ਇਸ ਸ਼ਬਦ ਦਾ ਖੂਬ ਅਰਥ ਵਿਸਤਾਰ ਕਰ ਲਿਆ ਜਾਂਦਾ ਹੈ ਜਿਵੇਂ ਥਹੁ ਪਤਾ, ਪਤਾ ਠਿਕਾਣਾ, ਨਾਂ ਪਤਾ, ਥਾਂ ਪਤਾ, ਪਤਾ-ਸਤਾ, ਅਤਾ-ਪਤਾ, ਪਤਾ-ਪੁਤਾ, ਬਹੁਤ ਪਤਾ ਆਦਿ। ਜਿਸ ਦੇ ਟਿਕਾਣੇ ਦਾ ਪਤਾ ਨਾ ਹੋਵੇ, ਜੋ ਗੁੰਮਸ਼ੁਦਾ ਹੋਵੇ, ਉਸ ਲਈ ਲਾਪਤਾ ਸ਼ਬਦ ਚੱਲਦਾ ਹੈ, 'ਗੀਤ ਹੈ ਏਕ ਥਾ ਟਾਈਗਰ ਲਾਪਤਾ'। 'ਲਾ' ਅਰਬੀ ਅਗੇਤਰ ਹੈ ਪਰ ਇਥੇ ਪੰਜਾਬੀ ਤੇ ਕੁਝ ਹੋਰ ਭਾਸ਼ਾਵਾਂ ਦੇ ਸ਼ਬਦ ਪਤਾ ਦੇ ਅੱਗੇ ਲੱਗਾ ਹੋਇਆ ਹੈ। ਪਤਾ ਦਾ ਇਕ ਰੂਪ ਹੈ 'ਪਤੈ' ਜਿਸ ਦਾ ਮਤਲਬ ਹੁੰਦਾ ਹੈ, ਪਤਾ ਹੈ, "ਤੈਨੂੰ ਪਤੈ, ਚੰਗੀ ਤਰ੍ਹਾਂ ਜਾਣਦਾ ਹਾਂ ਤੈਨੂੰ।"

ਪਤਾ ਬਾਰੇ ਏਨਾ ਕੁ ਪਤਾ ਲੈ ਲੈਣ ਪਿਛੋਂ ਆਓ ਜ਼ਰਾ ਇਸ ਦੀ ਵਿਉਤਪਤੀ ਦਾ ਅਤਾ-ਪਤਾ ਲਈਏ। ਪਲੈਟਸ ਨੇ ਆਪਣੀ ਪ੍ਰਸਿਧ 'ਉਰਦੂ, ਹਿੰਦੀ ਅਤੇ ਅੰਗਰੇਜ਼ੀ ਡਿਕਸ਼ਨਰੀ' ਵਿਚ ਇਹ ਸ਼ਬਦ 'ਪਤਰਕ' ਤੋਂ ਵਿਉਤਪਤ ਹੋਇਆ ਦੱਸਿਆ ਹੈ ਜਿਸ ਦਾ ਮੂਲ 'ਪੱਤਾ' ਦੇ ਅਰਥਾਂ ਵਾਲਾ ਸੰਸਕ੍ਰਿਤ ਪੱਤਰਕ ਸ਼ਬਦ ਹੈ। ਚਿੱਠੀ ਦਾ ਸਮਾਨਾਰਥਕ ਪੱਤਰ ਸ਼ਬਦ ਦਾ ਸਬੰਧ ਵੀ ਪੱਤੇ ਦੇ ਅਰਥ ਵਾਲੇ ਇਸ ਪੱਤਰ ਨਾਲ ਹੈ। ਪੁਰਾਣੇ ਜ਼ਮਾਨੇ ਵਿਚ ਸਭ ਕੁਝ ਪੱਤਿਆਂ ਉਤੇ ਹੀ ਲਿਖਿਆ ਜਾਂਦਾ ਸੀ, ਬਾਅਦ ਵਿਚ ਕਾਗਜ਼ ਦੀ ਵਰਤੋਂ ਹੋਣ ਨਾਲ ਕਾਗਜ਼ ਦੇ ਪੁਰਜ਼ੇ ਲਈ ਤੇ ਫਿਰ ਚਿੱਠੀ ਲਈ ਵੀ ਪੱਤਰ ਸ਼ਬਦ ਪ੍ਰਚਲਿਤ ਹੋਇਆ।

ਪਲੈਟਸ ਅਨੁਸਾਰ ਪਤਾ ਸ਼ਬਦ ਦੇ ਅਰਥ ਹਨ- ਚਿੰਨ੍ਹ, ਨਿਸ਼ਾਨੀ, ਸੰਕੇਤ, ਸੁਰਾਗ, ਦਿਸ਼ਾ ਤੇ ਅਖੀਰ ਵਿਚ ਸਿਰਨਾਵਾਂ ਮਤਲਬ ਐਡਰੈਸ।



ਇਹ ਸਾਰੇ ਅਰਥ ਪੱਤਾ ਤੋਂ ਕਿਵੇਂ ਵਿਕਸਿਤ ਹੋਏ, ਕੁਝ ਥਹੁ-ਪਤਾ ਨਹੀਂ ਲਗਦਾ। ਗੌਰਤਲਬ ਹੈ ਕਿ ਸੰਸਕ੍ਰਿਤ ਵਿਚ ਪਤਾ ਸ਼ਬਦ ਨਹੀਂ ਹੈ। ਸੰਸਕ੍ਰਿਤ ਤੋਂ ਪੰਜਾਬੀ ਵਿਚ ਆਇਆ ਪੱਤਰ ਸ਼ਬਦ 'ਪਤ' ਧਾਤੂ ਤੋਂ ਬਣਿਆ ਹੈ ਜਿਸ ਵਿਚ ਡਿਗਣ ਦੇ ਭਾਵ ਹਨ। ਇਸ ਤੋਂ ਪਤਨ ਆਦਿ ਸ਼ਬਦ ਬਣੇ ਹਨ। ਪਰ ਇਸ ਭਾਵ ਦਾ ਵੀ ਪਤਾ ਸ਼ਬਦ ਨਾਲ ਕੋਈ ਮੇਲ ਨਹੀਂ ਜਾਪਦਾ। ਕੁਝ ਕੋਸ਼ਾਂ ਵਿਚ ਇਸ ਸ਼ਬਦ ਨੂੰ ਸੰਸਕ੍ਰਿਤ 'ਪ੍ਰਤਯਯ' ਤੋਂ ਵਿਕਸਿਤ ਹੋਇਆ ਦੱਸਿਆ ਗਿਆ ਹੈ। ਇਨ੍ਹਾਂ ਵਿਚ ਮਹਾਨ ਕੋਸ਼, ਕਿਰਪਾ ਕੁਲਕਰਣੀ ਦਾ ਮਰਾਠੀ ਨਿਰੁਕਤ ਕੋਸ਼ ਅਤੇ ਹਿੰਦੀ ਸ਼ਬਦ ਸਾਗਰ ਸ਼ਾਮਿਲ ਹਨ। ਅਜਿਤ ਵਡਨੇਰਕਰ ਨੇ ਵੀ ਇਸ ਦੀ ਹਾਮੀ ਭਰੀ ਹੈ।

ਸੰਸਕ੍ਰਿਤ ਪ੍ਰਤਯਯ ਦਾ ਮੁਖ ਜਾਣਿਆ ਜਾਂਦਾ ਅਰਥ ਤਾਂ ਕਿਸੇ ਸ਼ਬਦ ਦੇ ਪਿਛੇ ਲੱਗਣ ਵਾਲਾ ਪਿਛੇਤਰ ਹੀ ਹੈ ਪਰ ਮੋਨੀਅਰ ਵਿਲੀਅਮਜ਼ ਅਤੇ ਆਪਟੇ ਦੇ ਸੰਸਕ੍ਰਿਤ ਕੋਸ਼ਾਂ ਅਨੁਸਾਰ ਇਸ ਦੇ ਕਈ ਹੋਰ ਘਟ ਜਾਣੇ ਜਾਂਦੇ ਅਰਥ ਵੀ ਹਨ ਜਿਵੇਂ ਨਿਸਚਾ, ਨਿਹਚਾ, ਯਕੀਨ, ਭਰੋਸਾ, ਵਿਸ਼ਵਾਸ, ਨਿਸਚਿਤਤਾ; ਇਤਬਾਰ, ਸਾਖ, ਜੱਸ; ਸਿਧੀ, ਸਬੂਤ, ਸਥਾਪਨਾ, ਉਹ ਘਰ ਜਿਥੇ ਪਵਿਤਰ ਅਗਨੀ ਬਲਦੀ ਹੋਵੇ, ਆਦਿ।

ਦਿਲਚਸਪ ਗੱਲ ਹੈ ਕਿ ਪਤਾ ਸ਼ਬਦ ਦੀ ਵਿਉਤਪਤੀ ਤਾਂ ਪ੍ਰਤਯਯ ਸ਼ਬਦ ਤੋਂ ਦੱਸੀ ਗਈ ਹੈ ਪਰ ਖੁਦ ਪ੍ਰਤਯਯ ਸ਼ਬਦ ਦਾ ਕੀ ਸੰਧੀ ਛੇਦ ਹੈ ਤੇ ਇਸ ਦੇ ਵਿਭਿੰਨ ਅਰਥਾਂ ਦਾ ਆਪਸ ਵਿਚ ਜੋੜ ਕਿਵੇਂ ਬੈਠਦਾ ਹੈ, ਇਸ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਗ.ਸ. ਰਿਆਲ ਨੇ ਆਪਣੇ ਪੰਜਾਬੀ ਨਿਰੁਕਤ ਕੋਸ਼ ਵਿਚ ਪਤਾ ਸ਼ਬਦ ਹੀ ਨਹੀਂ ਲਿਆ। ਟਰਨਰ ਨੇ ਪ੍ਰਤਯਯ ਸ਼ਬਦ ਲਿਆ ਹੈ ਪਰ ਇਸ ਤੋਂ ਪਤਾ ਸ਼ਬਦ ਦੇ ਨਿਕਲਦੇ ਹੋਣ ਦੀ ਗੱਲ ਨਹੀਂ ਕੀਤੀ ਤੇ ਨਾ ਹੀ ਇਸ ਦਾ ਕੋਈ ਵਖਰਾ ਇੰਦਰਾਜ ਹੈ।

ਟਰਨਰ ਦੇ ਕੋਸ਼ ਵਿਚ 'ਪ੍ਰਤਯਯ' ਸ਼ਬਦ ਦੇ ਇੰਦਰਾਜ ਵਿਚ ਇਸ ਦਾ ਪਾਲੀ ਤੇ ਪ੍ਰਾਕ੍ਰਿਤ ਰੂਪ 'ਪਚਯ' ਦੱਸਿਆ ਗਿਆ ਹੈ ਜਿਸ ਦਾ ਅਰਥ ਵਿਸ਼ਵਾਸ, ਯਕੀਨ, ਤਸੱਲੀ ਹੈ। ਕੋਸ਼ ਵਿਚ ਪਾਲੀ ਤੇ ਪ੍ਰਾਕ੍ਰਿਤ ਵਿਚ ਇਸ ਦੇ ਕੁਝ ਹੋਰ ਰੂਪਾਂ ਦਾ ਲਗਭਗ ਇਨ੍ਹਾਂ ਹੀ ਮਾਅਨਿਆਂ ਵਿਚ ਅਰਥ ਕਰਦੇ ਹੋਏ ਕੁਝ ਇਕ ਭਾਰਤੀ ਭਾਸ਼ਾਵਾਂ ਵਿਚ ਇਸ ਸ਼ਬਦ ਤੋਂ ਵਿਕਸਿਤ ਹੋਰ ਸੁਜਾਤੀ ਸ਼ਬਦਾਂ ਦਾ ਜ਼ਿਕਰ ਕੀਤਾ ਗਿਆ ਹੈ ਤੇ ਇਸ ਪ੍ਰਸੰਗ ਵਿਚ ਪੰਜਾਬੀ ਦੇ ਤਿੰਨ ਸ਼ਬਦ ਗਿਣਾਏ ਗਏ ਹਨ: ਪਤੀਜਣਾ, ਪਤਿਆਉਣਾ ਅਤੇ ਪਤਿਆਰਾ। ਤਿੰਨਾਂ ਸ਼ਬਦਾਂ ਵਿਚ ਹੀ ਭਰੋਸਾ, ਵਿਸ਼ਵਾਸ, ਕਿਸੇ ਨੂੰ ਮਨਾਉਣ, ਰਾਜ਼ੀ ਕਰਨ ਦੇ ਭਾਵ ਹਨ।

ਗੁਰੂ ਗ੍ਰੰਥ ਸਾਹਿਬ ਵਿਚੋਂ ਕੁਝ ਟੂਕਾਂ ਲੈਂਦੇ ਹਾਂ, "ਅਜੌ ਨ ਪਤਯਯਾਇ ਨਿਗਮ ਭਏ ਸਾਖੀ॥" (ਭਗਤ ਰਵਿਦਾਸ)। ਸਾਹਿਬ ਸਿੰਘ ਅਨੁਸਾਰ ਇਸ ਦਾ ਅਰਥ ਇਸ ਤਰ੍ਹਾਂ ਹੈ, "ਇਹ ਵੇਖ ਕੇ ਭੀ (ਕਿ ਵਿਕਾਰਾਂ ਦਾ ਸਿੱਟਾ ਹੈ ਦੁੱਖ) ਮੇਰਾ ਮਨ ਮੰਨਿਆ ਨਹੀਂ, ਵੇਦਾਂਦਿਕ ਧਰਮ-ਗ੍ਰੰਥ ਭੀ (ਸਾਖੀਆਂ ਰਾਹੀਂ) ਇਹੀ ਗਵਾਹੀ ਦੇ ਰਹੇ ਹਨ।" "ਕਹਨ ਕਹਾਵਨ ਨਹ ਪਤੀਅਈ ਹੈ॥" (ਭਗਤ ਕਬੀਰ) ਅਰਥਾਤ ਗੱਲਾਂ ਨਾਲ ਹੀ ਮਨ ਨੂੰ ਰਾਜ਼ੀ ਨਹੀਂ ਕੀਤਾ ਜਾ ਸਕਦਾ। "ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ॥" (ਗੁਰੂ ਨਾਨਕ ਦੇਵ)। (ਇਥੋਂ ਆਪਣੇ ਨਾਲ) ਪਰਮਾਤਮਾ ਦੀ ਸਿਫ਼ਤ-ਸਾਲਾਹ ਦਾ ਸੌਦਾ ਲੈ ਕੇ ਤੁਰੋ, ਖਸਮ-ਪ੍ਰਭੂ ਖ਼ੁਸ਼ ਹੋ ਕੇ ਵੇਖੇਗਾ। "ਭਗਤਿ ਰਤੇ ਪਤੀਆਰਾ॥" (ਗੁਰੂ ਨਾਨਕ ਦੇਵ) ਅਰਥਾਤ ਭਗਤੀ ਵਿਚ ਰੰਗੇ ਰਾਜ਼ੀ ਰਹਿੰਦੇ ਹਨ।

ਇਨ੍ਹਾਂ ਹੀ ਸ਼ਬਦਾਂ ਦੇ ਹੋਰ ਭਾਰਤੀ ਭਾਸ਼ਾਵਾਂ ਵਿਚ ਸੁਜਾਤੀ ਸ਼ਬਦ ਵੀ ਲਭਦੇ ਹਨ ਜਿਨ੍ਹਾਂ ਦੇ ਅਰਥਾਂ ਵਿਚ ਵਿਸ਼ਵਾਸ, ਭਰੋਸਾ ਆਦਿ ਦੇ ਅਰਥਾਂ ਦੀ ਸਾਂਝ ਹੈ। ਪਰ ਇਸ ਇੰਦਰਾਜ ਵਿਚ 'ਪਤਾ' ਸ਼ਬਦ ਨਹੀਂ ਮਿਲਦਾ। ਇਸ ਸਬੰਧ ਵਿਚ ਵਿਭਿੰਨ ਅਰਥਾਂ ਨੂੰ ਤਾਰਕਿਕ ਲੜੀ ਵਿਚ ਪਰੋਣ ਦੀ ਕੋਸ਼ਿਸ਼ ਵਿਚ ਪਹਿਲਾਂ ਪ੍ਰਤਯਯ ਸ਼ਬਦ ਦੀ ਚੀਰ-ਫਾੜ ਕਰਦੇ ਹਾਂ। ਇਹ ਸ਼ਬਦ ਬਣਿਆ ਹੈ, ਪ੍ਰਤਯ+ਈ ਤੋਂ। 'ਪ੍ਰਤਯ' ਅਗੇਤਰ ਹੈ ਤੇ ਇਹ 'ਪ੍ਰਤਿ' ਨਾਲ ਹੀ ਸਬੰਧਤ ਹੈ। ਇਸ ਪਿਛੇਤਰ ਵਿਚ ਟਾਕਰੇ ਦਾ, ਸਾਹਮਣਲਾ, ਵਿਪਰੀਤ, ਵਿਰੋਧੀ, ਉਲਟਾ, ਵੱਲ ਨੂੰ, ਨੇੜਲਾ, ਨਾਲ ਦਾ ਆਦਿ ਦੇ ਭਾਵ ਹਨ। ਜੋ ਚੀਜ਼ ਦੂਜੇ ਦੇ ਨਾਲ ਦੀ ਹੈ, ਉਹੀ ਇਸ ਦੇ ਨੇੜਲੀ ਹੈ, ਗੁਆਂਢੀ ਹੈ, ਅਥਵਾ ਵੱਲ ਨੂੰ ਹੈ। ਨੇੜਲੀ ਚੀਜ਼ ਦੂਜੇ ਦੇ ਬਿਲਕੁਲ ਸਾਹਮਣੇ ਵੀ ਹੋ ਸਕਦੀ ਹੈ, ਇਸ ਲਈ ਸਾਹਮਣਲੀ ਕਹਿ ਸਕਦੇ ਹਾਂ। ਇਉਂ ਵੀ ਕਹਿ ਸਕਦੇ ਹਾਂ ਕਿ ਨਾਲ ਦੀ ਚੀਜ਼ ਹੀ ਮੁਕਾਬਲੇ ਦੀ ਹੈ ਤੇ ਫਿਰ ਉਲਟੀ ਜਾਂ ਵਿਪਰੀਤ ਹੈ ਕਿਉਂਕਿ ਉਹ ਦੂਜੀ ਦਿਸ਼ਾ ਵਿਚ ਹੈ। ਪ੍ਰਤਿ ਸ਼ਬਦ ਦਾ ਅਰਥ ਨਕਲ, ਕਾਪੀ ਵੀ ਹੁੰਦਾ ਹੈ, ਖਾਸ ਤੌਰ 'ਤੇ ਕਿਸੇ ਲਿਖਤ ਜਾਂ ਚਿੱਠੀ ਦੀ। ਪ੍ਰਤਿਮਾ ਮੂਰਤੀ ਹੁੰਦੀ ਹੈ ਜੋ ਇਸ਼ਟ ਦੀ ਨਕਲ ਹੀ ਹੈ। ਪ੍ਰਤਯਯ ਸ਼ਬਦ ਦਾ ਅਗੇਤਰ ਹੈ 'ਇ' ਜਿਸ ਵਿਚ ਆਉਣ, ਪਹੁੰਚਣ ਦੇ ਭਾਵ ਹਨ। ਆਉਣ ਤੇ ਜਾਣ ਸ਼ਬਦ ਵੀ ਇਸੇ ਤੋਂ ਬਣੇ ਹਨ। ਸੋ ਪ੍ਰਤਯਯ ਦਾ ਸ਼ਾਬਦਿਕ ਅਰਥ ਬਣਿਆ ਜੋ 'ਨਾਲ ਆਉਂਦਾ ਹੈ' ਜਾਂ 'ਅੱਗੇ (ਸਾਹਮਣੇ) ਆਉਂਦਾ ਹੈ'। ਇਸ ਤੋਂ ਇਸ ਸ਼ਬਦ ਦੇ ਪਿਛੇਤਰ ਵਾਲੇ ਅਰਥ ਸਮਝ ਆਉਂਦੇ ਹਨ। ਕਿਸੇ ਦੂਜੇ ਵਿਚ ਭਰੋਸੇ, ਵਿਸ਼ਵਾਸ, ਨਿਸਚੇ, ਇਤਬਾਰ ਆਦਿ ਹੋਣ ਦਾ ਭਾਵ ਹੈ ਮਾਨਸਿਕ ਤੌਰ 'ਤੇ ਉਸ ਨਾਲ ਲੱਗੇ ਹੋਣਾ, ਇਕਮਿੱਕ ਹੋਣਾ। ਸਪਸ਼ਟ ਹੈ, ਜਿਸ ਵਿਅਕਤੀ ਵਿਚ ਵਿਸ਼ਵਾਸ, ਭਰੋਸਾ, ਨਿਹਚਾ ਜਾਂ ਇਤਬਾਰ ਹੈ, ਉਸ ਬਾਰੇ ਪੂਰਾ ਜਾਣਿਆ ਗਿਆ ਹੈ, ਇਕ ਤਰ੍ਹਾਂ ਨਾਲ ਉਸ ਬਾਰੇ ਪੂਰਾ ਪਤਾ ਹੈ।

ਮੇਰੀ ਜਾਚੇ ਪਤਾ ਸ਼ਬਦ ਦੇ ਅਰਥਾਂ ਤੱਕ ਇਸੇ ਤਰ੍ਹਾਂ ਪਹੁੰਚਿਆ ਗਿਆ ਹੈ। ਪ੍ਰਤਯਯ ਸ਼ਬਦ ਵਿਚੋਂ ਮੁਖ ਤੌਰ 'ਤੇ 'ਰ' ਧੁਨੀ ਦੇ ਅਲੋਪ ਹੋਣ ਨਾਲ ਪਤਾ ਸ਼ਬਦ ਬਣਿਆ। 'ਸ਼ਬਦ ਸਾਗਰ' ਨੇ ਇਸ ਵਿਕਾਸ ਨੂੰ ਇਸ ਪ੍ਰਕਾਰ ਦਰਸਾਇਆ ਹੈ: ਪ੍ਰਤਯਾਯਕ>ਪੱਤਾਅ>ਪਤਾ। ਇਸ ਵਿਕਾਸ ਵਿਚ 'ਪੱਤਾਅ' ਇਸ ਦਾ ਪ੍ਰਾਕ੍ਰਿਤਕ ਅਤੇ ਪਾਲੀ ਰੂਪ ਹੈ। ਇਸ ਸ਼ਬਦ ਦੇ 'ਪਤੀਆ' ਰੂਪ ਵਿਚ ਇਹ ਅਜ਼ਮਾਇਸ਼, ਇਮਤਿਹਾਨ ਦੇ ਅਰਥ ਵੀ ਦਿੰਦਾ ਹੈ "ਤੀਨਿ ਬਾਰ ਪਤੀਆ ਭਰਿ ਲੀਨਾ॥" (ਭਗਤ ਕਬੀਰ), (ਕਾਜ਼ੀ ਨੇ ਹਾਥੀ ਨੂੰ ਮੇਰੇ ਉਪਰ ਚਾੜ੍ਹ ਕੇ) ਤਿੰਨ ਵਾਰੀ ਇਮਤਿਹਾਨ ਲਿਆ। ਇਥੇ ਆ ਕੇ ਅਸੀਂ ਪਰਤਾਵਾ ਸ਼ਬਦ ਲੈਂਦੇ ਹਾਂ। ਪਰਤਾਵਾ ਅਤੇ ਪਤਿਆਰਾ ਸ਼ਬਦਾਂ ਦਾ ਅਰਥ ਵੀ ਇਮਤਿਹਾਨ, ਅਜ਼ਮਾਇਸ਼ ਹੁੰਦਾ ਹੈ ਤੇ ਪਤੀਆ ਨਾਲੋਂ ਫਰਕ ਕੇਵਲ ਇੰਨਾ ਹੈ ਕਿ ਇਥੇ 'ਰ' ਧੁਨੀ ਅਲੋਪ ਨਹੀਂ ਹੋਈ, "ਕਿਮ ਪਰਤਾਵਾ ਲਿਹੁੰਮਨ ਧਾਰੀ"; "ਅਬ ਪਤੀਆਰੁ ਕਿਆ ਕੀਜੈ" (ਭਗਤ ਰਵਿਦਾਸ)। ਪਰਤਾਉਣਾ ਦਾ ਅਸਲੀ ਭਾਵ ਹੈ, ਕਿਸੇ ਦੇ ਯਕੀਨ, ਭਰੋਸੇ ਦੀ ਅਜ਼ਮਾਇਸ਼ ਕਰਨਾ। ਪ੍ਰਤੀਤ ਜਾਂ ਪ੍ਰਤੀਤੀ ਸ਼ਬਦ ਵੀ ਇਥੇ ਸਬੰਧਤ ਹਨ। ਧਿਆਨ ਦਿਓ ਕਿ ਪ੍ਰਤੀਤ ਕਰਨਾ ਦਾ ਅਰਥ ਮਲੂਮ ਕਰਨਾ, ਪਤਾ ਕਰਨਾ, ਜਾਨਣਾ ਹੈ। ਇਸ ਤੋਂ ਬਣੇ ਨਾਂਵ 'ਪ੍ਰਤੀਤੀ' ਦਾ ਅਰਥ ਗਿਆਨ, ਜਾਣਕਾਰੀ, ਅਹਿਸਾਸ ਵੀ ਹੈ ਤੇ ਯਕੀਨ, ਭਰੋਸਾ, ਨਿਹਚਾ ਵੀ, "ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥" (ਗੁਰੂ ਅਰਜਨ ਦੇਵ)। ਕਹਿਣਾ ਹੋਵੇਗਾ ਕਿ ਯਕੀਨ ਅਤੇ ਗਿਆਨ ਦੇ ਭਾਵ ਇਕੱਠੇ ਚੱਲ ਰਹੇ ਹਨ। ਗੁਰੂ ਰਾਮਦਾਸ ਦੀ ਹੇਠ ਲਿਖੀ ਤੁਕ ਤੋਂ ਇਹ 'ਪਤੇ ਦੀ ਗੱਲ' ਹੋਰ ਵੀ ਸਪਸ਼ਟ ਹੋ ਜਾਂਦੀ ਹੈ,

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ
ਥਾਇ ਪਵੈ ਸੋ ਪਾਵੈ ਦਰਗਹ ਮਾਨੁ॥
ਜੋ ਬਿਨੁ ਪਰਤੀਤੀ ਕਪਟੀ
ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥

# ਦਲਦਲ

*(ਪਿਛਲੇ ਸਫੇ ਦੀ ਬਾਕੀ)*

"ਤੇ ਫੇਰ ਵੇਖੋ ਜੀ, ਜਿਨ੍ਹਾਂ ਦੀ ਇਹ ਮਦਦ ਕਰਦਾ ਜੇ, ਉਹ ਆਪ ਡਰਦੇ ਰਾਤੀਂ ਘਰੋਂ ਈ ਭੱਜੇ ਰਹੇ ਜੇ। ਹੁਣ ਤੁਹਾਡੇ ਅੱਗੇ ਅੱਗੇ ਈ ਹੋ ਕੇ ਗਏ ਜੇ।" ਸਰਪੰਚ ਦਾ ਪਿਉ ਉਸ ਵੱਲ ਮੂੰਹ ਕਰ ਕੇ ਕਹਿਣ ਲੱਗਾ, "ਤੇ ਸਾਡੇ ਸਰਦਾਰ ਹੁਰੀਂ ਰਾਤ ਦੇ ਭੱਜੇ ਫਿਰਦੇ ਜੇ। ਅਖੇ, ਮੁਦੱਈ ਸੁਸਤ ਗਵਾਹ ਚੁਸਤ।" ਉਸ ਨੇ ਰੋਟੀ ਖਾ ਰਹੇ ਸਰਪੰਚ ਵੱਲ ਇਸ਼ਾਰਾ ਕੀਤਾ। ਸਰਪੰਚ ਵੀ ਹੱਸ ਪਿਆ ਤੇ ਉਹ ਵੀ, ਤੇ ਫਿਰ ਅਚਾਨਕ ਹੱਸਦਿਆਂ ਹੱਸਦਿਆਂ ਚੁੱਪ ਕਰ ਕੇ ਉਹ ਆਪ ਆਪਣੇ ਹਾਸੇ ਦਾ ਵਿਸ਼ਲੇਸ਼ਣ ਕਰਨ ਲੱਗਾ, ਉਸ ਦੇ ਹਾਸੇ ਵਿਚ ਸਰਪੰਚ ਦੇ ਪਿਉ ਦੀਆਂ ਗੱਲਾਂ ਨਾਲ ਉਸ ਦੀ ਜਿਵੇਂ ਅਚੇਤ ਸਹਿਮਤੀ ਸੀ।

"ਕਾਕਾ! ਆਹ ਧੁੱਪੇ ਨ੍ਹੀਂ ਚਿੱਟੇ ਹੋ ਗਏ?" ਬਜ਼ੁਰਗ ਨੇ ਚਿੱਟੀ ਦਾੜ੍ਹੀ ਨੂੰ ਹੱਥ ਲਾਇਆ, "ਐਹਨਾਂ ਅੱਖਾਂ ਨੇ ਜਹਾਨ ਵੇਖਿਐ...ਲੱਖਾਂ ਉਤਰਾਅ-ਚੜ੍ਹਾਅ ਵੇਖੇ ਨੇ। ਬੰਦੇ ਨੂੰ ਤਰੀਕੇ ਨਾਲ ਚੱਲਣਾ ਚਾਹੀਦੈ। ਤੈਨੂੰ ਲੜਦੈ ਜਵਾਨੀ ਦਾ ਖ਼ੂਨ! ਹੋਰ ਕੁਝ ਨ੍ਹੀਂ, ਤੇ ਉਬਲਦੇ ਖ਼ੂਨ ਨਾਲ ਨ੍ਹੀਂ ਕਦੀ ਸਿਆਸਤਾਂ ਚੱਲੀਆਂ, ਇਹ ਠੰਢੇ-ਧੀਰੇ ਹੋਇਆਂ ਸੋਚ ਸਮਝ ਕੇ ਹੀ ਚੱਲਦੀਆਂ ਨੇ।" ਬਜ਼ੁਰਗ ਦਾ ਉਮਰ ਦਾ ਤਜਰਬਾ ਬੋਲ ਰਿਹਾ ਸੀ।

"ਜਿਨ੍ਹਾਂ ਨੇ ਵੋਟਾਂ ਲੈਣੀਆਂ ਹੋਣ, ਉਹ ਨ੍ਹੀਂ ਇਹੋ ਜਿਹੇ ਪੰਗੇ ਲੈਂਦੇ। ਇਹੋ ਜਿਹੇ ਪੰਗੇ ਤਾਂ ਜਿਵੇਂ ਆਹ ਸਰਦਾਰ ਹੁਰੀਂ ਲੈਂਦੇ ਰਹੇ ਨੇ, ਉਹੋ ਜਿਹੀਆਂ ਜਥੇਬੰਦੀਆਂ ਈ ਲੈ ਸਕਦੀਆਂ।" ਬਜ਼ੁਰਗ ਉਸ ਵੱਲ ਇਸ਼ਾਰਾ ਕਰ ਕੇ ਹੱਸਿਆ ਤੇ ਫਿਰ ਇਕਦਮ ਗੰਭੀਰ ਹੋ ਕੇ ਸਰਪੰਚ ਨੂੰ ਸਮਝਾਉਣ ਲੱਗਾ, "ਹੁਣ ਇਨ੍ਹਾਂ ਸਰਦਾਰ ਹੁਰਾਂ ਵੱਲ ਹੀ ਵੇਖ, ਇਨ੍ਹਾਂ ਨੇ ਨਵੇਂ ਲਹੂ ਦੇ ਉਬਾਲ ਵਿਚ ਕੋਈ ਇਕ ਕੰਮ ਕੀਤਾ? ਕਈਆਂ ਪਹਾੜਾਂ ਨਾਲ ਮੱਥੇ ਲਾਏ ਪਰ ਛਿੰਦਿਆ! 'ਕੱਲੇ-ਕਾਰੇ ਦੇ ਮੱਥੇ ਮਾਰਿਆਂ ਕਿਤੇ ਪਹਾੜ ਢਹਿੰਦੇ ਨੇ...ਮੈਂ ਤਾਂ ਆਖੂੰ ਇਨ੍ਹਾਂ ਹੁਣ ਸਿਆਣਪ ਵਰਤੀ ਆ ਜੋ ਸਭ ਕੁਝ ਛੱਡ ਗਏ ਨੇ ਤਾਂ...ਵੇਖ ਲੈ ਵਧੀਆ ਨੌਕਰੀ 'ਤੇ ਲੱਗ'ਗੇ ਆ। ਸੋਹਣੇ ਮਕਾਨ ਪਾ ਲੈ ਆ...ਘਰ ਦੀ ਵਾਹੀ ਚੱਲਦੀ ਆ। ਲੋਕਾਂ ਦੀ ਸ਼ਾਵਾਸ਼ੇ ਤੇ ਬੱਲੇ ਬੱਲੇ ਵਾਧੂ ਦੀ। ਇਹ ਹੁੰਦੀ ਆ ਸਿਆਣਪ।"

ਉਹ ਦੋਹਾਂ ਪਿਉ-ਪੁੱਤਰਾਂ ਵਿਚਕਾਰ ਸਰੋਤਾ ਬਣ ਕੇ ਬੈਠਾ ਸੀ। ਬਜ਼ੁਰਗ ਵੱਲੋਂ ਦਿੱਤੀ 'ਸਿਆਣਪ' ਦੀ ਪਰਿਭਾਸ਼ਾ ਦੇ ਹੱਕ ਜਾਂ ਵਿਰੋਧ ਵਿਚ ਬੋਲਣ ਦਾ ਉਸ ਦਾ ਮਨ ਹੀ ਨਹੀਂ ਸੀ ਰਹਿ ਰਿਹਾ। ਸਰਪੰਚ ਨੇ ਮੁਸਕਰਾ ਕੇ ਢਿੱਲਾ ਪੈਂਦਿਆਂ ਉਸ ਨੂੰ ਪੁੱਛਿਆ, "ਭਾਅ ਜੀ! ਫਿਰ ਕਿਵੇਂ ਕਰੀਏ?"

ਉਹ ਕੋਈ ਦੋ-ਟੁੱਕ ਰਾਇ ਦੇਣ ਦੀ ਸਥਿਤੀ ਵਿਚ ਨਹੀਂ ਸੀ ਰਹਿ ਗਿਆ। ਫਿੱਕਾ ਜਿਹਾ ਮੁਸਕਰਾਉਂਦਿਆਂ ਉਸ ਕਿਹਾ, "ਤੁਸੀਂ ਵੀ ਠੀਕ ਓ ਤੇ ਬਜ਼ੁਰਗਾਂ ਦੀ ਗੱਲ ਵੀ ਕੁਝ ਹੱਦ ਤੱਕ ਠੀਕ ਐ।"

ਬਜ਼ੁਰਗ ਨੇ ਕਾਹਲੀ ਨਾਲ ਵਿਚੋਂ ਹੀ ਉਸ ਦੀ ਗੱਲ ਟੋਕ ਦਿੱਤੀ: "ਇਹ ਠੀਕ ਨ੍ਹੀਂ ਜੀ, ਠੀਕ ਮੈਂ ਈ ਆਂ। ਉਂਜ ਵੀ ਉਨ੍ਹਾਂ ਮਿਲ ਲੈਣੈ, ਠਾਣੇਦਾਰ ਦਾ ਮੂੰਹ ਵੀ ਕਾਲਾ ਕਰ ਦੇਣੈ। ਅੱਜ ਜਾਂ ਭਲਕ ਕੋਈ ਮਾੜੀ ਮੋਟੀ ਇਨਕੁਆਰੀ ਹੋਊ ਤੇ ਹੋਣਾ-ਹਵਾਣਾ ਕੁਛ ਵੀ ਨ੍ਹੀਂ। ਬਹੁਤੀ ਗੱਲ ਤਾਂ ਤੂੰ ਕਿਸੇ ਪਾਸੇ ਵੀ ਨਾ ਤੁਰ...ਚੁੱਪ ਰਹਿ।"

ਸਰਪੰਚ ਨੇ ਰੋਟੀ ਖਾ ਕੇ ਥਾਲੀ ਮੇਜ਼ 'ਤੇ ਇਕ ਪਾਸੇ ਕਰ ਦਿੱਤੀ। ਦੋ-ਚਿੱਤੀ ਵਿਚ ਫਸਿਆ ਦਾੜ੍ਹੀ 'ਤੇ ਹੱਥ ਫੇਰਦਾ ਹੱਸਿਆ, "ਗੁੱਟ ਨਿਰਲੇਪ ਹੋ ਜਾਵਾਂ?"

ਏਨੇ ਚਿਰ ਵਿਚ ਨੌਕਰ ਚਾਹ ਦੇ ਤਿੰਨ ਪਿਆਲੇ ਬਣਵਾ ਲਿਆਇਆ। ਸਰਪੰਚ ਨੇ ਉਸ ਵੱਲ ਪਿਆਲਾ ਸਰਕਾਉਂਦਿਆਂ ਪੁੱਛਿਆ, "ਸੱਚ ਤੁਸੀਂ ਦੱਸੋ ਭਾਅ ਜੀ, ਕਿਵੇਂ ਆਏ? ਅਸੀਂ ਤਾਂ ਤੁਹਾਨੂੰ ਗੱਲ ਕਰਨ ਦਾ ਮੌਕਾ ਈ ਨ੍ਹੀਂ ਦਿੱਤਾ?"

ਉਹ ਬਿਨਾਂ ਬਹੁਤਾ ਸੋਚਿਆਂ ਝੱਟ ਹੀ ਬੋਲ ਪਿਆ, "ਮੈਂ ਉਹ ਸ਼ਹੀਦਾਂ ਦੀ ਯਾਦਗਾਰ ਸਬੰਧੀ ਤੁਹਾਡੇ ਕੋਲ ਆਇਆਂ। ਕੰਧ ਹੋਣ ਪਿਛੋਂ ਕੰਮ ਉਥੇ ਹੀ ਖੜੋਤਾ। ਮੈਂ ਕਹਿੰਦਾ ਸਾਂ, ਬਾਹਰ ਲੋਹੇ ਦਾ ਗੇਟ ਲਾ ਕੇ ਅੰਦਰ ਮਿਸਤਰੀ ਨੂੰ ਆਖ ਕੇ ਲਾਠ ਜਿਹੀ ਖੜ੍ਹੀ ਕਰਾ ਲਈਏ ਤੇ ਸ਼ਹਿਰੋਂ ਸ਼ਹੀਦਾਂ ਦੇ ਨਾਵਾਂ ਦੀ ਸਿਲ ਖੁਦਵਾ ਲਿਆਈਏ। ਮੇਰੇ ਕੋਲ ਕੁਝ ਪੈਸੇ ਪਏ ਸਨ...ਮੈਂ ਸੋਚਿਆ, ਇਹ ਲੱਗ ਈ ਜਾਣ ਤਾਂ ਚੰਗਾ।"

ਉਸ ਦੀ ਗੱਲ ਸੁਣ ਕੇ ਸਰਪੰਚ ਤਾਂ ਅਜੇ ਚੁੱਪ ਈ ਸੀ ਕਿ ਉਸ ਦਾ ਪਿਉ ਬੋਲ ਪਿਆ, "ਲੈ ਗੱਲ ਬਣ ਗਈ ਸਗੋਂ ਇਹ ਕੰਮ ਵੀ ਕਰਨ ਈ ਵਾਲੈ। ਨਿਬੇੜੋ ਵਿਚੋਂ ਦਰਵਾਜ਼ਾ ਲਾ ਕੇ...ਉਥੇ ਐਵੇਂ ਕੁੱਤੇ ਹੱਗਦੇ ਫਿਰਦੇ ਨੇ।" ਤੇ ਫਿਰ ਉਸ ਨੇ ਠੋਸ ਸਲਾਹ ਦਿੰਦਿਆਂ ਕਿਹਾ, "ਐਂਜ ਕਰੋ, ਅੱਜ ਤਾਂ ਐਤਵਾਰ ਐ ਸਿਲ ਤਾਂ ਸ਼ਹਿਰੋਂ ਖੁਦਵਾਈ ਨ੍ਹੀਂ ਜਾਣੀ ਅੱਜ। ਸ਼ਹਿਰ ਦਾ ਪ੍ਰੋਗਰਾਮ ਭਲਕ 'ਤੇ ਰੱਖ ਲੌ। ਨਾਲੇ ਅੰਬੂ ਦੀ ਕੁੜੀ ਲਈ ਭਲਕੇ ਪੰਚਾਇਤ ਵੱਲੋਂ ਤੂੰ ਭਾਂਡੇ ਵੀ ਲੈ ਕੇ ਦੇਣੇ ਨੇ ਸ਼ਹਿਰੋਂ ਤੇ ਲੋਹੇ ਦਾ ਗੇਟ ਤੁਸੀਂ ਅੱਜ ਈ ਚੌਕ ਵਿਚ ਬਣਨਾ ਦੇ ਆਓ। ਤੇ ਕੱਲ੍ਹ ਜੇ ਹੋ ਸਕੇ ਤਾਂ ਸ਼ਹਿਰੋਂ ਸਿਲ ਵੀ ਬਣਵਾ ਲਿਆਵੋ, ਪਿਛੋਂ ਜੇ ਕੋਈ ਆਊ ਤਾਂ ਮੈਂ ਆਖੂੰਗਾ, ਉਹ ਯਾਦਗਾਰ ਬਣਾਉਣ ਵਾਲੇ ਕੰਮ ਗਏ ਨੇ। ਕੰਮ ਦਾ ਕੰਮ...ਬਹਾਨੇ ਦਾ ਬਹਾਨਾ। ਦੋਹਾਂ ਧਿਰਾਂ ਤੋਂ ਬਚਾਅ।"

ਸਰਪੰਚ, ਪਿਉ ਦੀ ਗੱਲ ਨਾਲ ਸਹਿਮਤ ਸੀ। ਉਹ ਤਿਆਰ ਹੋ ਕੇ ਮਿਸਤਰੀ ਨੂੰ ਸੱਦ ਲਿਆਏ। ਦਰਵਾਜ਼ੇ ਦੀ ਥਾਂ ਮਿਣੀ ਤੇ ਉਸ ਨੂੰ ਨਾਲ ਲੈ ਕੇ ਚੌਕ ਵਿਚ ਲੋਹੇ ਦਾ ਗੇਟ ਬਣਨਾ ਦੇਣ ਚਲੇ ਗਏ। ਇਹ ਕੰਮ ਕਰਦਿਆਂ ਹੀ ਉਨ੍ਹਾਂ ਨੂੰ ਸ਼ਾਮਾਂ ਪੈ ਗਈਆਂ। ਅਗਲੇ ਦੋ ਦਿਨ ਛੁੱਟੀਆਂ ਲਈਆਂ ਹੋਣ ਕਰ ਕੇ ਉਸ ਨੇ ਅਗਲੇ ਦਿਨ ਸ਼ਹਿਰ ਜਾ ਕੇ ਸਿਲ ਖੁਦਵਾਉਣ ਦਾ ਪ੍ਰੋਗਰਾਮ ਸਰਪੰਚ ਨਾਲ ਨਿਸ਼ਚਿਤ ਕਰ ਲਿਆ।

ਸ਼ਾਮੀਂ ਘਰ ਆ ਕੇ ਉਹ ਥੱਕਿਆਂ-ਟੁੱਟਿਆਂ ਵਾਂਗ ਨਿਢਾਲ ਹੋਇਆ ਮੰਜੇ 'ਤੇ ਢਹਿ ਪਿਆ। ਉਸ ਦੀ ਘਰ ਵਾਲੀ ਵਾਰ ਵਾਰ ਉਸ ਨੂੰ ਪੁੱਛ ਰਹੀ ਸੀ ਕਿ ਉਹ ਕੀ ਕਰ ਕੇ ਆਇਆ ਸੀ, ਗੱਲ ਕਿੱਥੋਂ ਤੱਕ ਅੱਪੜੀ ਸੀ? ਕੇਸ ਦਾ ਕੁਝ ਬਣੇਗਾ ਵੀ? ਕੀ ਕਿਸੇ ਉਚ ਪੁਲਿਸ ਅਫ਼ਸਰ ਨੂੰ ਮਿਲੇ ਵੀ ਸਨ ਜਾਂ ਨਹੀਂ?

ਪਤਨੀ ਦੇ ਸਵਾਲਾਂ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ। ਉਸ ਦੀਆਂ ਲੱਤਾਂ ਥਕਾਵਟ ਨਾਲ ਫੁੱਲੀਆਂ ਹੋਈਆਂ ਸਨ ਤੇ ਮੂੰਹ ਦਾ ਸਵਾਦ ਕਸੈਲਾ-ਕਸੈਲਾ ਸੀ।

"ਅੱਜ ਫਿਰਦੇ-ਫਿਰਦੇ ਥੱਕ ਗਏ। ਐਤਵਾਰ ਕਰ ਕੇ ਕੋਈ ਮਿਲਿਆ ਨਹੀਂ। ਡੀ.ਐਸ.ਪੀ. ਵੱਲ ਵੀ ਗਏ ਸਾਂ।"

ਉਹ ਚਾਹੁੰਦਾ ਸੀ, ਪਤਨੀ ਕੋਈ ਸਵਾਲ ਨਾ ਪੁੱਛੇ। ਉਸ ਨੂੰ ਉਸ ਦੇ ਰਹਿਮ 'ਤੇ ਹੀ ਰਹਿਣ ਦੇਵੇ।

"ਤੁਸੀਂ ਸਵੇਰੇ ਜਾ ਕੇ ਫਿਰ ਦੋ-ਤਿੰਨ ਛੁੱਟੀਆਂ ਜ਼ਰੂਰ ਲੈ ਆਓ।" ਉਹਦੀ ਪਤਨੀ ਉਸ ਨੂੰ ਤਾਕੀਦ ਕਰ ਰਹੀ ਸੀ।

"ਚੰਗਾ।" ਕਹਿ ਕੇ ਉਹ ਪਾਸਾ ਪਰਤ ਕੇ ਪੈ ਗਿਆ ਤੇ ਤਬੀਅਤ ਖਰਾਬ ਹੋਣ ਦਾ ਬਹਾਨਾ ਕਰ ਕੇ ਉਸ ਤੋਂ ਸੌਂ ਜਾਣ ਦੀ ਇਜਾਜ਼ਤ ਮੰਗੀ।

"ਲਿਆਓ ਮੈਂ ਲੱਤਾਂ ਘੁੱਟ ਦਿਆਂ।" ਉਹ ਉਸ ਨੂੰ ਘੁੱਟਣ ਲੱਗੀ ਤੇ ਉਹ ਜ਼ੋਰ ਦੀ ਦੰਦਾਂ ਵਿਚ ਬੁੱਲ੍ਹ ਚਿੱਥਦਾ ਸੋਚੀ ਗਿਆ।

ਸਵੇਰੇ ਤੜਕੇ ਪੰਜ ਵਜੇ ਉਠਦਿਆਂ ਹੀ ਉਹ ਨੌਕਰੀ 'ਤੇ ਜਾਣ ਲਈ ਤਿਆਰ ਸੀ। ਪਤਨੀ ਉਠ ਕੇ ਪਹਿਲਾਂ ਵਾਂਗ ਰੋਟੀ-ਟੁੱਕ ਦੇ ਆਹਰ ਵਿਚ ਲੱਗੀ ਹੋਈ ਸੀ। ਉਹ ਆਪ ਮਨ ਹੀ ਮਨ ਖੁਸ਼ ਸੀ ਕਿ ਉਸ ਨੇ ਪਤਨੀ ਨੂੰ ਲਈਆਂ ਛੁੱਟੀਆਂ ਬਾਰੇ ਨਹੀਂ ਦੱਸਿਆ। ਛੁੱਟੀਆ ਦਾ ਕੀ ਸੀ! ਉਹ ਤਾਂ ਉਹ ਜਾ ਕੇ ਕੈਂਸਲ ਕਰਵਾ ਲਵੇਗਾ।

ਤੁਰਨ ਤੋਂ ਪਹਿਲਾਂ ਉਸ ਨੇ ਪਤਨੀ ਨੂੰ ਸਮਝਾਇਆ, "ਰਾਜ ਜੇ ਅੱਜ ਸਰਪੰਚ ਘਰ ਆਵੇ ਤਾਂ ਉਹਨੂੰ ਕਹੀਂ ਕਿ ਉਹ ਚਲੇ ਗਏ ਨੇ...ਤੇ ਕਹਿ ਗਏ ਨੇ ਕਿ ਸ਼ਹੀਦਾਂ ਦੀ ਯਾਦਗਾਰੀ ਸਿੱਲ ਆਪੇ ਕਿਤੇ ਫੇਰ ਲੱਗ ਜਾਵੇਗੀ। ਐਡੀ ਕਾਹਦੀ ਕਾਹਲ ਹੈ?" ਉਸ ਦੇ ਬੋਲਾਂ ਵਿਚ ਧੁਆਂਖੀ ਤਲਖੀ ਸੀ।

ਪਤਨੀ ਹੋਰ ਸਵਾਲ ਨਾ ਕਰੇ, ਇਸ ਲਈ ਉਸ ਨੇ ਕਾਹਲੀ ਨਾਲ ਆਪਣਾ ਕੱਪੜਿਆਂ ਵਾਲਾ ਬੈਗ ਚੁੱਕਿਆ।

"ਮੈਂ ਕਿਹਾ?" ਪਤਨੀ ਦੀ ਆਵਾਜ਼ ਸੁਣਦਿਆਂ ਉਹ ਫੇਰ ਤ੍ਰਭਕਿਆ।

"ਸੱਚ ਤੁਹਾਡੇ ਕੱਪੜਿਆਂ ਵਿਚੋਂ ਦੋ ਜ਼ਨਾਨਾ ਸੂਟ ਤੇ ਇਕ ਸਾਲੂ ਨਿਕਲਿਆ...ਉਹ?"

ਉਸ ਨੇ ਸੁਖ ਦਾ ਸਾਹ ਲੈਂਦਿਆਂ ਕਿਹਾ, "ਹਾਂ...ਹਾਂ...ਹਾਂ...ਉਹ ਮੈਂ ਅੰਬੂ ਦੀ ਕੁੜੀ ਲਈ ਲੈ ਕੇ ਆਇਆ ਸਾਂ। ਅੱਵਲ ਤਾਂ ਮੈਂ ਛੁੱਟੀ ਲੈ ਕੇ ਆ ਜੂੰ, ਨਹੀਂ ਤਾਂ ਇਹ ਕੱਪੜੇ ਤੂੰ ਉਨ੍ਹਾਂ ਦੇ ਘਰ ਦੇ ਆਵੀਂ, ਸ਼ਗਨ ਵੀ ਪਾ ਆਵੀਂ। ਪਿੰਡ ਦੀ ਧੀ-ਭੈਣ ਨੂੰ ਕੱਜਣਾ ਆਪਣਾ ਫਰਜ਼ ਬਣਦੈ।" ਤੇ ਉਹਦੀ ਜ਼ਬਾਨ ਥਿੜ੍ਹਕ ਗਈ।

ਕਾਹਲੀ ਨਾਲ, ਤੁਰਨ ਤੋਂ ਪਹਿਲਾਂ ਉਹ ਸਦਾ ਵਾਂਗ ਸੁੱਤੇ ਬੱਚਿਆਂ ਦਾ ਮੱਥਾ ਚੁੰਮਣ ਲਈ ਉਨ੍ਹਾਂ ਦੇ ਮੰਜੇ ਵੱਲ ਵਧਿਆ। ਬੱਚੀ ਦਾ ਮੱਥਾ ਚੁੰਮ ਕੇ ਜਦੋਂ ਉਸ ਨੇ ਨਿੱਕੇ 'ਸੰਧੂ ਪਾਤਸ਼ਾਹ' ਵੱਲ ਵੇਖਿਆ ਤਾਂ ਉਸ ਦੀਆਂ ਸੁੱਤੇ ਪਏ ਦੀਆਂ ਅੱਖਾਂ ਖੁੱਲ੍ਹੀਆਂ ਹੋਈਆਂ ਸਨ। ਉਸ ਨੇ ਨੀਵਾਂ ਹੋ ਕੇ ਜਿਉਂ ਹੀ ਉਸ ਦੇ ਮੱਥੇ 'ਤੇ ਬੁੱਲ੍ਹ ਰੱਖੇ ਤਾਂ ਕੀ ਵੇਖਦਾ ਹੈ ਕਿ ਨਿੱਕੇ ਨੇ ਖੁੱਲ੍ਹੀਆਂ ਅੱਖਾਂ ਹੌਲੀ ਜਿਹੀ ਮੀਚ ਲਈਆਂ ਤੇ ਉਸ ਦੇ ਨਿੱਕੇ ਗੁਲਾਬੀ ਬੁੱਲ੍ਹਾਂ ਉਤੇ ਮੁਸਕਰਾਹਟ ਫੈਲ ਗਈ।

ਬੱਚੇ ਨੇ ਤਾਂ ਸਹਿਵਨ ਹੀ ਅੱਖਾਂ ਮੀਚੀਆਂ ਸਨ, ਉਹ ਤਾਂ ਸਹਿਵਨ ਹੀ ਮੁਸਕਰਾਇਆ ਸੀ, ਪਰ ਉਸ ਨੂੰ ਲੱਗਾ ਜਿਵੇਂ ਬੱਚੇ ਨੇ ਉਸ ਵੱਲ ਵੇਖ ਕੇ ਅੱਖਾਂ ਮੀਟੀਆ ਹੋਣ, ਜਿਵੇਂ ਉਹ ਉਸ ਵੱਲ ਵੇਖ ਕੇ ਸ਼ਰਾਰਤ ਨਾਲ ਮੁਸਕਰਾਇਆ ਹੋਵੇ। ਉਸ ਦੇ ਮੱਥੇ 'ਤੇ ਮੁੜ੍ਹਕੇ ਦੀਆਂ ਬੂੰਦਾਂ ਸਿੰਮ ਆਈਆਂ। ਉਹਦਾ ਸਿਰ ਜਿਵੇਂ ਘੁੰਮਣ ਲੱਗਾ ਤੇ ਉਸ ਨੂੰ ਲੱਗਾ, ਜਿਵੇਂ ਉਸ ਦੇ ਪੈਰਾਂ ਹੇਠਾਂ ਚੀਕਣੀ ਦਲਦਲ ਹੋਵੇ। ਤੇ ਉਹ ਬਾਹਰ ਨਿਕਲਣ ਦਾ ਜ਼ੋਰ ਲਾਉਂਦਿਆਂ ਵੀ ਉਸ ਵਿਚ ਹੇਠਾਂ ਹੀ ਹੇਠਾਂ ਧਸਦਾ ਜਾ ਰਿਹਾ ਹੋਵੇ ਤੇ ਗਲ ਗਲ ਖੋਭੇ ਵਿਚ ਖੁਭ ਗਿਆ ਹੋਵੇ।

ਦੇਵਿੰਦਰ ਸਤਿਆਰਥੀ-6



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਫੁੱਲਾਂ ਨਾਲ ਲੱਦਿਆ ਗੁਲਮੋਹਰ

*ਦੇਵਿੰਦਰ ਸਤਿਆਰਥੀ ਨੇ ਹਿੰਦੀ, ਉਰਦੂ ਅਤੇ ਪੰਜਾਬੀ-ਤਿੰਨਾਂ ਹੀ ਭਾਸ਼ਾਵਾਂ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਅਸਲ ਨਾਂ ਦੇਵਿੰਦਰ ਬੱਤਾ ਸੀ। ਦੇਸ਼ ਦੇ ਕੋਨੇ ਕੋਨੇ ਦੀ ਯਾਤਰਾ ਕਰ ਕੇ ਉਥੋਂ ਦੇ ਲੋਕ ਜੀਵਨ, ਲੋਕ ਸਾਹਿਤ, ਗੀਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਕਿਤਾਬਾਂ ਅਤੇ ਵਾਰਤਾਵਾਂ ਵਿਚ ਸਾਂਭ ਦਿੱਤੀ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀ ਸਾਹਿਤ ਰਚਨਾ ਲਈ ਖਬਤ ਕਰਕੇ ਉਨ੍ਹਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਨਾਮੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਇਕ ਲੇਖ ਸਤਿਆਰਥੀ ਬਾਰੇ ਲਿਖਿਆ ਸੀ। ਇਸ ਲੜੀ ਨੂੰ ਅਗੇ ਤੋਰਦਿਆਂ ਉਨ੍ਹਾਂ ਮਰਹੂਮ ਦੇਵਿੰਦਰ ਸਤਿਆਰਥੀ ਬਾਰੇ ਕੁਝ ਹੋਰ ਲੇਖ ਭੇਜੇ ਹਨ। -ਸੰਪਾਦਕ*

ਸਤਿਆਰਥੀ ਜੀ ਛੜੇ-ਛਾਂਟ ਹੁੰਦੇ, ਉਨ੍ਹਾਂ ਦੀ ਆਵਾਰਗੀ ਤੇ ਫ਼ਾਕਾਮਸਤੀ ਸ਼ਾਇਦ ਦੋਸਤਾਂ ਨੂੰ ਓਨੀ ਨਾ ਹੀ ਚੁਭਦੀ। ਪਰ ਹੁਣ ਤਾਂ ਉਹ ਬਾਲ-ਬੱਚੜਦਾਰ ਸਨ। ਹੁਣ ਇਹ ਚੋਚਲੇ ਪਹਿਲਾਂ ਵਾਂਗ ਸੰਭਵ ਨਹੀਂ ਸਨ। ਸ਼ੁਭਚਿੰਤਕ ਘੇਰਦੇ, ਅਮਕੀ ਥਾਂ ਨੌਕਰੀ ਹੈ, ਚਲੋ ਟੱਬਰ-ਪਾਲ ਬਣੋ। ਇਨ੍ਹਾਂ ਦਾ ਹਰ ਵਾਰ ਇਕੋ ਜਵਾਬ ਵੀ ਤੇ ਉਜਰ ਵੀ, "ਜੀ 1929 ਵਿਚ ਕਾਂਗਰਸ ਦੇ ਲਾਹੌਰ ਮਹਾਂ ਸੰਮੇਲਨ ਸਮੇਂ ਦੇਸ ਦੇ ਸੰਪੂਰਨ ਸਵਰਾਜ ਦੇ ਮਤੇ ਲਈ ਬਾਂਹ ਖੜ੍ਹੀ ਕਰਨ ਦੇ ਨਾਲ ਨਾਲ ਜੋ ਮੈਂ ਸਾਹਿਤਕਾਰੀ ਤੋਂ ਬਿਨਾਂ ਹੋਰ ਕੋਈ ਵੀ ਕੰਮ ਨਾ ਕਰਨ ਦਾ ਆਪਣੇ ਸੰਪੂਰਨ ਸਵਰਾਜ ਦਾ ਮਤਾ ਪਾਸ ਕੀਤਾ ਸੀ, ਉਹਦਾ ਕੀ ਬਣੇਗਾ?"

ਆਖ਼ਰ ਸ਼ੁਭਚਿੰਤਕਾਂ ਨੂੰ ਫੁਰਨਾ ਫੁਰਿਆ। ਉਹ ਸਾਹਿਤਕ ਨੌਕਰੀ ਲੱਭਣ ਲੱਗੇ। 1946 ਵਿਚ ਯਾਰ-ਬੇਲੀਆਂ ਨੇ ਦਿੱਲੀ ਵਿਚ ਹੀ ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰੀਸਰਚ ਵਿਚ ਸਹਾਇਕ ਸੰਪਾਦਕ ਦੀ ਨੌਕਰੀ ਲੱਭ ਲਈ। ਜਦੋਂ ਉਨ੍ਹਾਂ ਨੇ ਨੌਕਰੀ ਦੇ ਸਾਹਿਤਕ ਰੂਪ ਉਤੇ ਜ਼ੋਰ ਦਿੱਤਾ, ਇਹ ਫਸ ਗਏ। ਦੋਸਤਾਂ ਦੀ ਮਤਾ-ਤੁੜਾਊ ਸ਼ੁਭਇੱਛਕ ਚਲਾਕੀ-ਚਤੁਰਾਈ ਨੂੰ ਸਮਝ ਤਾਂ ਗਏ ਪਰ ਉਸ ਅੱਗੇ ਬੇਵੱਸ ਤੇ ਕੱਚੇ ਜਿਹੇ ਹੋ ਕੇ ਕੁਰਸੀ ਉਤੇ ਜਾ ਬੈਠੇ। ਔਖਿਆਂ-ਸੌਖਿਆਂ ਦੋ ਵਰ੍ਹੇ ਤਾਂ ਲੰਘਾਏ ਪਰ ਦੋਸਤਾਂ ਨੂੰ ਵਾਰ ਵਾਰ ਪੁਛਦੇ, "ਕਿਉਂ ਜੀ, ਇਹ ਬਾਜਰੇ-ਛੋਲਿਆਂ ਬਾਰੇ ਤੇ ਪਸ਼ੂਆਂ-ਡੰਗਰਾਂ ਬਾਰੇ ਲੋਕਾਂ ਦੇ ਲੇਖ ਛਾਪਣੇ ਵੀ ਸਾਹਿਤਕ ਕਾਰਜ ਹੈ?"

ਦੋਸਤ ਜਾਣਦੇ ਸਨ, ਇਹ ਉਥੇ ਬਹੁਤਾ ਟਿਕਣਗੇ ਨਹੀਂ। ਇਸ ਕਰਕੇ ਉਨ੍ਹਾਂ ਨੇ ਕਿਸੇ ਸੱਚ-ਮੁੱਚ ਦੀ ਸਾਹਿਤਕ ਨੌਕਰੀ ਦੀ ਤਲਾਸ਼ ਛੱਡੀ ਨਹੀਂ ਸੀ। ਆਖ਼ਰ ਉਹ ਸਫਲ ਹੋ ਹੀ ਗਏ। ਚੰਗੇ ਭਾਗਾਂ ਨੂੰ ਭਾਰਤ ਸਰਕਾਰ ਦੇ ਸਾਹਿਤਕ ਹਿੰਦੀ ਰਸਾਲੇ 'ਆਜ ਕਲ੍ਹ' ਦੇ ਸੰਪਾਦਕ ਦੀ ਖਾਲੀ ਕੁਰਸੀ ਨਜ਼ਰ ਪੈ ਗਈ। ਇਹ ਤਾਂ ਸੱਚ-ਮੁੱਚ ਦੀ ਸਾਹਿਤਕ ਨੌਕਰੀ ਸੀ, ਇਸ ਕਰਕੇ ਔਖੇ-ਸੌਖੇ ਅੱਠ ਵਰ੍ਹੇ ਕੱਟ ਗਏ। ਪਰ ਭਾਵੇਂ ਸਾਹਿਤਕ ਸੀ ਤਾਂ ਵੀ ਸੀ ਤਾਂ ਨੌਕਰੀ ਹੀ। ਭਦੌੜ ਦੀ ਕਹਾਵਤ ਵਾਰ ਵਾਰ ਚੇਤੇ ਆਉਂਦੀ, "ਉਤਮ ਖੇਤੀ, ਮੱਧਮ ਵਪਾਰ, ਨਖਿੱਧ ਨੌਕਰੀ, ਭੀਖ ਖੁਆਰ!" ਸੋਚਦੇ, ਸਗੋਂ ਝੂਰਦੇ, ਮੈਂ ਇਹ ਨਖਿੱਧ ਕੰਮ ਕਿਉਂ ਕਰ ਰਿਹਾ ਹਾਂ! ਆਖ਼ਰ ਇਕ ਦਿਨ 'ਆਜ ਕਲ੍ਹ' ਦੇ 'ਕਲ੍ਹ' ਨੂੰ ਭਵਿੱਖ-ਸੂਚਕ ਦੀ ਥਾਂ ਅਤੀਤ-ਸੂਚਕ ਬਣਾ ਕੇ ਦਫ਼ਤਰ ਦੀਆਂ ਕੰਧਾਂ ਟੱਪਦਿਆਂ ਬਾਹਰ ਆ ਗਏ।

ਕੁਝ ਸਮੇਂ ਮਗਰੋਂ ਆਲ ਇੰਡੀਆ ਰੇਡੀਓ ਨੇ ਲੋਕ ਸੰਗੀਤ ਨਿਰਦੇਸ਼ਕ ਦੇ ਅਹੁਦੇ ਦੀ ਪੇਸ਼ਕਸ਼ ਕਰ ਦਿੱਤੀ। ਰੁਚੀ ਮੁਤਾਬਿਕ ਕੰਮ ਅਤੇ ਮੋਟੀ ਤਨਖ਼ਾਹ ਦੀ ਦਲੀਲ ਦਾ ਇਕੋ ਜਵਾਬ, "ਪੱਲੇ ਖਰਚ ਨਾ ਬੰਨ੍ਹਦੇ ਪੰਛੀ ਤੇ ਦਰਵੇਸ਼!" ਲੋਕ ਮਾਤਾ ਨੇ ਵਾਰ ਵਾਰ ਸਮਝਾਇਆ, "ਭਲਿਆ ਲੋਕਾ, ਕਰ ਲੈ ਨੌਕਰੀ, ਨਹੀਂ ਤਾਂ ਆਪ ਵੀ ਔਖਾ ਹੋਵੇਂਗਾ ਤੇ ਸਾਨੂੰ ਵੀ ਔਖਾ ਕਰੇਂਗਾ।" ਪਰ ਇਨ੍ਹਾਂ ਨੇ ਇਕ ਨਾ ਮੰਨੀ। ਇਨ੍ਹਾਂ ਨੇ ਨਵੀਂ ਨੌਕਰੀ ਕੀ ਕਰਨੀ ਹੋਈ, ਇਹ ਤਾਂ ਨੌਕਰੀ ਦੇ ਪਹਿਲਾਂ ਵਾਲੇ ਦੋ ਤੇ ਅੱਠ, ਭਾਵ ਦਸ ਵਰ੍ਹਿਆਂ ਨੂੰ ਅਜਾਈਂ ਗਏ ਸਮਝਦੇ ਸਨ ਅਤੇ ਪਛਤਾ ਕੇ ਕਹਿੰਦੇ ਸਨ, "ਮਾਫ਼ ਕਰਨਾ ਜੀ, ਨੌਕਰੀ ਦੇ ਉਹ ਦਸ ਵਰ੍ਹੇ ਨਾ ਹੁੰਦੇ, ਤਾਂ ਮੇਰੀ ਲੋਕਯਾਨ ਯਾਤਰਾ ਦਾ ਅਨੁਭਵ ਹੋਰ ਵੀ ਡੂੰਘੇਰਾ ਹੁੰਦਾ!" ਤੇ ਮੈਨੂੰ ਉਨ੍ਹਾਂ ਦੀ ਹੀ ਰਚਨਾ ਦੀ ਇਕ ਸਤਰ ਯਾਦ ਆ ਜਾਂਦੀ, "ਫੁੱਲਾਂ ਨਾਲ ਲੱਦਿਆ ਗੁਲਮੋਹਰ ਕਿਸੇ ਨੂੰ ਆਪਣਾ ਮਾਲਕ ਨਹੀਂ ਮੰਨਦਾ।"

ਸਾਡੇ ਪਿੰਡਾਂ ਦੇ ਮੌਜੀ ਬੰਦਿਆਂ ਦੀ ਇਕ ਕਹਾਵਤ ਹੈ ਜੋ ਸਤਿਆਰਥੀ ਜੀ ਦੇ ਪਿਤਾ ਅਕਸਰ ਦੁਹਰਾਇਆ ਕਰਦੇ ਸਨ, ਅਸੀਂ ਤਾਂ ਜਨੇਤ ਨਾਲ ਆਏ ਹੋਏ ਹਾਂ! ਪਿਓ ਪਰ ਪੂਤ! ਇਹ ਪਿਤਾ-ਪੁਰਖੀ ਆਰਾਮ-ਤਲਬੀ ਅਤੇ ਖ਼ੁਸ਼-ਮਿਜਾਜ਼ੀ ਇਨ੍ਹਾਂ ਦੇ ਲਹੂ ਵਿਚ ਰਚੀ-ਵਸੀ ਹੋਣਾ ਕੁਦਰਤੀ ਸੀ। ਕਹਿੰਦੇ ਸਨ, "ਮੈਂ ਆਪਣੇ ਘਰ ਵਿਚ 'ਅਨਪੇਇੰਗ ਗੈਸਟ' ਵਾਂਗ ਰਹਿੰਦਾ ਹਾਂ। ਨਾ ਰਾਸ਼ਨ ਲਿਆਉਣ ਦੀ ਚਿੰਤਾ, ਨਾ ਦੁੱਧ ਦੀ। ਮੈਂ ਨਵੇਂ ਬੂਟ ਆਪ ਕਦੀ ਨਹੀਂ ਖਰੀਦਦਾ। ਨਾ ਕੋਟ ਲਈ ਕੱਪੜਾ, ਨਾ ਵਾਲ਼ਾਂ ਲਈ ਤੇਲ, ਨਾ ਕੰਘੀ। ਲਿਖਣ ਲਈ ਕਾਗਜ਼ ਵੀ ਲੋਕ ਮਾਤਾ ਹੀ ਖ਼ਰੀਦ ਕੇ ਦੇਵੇ ਤੇ ਸਿਆਹੀ ਵੀ ਤੇ ਕਲਮ ਵੀ!"

ਲੋਕ ਗੀਤਾਂ ਬਾਰੇ ਸਤਿਆਰਥੀ ਜੀ ਦੇ ਲੇਖਾਂ ਨੂੰ ਗਾਂਧੀ ਜੀ 'ਰਸ ਨਾਲ ਪੜ੍ਹਦੇ' ਸਨ ਅਤੇ ਇਨ੍ਹਾਂ ਦੇ ਖ਼ਤਾਂ ਤੇ ਲੇਖਾਂ ਦੀ ਉਡੀਕ ਕਰਦੇ ਰਹਿੰਦੇ ਸਨ। ਉਹ ਮਹਾਨ-ਆਕਾਰੀ ਕੰਮਾਂ ਵਿਚ ਲਗੇ ਹੋਏ ਇਕ ਮਹਾਨ-ਆਕਾਰੀ ਮਨੁੱਖ ਹੋਣ ਦੇ ਬਾਵਜੂਦ ਇਨ੍ਹਾਂ ਦੇ ਕੰਮ ਦੇ ਪਸਾਰ ਉਤੇ ਦੰਗ ਹੁੰਦੇ ਸਨ, "ਪੰਜਾਹ ਤੋਂ ਵੱਧ ਭਾਸ਼ਾਵਾਂ ਦੇ ਕੋਈ ਤਿੰਨ ਲੱਖ ਤੋਂ ਵੱਧ ਲੋਕ-ਗੀਤ ਇਕੱਠੇ ਕਰ ਛੱਡਣਾ ਕੋਈ ਛੋਟਾ ਕੰਮ ਨਹੀਂ। ਤੁਹਾਡੇ ਵੀਹ ਸਾਲ ਇਸੇ ਕੰਮ ਵਿਚ ਲੱਗ ਗਏ। ਆਉਣ ਵਾਲੀਆਂ ਪੀੜ੍ਹੀਆਂ ਕਵੀ-ਦਿਲ ਰੱਖਣ ਵਾਲੇ ਲੇਖਕ ਨੂੰ ਯਾਦ ਕਰਿਆ ਕਰਨਗੀਆਂ।" ਉਨ੍ਹਾਂ ਨੇ ਇਨ੍ਹਾਂ ਲਈ ਕਾਮਨਾ ਕੀਤੀ ਸੀ, "ਗਰਾਮ-ਗੀਤਾਂ ਬਾਰੇ ਤੁਸੀਂ ਜੋ ਉਦਮ ਕਰ ਰਹੇ ਹੋ, ਮੈਨੂੰ ਪਿਆਰਾ ਲਗਦਾ ਹੈ। ਈਸ਼ਵਰ ਤੁਹਾਨੂੰ ਸਫਲਤਾ ਦੇਵੇ।" 1935 ਵਿਚ ਹਿੰਦੀ ਸਾਹਿਤ ਸੰਮੇਲਨ ਇੰਦੌਰ ਦੀ ਪ੍ਰਧਾਨਗੀ ਕਰਦਿਆਂ ਗਾਂਧੀ ਜੀ ਨੇ ਇਨ੍ਹਾਂ ਦੇ ਕੰਮ ਦੀ ਪ੍ਰਸ਼ੰਸਾ ਵਿਚ ਇਕ ਉਚੇਚਾ ਮਤਾ ਪਾਸ ਕਰਵਾਇਆ ਸੀ।

ਗੁਰੂਦੇਵ ਟੈਗੋਰ ਨੇ ਇਨ੍ਹਾਂ ਨੂੰ "ਪ੍ਰਤੱਖ ਰੂਪ ਵਿਚ ਸੰਵੇਦਨਸ਼ੀਲ ਕਲਪਨਾ ਦੀ ਦਾਤ ਦਾ ਮਾਲਕ" ਕਿਹਾ ਸੀ। ਉਨ੍ਹਾਂ ਨੇ ਇਨ੍ਹਾਂ ਦੀ ਘਾਲਣਾ ਬਾਰੇ ਲਿਖਿਆ ਸੀ, "ਲੋਕ-ਮਨ ਦੇ ਰਚਣਈ ਪੱਖ ਦਾ ਉਜਾਗਰ ਹੋਣਾ ਭਾਰੀ ਦਿਲਚਸਪੀ ਵਾਲਾ ਹੁੰਦਾ ਹੈ ਅਤੇ ਮੈਂ ਇਹਤੋਂ ਜਾਣੂ ਹੋਣ ਵਿਚ ਸਾਡੀ ਸਹਾਇਤਾ ਕਰਨ ਲਈ ਪ੍ਰੋ. ਸਤਿਆਰਥੀ ਦਾ ਦਿਲੋਂ ਧੰਨਵਾਦੀ ਹਾਂ।"

ਮਦਨ ਮੋਹਨ ਮਾਲਵੀਆ ਨੇ ਇਨ੍ਹਾਂ ਦੇ "ਉਪਰਾਲੇ ਨੂੰ ਸਫਲ ਹੋਇਆ ਦੇਖਣ ਦੀ ਕਾਮਨਾ" ਕੀਤੀ ਸੀ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਇਨ੍ਹਾਂ ਨੂੰ "ਲੋਕਾਂ ਦੇ ਦਿਲ, ਲੋਕ-ਗੀਤ ਦਾ ਪ੍ਰਤੀਕ" ਕਿਹਾ ਸੀ। ਕਾਕਾ ਕਾਲੇਲਕਰ ਨੇ ਇਨ੍ਹਾਂ ਦੇ 'ਬ੍ਰਹਮਪੁੱਤਰ' ਨੂੰ "ਲੋਕ-ਯੁਗ ਦਾ ਨਦੀ ਪੁਰਾਣ" ਕਿਹਾ ਅਤੇ ਕਰਤਾਰ ਸਿੰਘ ਦੁੱਗਲ ਨੇ ਇਨ੍ਹਾਂ ਦੀ ਰਚਨਾ ਵਿਚ ਉਸ ਖੁਸ਼ਬੂ ਦਾ ਵਾਸਾ ਦਸਿਆ ਜਿਹੜੀ "ਦੁੱਧ ਦੀ ਭਾਲ ਵਿਚ ਮਾਂ ਦੇ ਥਣਾਂ ਦੇ ਇਰਦ-ਗਿਰਦ ਮੂੰਹ ਮਾਰ ਰਹੇ ਬੱਚੇ ਨੂੰ ਮਹਿਸੂਸ ਹੁੰਦੀ ਹੋਵੇਗੀ।" ਸਾਹਿਰ ਲੁਧਿਆਣਵੀ ਇਨ੍ਹਾਂ ਨੂੰ "ਚਿੰਤਕ, ਸੰਨਿਆਸੀ ਅਤੇ ਕਵੀ ਦਾ ਰਲਵਾਂ ਪ੍ਰਭਾਵ ਪਾਉਣ ਵਾਲਾ ਅਲੋਕਾਰ ਬੰਦਾ" ਕਹਿੰਦਾ ਸੀ ਅਤੇ ਮਹਿੰਦਰ ਸਿੰਘ ਰੰਧਾਵਾ "ਹਿਮਾਲਾ ਪਰਬਤ ਦਾ ਤਪਸਵੀ"। ਨਾਨਕ ਸਿੰਘ ਨੇ ਇਨ੍ਹਾਂ ਦੀ ਘਾਲਣਾ ਦਾ ਜ਼ਿਕਰ ਕਰਦਿਆਂ ਕਿਹਾ ਸੀ, "ਕੋਈ ਵਿਰਲੀ ਹੀ ਮਾਂ ਇਹੋ ਜਿਹਾ ਪੁੱਤਰ ਜੰਮੇਗੀ" ਅਤੇ ਤੇਜਾ ਸਿੰਘ ਨੇ ਇਨ੍ਹਾਂ ਨੂੰ "ਗੀਤਾਂ ਦਾ ਦੇਵਤਾ" ਆਖਿਆ ਸੀ। ਭਾਈ ਵੀਰ ਸਿੰਘ ਨੇ ਇਨ੍ਹਾਂ ਦੀ ਘਾਲਣਾ ਦਾ ਮਹੱਤਵ ਸਮਝਦਿਆਂ "ਤੇਰਾ ਕੰਮ ਕਦੀ ਨਾ ਮੁੱਕੇ" ਦਾ ਅਸ਼ੀਰਵਾਦ ਦਿੱਤਾ ਸੀ ਅਤੇ ਹੀਰਾ ਸਿੰਘ ਦਰਦ ਨੇ "ਵਾਹ ਵਾਹ" ਆਖ ਕੇ ਹੱਲਾਸ਼ੇਰੀ ਦਿੱਤੀ ਸੀ।

ਭਾਰਤ ਦੀ ਬੁਲਬੁਲ ਸਰੋਜਨੀ ਨਾਇਡੂ ਨੇ ਭੇਤ ਖੋਲ੍ਹਿਆ ਸੀ, "ਸਤਿਆਰਥੀ ਓਨਾ ਬੁੱਢਾ ਨਹੀਂ, ਜਿੰਨਾ ਦਾੜ੍ਹੀ ਕਰਕੇ ਲਗਦਾ ਹੈ।"

ਉਹ ਗਾਂਧੀ ਜੀ ਤੋਂ ਲੈ ਕੇ ਹੀਰਾ ਸਿੰਘ ਦਰਦ ਤੱਕ ਸਭ ਦੀ ਕੀਤੀ ਹੋਈ ਪ੍ਰਸ਼ੰਸਾ ਨੂੰ ਖ਼ੁਸ਼ਬੂਦਾਰ ਫੁੱਲਾਂ ਵਾਂਗ ਝੋਲ਼ੀ ਵਿਚ ਸਾਂਭਦੇ ਸਨ ਪਰ ਆਨੰਦ-ਪ੍ਰਸੰਨ ਸਰੋਜਨੀ ਦੀ ਟਿੱਪਣੀ ਨਾਲ ਹੁੰਦੇ ਸਨ, "ਦੇਖੋ ਨਾ ਜੀ, ਆਖ਼ਰ ਕਵਿੱਤਰੀ ਹੋਈ, ਉਹ ਵੀ ਵੱਡੀ ਕਵਿੱਤਰੀ! ਉਹਦੇ ਹਰ ਲਫ਼ਜ਼ ਵਿਚੋਂ ਤਾਂ ਕਵਿਤਾ ਦੀ ਕਿਣਮਿਣ ਹੋਣੀ ਹੀ ਹੋਈ!" ਫੇਰ ਉਹ ਆਵਾਜ਼ ਕੁਝ ਨੀਵੀਂ ਤੇ ਭੇਤਭਰੀ ਬਣਾ ਕੇ ਆਖਦੇ, "ਗੱਲ ਇਹ ਹੈ, ਭੁੱਲਰ ਜੀ, ਮੈਂ ਇਸ ਉਮਰ ਨੂੰ ਪਹੁੰਚ ਕੇ ਵੀ ਜੇ ਬੁੱਢਾ ਨਹੀਂ ਹੋਇਆ, ਕੀ ਜਾਣੀਏ, ਇਹ ਸਰੋਜਨੀ ਦੇ ਪਵਿੱਤਰ ਬੋਲ ਹੀ ਮੇਰੇ ਵਾਸਤੇ ਅਮਰ-ਫਲ ਸਿੱਧ ਹੋਏ ਹੋਣ!"

ਇਨ੍ਹਾਂ ਦੇ ਪੰਜਾਬੀ, ਉਰਦੂ ਅਤੇ ਹਿੰਦੀ ਦੇ ਸਿਰਕੱਢ ਸਮਕਾਲੀਆਂ ਨੇ ਇਨ੍ਹਾਂ ਬਾਰੇ ਰੇਖਾ-ਚਿਤਰ ਤੇ ਲੇਖ ਲਿਖੇ, ਕਹਾਣੀਆਂ ਰਚੀਆਂ, ਟੋਟਕੇ ਘੜੇ, ਲਤੀਫ਼ੇ ਜੋੜੇ। ਆਪਣੇ ਬਾਰੇ ਟੋਟਕਿਆਂ ਤੇ ਲਤੀਫ਼ਿਆਂ ਨਾਲ ਤਾਂ ਇਹ ਇਉਂ ਖ਼ੁਸ਼ ਹੁੰਦੇ ਜਿਵੇਂ ਕਿਤੇ ਉਹ ਕਿਸੇ ਹੋਰ ਬਾਰੇ ਹੋਣ। ਦੂਜੇ ਖ਼ੁਸ਼ ਹੁੰਦੇ ਤਾਂ ਉਨ੍ਹਾਂ ਦੇ ਨਾਲ ਨਾਲ ਇਹ ਵੀ ਅਨੰਦ ਲੈਂਦੇ। ਲਿਖਤਾਂ ਬਾਰੇ ਇਨ੍ਹਾਂ ਦਾ ਰਵਈਆ "ਸਭ ਪਰਵਾਨ" ਵਾਲਾ ਰਿਹਾ। ਵਡਿਆਈ ਨਾਲ ਬਹੁਤੇ ਉਤੇਜਿਤ ਨਹੀਂ ਸਨ ਹੁੰਦੇ, ਨਿੰਦਿਆ ਤੋਂ ਤਾਂ ਮੂਲੋਂ ਹੀ ਅਨਭਿੱਜ ਸਨ। ਮੰਟੋ ਵਰਗੇ ਜਿਗਰੀ ਯਾਰ ਕਈ ਵਾਰ ਰੁੱਸ ਕੇ ਕਲਮ ਨੂੰ ਕੁਹਾੜਾ ਬਣਾ ਲੈਂਦੇ ਪਰ ਇਹ ਕੁਹਾੜੇ ਦੇ ਵਾਰ ਨੂੰ ਵੀ ਸੀਅ ਕਰੇ ਬਿਨਾਂ ਸਹਿ ਜਾਂਦੇ। ਪੁੱਛਣਾ, "ਆਪਣਿਆਂ ਦੀਆਂ ਕਲਮਾਂ ਤੋਂ ਅਜਿਹੇ ਬੋਲ ਪੜ੍ਹ ਕੇ ਤੁਹਾਨੂੰ ਗੁੱਸਾ ਨਹੀਂ ਸੀ ਆਉਂਦਾ? ਉਹ ਤੁਹਾਨੂੰ ਫਰਾਡ ਤੱਕ ਆਖ ਦਿੰਦੇ ਸਨ!"

ਬਿਲਕੁਲ ਨਿਰਲੇਪ ਭਾਵ ਨਾਲ ਆਖਦੇ, "ਆਪਣੇ ਜੋ ਹੋਏ, ਗੁੱਸਾ ਕਾਹਦਾ! ਨਾਲੇ ਜੀ, ਨਿੰਦਕਾਂ ਦੀ ਤਾਂ ਆਪਣੇ ਵਡੇਰਿਆਂ ਨੇ ਵਡਿਆਈ ਕੀਤੀ ਹੈ। ਗੁਰਬਾਣੀ ਵਿਚ ਆਉਂਦਾ ਹੈ, ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ ਚੜੈ ਸਵਾਈ। ਨਿੰਦਕ ਜਿੰਨੀ ਨਿੰਦਿਆ ਕਰਦਾ ਹੈ, ਨਿੰਦਿਆ-ਪਾਤਰ ਦੀ ਓਨੀ ਹੀ ਚੜ੍ਹਤ ਹੁੰਦੀ ਜਾਂਦੀ ਹੈ। ਕਬੀਰ ਜੀ ਨੇ ਵੀ ਨਿੰਦਕ ਤੇ ਨਿੰਦਿਆ-ਪਾਤਰ, ਦੋਵਾਂ ਦੀ ਹੈਸੀਅਤ ਸਾਫ਼ ਕਰ ਦਿੱਤੀ ਹੈ, 'ਹਮਰੇ ਕਪਰੇ ਨਿੰਦਕੁ ਧੋਇ।' ਨਾਲੇ ਜੀ, ਜਿਵੇਂ ਗੁਰਬਾਣੀ ਵਿਚ ਹੀ ਆਉਂਦਾ ਹੈ, 'ਨਿੰਦਕ ਝੂਠੁ ਬੋਲਿ ਪਛੁਤਾਨੇ।' ਕਿਸੇ ਗੱਲੋਂ ਰੁੱਸ ਕੇ ਨਿੰਦਿਆ ਕਰਨ ਵਾਲੇ ਮੇਰੇ ਮਿੱਤਰ ਆਪੇ ਹੀ ਪਛਤਾਉਣ ਲਗਦੇ ਸਨ। ਫੇਰ ਜੀ ਉਹ ਸਾਂਝੇ ਦੋਸਤਾਂ ਦੀਆਂ ਮਿੰਨਤਾਂ ਕਰਦੇ, ਕਿਵੇਂ ਨਾ ਕਿਵੇਂ ਉਹਦੇ ਨਾਲ ਸੁਲਾਹ ਕਰਵਾਓ!"

"ਸਤਿਆਰਥੀ ਜੀ, ਤੁਹਾਡੀ ਇਹ ਮਿੱਤਰ-ਮੰਡਲੀ, ਤੁਹਾਡੀ ਪ੍ਰਸ਼ੰਸਾ, ਤੁਹਾਡੀ ਨਿੰਦਿਆ, ਤੁਹਾਡੇ ਬਾਰੇ ਟੋਟਕੇ ਤੇ ਲਤੀਫ਼ੇ, ਇਸ ਸਭ ਕੁਝ ਦੇ ਪ੍ਰਸੰਗ ਵਿਚ ਤੁਹਾਡੀ ਰਚਨਾ ਅਤੇ ਤੁਹਾਡੇ ਸਾਹਿਤਕ ਕਾਰਜ ਬਾਰੇ ਲੋਕ ਮਾਤਾ ਦਾ ਕੀ ਪ੍ਰਤਿਕਰਮ ਰਿਹਾ?" ਮੈਂ ਗੱਲ ਨੂੰ ਮੋੜ ਕੇ ਫੇਰ ਲੋਕ ਮਾਤਾ ਵੱਲ ਲੈ ਆਇਆ।

ਉਨ੍ਹਾਂ ਨੇ ਪਹਿਲਾਂ ਮੇਰੇ ਵੱਲ ਤੱਕਿਆ, ਫੇਰ ਪਤਨੀ ਦੀ ਹਥੇਲ਼ੀ ਤੋਂ ਕਾਲ਼ੇ ਤਿਲ਼ ਚੱਬਿਆਂ ਵਾਲੇ ਦਬੇਲ ਵਾਂਗ ਨੀਵੀਂ ਪਾ ਲਈ, "ਦਰਅਸਲ ਗੱਲ ਇਹ ਐ ਜੀ ਬਈ ਜੇ ਸੱਚ ਪੁੱਛੋਂ, ਲੋਕ ਮਾਤਾ ਤਾਂ ਮੈਨੂੰ ਲੇਖਕ ਹੀ ਨਹੀਂ ਮੰਨਦੀ। ਜਦੋਂ ਮੈਂ ਕਿਸੇ ਘਰ ਆਏ ਨੂੰ ਕੋਈ ਰਚਨਾ ਸੁਣਾਉਣ ਲਗਦਾ ਹਾਂ, ਉਹ ਪਰ੍ਹੇ ਜਾਂਦਿਆਂ ਕਹਿੰਦੀ ਹੈ, 'ਇਸ ਵਿਚੋਂ ਨਿਕਲੂ ਕੀ? ਭੂੰਡ?' ਉਹ ਤਾਂ, ਭੁੱਲਰ ਜੀ, ਮੈਨੂੰ ਬੱਸ ਓਦੋਂ ਲੇਖਕ ਮੰਨਦੀ ਹੈ, ਜਦੋਂ ਮੈਂ ਰੇਡੀਓ ਵਿਚ ਬੋਲ ਕੇ ਆਵਾਂ। ਅੱਜ ਕੱਲ੍ਹ ਰੇਡੀਓ ਵਾਲੇ ਨਵਾਂ ਨਕੋਰ ਚੈਕ ਵੀ ਤਾਂ ਬੋਲ ਕੇ ਬਾਹਰ ਨਿਕਲਦਿਆਂ ਨੂੰ ਹੀ ਦੇ ਦਿੰਦੇ ਨੇ।"

---

# ਸਮੂਹਕ ਬਲਾਤਕਾਰ ਤੇ ਮੁਕਤਸਰ ਦੀ ਅਦਾਲਤ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਗੰਧੜ ਦੀ ਇਕ ਨਾਬਾਲਗ ਦਲਿਤ ਵਿਦਿਆਰਥਣ ਨਾਲ ਸਮੂਹਕ ਬਲਾਤਕਾਰ ਦੇ ਦੋਸ਼ੀ ਨੌਜਵਾਨਾਂ ਨੂੰ ਭਾਰੀ ਜੁਰਮਾਨਾ ਤੇ ਕਰੜੀ ਸ਼ਜਾ ਸੁਣਾ ਕੇ ਸ੍ਰੀ ਮੁਕਤਸਰ ਸਾਹਿਬ ਦੀ ਅਦਾਲਤ ਨੇ ਬਹੁਤ ਵਧੀਆ ਮਿਸਾਲ ਕਾਇਮ ਕੀਤੀ ਹੈ। ਇਸ ਮਾਮਲੇ ਵਿਚ ਗੁਰਲਾਲ ਸਿੰਘ, ਬਲਪ੍ਰੀਤ ਸਿੰਘ ਤੇ ਮਨਪ੍ਰੀਤ ਸਿੰਘ ਨੇ ਇੱਕ ਚੌਦਾਂ ਸਾਲਾ ਸਕੂਲੀ ਵਿਦਿਆਰਥਣ ਨੂੰ ਸਕੂਲ ਤੋਂ ਪਰਤਦੇ ਸਮੇਂ ਰਸਤੇ ਵਿਚ ਹੀ ਦਬੋਚ ਕੇ ਸਮੂਹਕ ਬਲਾਤਕਾਰ ਦੀ ਸ਼ਿਕਾਰ ਬਣਾਇਆ ਸੀ।

ਅਦਾਲਤ ਨੇ ਤਿੰਨਾਂ ਨੂੰ ਜਬਰ ਜਨਾਹ ਤੇ ਉਧਾਲੇ ਦੇ ਦੋਸ਼ੀ ਠਹਿਰਾਉਂਦਿਆਂ 20-20 ਸਾਲ ਦੀ ਸਖਤ ਕੈਦ ਤੇ ਅੱਸੀ ਅੱਸੀ ਹਜ਼ਾਰ ਰੁਪਿਆ ਜੁਰਮਾਨਾ ਭਰਨ ਦੀ ਸਜ਼ਾ ਸੁਣਾਈ ਹੈ। ਦੋ ਸੰਗੀਨ ਦੋਸ਼ਾਂ ਅਧੀਨ 20+8 ਸਾਲ ਦੀ ਸਜ਼ਾ ਦੇ ਭਾਗੀ ਹੋਣ ਕਾਰਨ ਇਹ ਸਜ਼ਾ ਉਮਰ ਕੈਦ ਨਾਲੋਂ ਵੀ ਵੱਧ ਹੈ। ਉਮਰ ਕੈਦ ਵਾਲੇ ਦੋਸ਼ੀ ਤਾਂ 14 ਸਾਲ ਪਿੱਛੋਂ ਬਰੀ ਹੋ ਜਾਂਦੇ ਹਨ ਪਰ ਇਨ੍ਹਾਂ ਦੋਸ਼ੀਆਂ ਨੂੰ ਜੁਰਮਾਨਾ ਨਾ ਭਰਨ ਦੀ ਸੂਰਤ ਵਿੱਚ ਵੀਹ ਤੋਂ ਬਿਨਾ ਚਾਰ ਸਾਲ ਹੋਰ ਜੇਲ੍ਹ ਵਿੱਚ ਹੀ ਕੱਟਣੇ ਪੈਣਗੇ।

ਕਿਹਾ ਜਾਂਦਾ ਹੈ ਕਿ ਦੋਸ਼ੀਆਂ ਦੇ ਮਾਪੇ ਅਸਰ ਰਸੂਖ ਵਾਲੇ ਹੋਣ ਕਾਰਨ ਪੁਲੀਸ ਨੇ ਸਾਲ ਭਰ ਤਾਂ ਦੋਸ਼ੀਆਂ ਦਾ ਡਾਕਟਰੀ ਮੁਆਇਨਾ ਵੀ ਰੋਕੀ ਰੱਖਿਆ ਤੇ ਇੱਕ ਦੋਸ਼ੀ ਨੂੰ ਫੜਨ ਵਿੱਚ ਵੀ ਕਈ ਮਹੀਨੇ ਲਾ ਦਿੱਤੇ ਪਰ ਅਦਾਲਤ ਨੇ ਦੋਸ਼ ਦੀ ਗੰਭੀਰਤਾ ਨੂੰ ਮੁਖ ਰਖਦਿਆਂ ਦੋਸ਼ ਤੋਂ ਬਚਣ ਦੇ ਸਭ ਦਰਵਾਜ਼ੇ ਬੰਦ ਕਰ ਦਿੱਤੇ।

ਮੁਕਤਸਰ ਸਾਹਬ ਦੀ ਅਦਾਲਤ ਦਾ ਇਹ ਫੈਸਲਾ ਸੱਚ ਮੁੱਚ ਹੀ ਇਤਿਹਾਸਕ ਹੈ ਭਾਵੇਂ ਇਸ ਨਾਲ ਨਿਰਦੋਸ਼ੀ ਬੱਚੀ ਦੇ ਭਵਿੱਖ ਦੀ ਕਾਲਖ ਤਾਂ ਨਹੀਂ ਧੁਲਦੀ ਪਰ ਇਹ ਫੈਸਲਾ ਬਲਾਤਕਾਰੀ ਰੁਚੀਆਂ ਵਾਲੇ ਦੋਸ਼ੀਆਂ ਲਈ ਪ੍ਰਮਾਣਕ ਹੋ ਸਕਦਾ ਹੈ, ਜਿਸਦੀ ਅੱਜ ਦੇ ਯੁਗ ਵਿਚ ਭਾਰੀ ਲੋੜ ਹੈ। ਹਰ ਆਏ ਦਿਨ ਬਲਾਤਕਾਰ ਦੀਆਂ ਘਿਨਾਉਣੀਆਂ ਵਾਰਦਾਤਾਂ ਨੂੰ ਠਲ੍ਹ ਪਾਉਣ ਦਾ ਇੱਕੋ ਇੱਕ ਉਪਾਓ ਅਦਾਲਤ ਹੀ ਰਹਿ ਗਈ ਹੈ। ਪੁਲਿਸ ਦੀ ਨਾਕਾਰਤਮਕ ਪਹੁੰਚ ਨੇ ਫੈਸਲੇ ਵਿਚ ਦੇਰੀ ਕਰਵਾਉਣ ਦੀ ਕੋਈ ਕਸਰ ਨਹੀਂ ਛੱਡੀ ਪਰ ਖੇਤ ਮਜ਼ਦੂਰ ਜਥੇਬੰਦੀਆਂ ਦੇ ਦਬਾਓ ਅਤੇ ਮੀਡੀਆ ਦੀ ਸੁਹਿਰਦ ਪਹੁੰਚ ਨੇ ਕੇਸ ਦੀ ਚਿਣਗ ਨੂੰ ਠੰਢੀ ਨਹੀਂ ਹੋਣ ਦਿੱਤਾ। ਇਸ ਫੈਸਲੇ ਦਾ ਭਰਵਾਂ ਸਵਾਗਤ ਹੋਣਾ ਚਾਹੀਦਾ ਹੈ ਤੇ ਸਹਿਯੋਗੀ ਜਥੇਬੰਦੀਆਂ ਵੀ ਸ਼ਲਾਘਾ ਦੀਆਂ ਹੱਕਦਾਰ ਹਨ।

**ਅੰਕੜਿਆਂ ਦਾ ਧੁੰਦਲਕਾ:** ਸਮਾਜਿਕ-ਆਰਥਿਕ ਜਨਸੰਖਿਆ 2011 ਦੇ ਅੰਕੜੇ ਸਾਹਮਣੇ ਆਉਣ ਨਾਲ ਪੇਂਡੂ ਭਾਰਤ ਦੀ ਤਸਵੀਰ ਉਜਲੀ ਹੋਣ ਦੀ ਥਾਂ ਧੁੰਦਲੀ ਹੋਈ ਹੈ। ਇਸ ਨੇ ਪਿੰਡਾਂ ਵਿਚ ਰਹਿ ਰਹੇ ਤਿੰਨ ਪਰਿਵਾਰਾਂ ਵਿੱਚੋਂ ਇਕ ਨੂੰ ਬੇਜ਼ਮੀਨਾ ਤੇ ਰੋਜ਼ੀ ਰੋਟੀ ਲਈ ਹਥੀਂ ਮਜ਼ਦੂਰੀ 'ਤੇ ਨਿਰਭਰ ਦੱਸਿਆ ਹੈ। ਅਜਿਹੇ ਅੰਕੜੇ ਠੀਕ ਹੁੰਦੇ ਹੋਏ ਵੀ ਧੁੰਦਲਕਾ ਫੈਲਾ ਸਕਦੇ ਹਨ। ਵੀਹਵੀਂ ਸਦੀ ਦੇ ਸ਼ੁਰੂ ਵਿਚ ਐਮ ਐਲ ਡਾਰਲਿੰਗ ਨਾਂ ਦੇ ਅੰਗਰੇਜ਼ ਅਫਸਰ ਨੇ ਓਸ ਵੇਲੇ ਦੇ ਭਾਰਤ ਦੀ ਤਸਵੀਰ ਵੀ ਏਸ ਤਰ੍ਹਾਂ ਦੀ ਹੀ ਪੇਸ਼ ਕੀਤੀ ਸੀ। ਪਰ ਪਿਛਲੇ ਸੌ ਸਾਲਾਂ ਵਿਚ ਭਾਰਤ ਦੇ ਲੋਕ ਰੋਜ਼ੀ ਰੋਟੀ ਦੀ ਭਾਲ ਵਿਚ ਦੇਸ ਪ੍ਰਦੇਸ ਜਾਣ ਨੂੰ ਤਰਜੀਹ ਦੇਣ ਲੱਗੇ ਹਨ। ਉਨ੍ਹਾਂ ਦਾ ਨਾਂ ਭਾਵੇਂ ਆਪਣੇ ਜੱਦੀ ਪਿੰਡਾਂ 'ਚ ਬੋਲਦਾ ਹੈ ਪਰ ਆਪਣੀਆਂ ਜ਼ਮੀਨਾਂ ਵੇਚ ਕੇ ਬੇਜ਼ਮੀਨੇ ਹੋਣ ਉਪਰੰਤ ਪਹਿਲਾਂ ਨਾਲੋਂ ਚੰਗੇਰਾ ਜੀਵਨ ਜੀਊ ਰਹੇ ਹਨ।

ਮੈਂ ਭਾਰਤ ਦੇ ਗ੍ਰਾਮ ਵਿਕਾਸ ਮੰਤਰਾਲੇ ਦਾ ਸੇਵਾ ਮੁਕਤ ਅਧਿਕਾਰੀ ਹਾਂ। ਮੈਂ ਰਾਜਸਥਾਨ ਦੇ ਉਹ ਰੇਤੇ ਵੀ ਵੇਖੇ ਹਨ ਜਿੱਥੇ ਦਸ-ਦਸ ਮੀਲ ਤੱਕ ਕੋਈ ਵਸੋਂ ਵਾਲਾ ਪਿੰਡ ਨਹੀਂ ਸੀ ਅਤੇ ਪਛਮੀ ਬੰਗਾਲ ਦੇ ਉਹ ਪਿੰਡ ਵੀ ਜਿੱਥੇ ਵਸੋਂ ਦੀ ਕੁਰਬਲ ਕੁਰਬਲ ਵੇਖ ਕੇ ਹੈਰਾਨ ਹੋ ਜਾਈਦਾ ਹੈ। ਨਵੇਂ ਅੰਕੜੇ ਗ੍ਰਾਮ ਵਿਕਾਸ ਦੀਆਂ ਭਵਿੱਖੀ ਯੋਜਨਾਵਾਂ ਦੀ ਠੀਕ ਨਿਸ਼ਾਨਦੇਹੀ ਕਰਨਗੇ ਇਹ ਕਹਿਣਾ ਮੁਸ਼ਕਲ ਹੈ। ਇਨ੍ਹਾਂ ਅੰਕੜਿਆਂ ਨੂੰ ਜਾਰੀ ਕਰਨ ਦੀ ਕਾਹਲ ਪਿੱਛੇ ਰਾਜਨੀਤੀ ਦਾ ਵੀ ਹੱਥ ਹੋ ਸਕਦਾ ਹੈ। ਇਹ ਦਸਣਾ ਕਿ ਸੁਤੰਤਰਤਾ ਤੋਂ ਪਿੱਛੋਂ ਭਾਰਤ ਨੇ ਕੋਈ ਵਿਕਾਸ ਨਹੀਂ ਕੀਤਾ। ਅਜੋਕੀ ਸਰਕਾਰ ਦੇ ਕੰਮ ਆ ਸਕਦਾ ਹੈ।

ਜੇ ਪੰਜਾਬ ਵਲ ਵੇਖੀਏ, ਇਥੋਂ ਦੇ ਗਭਰੂ ਤੇ ਮੁਟਿਆਰਾਂ ਗਰੈਜੂਏਸ਼ਨ ਤੋਂ ਪਹਿਲਾਂ ਪੜ੍ਹਨ ਲਿਖਣ ਦੇ ਯੋਗ ਹੁੰਦੇ ਸਾਰ ਜਦੀ ਪੁਸ਼ਤੀ ਪਿੰਡਾਂ ਨੂੰ ਅਲਵਿਦਾ ਕਹਿ ਕੇ ਤੁਰ ਜਾਂਦੇ ਹਨ। ਵੇਖਿਆ ਜਾਵੇ ਤਾਂ ਭਾਰਤ ਦੀ ਔਸਤ ਪੜ੍ਹਨ ਯੋਗਤਾ ਪੌਣੇ ਛੱਤੀ ਪ੍ਰਤੀਸ਼ਤ ਹੈ ਤਾਂ ਪੰਜਾਬ ਦੀ 32 ਤੋਂ ਘੱਟ ਹੈ ਜਿਹੜੀ ਚੰਡੀਗੜ੍ਹ ਦੀ 28.39 ਦੇ ਮੋਢੇ ਨਾਲ ਮੋਢਾ ਜੋੜੀ ਬੈਠੀ ਹੈ। ਜਿਥੋਂ ਤੱਕ ਵਾਯੂਮੰਡਲ ਦਾ ਸਵਾਲ ਹੈ, ਲਗ ਭਗ ਸਾਰੇ ਪਿੰਡਾਂ ਨੂੰ ਸੜਕ ਜਾਂਦੀ ਹੈ, ਘਰ ਪੱਕੀਆਂ ਇੱਟਾਂ ਦੇ ਬਣ ਚੁੱਕੇ ਹਨ, ਬੱਚੇ ਵਰਦੀ ਪਾ ਕੇ ਸਕੂਲ ਜਾਂਦੇ ਹਨ, ਫੱਟੀਆਂ ਤੇ ਕਲਮ ਦਵਾਤਾਂ ਦੀ ਥਾਂ ਕਾਪੀਆਂ ਪੈਨਸਲਾਂ ਨੇ ਲੈ ਲਈ ਹੈ। ਤਰਖਾਣਾਂ ਨੂੰ ਗੁੱਲੀਆਂ ਘੜਨ ਦੀ ਲੋੜ ਨਹੀਂ, ਲੋਹਾਰ ਰੰਬੀਆਂ ਨਹੀਂ ਚੰਡਦੇ, ਝਿਊਰ ਪਾਣੀ ਨਹੀਂ ਭਰਦੇ, ਦਲਿਤ ਨੌਜਵਾਨ ਆਪਣੇ ਨਾਵਾਂ ਨਾਲ ਪਿੰਡ ਦਾ ਨਾਂ ਲਿਖ ਕੇ ਖੁਸ਼ ਹੁੰਦੇ ਹਨ। ਕਈ ਪਿੰਡਾਂ ਦੇ ਪੰਚ ਸਰਪੰਚ ਦਲਿਤ ਹਨ। ਪਿੰਡਾਂ ਵਿਚ ਦਲਿਤਾਂ ਦੀ ਵਿਦਿਆ ਪ੍ਰਾਪਤੀ ਰੇਖਾ ਗੈਰ ਦਲਿਤਾਂ ਨਾਲੋਂ ਵੱਧ ਹੈ।

ਮਾਰਕਸੀ ਕਮੀਊਨਿਸਟ ਪਾਰਟੀ ਦੇ ਪੋਲਿਟ ਬਿਊਰੋ ਨੇ ਵੀ ਖਦਸ਼ਾ ਪਰਗਟ ਕੀਤਾ ਹੈ ਕਿ ਜੇ ਇਨ੍ਹਾਂ ਅੰਕੜਿਆਂ ਦੇ ਆਧਾਰ ਉਤੇ ਨੀਤੀਆਂ ਘੜੀਆਂ ਗਈਆਂ ਤਾਂ ਹੇਠਲਾ ਤਬਕਾ ਯੋਗ ਜੀਵਨ ਜੀਊਣ ਦੇ ਮਿਆਰ ਤੋਂ ਵਾਂਝਾ ਰਹਿ ਸਕਦਾ ਹੈ। ਸਾਹਮਣੇ ਆਏ ਆਮਦਨ ਦੇ ਅੰਕੜੇ ਵਿਵਾਦਤ ਹਨ ਜਿਹੜੇ ਰੰਗਾਰਾਜਨ ਕਮੇਟੀ ਦੇ ਅੰਕੜਿਆਂ ਨਾਲੋਂ ਕੋਹਾਂ ਦੂਰ ਹਨ।

ਜੇ ਮਾਰਕਸੀ ਸੋਚ ਨੂੰ ਵੀ ਰਾਜਨੀਤੀ ਤੋਂ ਪ੍ਰਭਾਵਿਤ ਮੰਨ ਲਈਏ ਤਾਂ ਪੌਪਲਰ ਤੇ ਸਫੈਦੇ ਦੇ ਉਨ੍ਹਾਂ ਰੁੱਖਾਂ ਤੋਂ ਕਿਵੇਂ ਅੱਖਾਂ ਮੀਟ ਸਕਦੇ ਹਾਂ ਜਿਹੜੇ ਸੜਕਾਂ ਦੇ ਕੰਢੇ ਤੇ ਖੇਤਾਂ ਦੀਆਂ ਵੱਟਾਂ ਉਤੇ ਮੀਲਾਂ ਦੇ ਮੀਲ ਹਰੇ ਭਰੇ ਕਰੀ ਬੈਠੇ ਹਨ। ਬੰਦੇ ਦੀ ਸਿਹਤ ਲਈ ਵਾਤਾਵਰਣ ਵੀ ਬੜਾ ਜ਼ਰੂਰੀ ਹੁੰਦਾ ਹੈ।

**ਅੰਤਿਕਾ:** ਸਰਦਾਰ ਪੰਛੀ
ਹਜ਼ਾਰੋਂ ਸਾਲ ਪਹਿਲੇ
ਕਿਤਨੀ ਖੁਸ਼ ਥੀ ਕਿਤਨੀ ਨਾਜ਼ਾਂ ਥੀ
ਵੁਹ ਪਹਿਲੀ ਈਂਟ ਜੋ ਰੱਖੀ ਗਈ
ਦੀਵਾਰ ਕੇ ਨੀਚੇ।
ਚਮਕਤਾ ਹੈ ਦਮਕਤਾ ਹੈ
ਝਲਕਤਾ ਹੈ ਛਲਕਤਾ ਹੈ
ਯੇਹ ਤਿੱਲ ਹੈ ਯਾ ਸਿਤਾਰਾ ਹੈ
ਤੇਰੇ ਰੁਖਸਾਰ ਕੇ ਨੀਚੇ।

# ਕੁਵੇਲੇ ਦੀਆਂ ਟੱਕਰਾਂ

**ਵਿਅੰਗ**

ਨੌਰਮਨ ਦੀ ਉਮਰ 89 ਸਾਲ ਹੈ। ਸ਼ਾਇਦ ਜਮਾਇਕਾ ਦਾ ਹੈ। ਉਸ ਦੀ ਪਤਨੀ 92 ਸਾਲ ਦੀ ਹੈ। ਨੌਰਮਨ ਗੌਲਫ ਦਾ ਖਿਲਾੜੀ ਹੈ ਪਰ ਅੱਖਾਂ ਕਮਜ਼ੋਰ ਹੋ ਗਈਆਂ ਹਨ। ਪਤਨੀ ਸਲਾਹ ਦਿੰਦੀ ਹੈ ਕਿ ਉਹ ਉਸ ਦੇ ਭਰਾ ਨੂੰ ਨਾਲ ਲੈ ਜਾਇਆ ਕਰੇ।

ਭਾਵੇਂ ਉਸ ਦੀ ਉਮਰ 95 ਸਾਲ ਹੈ, ਬਿਮਾਰੀਆਂ ਵੀ ਬਹੁਤ ਹਨ ਪਰ ਉਸ ਦੀ ਨਜ਼ਰ ਠੀਕ ਹੈ। ਬਾਅਦ ਵਿਚ ਪਤਾ ਲੱਗਾ ਕਿ ਉਸ ਨੂੰ ਆਲਜ਼ਾਈਮਰ (ਭੁੱਲਣ ਦੀ ਬਿਮਾਰੀ) ਹੈ ਤੇ ਉਸ ਨੇ ਬਾਲ ਤਾਂ ਕੀ ਦੱਸਣੀ, ਉਹ ਤਾਂ ਨੌਰਮਨ ਨੂੰ ਵੀ ਨਹੀਂ ਪਛਾਣਦਾ। ਇੱਕ ਪਹਿਰੇ ਦੀ ਕਹਾਣੀ।



ਕੁਲਜੀਤ ਮਾਨ ਟੋਰਾਂਟੋ

ਆਓ, ਇਸ ਕਹਾਣੀ ਨੂੰ ਪੰਜਾਬੀ ਤੜਕਾ ਲਾਈਏ।

ਜੇ ਕੋਈ ਪੰਜਾਬੀ ਹੁੰਦਾ ਤਾਂ ਉਸ ਦੀ ਉਮਰ 85 ਸਾਲ ਹੋਣੀ ਸੀ ਤੇ ਨਾਮ ਹੋਣਾ ਸੀ ਨਿਰਮਲ ਸਿੰਘ। ਨਿਰਮਲ ਨੇਮ ਨਾਲ ਹਰ ਰੋਜ਼ ਗੌਲਫ ਖੇਡਦਾ ਸੀ। (ਖਿੱਦੋ ਖੂੰਡੀ ਨਹੀਂ ਕਰ ਸਕਦਾ, ਭਾਵੇਂ ਕੁਦਰਤੀ ਲਗਦਾ) ਨਿਰਮਲ ਨੂੰ ਰਿਟਾਇਰ ਹੋਇਆਂ ਵੀਹ ਸਾਲ ਹੋ ਗਏ ਸਨ ਪਰ ਅਜੇ ਵੀ ਪੂਰਾ ਤੰਦਰੁਸਤ ਸੀ। ਇੱਕ ਦਿਨ ਅਕਿਆ ਥਕਿਆ ਘਰ ਆਇਆ ਤੇ ਮਹਿੰਦਰ ਕੌਰ ਨੂੰ ਕਹਿਣ ਲੱਗਾ, "ਬਸ ਮਿੰਦੋ, ਬਸ ਹੋਰ ਨਹੀਂ, ਹੁਣ ਨਹੀਂ ਮੇਰੇ ਕੋਲੋਂ ਗੌਲਫ ਖੇਡਿਆ ਜਾਂਦਾ, ਮੈਂ ਕੱਲ ਤੋਂ ਗੌਲਫ ਕਲੱਬ ਜਾਣਾ ਛਡ ਦੇਣਾ ਹੈ। ਮੇਰੀ ਨਜ਼ਰ ਬਹੁਤ ਕਮਜ਼ੋਰ ਹੋ ਗਈ ਹੈ, ਇਤਨੀ ਕਮਜ਼ੋਰ ਕਿ ਇੱਕ ਵਾਰ ਜਦੋਂ ਬਾਲ ਨੂੰ ਹਿੱਟ ਕਰਦਾ ਹਾਂ ਤਾਂ ਬਾਅਦ ਵਿਚ ਬਾਲ ਲੱਭਦੀ ਹੀ ਨਹੀਂ। ਪਤਾ ਹੀ ਨਹੀਂ ਲਗਦਾ ਕਿ ਬਾਲ ਪੱਛਮ ਨੂੰ ਗਈ ਹੈ ਕਿ ਉਤਰ ਨੂੰ। ਕਦੇ ਮੂੰਹ ਚੁੱਕ ਕੇ ਇੰਡੀਆ ਵਲ ਵੇਖਦਾ ਹਾਂ ਤੇ ਕਦੇ ਦੂਜੇ ਪਾਸੇ ਅਮਰੀਕਾ ਵਲ। ਸਟੂਪਿਡ ਲਗਦਾ ਹਾਂ, ਮਿਸਿਜ਼ ਨਿਕਾਸ਼ੀ ਸਾਹਮਣੇ। ਉਹ ਹਸਦੀ ਹੈ ਤੇ ਮੈਨੂੰ ਖਿਝ ਆ ਜਾਂਦੀ ਹੈ।"

"ਨਾ ਸਰਦਾਰ ਜੀ, ਤੁਹਾਨੂੰ ਬਾਲ ਤੇ ਦਿਸਦੀ ਨਹੀਂ ਤੇ ਮਿਸਿਜ਼ ਨਿਕਾਸ਼ੀ ਦਾ ਹਾਸਾ ਦਿਸ ਪੈਂਦਾ ਹੈ, ਸ਼ਰਮ ਕਰੋ ਹੁਣ ਤੇ...।"

"ਨਾ ਇਹਦੇ ਵਿਚ ਸ਼ਰਮ ਵਾਲੀ ਕਿਹੜੀ ਗੱਲ ਹੈ, ਸ਼ਰਮ ਤਾਂ ਉਸ ਨੂੰ ਚਾਹੀਦੀ ਹੈ ਜੋ ਕਲੱਬ ਵਿਚ ਹੱਸਦੀ ਹੈ, ਮੈਂ ਤਾਂ ਉਹਦੇ ਵਲ ਸਿਰਫ ਮੁਸਕਰਾ ਕੇ ਹੀ ਵੇਖਦਾ ਹਾਂ, ਉਹ ਵੀ ਬੋਚ ਬੋਚ ਕੇ, ਕਿਤੇ ਦਬੀੜ ਨਾ ਬਾਹਰ ਆ ਜਾਵੇ।"

"ਅੱਜ ਵੀ ਮੁਸਕਰਾਏ ਸੀ...ਯਾਨਿ ਬੋਚ ਬੋਚ ਕੇ?"

"ਹਾਂ, ਕਿਉਂ?"

"ਓ ਮੂਰਖ ਸਰਦਾਰ ਜੀ, ਅੱਜ ਤੇ ਤੁਸੀਂ ਖੁਲ੍ਹ ਕੇ ਮੁਸਕਰਾ ਸਕਦੇ ਸੀ। ਅੱਜ ਤੇ ਤੁਹਾਡੀ ਦਬੀੜ ਘਰੇ ਹੀ ਰਹਿ ਗਈ ਸੀ, ਉਹ ਪਈ ਹੈ, ਗਲਾਸ ਵਿਚ ਅਜੇ ਵੀ।"

"ਬਸ ਮੈਂ ਨਹੀਂ ਜਾਣਾ ਕੱਲ ਤੋਂ?" ਨਿਰਮਲ ਸਿੰਘ ਨੇ ਗੁੱਸੇ ਵਿਚ, ਨਿਆਣਿਆਂ ਵਾਂਗ ਕਿਹਾ।

ਮਿੰਦੋ ਨੂੰ ਚਿੰਤਾ ਹੋਣ ਲੱਗੀ ਕਿ ਸਰਦਾਰ ਜੀ ਗੁੱਸੇ ਹੋ ਗਏ ਹਨ। ਉਸ ਨੂੰ ਪਤਾ ਸੀ ਕਿ ਜਦੋਂ ਸਰਦਾਰ ਜੀ ਗੁੱਸਾ ਕਰ ਜਾਣ, ਇਨ੍ਹਾਂ ਨੂੰ ਚੁੱਪ ਰਹਿਣ ਦਾ ਬਹਾਨਾ ਮਿਲ ਜਾਂਦਾ ਹੈ। ਮੇਰੀ ਤੇ ਗੱਲ ਹੀ ਨਹੀਂ ਸੁਣਦੇ, ਭਾਵੇਂ ਕਿਤਨਾ ਵੀ ਥੋੜ੍ਹਾ ਬੋਲਾਂ। ਉਹ ਉਸੇ ਵੇਲੇ ਹੁਸ਼ਿਆਰ ਹੋ ਗਈ।

ਮਿੰਦੋ ਰਸੋਈ ਵਿਚ ਗਈ ਤੇ ਚਾਹ ਦਾ ਕੱਪ ਬਣਾਉਣ ਲੱਗੀ, ਪੂਰਾ ਮਿੱਠਾ ਪਾ ਕੇ। ਉਹ ਹਮੇਸ਼ਾ ਸਰਦਾਰ ਜੀ ਨੂੰ ਮਨਾਉਣ ਲਈ ਇਸੇ ਤਰ੍ਹਾਂ ਚਾਹ ਬਣਾਉਂਦੀ ਸੀ। ਭਾਵੇਂ ਸ਼ੂਗਰ ਵਾਲੀ ਸੂਈ ਘਮੇਟੀਆਂ ਪਈ ਖਾਵੇ।

ਚਾਹ ਲੈ ਕੇ ਉਹ ਤੁਰਨ ਹੀ ਲੱਗੀ ਸੀ ਕਿ ਕੁਝ ਚੇਤੇ ਆਇਆ। ਚਾਹ ਉਥੇ ਹੀ ਛਡ ਕੇ ਆਪਣੇ ਕਲੋਜ਼ਿਟ ਵਿਚੋਂ ਪੀਲੇ ਫੁੱਲਾਂ ਵਾਲਾ ਪਜਾਮੀ ਵਾਲਾ ਸੂਟ ਕੱਢਿਆ, ਹਲਕੀ ਜਿਹੀ ਲਿਪਸਟਿਕ ਲਾਈ। ਫਿਰ ਸੋਚਿਆ, ਸਰਦਾਰ ਜੀ ਨੂੰ ਅੱਗੇ ਹੀ ਦਿਸਦਾ ਘੱਟ ਹੈ, ਹਲਕੀ ਲਿਪਸਟਿਕ ਦਿਸੇਗੀ ਕਿਵੇਂ? ਉਸ ਨੇ ਗੂੜੀ ਲਾਲ ਲਿਪਸਟਿਕ, ਜਿਹੜੀ ਉਹ ਡਾਲਰ ਸਟੋਰ ਤੋਂ ਲਿਆਈ ਸੀ, ਲਾ ਲਈ। ਸ਼ੀਸ਼ੇ ਵਿਚ ਵੇਖਿਆ ਆਪਣੀ ਦਬੀੜ ਸੈਟ ਕੀਤੀ ਤੇ ਆਪਣੇ ਆਪ ਨਾਲ ਬੋਲੀ, "ਹਾਂ ਹੁਣ ਠੀਕ ਹੈ। ਜਾਂਦੇ ਜਾਂਦੇ ਥੋੜ੍ਹਾ ਜਿਹਾ ਸੈਂਟ ਵੀ ਛਿੜਕ ਲਿਆ। ਉਸ ਨੂੰ ਤਸੱਲੀ ਸੀ ਕਿ ਸਰਦਾਰ ਜੀ ਦੀ ਸੁੰਘਣ ਸ਼ਕਤੀ ਅਜੇ ਤੱਕ ਪੂਰੀ ਹੈ। ਉਸ ਨੇ ਹਮਦਰਦੀ ਭਰੇ ਮਿੱਠੇ ਬੋਲਾਂ ਨਾਲ ਇਦਾਂ ਕਿਹਾ ਕਿ ਸਰਦਾਰ ਜੀ ਨੂੰ ਭਾਵੇਂ ਕਿਸੇ ਹੋਰ ਚੀਜ਼ ਦਾ ਹੀ ਭਰਮ ਪੈ ਜਾਵੇ, "ਲਵੋ ਜੀ, ਹਨੀ ਚਾਹ ਪੀ ਲਵੋ।"

ਨਿਰਮਲ ਸਿੰਘ, "ਮਹਿੰਦਰ ਜੀ ਤੁਸੀਂ ਵੀ ਲਵੋ ਨਾ।"

"ਜੀ ਮੈਂ ਵਡੇ ਕੱਪ ਵਿਚ ਲਿਆਈ ਹਾਂ, ਤੁਹਾਡੀ ਜੂਠੀ ਹੀ ਪੀ ਲਵਾਂਗੀ।"

"ਮਹਿੰਦਰ ਜੀ ਤੁਹਾਨੂੰ ਇਹ ਪੀਲਾ ਸੂਟ ਬਹੁਤ ਫਬਦਾ ਹੈ, ਪਜਾਮੀ ਨਾਲ ਤੇ ਹੋਰ ਵੀ ਸੋਹਣਾ ਲਗਦਾ ਹੈ।"

"ਛਡੋ ਜੀ, ਇਹ ਹੁਣ ਕੋਈ ਉਮਰ ਹੈ, ਇਹੋ ਜਿਹੀਆਂ ਗੱਲਾਂ ਦੀ।"

"ਚਲੋ ਠੀਕ ਹੈ।"

"ਫੇਰ ਵਾਇਦਾ ਕਰੋ, ਕੱਲ ਗੌਲਫ ਕਲੱਬ ਜ਼ਰੂਰ ਜਾਵੋਗੇ।"

"ਤੂੰ ਵੀ ਵਾਇਦਾ ਕਰ...।"

"ਚਲੋ ਨਟਖਟ ਕਿਸੇ ਥਾਂ ਦੇ, ਤੁਸੀਂ ਅੱਖਾਂ ਦੀ ਗੱਲ ਕਰਦੇ ਸੀ, ਕਿਉਂ ਨਹੀਂ ਤੁਸੀਂ ਮੇਰੇ ਭਾਈਜਾਨ ਨੂੰ ਨਾਲ ਲੈ ਜਾਂਦੇ?"

"ਵੂੱਟ...ਤੇਰੇ ਭਾਈਜਾਨ ਦੀ ਉਮਰ 102 ਸਾਲ ਹੈ, ਉਹ ਮੇਰੀ ਮਦਦ ਕਿਵੇਂ ਕਰੇਗਾ?"

"ਜੀ ਉਹ ਭਾਵੇਂ 102 ਸਾਲ ਦਾ ਹੈ, ਕਈ ਬਿਮਾਰੀਆਂ ਵੀ ਹਨ, ਬਾਈਪਾਸ ਉਪਰੇਸ਼ਨ ਵੀ ਹੋਇਆ ਹੈ, ਸ਼ੂਗਰ ਵੀ ਹੈ, ਕੰਨ ਵੀ ਦੁਖਦੇ ਹਨ, ਮੂੰਹ ਵਿਚ ਦੰਦ ਵੀ ਕੋਈ ਨਹੀਂ ਪਰ ਉਸ ਦੀ ਨਜ਼ਰ ਬਿਲਕੁਲ ਠੀਕ ਹੈ। ਨਾਲੇ ਮਿਸਿਜ਼ ਨਕਾਸ਼ੀ 'ਤੇ ਨਿਗ੍ਹਾ ਰੱਖੇਗਾ। ਉਸ ਕਲਮੂੰਹੀਂ 'ਤੇ ਮੈਨੂੰ ਭੋਰਾ ਯਕੀਨ ਨਹੀਂ, ਜਿੱਥੇ ਕੋਈ ਮਰਦ ਵੇਖਿਆ, ਬਸ ਲੱਟੂ ਹੋ ਗਈ।"

ਨਿਰਮਲ ਗੌਲਫ ਦਾ ਦੀਵਾਨਾ ਸੀ, ਉਸ ਨੇ ਸੋਚਿਆ ਕਿ ਗੱਲ ਤੇ ਠੀਕ ਹੈ, ਟਰਾਈ ਕਰਨ ਵਿਚ ਕੀ ਹਰਜ਼ ਹੈ?

ਅਗਲੇ ਦਿਨ ਨਿਰਮਲ ਆਪਣੇ ਸਾਲੇ ਨੂੰ ਲੈ ਕੇ ਸਪੋਰਟਸ ਕਾਰ ਵਿਚ ਬੈਠਾ ਤਾਂ ਸਾਲਾ ਬੋਲਿਆ, "ਭਾਈ ਸਾਹਿਬ, ਮੀਟਰ ਤੇ ਡਾਊਨ ਕਰ ਲਵੋ? ਬਾਅਦ ਵਿਚ ਕਹੋਗੇ ਇਤਨੇ ਡਾਲਰ ਬਣ ਗਏ ਹਨ।"

ਨਿਰਮਲ ਨੇ ਸੋਚਿਆ ਕਿ ਐਵੇਂ ਮਜ਼ਾਕ ਕਰਦਾ ਹੈ। ਉਸ ਨੇ ਕਾਰ ਟੌਪ ਗੇਅਰ ਵਿਚ ਪਾਈ ਤੇ ਗੌਲਫ ਕਲੱਬ ਪਹੁੰਚ ਗਏ। ਨਿਰਮਲ ਨੇ ਗੌਲਫ ਬੁਆਏ ਨੂੰ ਕਿੱਟ ਚੁਕਾਈ ਤੇ ਆਸੇ ਪਾਸੇ ਵੇਖਦਾ ਮਿਸਿਜ਼ ਨਿਕਾਸ਼ੀ ਨੂੰ ਲੱਭਣ ਲੱਗਾ। ਨਿਕਾਸ਼ੀ ਕਿਤੇ ਦਿਸ ਹੀ ਨਹੀਂ ਰਹੀ ਸੀ। ਨਿਰਮਲ ਪਤਾ ਨਹੀਂ ਤਨਾਓ ਵਿਚ ਸੀ ਜਾਂ ਅਜੇ ਬਹਾਰਾਂ ਵਾਲੇ ਫੁੱਲ ਬਰਸੇ ਨਹੀਂ ਸਨ, ਉਸ ਨੇ ਜੱਕੋ ਤੱਕੋ ਵਿਚ ਹੀ ਹਿੱਟ ਮਾਰ ਦਿੱਤੀ। ਬਾਲ ਵਲ ਤੇ ਉਸ ਦਾ ਧਿਆਨ ਹੀ ਨਹੀਂ ਸੀ। ਉਹ ਤੇ ਉਦਾਸ ਸੀ, ਬਹੁਤ ਉਦਾਸ। ਉਸ ਦਾ ਦਿਲ ਕਰ ਰਿਹਾ ਸੀ ਕਿ ਕੋਈ ਮੁਕੇਸ਼ ਦਾ ਗਾਣਾ ਗਾਵੇ।

ਦੋ ਕਾਰਜ ਇੱਕਠੇ ਹੀ ਹੋ ਗਏ, ਇੱਕ ਤੇ ਨਿਕਾਸ਼ੀ ਬੇਬੀ ਆਪਣੇ ਹੀ ਅੰਦਾਜ਼ ਵਿਚ ਬਾਰ ਵਿਚੋਂ ਆ ਰਹੀ ਸੀ ਤੇ ਦੂਜਾ ਕਿਸੇ ਨੇ ਉਸ ਦੀ ਬਾਲ ਦੀ ਉਡਾਣ ਵੇਖ ਕੇ, ਕਿਲਕਾਰੀ ਮਾਰ ਦਿੱਤੀ।

ਨਿਰਮਲ ਨੇ ਆਪਣੇ ਸਾਲੇ ਨੂੰ ਵੇਖਿਆ ਜੋ ਆਪਣੀ ਜੁੱਤੀ ਲਾਹ ਕੇ ਘਾਹ ਉਤੇ ਲੇਟਿਆ ਹੋਇਆ ਸੀ। ਨਿਰਮਲ ਨੇ ਸਾਲੇ ਨੂੰ ਪੁੱਛਿਆ, "ਕੀ ਤੂੰ ਬਾਲ ਜਾਂਦਾ ਵੇਖਿਆ ਹੈ?"

"ਹਾਂ ਵੇਖਿਆ ਹੈ, ਮੇਰੀ ਤੇ ਨਿਗ੍ਹਾ ਕਾਂ ਵਰਗੀ ਹੈ।"

"ਕਿਧਰ ਗਿਆ?" ਨਿਰਮਲ ਨੇ ਪੁੱਛਿਆ।

"ਕੌਣ?"

"ਬਾਲ"

"ਬਾਲ, ਨਹੀਂ ਹੁਣ ਤੇ ਉਹ ਜੁਆਨ ਹੋ ਗਿਆ ਹੈ। ਬਾਰਵੀਂ ਵਿਚ ਪੜ੍ਹਦਾ ਹੈ।"

"ਉਹ ਬੁੱਧੂਆ, ਨਿਆਣਾ ਨਹੀਂ, ਗੌਲਫ ਬਾਲ?"

"ਕਿਹੜਾ ਗੌਲਫ ਬਾਲ, ਨਾਲੇ ਤੂੰ ਕੌਣ ਹੈਂ?"

"ਮੈਂ ਨਿਰਮਲ, ਤੇਰਾ ਜੀਜਾ?"

"ਮੇਰਾ ਜੀਜਾ, ਮੇਰੀ ਤੇ ਭੈਣ ਹੀ ਕੋਈ ਨਹੀਂ।"

"ਮਹਿੰਦਰ ਕੌਰ ਤੇਰੀ ਕੀ ਲਗਦੀ ਹੈ?"

"ਕਿਹੜੀ ਮਹਿੰਦਰ ਕੌਰ?"

"ਉਹ ਬੁੱਢੂਆ, ਤੇਰੀ ਭੈਣ ਮਹਿੰਦਰ ਕੌਰ ਤੇ ਮੇਰੀ ਪਤਨੀ ਮਹਿੰਦਰ ਕੌਰ?"

"ਕੀ ਦੋਵਾਂ ਦਾ ਨਾਮ ਇੱਕੋ ਹੈ?"

ਉਦੋਂ ਹੀ ਮਿਸਿਜ਼ ਨਿਕਾਸ਼ੀ ਆ ਗਈ ਤੇ ਬੋਲੀ, "ਕੀ ਮੈਟਰ ਹੈ ਮਿਸਟਰ...ਨੀਲ ਕੰਠ।"

"ਹੈਂ, ਇਹ ਨੀਲ ਕੰਠ ਹੈ ਤੇ ਇਹ ਮੇਰਾ ਸਿਰ ਕਿਉਂ ਖਾ ਰਿਹਾ ਹੈ? ਕਦੇ ਕਹਿੰਦਾ ਮੈਂ ਤੇਰਾ ਜੀਜਾ ਹਾਂ, ਕਦੇ ਕਹਿੰਦਾ ਮੇਰੀ ਪਤਨੀ ਦਾ ਨਾਮ ਮਹਿੰਦਰ ਕੌਰ ਹੈ, ਕਦੇ ਕਹਿੰਦਾ ਮੇਰੀ ਭੈਣ ਦਾ ਨਾਮ ਮਹਿੰਦਰ ਕੌਰ ਹੈ। ਕੀ ਇਹ ਜੋਤਸ਼ੀ ਹੈ?"

ਉਦੋਂ ਹੀ ਮਹਿੰਦਰ ਕੌਰ ਵੀ ਹਫਦੀ ਹੋਈ ਉਥੇ ਆ ਗਈ ਤੇ ਬੋਲੀ, "ਸਰਦਾਰ ਜੀ, ਇੱਕ ਗੱਲ ਤੇ ਦੱਸਣਾ ਮੈਂ ਭੁਲ ਹੀ ਗਈ ਕਿ ਮੇਰੇ ਭਾਈ ਦੀ ਨਿਗ੍ਹਾ ਭਾਵੇਂ ਠੀਕ ਹੈ ਪਰ ਇਸ ਨੂੰ ਭੁੱਲਣ ਦੀ ਬਿਮਾਰੀ (ਆਲਜ਼ਾਈਮਰ) ਹੈ। ਇੱਕ ਗੱਲ ਹੋਰ ਘਰ ਤੁਹਾਡੇ ਦਾਦਾ ਜੀ ਗੁਰਧਾਮਾਂ ਦੀ ਯਾਤਰਾ ਤੋਂ ਵਾਪਸ ਆ ਗਏ ਹਨ। ਉਹ ਗੁੱਸੇ ਹੋ ਰਹੇ ਸਨ ਕਿ ਕਦੇ ਗੁਰਦੁਆਰੇ ਮੱਥਾ ਵੀ ਟੇਕ ਆਇਆ ਕਰੋ, ਕਦੇ ਪਾਠ ਵੀ ਕਰ ਲਿਆ ਕਰੋ।"

# ਅਹਿਸਾਸ-ਏ-ਕਮਤਰੀ

ਬਿਨ ਮੰਗੇ ਮੋਤੀ ਮਿਲੇ
ਮੰਗਿਆਂ ਮਿਲੀ ਨਾ ਭੀਖ
ਇਹਨੂੰ ਕਹਿਣ ਤਕਦੀਰ ਬੇਲੀਓ
ਇਹਨੂੰ ਕਹਿਣ ਤਕਦੀਰ।

ਜ਼ਿੰਦਗੀ ਵੀ ਬਹੁਤ ਅਜੀਬ ਹੈ, ਕਦੋਂ, ਕਿਵੇਂ, ਕਿਥੇ ਕੌਣ ਮਿਲੇ ਤੇ ਵਿਛੜ ਜਾਵੇ, ਕਿਸੇ ਨੂੰ ਇਸ ਗੱਲ ਦਾ ਰਤਾ ਵੀ ਇਲਮ ਨਹੀਂ। ਰੱਬ ਦੇ ਰੰਗ ਤਾਂ ਉਹੀ ਜਾਣਦੈ, ਬੰਦਾ ਐਵੇਂ ਵਹਿਮ ਪਾਲੀ ਫਿਰਦਾ ਹੈ ਕਿ ਉਸ ਨੂੰ ਸਭ ਕੁਝ ਪਤਾ ਹੈ। ਪਰ ਜਦੋਂ ਭੇਦ ਦੀ ਗੰਢ ਖੁੱਲ੍ਹਦੀ ਹੈ ਤਾਂ ਕਈਆਂ ਦੇ ਹੱਥ ਲੱਗਦੀ ਹੈ ਜਿੱਤ ਤੇ ਕਈਆਂ ਦੇ ਹਾਰ! ਸ਼ਾਇਦ ਇਸੇ ਨੂੰ ਹੀ ਕਹਿੰਦੇ ਨੇ ਸੰਸਾਰ!



ਦਵਿੰਦਰ ਕੌਰ ਕੈਨੇਡਾ
davindergkaur@gmail.com

ਅੱਜ ਬਹੁਤ ਵਰ੍ਹੇ ਹੋ ਗਏ ਪਰਦੇਸੀ ਹੋਇਆਂ ਨੂੰ, ਪਤਾ ਨਹੀਂ ਉਹ ਕਿਹੜੀਆਂ ਮੋਹ ਦੀਆਂ ਤੰਦਾਂ ਨੇ ਜੋ ਆਪਣੀ ਮਿੱਟੀ ਤੇ ਵਿਰਸੇ ਨਾਲੋਂ ਸਾਨੂੰ ਟੁੱਟਣ ਨਹੀਂ ਦਿੰਦੀਆਂ। ਜਦੋਂ ਕਦੇ ਵੀ ਮੌਕਾ ਮਿਲਦੈ ਆਪਣੇ ਵਤਨ ਮੁੜਨ ਦਾ, ਤਾਂ ਇੰਜ ਲੱਗਦੈ ਜਿਵੇਂ ਸਾਨੂੰ ਪਰਦੇਸੀਆਂ ਨੂੰ ਖੰਭ ਲੱਗ ਜਾਂਦੇ ਨੇ ਤੇ ਅਸੀਂ ਪਲਕ ਝਪਕਦੇ ਉਡਾਰੀ ਮਾਰ ਹੀ ਲੈਂਦੇ ਆਂ! ਵਤਨ ਜਾਣ ਦਾ ਇੰਨਾ ਚਾਅ ਚੜ੍ਹਦੈ ਕਿ ਜਾਣ ਲੱਗਿਆਂ ਆਪਣੇ ਖਾਸ ਦੋਸਤਾਂ ਨੂੰ ਫ਼ੋਨ ਕਰ ਕੇ ਪੁਛ ਲਈਦਾ ਹੈ, "ਦੱਸ ਫੇਰ ਕੀ ਲਿਆਵਾਂ ਤੇਰੇ ਲਈ? ਤੇਰੇ ਪਿੰਡ ਵੀ ਜਾਣਾ ਦੱਸ ਜੇ ਕੋਈ ਸੁਨੇਹਾ ਘੱਲਣਾ ਤਾਂ?" ਅੱਗਿਓਂ ਉਹ ਹੱਸ ਕੇ ਕਹਿ ਦਿੰਦੇ ਨੇ, "ਮੇਰੇ ਪਿੰਡ ਨੂੰ ਮੇਰਾ ਸਲਾਮ ਕਰੀਂ, ਕਹੀਂ ਮੈਂ ਉਸ ਨੂੰ ਬਹੁਤ ਚੇਤੇ ਕਰਦਾਂ, ਤੇ ਆਉਂਦੇ ਹੋਏ ਮੇਰੇ ਪਿੰਡ ਦੀ ਮਹਿਕ ਆਪਣੇ ਸਾਹੀਂ ਭਰ ਲਿਆਈਂ!" ਦੇਖਣ ਸੁਣਨ ਨੂੰ ਥੋੜਾ ਅਜੀਬ ਤਾਂ ਲੱਗਦਾ ਹੈ ਪਰ ਸਾਡਾ ਪਰਦੇਸੀਆਂ ਦਾ ਇਹੋ ਵਰਤਾਰਾ ਇੱਕ ਦੂਜੇ ਨੂੰ ਖੁਸ਼ ਦੇਖ ਹੱਸ-ਖੇਡ ਲਈਦਾ ਹੈ।

ਜ਼ਿੰਦਗੀ ਬਹੁਤ ਛੋਟੀ ਏ, ਜਿਹਨੂੰ ਤਾਂ ਇਹ ਗੱਲ ਸਮਝ ਆ ਜਾਵੇ, ਉਹ ਨਾ ਕਿਸੇ ਨੂੰ ਦੁਖੀ ਕਰ ਸਕਦਾ, ਨਾ ਦੇਖ ਸਕਦਾ ਹੈ। ਉਹ ਅਕਸਰ ਦੂਜਿਆਂ ਨੂੰ ਖੁਸ਼ ਕਰਨ ਦੇ ਬਹਾਨੇ ਲੱਭਦਾ ਤੇ ਉਨ੍ਹਾਂ ਦੀਆਂ ਖੁਸ਼ੀਆਂ ਦੇ ਵਿਚ ਆਪਣੀ ਜ਼ਿੰਦਗੀ ਦੇ ਦੁੱਖ ਭੁੱਲ ਜਾਂਦਾ ਹੈ, ਸ਼ਾਇਦ! ਇਹ ਇੱਕ ਬੁੱਧ ਪੁਰਸ਼ ਦੀ ਜ਼ਿੰਦਗੀ ਹੈ ਤੇ ਇਸ 'ਤੇ ਚੱਲਣਾ ਹਰ ਕਿਸੇ ਦੇ ਵੱਸ ਦੀ ਖੇਡ ਨਹੀਂ।

ਅੱਜ ਕੋਹੜ ਵਾਂਗੂ ਵਧ ਰਹੀ ਈਰਖਾ ਦੇਸ-ਵਿਦੇਸ਼, ਹਰ ਪਾਸੇ ਸਮਾਜ ਵਿਚ ਸਾਡੇ ਰਿਸ਼ਤਿਆਂ ਨੂੰ ਖੋਖਲਾ ਕਰ ਰਹੀ ਹੈ। ਲੋੜ ਹੈ, ਇਨ੍ਹਾਂ ਪਿਛਲੇ ਕੁਝ ਅਹਿਮ ਕਾਰਨਾਂ ਨੂੰ ਜਾਣੀਏ, ਉਨ੍ਹਾਂ 'ਤੇ ਅਮਲ ਕਰੀਏ, ਰੱਬ ਵੱਲੋਂ ਮਿਲੀਆਂ ਦਾਤਾਂ ਨੂੰ ਨਜ਼ਰ ਅੰਦਾਜ਼ ਨਾ ਕਰ, ਸਬਰ ਨੂੰ ਗੰਢ ਮਾਰ ਆਪਣੇ ਤੋਂ ਮਾੜੇ ਵੱਲ ਵੇਖ ਕੇ ਵਕਤ ਲੰਘਾਈਏ ਤੇ ਕਿਸੇ ਦੇ ਦੁੱਖ ਨੂੰ, ਖੁਸ਼ੀ ਨੂੰ ਦਿਲੋਂ ਮਹਿਸੂਸ ਕਰੀਏ ਨਾ ਕਿ ਈਰਖਾ ਦੀ ਦੁਰਗੰਧ ਨਾਲ ਆਲਾ ਦੁਆਲਾ ਪਲੀਤ ਕਰੀਏ।

ਦੁਖ ਵਾਲੀ ਗੱਲ ਹੈ ਕਿ ਮਾਨਵਤਾ ਲਈ, ਲੋਕ ਅਣਗਿਣਤ ਕਿਤਾਬਾਂ ਪੜ੍ਹਨ ਤੇ ਉਚੀਆਂ ਡਿਗਰੀਆਂ ਪ੍ਰਾਪਤ ਕਰਨ ਦੇ ਬਾਵਜੂਦ ਆਪਣੀ ਸੋਚ ਨੂੰ ਕਿਸੇ ਹੱਦ ਤੱਕ ਨਹੀਂ ਬਦਲ ਸਕੇ। ਉਹ ਭਾਵੇਂ ਸ਼ਹਿਰ ਬਦਲਣ ਤੇ ਭਾਵੇਂ ਮੁਲਕ ਜਾਂ ਪਹਿਰਾਵਾ, ਇਹ 'ਆਜ਼ਾਦੀ ਪਸੰਦ-ਗੁਲਾਮ ਸੋਚ ਦੇ ਮਾਲਕ ਲੋਕ', ਨਜ਼ਰ ਮਾਰੋ ਤਾਂ ਆਲੇ ਦੁਆਲੇ ਬਹੁਤ ਮਿਲਣਗੇ, ਅਜਿਹੇ ਟੋਭੇ ਦੇ ਡੱਡੂ।

ਇਹ ਲੋਕ ਸਾਡੇ ਸਮਾਜ ਨੂੰ ਉਸਾਰਨ ਦੀ ਥਾਂ ਉਜਾੜਨ ਵੱਲ ਤੁਰੇ ਹੋਏ ਨੇ ਤੇ ਇਸ ਦਾ ਨੀਂਹ ਪੱਥਰ ਇਹ ਆਪਣੇ ਘਰ, ਰਿਸ਼ਤੇਦਾਰਾਂ ਤੇ ਦੋਸਤਾਂ ਦੀ ਨਿਜੀ ਜ਼ਿੰਦਗੀ 'ਤੇ ਟਿੱਪਣੀ ਕਰ ਕੇ ਰੱਖਦੇ ਹਨ।

ਅਸਲ ਵਿਚ ਇਹ ਲੋਕ ਅਹਿਸਾਸ-ਏ-ਕਮਤਰੀ (ਇਨਫੀਰੀਅਰ ਕੰਪਲੈਕਸ) ਮਤਲਬ ਹੀਣ-ਭਾਵਨਾ ਦੇ ਸ਼ਿਕਾਰ ਹੁੰਦੇ ਹਨ। ਇਹ ਇੱਕ ਨਵੀਂ ਬਿਮਾਰੀ ਹੈ, ਜਿਸ ਦੀ ਦਵਾਈ ਕਿਸੇ ਡਾਕਟਰ ਕੋਲ ਮੌਜੂਦ ਨਹੀਂ ਕਿਉਂਕਿ ਇਸ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਮਰੀਜ਼ ਨੂੰ ਆਪਣੀ ਗੁਲਾਮ ਸੋਚ ਦੀਆਂ ਬੇੜੀਆਂ ਆਪ ਹੀ ਤੋੜਨੀਆਂ ਪੈਂਦੀਆਂ ਹਨ। ਸੋਚ ਬਦਲਣਾ ਅੱਜ ਸਾਡੀ ਜੀਵਨ ਸ਼ੈਲੀ ਦੀ ਮੁੱਖ ਲੋੜ ਹੈ। ਇਹ ਤਬਦੀਲੀ ਸਾਡੀ ਜ਼ਿੰਦਗੀ ਨੂੰ ਅਨੰਦ ਭਰਪੂਰ ਬਣਾ ਸਕਦੀ ਹੈ।

ਅਖੀਰ ਕੀ ਹੈ ਇਹ ਹੀਣ-ਭਾਵਨਾ?

ਸਾਨੂੰ ਅਕਸਰ ਦੇਖਣ-ਸੁਣਨ ਨੂੰ ਮਿਲਦਾ ਹੈ ਕਿ ਪਤੀ-ਪਤਨੀ ਦੀ ਆਪਸ ਵਿਚ ਨਹੀਂ ਬਣਦੀ। ਕਾਰਨ ਬਹੁਤ ਹੋ ਸਕਦੇ ਨੇ ਪਰ ਅੱਜ ਪ੍ਰਮੁੱਖ ਕਾਰਨ ਹੈ, ਦੋਨਾਂ ਧਿਰਾਂ 'ਚੋਂ ਕਿਸੇ ਇੱਕ ਧਿਰ ਦਾ ਦੂਜੀ ਨੂੰ ਨਾ ਸਮਝਣਾ। ਕਾਰਨ ਸਮਝਣ ਨਾਲ, ਝੁਕਣ ਨਾਲ, ਉਨ੍ਹਾਂ ਦੀ ਹਉਮੈ ਨੂੰ ਠੇਸ ਪਹੁੰਚਦੀ ਹੈ ਤੇ ਹਉਮੈ ਨੂੰ ਕਾਇਮ ਰੱਖਣ ਲਈ ਉਹ ਆਪਣਾ ਰਿਸ਼ਤਾ ਹਾਰ ਜਾਂਦੇ ਨੇ।

ਦੂਜਾ ਕਾਰਨ ਹੈ, ਪਤੀ-ਪਤਨੀ ਦਾ ਇੱਕ ਦੂਜੇ ਨਾਲੋਂ ਵੱਧ ਪੜ੍ਹੇ-ਲਿਖੇ ਹੋਣਾ, ਦਿਮਾਗੀ ਜਾਂ ਸਰੀਰਕ ਪੱਖੋਂ ਵਧ ਪ੍ਰਭਾਵਸ਼ਾਲੀ ਹੋਣਾ। ਇਸ ਤਰ੍ਹਾਂ ਦੇ ਹਾਲਾਤ ਵਿਚ ਇਹ ਇੱਕ ਦੂਜੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦੇ ਹਨ। ਕਿਸੇ ਗੈਰ ਦੇ ਮੂੰਹੋਂ ਦੂਜੇ ਦੀ ਸਿਫ਼ਤ ਸੁਣਨਾ, ਉਸ ਦਾ ਕਿਸੇ ਹੋਰ ਨਾਲ ਹੱਸ ਕੇ ਗੱਲ ਕਰਨਾ, ਉਨ੍ਹਾਂ ਨੂੰ ਰਤਾ ਵੀ ਬਰਦਾਸ਼ਤ ਨਹੀਂ ਹੁੰਦਾ। ਇਹ ਹੀਣ-ਭਾਵਨਾ ਹੀ ਤਾਂ ਹੈ। ਆਪਣੇ ਆਪ ਨੂੰ ਖੁਸ਼ਕਿਸਮਤ ਸਮਝਣ ਦੀ ਥਾਂ, ਆਪਣੇ ਸਾਥੀ ਨੂੰ ਉਤਸ਼ਾਹਿਤ ਨਾ ਕਰ ਕੇ, ਘਰ ਵਿਚ ਕਿਸੇ ਗੱਲੋਂ ਕਲੇਸ਼ ਕਰਨਾ, ਨੁਕਸ ਕੱਢਣਾ, ਆਪਣੀ ਨਿਜੀ ਜ਼ਿੰਦਗੀ ਦੀ ਹੋਰਾਂ ਨਾਲ ਤੁਲਨਾ ਕਰਨੀ, ਜ਼ਿੰਦਗੀ ਵਿਚ ਸੁੱਖ ਸਹੂਲਤਾਂ ਹੋਣ ਦੇ ਬਾਵਜੂਦ ਅਸੰਤੁਸ਼ਟ ਰਹਿਣਾ, ਜੀਵਨ ਸਾਥੀ ਦੇ ਕੰਮ ਤੋਂ ਘਰ ਪਰਤਣ 'ਤੇ ਉਸ ਨੂੰ ਬਣਦਾ ਸਨਮਾਨ ਨਾ ਦੇਣਾ, ਗ੍ਰਹਿਸਥੀ ਜੀਵਨ ਦੇ ਸੁੱਖ ਤੋਂ ਵਾਂਝਾ ਰੱਖਣਾ, ਨਿੱਕੀ ਨਿੱਕੀ ਗੱਲ 'ਤੇ ਰੋਹਬ ਦਿਖਾਉਣਾ, ਨਿਜੀ ਜਾਂ ਜਜ਼ਬਾਤੀ ਬਲੈਕਮੇਲ ਕਰਨਾ, ਆਪਣੇ ਸਾਥੀ ਦੀ ਕਿਸੇ ਕਮਜ਼ੋਰੀ ਨੂੰ ਫੜਨਾ। ਇਹ ਸਭ ਕੁਝ ਕਰ ਕੇ ਅਸੀਂ ਉਸ ਨੂੰ ਦਿਮਾਗੀ ਤੌਰ 'ਤੇ ਰੋਜ਼ਾਨਾ ਜ਼ਿੰਦਗੀ ਦੇ ਰੁਝੇਵੇਂ ਦੇ ਨਾਲ ਉਦਾਸੀ, ਇਕਲਾਪੇ ਦੇ ਡੂੰਘੇ ਸਾਗਰ 'ਚ ਆਪਣੇ ਹੱਥੀਂ ਧੱਕਾ ਦਿੰਦੇ ਹਾਂ। ਨਤੀਜੇ ਵਜੋਂ ਮਾਨਸਿਕ ਰੂਪ 'ਚ ਟੁੱਟ ਜਾਂਦੇ ਹਾਂ ਤੇ ਚਿੰਤਾ ਵਰਗੀ ਭਿਆਨਕ ਬਿਮਾਰੀ ਦਾ ਸ਼ਿਕਾਰ ਬਣ ਜਾਂਦੇ ਹਾਂ। ਜੋ ਬੰਦੇ ਦੀ ਸਿਹਤ ਤਾਂ ਖਰਾਬ ਕਰਦੀ ਹੀ ਹੈ, ਇਸ ਦੇ ਨਾਲ ਜ਼ਿੰਦਾ-ਦਿਲ, ਕਾਮਯਾਬ ਇਨਸਾਨ ਅੰਦਰੋਂ ਟੁੱਟ ਕੇ ਆਪਣਾ ਆਤਮ ਵਿਸ਼ਵਾਸ, ਆਪਣੀ ਅਸਲ ਪਹਿਚਾਣ ਨੂੰ ਹੀ ਭੁੱਲ ਜਾਂਦਾ ਹੈ। ਕਾਰਨ ਸਿਰਫ਼ ਇਹ, ਜੀਵਨ ਸਾਥੀ ਨੂੰ ਅੱਗੇ ਵਧਣਾ ਪਸੰਦ ਨਹੀਂ।

ਉਫ਼! ਬਹੁਤ ਤਕਲੀਫ਼ ਦਿੰਦੇ ਨੇ ਇਹ, ਗੁਲਾਮ (ਛੋਟੀ) ਸੋਚ ਵਾਲੇ ਲੋਕ।

ਇਹ ਕੰਪਲੈਕਸ ਸਾਡੇ ਦੋਸਤਾਂ, ਰਿਸ਼ਤੇਦਾਰਾਂ ਵਿਚ ਵੀ ਅਕਸਰ ਦੇਖਣ ਨੂੰ ਮਿਲਦਾ ਹੈ। ਜਿਵੇਂ ਉਸ ਨੂੰ ਕੋਈ ਹੋਰ ਕਿਉਂ, ਕਿਵੇਂ, ਕਿੱਦਾਂ ਜਾਣਦਾ ਹੈ। ਉਹ ਮੇਰੇ ਤੋਂ ਅੱਗੇ ਕਿਵੇਂ ਨਿਕਲ ਗਿਆ, ਉਹਦੇ ਨਾਲ ਕਿਉਂ ਹੱਸਿਆ-ਬੋਲਿਆ, ਉਨ੍ਹਾਂ ਦਾ ਰਿਸ਼ਤਾ ਕੀ ਹੈ ਇੱਕ ਦੂਜੇ ਨਾਲ! ਜੇ ਕੋਈ ਤਲਾਕਸ਼ੁਦਾ ਜਾਂ ਸਿੰਗਲ ਹੈ, ਉਸ ਪਿੱਛੇ ਕੀ ਕਾਰਨ ਹੈ, ਇਹ ਲੋਕ ਕਿਸੇ ਸਮੂਹਕ ਇਕੱਠ ਵਿਚ ਕੋਈ ਗਿਆਨ ਨਹੀਂ ਹਾਸਿਲ ਕਰਨ ਜਾਂਦੇ, ਸਗੋਂ ਆਪਣੇ ਹੰਕਾਰ ਨੂੰ ਪੱਠੇ ਪਾਉਣ ਜਾਂਦੇ ਹਨ। ਕਿਸੇ ਦੇ ਬੁੱਲ੍ਹਾਂ ਦਾ ਹਾਸਾ, ਸੁਹੱਪਣ, ਹਾਰ ਸ਼ਿੰਗਾਰ, ਗਹਿਰੀ ਦੋਸਤੀ, ਜਦੋਂ ਇਨ੍ਹਾਂ ਲੋਕਾਂ ਦੀ ਚਿੰਤਾ ਦਾ ਵਿਸ਼ਾ ਬਣਦਾ ਹੈ, ਉਦੋਂ ਇਹ ਲੋਕ ਆਪਣਾ ਮਾਨਸਿਕ ਸੰਤੁਲਨ ਖੋ ਬੈਠਦੇ ਹਨ ਤੇ ਆਪਣੀ ਛੋਟੀ ਸੋਚ ਨਾਲ 'ਖਿਆਲੀ ਖਿਚੜੀ' ਬਣਾ ਉਸ ਵਿਚ ਈਰਖਾ ਦਾ ਤੜਕਾ ਲਾ ਕੇ ਸਮਾਜ ਵਿਚ ਹਰ ਥਾਂਵੇਂ ਪਰੋਸਦੇ ਹਨ। ਅਖੀਰ ਇਹ ਲੋਕ ਕਦੋਂ ਬਦਲਣਗੇ, ਕਦੋਂ ਇਹ ਜ਼ਿੰਦਗੀ ਨੂੰ ਰਿਸ਼ਤਿਆਂ ਨੂੰ ਨਵੇਂ ਦ੍ਰਿਸ਼ਟੀਕੋਣ ਨਾਲ ਦੇਖਣਗੇ, ਕਦੋਂ ਆਪਣੀਆਂ ਅੱਖਾਂ ਤੋਂ ਇਹ ਧੁੰਦਲੀ ਐਨਕ ਉਤਾਰ ਆਪਣੇ ਹੱਥੀਂ ਸਾਫ਼ ਕਰ, ਇਸ ਸਮਾਜ ਨੂੰ ਇੱਕ ਉਸਾਰੂ ਸੋਚ ਨਾਲ ਵਿਕਸਿਤ ਹੁੰਦਿਆਂ ਦੇਖਣਗੇ?



ਇਸ ਬਾਰੇ ਪੰਜਾਬੀ ਗੀਤਕਾਰ ਪਰਮਜੀਤ ਸਿੰਘ ਢਿੱਲੋਂ (ਕੈਨੇਡਾ) ਚਿੰਤਾ ਜ਼ਾਹਿਰ ਕਰਦੇ ਹਨ:

ਲੱਖਾਂ ਜੱਗ 'ਤੇ ਆਏ, ਲੱਖਾਂ ਈ ਆਉਣੇ ਲੋਕ,
ਕਲਮ ਤੋਂ ਉਚੇ, ਕਿਰਦਾਰਾਂ ਤੋਂ ਬੌਣੇ ਲੋਕ।
ਜ਼ਿੰਦਗੀ ਦੇ ਹਰ ਪੰਨੇ ਨੂੰ ਮੈਂ ਫੋਲ ਲਿਆ,
ਚੰਗੇ ਖੋਰੇ ਭੁੱਲ ਗਿਆ ਵਿਚ ਲਿਖਾਉਣੇ ਲੋਕ।
ਇਹ ਤਾਂ ਯਾਰੋ ਸਦੀਆਂ ਤੋਂ ਵਰਤਾਰਾ ਹੈ,
ਰੱਬ ਨੇ ਬੰਦ ਨਹੀਂ ਕਰਨੇ ਇਹੋ ਬਣਾਉਣੇ ਲੋਕ।
ਜੇ ਕੋਈ ਕਰੇ ਸਲਾਮ ਤਾਂ ਆਖਣ ਬਦਕਾਰੀ,
ਕਦ ਸਮਝਣਗੇ ਇਹ ਅਕਲਾਂ ਤੋਂ ਪੌਣੇ ਲੋਕ।
ਆਪਣੀ ਤੂੰ ਰਫ਼ਤਾਰ 'ਚ ਦੌੜ ਲਗਾਈ ਜਾ,
ਦਮ ਹੋਇਆ ਤਾਂ ਤੈਨੂੰ ਮਿਲ ਨਹੀਂ ਪਾਉਣੇ ਲੋਕ।
ਰੱਖ ਹੌਸਲਾ 'ਢਿੱਲੋਂ' ਨਾ ਘਬਰਾਇਆ ਕਰ,
ਚੰਦ ਕੁ ਗੁਜ਼ਰੇ ਹਾਲੇ ਲੱਖਾਂ ਆਉਣੇ ਲੋਕ।

ਉਸ ਦੀ ਚਿੰਤਾ ਇਸ ਪੀੜ ਨੂੰ ਦਰਸਾਉਂਦੀ ਹੈ ਕਿ ਸਾਡੇ ਰਿਸ਼ਤਿਆਂ 'ਤੇ ਇਹ ਛੋਟੀ ਸੋਚ ਦੇ ਲੋਕ ਸਦਾ ਹੀ ਭਾਰੂ ਰਹਿਣਗੇ ਕਿਉਂਕਿ ਇਹ ਚੰਗੇ-ਮਾੜੇ ਸਭ ਉਸ ਰੱਬ ਦੀ ਪੈਦਾਵਾਰ ਹਨ। ਇਨ੍ਹਾਂ ਦਾ ਸਭ ਕੁਝ ਹੁੰਦਿਆਂ ਹੋਇਆਂ ਅਸੰਤੁਸ਼ਟ ਹੋਣਾ ਇੱਕ ਮਨੁੱਖੀ ਵਰਤਾਰੇ ਦਾ ਹਿੱਸਾ ਹੈ, ਜਿਸ ਨੂੰ ਬਦਲਣ ਲਈ ਸਾਨੂੰ ਸਿਰਫ਼ ਆਪਣੇ ਆਪ ਨੂੰ ਬਦਲਣ ਦੀ ਲੋੜ ਹੈ। ਸਾਨੂੰ ਸਿਰਫ਼ ਇੱਕ ਨਿੱਕੀ ਜਿਹੀ ਗੱਲ ਪੱਲੇ ਬੰਨ੍ਹਣ ਦੀ ਲੋੜ ਹੈ ਕਿ ਸਾਨੂੰ ਸਮਾਜ ਵਿਚ ਇੱਕ ਫੁੱਲ ਵਾਂਗ ਮਹਿਕਦੇ ਰਹਿਣਾ ਚਾਹੀਦਾ ਹੈ।

ਅਸੀਂ ਕਿਸੇ ਲਈ ਮਿਸਾਲ ਬਣੀਏ, ਲੋਕ ਸਾਨੂੰ ਵੇਖ ਉਤਸ਼ਾਹਿਤ ਹੋਣ, ਨਾ ਕਿ ਈਰਖਾਲੂ। ਖੁਸ਼ੀ-ਖੁਸ਼ੀ ਸਾਡੀ ਮਹਿਕ ਨੂੰ ਅਪਨਾਉਣ ਤੇ ਆਪਣੀ ਜ਼ਿੰਦਗੀ ਨੂੰ ਸੇਧ ਦੇ ਕੇ ਸਹੀ ਦਿਸ਼ਾ ਵੱਲ ਲੈ ਤੁਰਨ।

# ਮੇਰੇ ਪਿੰਡ ਦਾ ਇਮਾਨਦਾਰ ਅਫਸਰ

ਸ਼ਖਸੀਅਤਾਂ

ਕਹਾਵਤ ਹੈ, ਜਿਹੀ ਸੰਗਤ ਤਿਹੀ ਰੰਗਤ; ਭਾਵ ਜਿਹੋ ਜਿਹਾ ਬੰਦੇ ਨੂੰ ਮਾਹੌਲ ਮਿਲਦਾ ਹੈ, ਉਹੋ ਜਿਹੇ ਉਸ ਦੇ ਵਿਚਾਰ ਬਣ ਜਾਂਦੇ ਹਨ। 'ਸਾਡੇ ਵਾਰਸ' ਕਿਤਾਬ ਦੀ ਭੂਮਿਕਾ ਵਿਚ ਸ. ਗੁਰਬਖਸ਼ ਸਿੰਘ 'ਪ੍ਰੀਤ ਲੜੀ' ਲਿਖਦੇ ਹਨ, "ਕਈ ਵਾਰ ਤੁਸਾਂ ਕਿਸੇ ਆਦਮੀ ਨੂੰ ਹੱਥਕੜੀਆਂ ਲਾ ਕੇ ਪੁਲਿਸ ਵਾਲਿਆਂ ਨੂੰ ਬਾਜ਼ਾਰ ਵਿਚ ਲਈ ਜਾਂਦਿਆਂ ਵੇਖਿਆ ਹੋਵੇਗਾ, ਇਹ ਵੀ ਕਦੀ ਪੁੱਤਰ-ਸਹਿਕਦੀਆਂ ਮਾਂਵਾਂ ਨੂੰ ਜੰਮੇ ਸਨ ਪਰ ਮਾੜੀ ਸੰਗਤ ਕਾਰਨ ਉਹ ਜਰਾਇਮ-ਪੇਸ਼ਾ ਬਣ ਗਏ। ਇਸ ਵਿਚ ਇਨ੍ਹਾਂ ਦਾ ਕੋਈ ਕਸੂਰ ਨਹੀਂ। ਸਮਾਜ ਅਤੇ ਮਾਪੇ ਉਨ੍ਹਾਂ ਨੂੰ ਸਹੀ ਅਗਵਾਈ ਨਾ ਦੇ ਸਕੇ ਜਿਸ ਕਾਰਨ ਉਨ੍ਹਾਂ ਨੂੰ ਇਸ ਅਵਸਥਾ ਵਿਚੋਂ ਗੁਜ਼ਰਨਾ ਪਿਆ।"



ਸੁਰਜੀਤ ਸਿੰਘ ਦਾ ਬਾਪ ਸੇਵਾ ਮੁਕਤ ਫੌਜੀ ਸੀ। ਸਾਰਾ ਪਿੰਡ ਉਹਨੂੰ ਹੌਲਦਾਰ

ਜਸਵੰਤ ਸਿੰਘ ਸੰਧੂ (ਘਰਿੰਡਾ)
ਯੂਨੀਅਨ ਸਿਟੀ, ਕੈਲੀਫੋਰਨੀਆ
ਫੋਨ: 510-516-5971

ਆਖਦਾ। ਸੇਵਾ ਮੁਕਤ ਹੋ ਕੇ ਉਸ ਨੇ ਜੱਦੀ ਕੰਮ ਖੇਤੀਬਾੜੀ ਸ਼ੁਰੂ ਕਰ ਲਈ। ਉਹ ਅਸੂਲਪ੍ਰਸਤ, ਇਮਾਨਦਾਰ ਆਦਮੀ ਸੀ। ਆਪਸ ਵਿਚ ਖਿਆਲ ਮਿਲਣ ਕਰ ਕੇ ਉਹ ਮੇਰੇ ਪਿਤਾ ਜੀ ਦਾ ਗੂੜ੍ਹਾ ਮਿੱਤਰ ਸੀ। ਦੋਵੇਂ ਘੰਟਿਆਂ ਬੱਧੀ ਗੱਲਾਂ ਕਰਦੇ ਰਹਿੰਦੇ। ਉਸ ਨੇ ਖੇਤੀ ਦੇ ਸਾਰੇ ਸੰਦ ਬਣਾਏ ਹੋਏ ਸਨ। ਉਹ ਨਾ ਕਿਸੇ ਕੋਲੋਂ ਸੰਦ ਮੰਗਦਾ ਸੀ ਤੇ ਨਾ ਹੀ ਕਿਸੇ ਨੂੰ ਮੰਗਿਆਂ ਦਿੰਦਾ ਸੀ। ਹਾਂ, ਜੇ ਉਹ ਕਿਸੇ ਆਦਮੀ ਨੂੰ ਆਪਣੇ ਮੁਤਾਬਕ ਸਹੀ ਸਮਝੇ ਤਾਂ ਉਸ ਨੂੰ ਮੰਗਣ 'ਤੇ ਦੇ ਵੀ ਦਿੰਦਾ ਸੀ।

ਅਜਿਹੇ ਬਾਪ ਦੀ ਛਤਰ ਛਾਇਆ ਹੇਠ ਪਲਿਆ ਸੁਰਜੀਤ ਸਿੰਘ ਵੀ ਇਮਾਨਦਾਰ ਤੇ ਅਸੂਲਪ੍ਰਸਤ ਬਣ ਗਿਆ। ਬੀ.ਏ. ਕਰ ਕੇ ਪੁਲਿਸ ਵਿਚ ਭਰਤੀ ਹੋ ਗਿਆ ਅਤੇ ਤਰੱਕੀ ਕਰਦਾ ਸਬ-ਇੰਸਪੈਕਟਰ ਬਣ ਗਿਆ। ਜਦ ਜੁਲਾਈ 1976 ਵਿਚ ਭਾਰਤ ਪਾਕਿਸਤਾਨ ਦਰਮਿਆਨ 'ਸਮਝੌਤਾ ਐਕਸਪ੍ਰੈਸ' ਚੱਲੀ, ਉਸ ਦੀ ਡਿਊਟੀ ਅਟਾਰੀ ਰੇਲਵੇ ਸਟੇਸ਼ਨ ਦੀ ਲੱਗ ਗਈ। ਗੱਡੀ ਆਉਣ ਤੋਂ ਪਹਿਲਾਂ ਉਹ ਆਪਣੇ ਕਾਊਂਟਰ 'ਤੇ ਆ ਬੈਠਦਾ। ਮੈਂ ਜਦ ਸਕੂਲੋਂ ਛੁੱਟੀ ਕਰ ਕੇ ਅਟਾਰੀ ਜਾਂਦਿਆਂ ਰੇਲਵੇ ਸਟੇਸ਼ਨ ਦੇ ਦੂਜੇ ਪਲੇਟ ਫਾਰਮ ਰਾਹੀਂ ਆਪਣੇ ਲੜਕੇ ਆਤਮਜੀਤ ਨੂੰ ਸਾਈਕਲ ਦੀ ਟੋਕਰੀ ਵਿਚ ਬਿਠਾ ਕੇ ਜਾ ਰਿਹਾ ਹੁੰਦਾ, ਉਸ ਨੇ ਮੈਨੂੰ ਆਵਾਜ਼ ਮਾਰ ਕੇ ਆਪਣੇ ਪਾਸ ਬਿਠਾ ਕੇ ਗੱਲਾਂ ਸ਼ੁਰੂ ਕਰ ਦੇਣੀਆਂ, "ਮਾਸਟਰ ਜੀ। ਟੀਚਰਾਂ ਦੇ ਬੱਚੇ ਹਮੇਸ਼ਾ ਲਾਇਕ ਨਿਕਲਦੇ ਹਨ। ਮਨੁੱਖ ਨਹੀਂ ਜਿਉਂਦਾ, ਉਸ ਦੇ ਐਕਸ਼ਨ ਜਿਉਂਦੇ ਹਨ।" ਉਸ ਤੋਂ ਬਗੈਰ ਸਾਰੇ ਕਸਟਮਜ਼ ਤੇ ਇਮੀਗਰੇਸ਼ਨ ਵਾਲੇ, ਕੁਲੀਆਂ ਰਾਹੀਂ ਰਿਸ਼ਵਤ ਲੈਂਦੇ ਸਨ। ਸਾਡੇ ਇਲਾਕੇ ਵਿਚ ਕੁਲੀਆਂ ਦੀ ਅਮੀਰੀ ਦੀਆਂ ਧੁੰਮਾਂ ਪੈ ਗਈਆਂ। ਕਈਆਂ ਨੇ ਮਾੜੇ ਕਿਸਾਨਾਂ ਦੀਆਂ ਜ਼ਮੀਨਾਂ ਗਹਿਣੇ, ਬੈਅ ਲੈਣੀਆਂ ਸ਼ੁਰੂ ਕਰ ਦਿੱਤੀਆਂ। ਕਈ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਗਹਿਣੇ ਪਾ ਕੇ ਆਪਣੇ ਮੁੰਡੇ ਰੇਲਵੇ ਸਟੇਸ਼ਨ 'ਤੇ ਕੁਲੀ ਰਖਵਾਏ। ਜਿਨ੍ਹਾਂ ਕੋਲ ਟੁੱਟਾ ਸਾਈਕਲ ਨਹੀਂ ਸੀ ਹੁੰਦਾ, ਉਨ੍ਹਾਂ ਬੁਲਟ ਮੋਟਰਸਾਈਕਲ ਖਰੀਦ ਲਏ।

ਅਸਲ ਵਿਚ ਪਾਕਿਸਤਾਨੋਂ ਆਈਆਂ ਸਵਾਰੀਆਂ ਆਪਣਾ ਦੋ ਨੰਬਰ ਦਾ ਮਾਲ ਲੰਘਾਉਣ ਵਾਸਤੇ ਕੁਲੀਆਂ ਨਾਲ ਸੌਦਾ ਕਰਦੀਆਂ। ਕੁਲੀ ਜੇ ਸਵਾਰੀ ਨਾਲ ਦਸ ਹਜ਼ਾਰ ਦਾ ਸੌਦਾ ਕਰਦਾ, ਕਸਟਮ ਵਾਲਿਆਂ ਨੂੰ ਪੰਜ ਹਜ਼ਾਰ ਦੱਸਦਾ ਤੇ ਪੰਜ ਹਜ਼ਾਰ ਆਪਣੀ ਜੇਬ ਵਿਚ ਪਾ ਲੈਂਦਾ। ਉਹ ਕਿਰਾਏ ਦੀ ਕਾਰ ਕਰ ਕੇ ਅੰਮ੍ਰਿਤਸਰ ਦੇ ਵਧੀਆ ਹੋਟਲ ਵਿਚ ਪਹਿਲਾਂ ਤੀਜਾ ਨੇਤਰ ਖੋਲ੍ਹਦੇ ਤੇ ਵਧੀਆ ਖਾਣਾ ਖਾ ਕੇ ਦੇਰ ਰਾਤ ਪਿੰਡ ਵੜਦੇ। ਸੁਰਜੀਤ ਸਿੰਘ ਨੇ ਦੇਖਿਆ ਕਿ ਇਹ ਜਿਹੜੇ ਕੁਲੀ ਤਾਸ਼ ਖੇਡ ਰਹੇ ਨੇ, ਸ਼ਰਾਬਾਂ ਪੀ ਰਹੇ ਨੇ ਅਤੇ ਕਸਟਮ ਵਾਲੇ ਆਪਣੇ ਕਾਊਂਟਰਾਂ 'ਤੇ ਬੈਠੇ ਨੇ, ਜਦ ਸਮਝੌਤਾ ਐਕਸਪ੍ਰੈਸ ਸਟੇਸ਼ਨ 'ਤੇ ਆਈ, ਇਨ੍ਹਾਂ ਨੇ ਸਵਾਰੀਆਂ ਨੂੰ ਚਾਕੂ-ਛੁਰੀਆਂ ਲੈ ਕੇ ਜਿਬ੍ਹਾ (ਰਿਸ਼ਵਤ ਲੈਣੀ) ਕਰਨਾ ਸ਼ੁਰੂ ਕਰ ਦੇਣਾ ਹੈ। ਸਵਾਰੀਆਂ ਵੀ ਨਾਜਾਇਜ਼ ਸਾਮਾਨ ਲੰਘਾਉਣ ਲਈ ਰਿਸ਼ਵਤ ਦਿੰਦੀਆਂ ਹਨ, ਪਰ ਕਈ ਸੱਚੇ ਵੀ ਹੁੰਦੇ ਹਨ।

ਇਕ ਦਿਨ ਕੋਈ ਦਾੜ੍ਹੀਵਾਲਾ ਬਜ਼ੁਰਗ ਮੁਸਲਮਾਨ ਇਨ੍ਹਾਂ ਦੇ ਕਾਬੂ ਆ ਗਿਆ। ਉਹ ਆਦਮੀ ਸੱਚਾ ਸੀ, ਪਰ ਇਹ ਉਸ ਕੋਲੋਂ ਵੀ ਰਿਸ਼ਵਤ ਮੰਗਦੇ ਸਨ। ਮੈਂ ਇੰਸਪੈਕਟਰ ਨੂੰ ਕਿਹਾ, ਤੁਸੀਂ ਇਸ ਨੇਕ ਆਦਮੀ ਨੂੰ ਕਿਉਂ ਪ੍ਰੇਸ਼ਾਨ ਕਰਦੇ ਹੋ? ਇਸ ਦੇ ਸਾਮਾਨ ਤੇ ਦਸਤਾਵੇਜ਼ ਵਿਚ ਵੀ ਕੁਝ ਵੀ ਗਲਤ ਨਹੀਂ ਹੈ। ਇੰਸਪੈਕਟਰ ਨਾਲ ਮੇਰੀ ਤੂੰ-ਤੂੰ, ਮੈਂ-ਮੈਂ ਹੋ ਗਈ। ਜਦ ਗੱਲ ਵਧ ਗਈ ਤਾਂ ਮੈਂ ਕਿਹਾ, "ਤੁਸੀਂ ਇਨ੍ਹਾਂ ਸਵਾਰੀਆਂ ਦਾ...ਖਾਂਦੇ ਹੋ, ਮੈਂ ਨਹੀਂ ਖਾਂਦਾ। ਮੈਂ ਉਸ ਦੇ



ਸੁਰਜੀਤ ਸਿੰਘ ਪੁਲਿਸ ਵਰਦੀ ਵਿਚ

ਕਾਗਜ਼ਾਂ 'ਤੇ ਕਲੀਅਰੈਂਸ ਦੀ ਮੋਹਰ ਲਾ ਕੇ ਉਸ ਨੂੰ ਵਿਦਾ ਕੀਤਾ। ਉਹ ਮੇਰੇ ਪੈਰ ਫੜੀ ਜਾਵੇ ਤੇ ਕਹੀ ਜਾਵੇ, ਤੁਸੀਂ ਗੁਰੂ ਬਾਬਾ ਨਾਨਕ ਦੇ ਸੱਚੇ ਸਿੱਖ ਹੋ, ਖੁਦਾ ਤੁਹਾਡਾ ਭਲਾ ਕਰੇ।"

ਅੰਮ੍ਰਿਤਸਰ ਦੇ ਐਸ.ਪੀ. ਦੇ ਦਫਤਰ ਵਿਚ ਉਹ ਓ.ਐਚ.ਸੀ. (ਔਰਡਰਲੀ ਹੈਡ ਕੌਂਸਟੇਬਲ) ਲੱਗਾ ਹੋਇਆ ਸੀ ਜੋ ਸਾਰੇ ਜ਼ਿਲ੍ਹੇ ਦੇ ਪੁਲਿਸ ਮੁਲਾਜ਼ਮਾਂ ਦੀਆਂ ਬਦਲੀਆਂ ਕਰਦਾ ਹੈ। ਐਸ.ਪੀ. ਨੇ ਕਿਸੇ ਸਿਫ਼ਾਰਸ਼ੀ ਥਾਣੇਦਾਰ ਦੀ ਬਦਲੀ ਕਰਨ ਵਾਸਤੇ ਕਿਹਾ। ਸੁਰਜੀਤ ਸਿੰਘ ਨੇ ਉਸ ਥਾਣੇਦਾਰ ਦਾ ਨੰਬਰ ਬਦਲੀਆਂ ਵਾਲੇ ਰਜਿਸਟਰ ਵਿਚ ਵੇਖਿਆ, ਡੇਢ ਸੌ ਮੁਲਾਜ਼ਮਾਂ ਤੋਂ ਥੱਲੇ ਸੀ। ਸੁਰਜੀਤ ਨੇ ਕਿਹਾ, "ਸਰ! ਇਸ ਦੀ ਬਦਲੀ ਨਹੀਂ ਹੋ ਸਕਦੀ ਕਿਉਂਕਿ ਇਸ ਤੋਂ ਡੇਢ ਸੌ ਮੁਲਾਜ਼ਮ ਸੀਨੀਅਰ ਹਨ।"

ਐਸ.ਪੀ. ਨੇ ਇਸ ਨੂੰ ਹੁਕਮ-ਅਦੂਲੀ ਸਮਝਿਆ ਤੇ ਗੁੱਸੇ ਵਿਚ ਆ ਕੇ ਕਿਹਾ, "ਗੋ ਟੂ ਦੀ ਲਾਈਨ!" ਸੁਰਜੀਤ ਸਿੰਘ ਨੇ ਮਾਰਿਆ ਕੱਛੇ ਬਿਸਤਰਾ, ਤੇ ਲਾਈਨ ਚਲਾ ਗਿਆ। ਜਦ ਦੋ ਘੰਟੇ ਬਾਅਦ ਐਸ.ਪੀ. ਨੂੰ ਸੁਰਜੀਤ ਸਿੰਘ ਦੀ ਲੋੜ ਪਈ, ਉਹਨੇ ਸੰਤਰੀ ਨੂੰ ਕਿਹਾ, "ਸੁਰਜੀਤ ਸਿੰਘ ਨੂੰ ਬੁਲਾਈਂ।" ਅੱਗਿਉਂ ਸੰਤਰੀ ਨੇ ਕਿਹਾ, "ਸਰ! ਉਹ ਤਾਂ ਉਦੋਂ ਹੀ ਲਾਈਨ ਨੂੰ ਚਲਾ ਗਿਆ ਸੀ।" ਐਸ.ਪੀ. ਨੇ ਮੱਥੇ 'ਤੇ ਹੱਥ ਮਾਰਿਆ, "ਪਤਾ ਨਹੀਂ ਇਹ ਬੰਦਾ ਕਿਸ ਮਿੱਟੀ ਦਾ ਬਣਿਆ ਹੈ?...ਫੋਨ ਕਰ ਕੇ ਉਸ ਨੂੰ ਵਾਪਸ ਬੁਲਾ, ਮੈਂ ਬਦਲੀ ਵਾਸਤੇ ਨਹੀਂ ਕਹਿੰਦਾ।"

ਜਦੋਂ ਉਹ ਕਿਸੇ ਪਿੰਡ ਤਫ਼ਤੀਸ਼ ਲਈ ਜਾਂਦੇ, ਛੋਲਿਆਂ ਦਾ ਛੋਟਾ ਪੈਕਟ ਆਪਣੀ ਬੋਝੇ ਵਿਚ ਰੱਖਦੇ। ਜਦੋਂ ਭੁੱਖ ਲਗਦੀ, ਛੋਲੇ ਖਾ ਕੇ ਨਲਕਾ ਗੇੜ ਕੇ ਪਾਣੀ ਪੀ ਲੈਂਦੇ; ਕਿਸੇ ਕੋਲੋਂ ਰੋਟੀ ਖਾਣ ਦੀ ਗੱਲ ਤਾਂ ਬਹੁਤ ਦੂਰ ਦੀ ਸੀ। ਉਨ੍ਹਾਂ ਦਾ ਕਹਿਣਾ ਸੀ, "ਸਾਡਾ ਕੋਈ ਹੱਕ ਨਹੀਂ ਕਿ ਅਸੀਂ ਜਿਸ ਬੰਦੇ ਦੀ ਤਫ਼ਤੀਸ਼ ਕਰ ਰਹੇ ਹਾਂ, ਉਸ ਪਾਸੋਂ ਰੋਟੀ ਖਾਈਏ। ਤਫ਼ਤੀਸ਼ ਕਿਵੇਂ ਨਿਰਪੱਖ ਹੋਵੇਗੀ?"

ਸ. ਗੁਰਸ਼ਰਨ ਸਿੰਘ ਜੇਜੀ ਅੰਮ੍ਰਿਤਸਰ ਦੇ ਐਸ.ਐਸ.ਪੀ. ਬਣ ਕੇ ਆਏ ਤਾਂ ਉਨ੍ਹਾਂ ਸੁਰਜੀਤ ਸਿੰਘ ਦੀ ਇਮਾਨਦਾਰੀ ਬਾਰੇ ਸੁਣਿਆ। ਸ. ਜੇਜੀ ਖੁਦ ਇਨਸਾਫ਼-ਪਸੰਦ ਅਫਸਰ ਸਮਝੇ ਜਾਂਦੇ ਸਨ। ਉਨ੍ਹਾਂ ਸੁਰਜੀਤ ਸਿੰਘ ਦੀ ਇਮਾਨਦਾਰੀ ਨੂੰ ਮੁੱਖ ਰੱਖਦਿਆਂ ਏ.ਐਸ.ਆਈ. ਦੇ ਕੋਰਸ ਲਈ ਫਿਲੌਰ ਭੇਜਣਾ ਚਾਹਿਆ। ਉਸ ਵਕਤ 45 ਪੁਲਿਸ ਵਾਲਿਆਂ ਨੂੰ ਏ.ਐਸ.ਆਈ. ਦੀ ਟ੍ਰੇਨਿੰਗ ਲਈ ਫਿਲੌਰ ਭੇਜਿਆ ਜਾਣਾ ਸੀ। ਸ. ਜੇਜੀ ਨੇ ਸੁਰਜੀਤ ਸਿੰਘ ਨੂੰ ਦਫਤਰ ਸੱਦਿਆ ਤੇ ਫਿਲੌਰ ਭੇਜਣ ਦੀ ਸੂਚਨਾ ਦਿੱਤੀ। ਸੁਰਜੀਤ ਸਿੰਘ ਦਾ ਜਵਾਬ ਸੀ, "ਸਰ! ਜੇ ਤੁਸੀਂ ਕਿਸੇ ਦਾ ਨੰਬਰ ਕੱਟ ਕੇ ਮੈਨੂੰ ਭੇਜਣਾ ਹੈ ਤਾਂ ਮੈਂ ਨਹੀਂ ਜਾਣਾ।" ਜੇਜੀ ਦਾ ਜਵਾਬ ਸੀ, "ਨਹੀਂ, ਮੈਂ ਤੈਨੂੰ ਸਪੈਸ਼ਲ ਕੋਟੇ ਵਿਚ ਭੇਜ ਰਿਹਾ ਹਾਂ।" ਪੱਕ ਹੋਣ ਪਿਛੋਂ ਹੀ ਸੁਰਜੀਤ ਸਿੰਘ ਫਿਲੌਰ ਜਾਣ ਵਾਸਤੇ ਤਿਆਰ ਹੋਇਆ।

ਥਾਣਾ ਡੀ ਡਿਵੀਜ਼ਨ ਅੰਮ੍ਰਿਤਸਰ ਦੀ ਗੱਲ ਹੈ, ਸੁਰਜੀਤ ਸਿੰਘ ਮੁਹੱਰਰ ਹੈਡ ਕੌਂਸਟੇਬਲ ਲੱਗਾ ਹੋਇਆ ਸੀ। ਦੋ ਨੰਬਰ ਦਾ ਕੰਮ ਕਰਨ ਵਾਲਾ ਇਕ ਆਦਮੀ ਫੜ ਕੇ ਹਵਾਲਾਤ ਵਿਚ ਬੰਦ ਕਰ ਦਿੱਤਾ। ਉਸ ਦੇ ਵਾਰਸਾਂ ਨੇ ਆਪਣਾ ਆਦਮੀ ਛੁਡਾਉਣ ਲਈ ਰਿਸ਼ਵਤ ਦੀ ਪੇਸ਼ਕਸ਼ ਕੀਤੀ। ਸੁਰਜੀਤ ਸਿੰਘ ਨੂੰ ਬਹੁਤ ਗੁੱਸਾ ਆਇਆ, ਕਿਹਾ, "ਸੰਤਰੀ, ਇਨ੍ਹਾਂ ਨੂੰ ਵੀ ਹੁਣੇ ਹਵਾਲਾਤ ਵਿਚ ਬੰਦ ਕਰ ਦੇ।" ਵਾਰਸਾਂ ਨੇ ਮਿੰਨਤਾਂ ਕਰ ਕੇ ਮਸਾਂ ਜਾਨ ਛੁਡਾਈ। ਪੇਂਡੂ ਇਲਾਕੇ ਦੀ ਇਕ ਪੁਲਿਸ ਚੌਕੀ ਵਿਚ ਇੰਚਾਰਜ ਲੱਗੇ ਹੋਏ ਸਨ। ਕਿਸੇ ਮੁਖਬਰ ਨੇ ਆ ਕੇ ਕਿਸੇ ਦੇ ਘਰ ਸ਼ਰਾਬ ਹੋਣ ਦੀ ਇਤਲਾਹ ਦਿੱਤੀ। ਸੁਰਜੀਤ ਸਿੰਘ ਦੱਸੇ ਹੋਏ ਘਰ ਪਹੁੰਚਿਆ। ਘਰ ਦੀ ਕੋਈ ਚਾਰਦੀਵਾਰੀ ਨਹੀਂ ਸੀ। ਗਰੀਬ ਆਦਮੀ ਦਾ ਇਕ ਹੀ ਕਮਰਾ ਸੀ। ਘਰ ਵਾਲਾ ਮਿੰਨਤਾਂ ਕਰੀ ਜਾਵੇ ਕਿ ਉਹ ਸ਼ਰਾਬ ਨਹੀਂ ਵੇਚਦਾ, ਕਿਸੇ ਨੇ ਝੂਠਾ ਇਲਜ਼ਾਮ ਲਾਇਆ ਹੈ। ਪੰਚਾਇਤ ਨੇ ਵੀ ਉਸ ਦੇ ਨਿਰਦੋਸ਼ ਹੋਣ ਦੀ ਹਾਮੀ ਭਰੀ। ਸੁਰਜੀਤ ਸਿੰਘ ਨੂੰ ਯਕੀਨ ਹੋ ਗਿਆ ਕਿ ਇਹ ਇਸ ਗਰੀਬ ਆਦਮੀ ਨੂੰ ਨਾਜਾਇਜ਼ ਫਸਾਉਣ ਦੀ ਸਾਜ਼ਿਸ਼ ਹੈ। ਉਸ ਨੇ ਮੁਖਬਰ ਨੂੰ ਉਥੇ ਹੀ ਢਾਹ ਲਿਆ। ਮੁਖਬਰ ਮੰਨ ਵੀ ਗਿਆ ਕਿ ਉਹਨੇ ਆਪ ਹੀ ਇਸ ਦੇ ਵਿਹੜੇ ਵਿਚ ਸ਼ਰਾਬ ਦੱਬੀ ਸੀ। ਉਸ ਦੇ ਹੱਥੀਂ ਜ਼ਮੀਨ ਪੁਟਵਾਈ ਅਤੇ ਮੁਕੱਦਮਾ ਦਰਜ ਕਰ ਕੇ ਉਹਨੂੰ ਜੇਲ੍ਹ ਭੇਜ ਦਿੱਤਾ।

ਤਰਨ ਤਾਰਨ ਸਦਰ ਥਾਣੇ ਦੀ ਗੱਲ ਹੈ। ਡੀ.ਐਸ.ਪੀ. ਨੇ ਸੁਰਜੀਤ ਸਿੰਘ ਨੂੰ ਕਿਹਾ, "ਕਿਸੇ ਸਾਮੀ ਨੂੰ ਕਹਿ ਕੇ ਮੇਰੇ ਘਰ 22 ਬੋਰੀਆਂ ਸੀਮੈਂਟ ਭੇਜ ਦੇ।" ਸੁਰਜੀਤ ਸਿੰਘ ਨੇ ਕਿਹਾ, "ਸਰ! ਮੈਂ ਕਿਸੇ ਦਾ ਗਲ ਘੁਟ ਕੇ ਇਹ ਕੰਮ ਨਹੀਂ ਕਰ ਸਕਦਾ।" ਡੀ.ਐਸ.ਪੀ. ਨੇ ਉਸ ਦੀ ਸ਼ਿਕਾਇਤ ਐਸ.ਐਸ.ਪੀ. ਨੂੰ ਕਰ ਦਿੱਤੀ ਕਿ ਹੁਕਮ-ਅਦੂਲੀ ਕਰਦਾ ਹੈ। ਪੇਸ਼ੀ ਹੋਈ ਤਾਂ ਉਸ ਨੇ ਐਸ.ਐਸ.ਪੀ. ਨੂੰ ਕਿਹਾ, "ਸਰ! ਮੈਨੂੰ ਇਹ ਕਹਿੰਦੇ ਨੇ ਕਿ ਕਿਸੇ ਸਾਮੀ ਤੋਂ 22 ਬੋਰੀਆਂ ਸੀਮੈਂਟ ਲੈ ਕੇ ਮੇਰੇ ਘਰ ਭੇਜ ਦੇ। ਮੈਂ ਕਿਸੇ ਤੋਂ ਰਿਸ਼ਵਤ ਨਹੀਂ ਲੈਂਦਾ। ਮੈਂ ਕਾਨੂੰਨ ਅਨੁਸਾਰ ਆਪਣੀ ਨੌਕਰੀ ਕਰਦਾ ਹਾਂ। ਮੈਂ ਇਹ ਕੰਮ ਨਹੀਂ ਕਰ ਸਕਦਾ।" ਐਸ.ਐਸ.ਪੀ. ਨੇ ਉਸ ਨੂੰ ਕੁਝ ਨਾ ਕਿਹਾ।

ਯੂ.ਪੀ. ਬਿਹਾਰ ਤੋਂ ਪਰਵਾਸੀ ਲੋਕ ਮਜ਼ਦੂਰੀ ਕਰਨ ਆਉਂਦੇ ਹਨ, ਅਕਸਰ ਉਹ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਹੀ ਆਪਣੀ ਰਿਹਾਇਸ਼ ਰੱਖਦੇ ਹਨ। ਜਦ ਪੁਲਿਸ ਵਾਲਿਆਂ ਦੇ ਮਹੀਨੇ ਦੇ ਕੇਸ ਪੂਰੇ ਨਾ ਹੁੰਦੇ ਤਾਂ ਉਹ ਨੰਗੇ ਪੈਰਾਂ ਵਾਲੇ ਇਨ੍ਹਾਂ ਪਰਵਾਸੀਆਂ ਨੂੰ ਫੜ ਕੇ ਉਨ੍ਹਾਂ 'ਤੇ ਨਾਜਾਇਜ਼ ਕੇਸ ਪਾ ਕੇ ਮਹੀਨੇ ਦੇ ਕੇਸ ਪੂਰੇ ਕਰ ਲੈਂਦੇ। ਜਦ ਸੁਰਜੀਤ ਸਿੰਘ ਇਸ ਇਲਾਕੇ ਵਿਚ ਆ ਕੇ ਲੱਗਾ, ਉਸ ਨੂੰ ਨੰਗੇ ਪੈਰਾਂ ਵਾਲਿਆਂ 'ਤੇ ਨਾਜਾਇਜ਼ ਕੇਸ ਪਾਉਣ ਲਈ ਉਪਰਲੇ ਅਫ਼ਸਰ ਨੇ ਕਿਹਾ। ਸੁਰਜੀਤ ਸਿੰਘ ਨੇ ਕਿਹਾ, "ਸਰ! ਉਹ ਵਿਚਾਰੇ ਰੋਜ਼ੀ-ਰੋਟੀ ਤੇ ਬੱਚਿਆਂ ਵਾਸਤੇ ਮਜ਼ਦੂਰੀ ਕਰਨ ਆਉਂਦੇ ਹਨ, ਜੇ ਅਸੀਂ ਨਾਜਾਇਜ਼ ਕੇਸ ਪਾਵਾਂਗੇ ਤਾਂ ਉਨ੍ਹਾਂ ਦੇ ਮਨ 'ਤੇ ਕੀ ਗੁਜ਼ਰੇਗੀ? ਉਨ੍ਹਾਂ ਸਿਰ ਕਿਹੜੀ ਸ਼ੈਅ ਪਾ ਕੇ ਕੇਸ ਪਾਵਾਂਗੇ?" ਅਫ਼ਸਰ ਨੇ ਕਿਹਾ, "ਅਫ਼ੀਮ ਪਾਵਾਂਗੇ।" ਜਦੋਂ ਸੁਰਜੀਤ ਸਿੰਘ ਨੇ ਕਿਹਾ ਕਿ 'ਅਫ਼ੀਮ ਕਿਥੋਂ ਆਵੇਗੀ?', ਤਾਂ ਅਫ਼ਸਰ ਦਾ ਜਵਾਬ ਸੀ, "ਮਾਲਖਾਨੇ ਵਿਚ ਕਿਲੋ ਅਫ਼ੀਮ ਪਈ ਹੈ, ਜਿੰਨੀ ਮਰਜ਼ੀ ਪਾ ਦਿਓ।" ਸੁਰਜੀਤ ਸਿੰਘ ਨੇ ਕਿਹਾ, "ਸਰ! ਫਿਰ ਤਾਂ ਪਹਿਲਾਂ ਪੁਲਿਸ ਖਿਲਾਫ਼ ਅਫ਼ੀਮ ਦਾ ਪਰਚਾ ਦਰਜ ਹੋਣਾ ਚਾਹੀਦਾ ਹੈ।" ਅਫ਼ਸਰ ਪਾਸ ਕੋਈ ਜਵਾਬ ਨਹੀਂ ਸੀ।

ਜਦ ਸੁਰਜੀਤ ਸਿੰਘ ਅਟਾਰੀ ਸਟੇਸ਼ਨ 'ਤੇ ਲੱਗਾ ਹੋਇਆ ਸੀ, ਉਸ ਵਕਤ ਪਾਕਿਸਤਾਨ ਤੋਂ ਕੱਪੜੇ ਅਤੇ ਅਫ਼ੀਮ ਦੀ ਸਮਗਲਿੰਗ ਹੁੰਦੀ ਸੀ। ਲੋਕ ਇਧਰੋਂ ਝੋਟੇ ਦੇ ਕੇ ਅਫ਼ੀਮ, ਪੇਪਰ ਪ੍ਰਿੰਟ ਤੇ ਫਲੈਟ ਮਾਰਕਾ ਕੱਪੜਾ ਲੈ ਆਉਂਦੇ। ਆਦਮੀ ਕਮੀਜ਼-ਪਜਾਮੇ ਵਾਸਤੇ ਫਲੈਟ ਦਾ ਕੱਪੜਾ ਤੇ ਜ਼ਨਾਨੀਆਂ ਪੇਪਰ ਪ੍ਰਿੰਟ ਦਾ ਕੱਪੜਾ ਆਪਣੇ ਸੂਟਾਂ ਵਾਸਤੇ ਮੰਗਵਾਉਂਦੀਆਂ। ਸਾਡੇ ਪਿੰਡ ਦੇ ਕੁਲੀ ਮੁੰਡੇ ਰਾਹੀਂ ਪੇਪਰ ਪ੍ਰਿੰਟ ਦਾ ਸੂਟ ਸੁਰਜੀਤ ਸਿੰਘ ਦੀ ਮਾਤਾ ਨੇ ਮੰਗਵਾ ਲਿਆ। ਜਦ ਸੁਰਜੀਤ ਸਿੰਘ ਨੂੰ ਪਤਾ ਲੱਗਾ, ਉਸ ਨੇ ਮੁੰਡੇ ਨੂੰ ਸੱਦ ਕੇ ਕਿਹਾ, "ਮੇਰੀ ਮਾਤਾ ਨੂੰ ਜਿਹੜਾ ਸੂਟ ਮੈਥੋਂ ਚੋਰੀ ਲਿਆ ਕੇ ਦਿੱਤਾ ਈ, ਵਾਪਸ ਲੈ ਕੇ ਆ; ਨਹੀਂ ਤਾਂ ਮੈਂ ਤੇਰੀ ਸ਼ਿਕਾਇਤ ਕਰ ਕੇ ਕੁਲੀ ਦੀ ਨੌਕਰੀ ਤੋਂ ਕਢਾ ਦਿਆਂਗਾ।" ਉਸ ਮੁੰਡੇ ਨੇ ਅਗਲੇ ਦਿਨ ਹੀ ਸੂਟ ਵਾਪਸ ਲੈ ਆਂਦਾ। ਸੁਰਜੀਤ ਸਿੰਘ ਦੀ ਮਾਤਾ ਨੇ ਬੇਸ਼ੱਕ ਸੂਟ ਪੈਸੇ ਦੇ ਕੇ ਲਿਆ ਸੀ, ਪਰ ਉਹ ਇਹ ਵੀ ਬਰਦਾਸ਼ਤ ਨਹੀਂ ਸੀ ਕਰ ਸਕਦਾ ਕਿ ਉਹਦੇ ਲੱਗੇ ਹੋਣ ਦਾ ਉਹਦੀ ਮਾਤਾ ਮੁੱਲ ਦਾ ਸੂਟ ਵੀ ਮੰਗਾ ਸਕੇ। ਅੱਗੇ ਤੋਂ ਮਾਤਾ ਜੀ ਨੂੰ ਵੀ ਕੋਈ ਚੀਜ਼ ਨਾ ਮੰਗਾਉਣ ਦੀ ਸਖ਼ਤ ਤਾੜਨਾ ਕਰ ਦਿੱਤੀ।



ਸੁਰਜੀਤ ਸਿੰਘ ਰਿਟਾਇਰਮੈਂਟ ਪਿਛੋਂ

ਜਦ ਸੁਰਜੀਤ ਸਿੰਘ ਇੰਸਪੈਕਟਰ ਬਣ ਕੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਆਉਣ ਲੱਗੇ ਤਾਂ ਰੇਲਵੇ ਸਟੇਸ਼ਨ ਅਟਾਰੀ ਵਾਲਾ ਇੰਸਪੈਕਟਰ, ਜਿਸ ਨਾਲ ਦਾੜ੍ਹੀ ਵਾਲੇ ਮੁਸਲਮਾਨ ਤੋਂ ਸੁਰਜੀਤ ਸਿੰਘ ਦਾ ਝਗੜਾ ਹੋਇਆ ਸੀ, ਵੀ ਡੀ.ਐਸ.ਪੀ. ਬਣ ਕੇ ਹੁਸ਼ਿਆਰਪੁਰ ਆਉਣ ਲੱਗਾ, ਸੁਰਜੀਤ ਸਿੰਘ ਨੇ ਸੋਚਿਆ ਕਿ ਬਦਲਾ ਲੈਣ ਲਈ ਉਸ ਉਤੇ ਕੋਈ ਝੂਠੀ ਸਾਜ਼ਿਸ਼ ਕਰ ਕੇ ਸਾਫ ਸੁਥਰੀ ਜ਼ਿੰਦਗੀ 'ਤੇ ਕੋਈ ਦਾਗ ਨਾ ਲਾ ਦੇਵੇ। ਉਹ ਪ੍ਰੀ-ਮਚਿਓਰ ਸੇਵਾ ਮੁਕਤੀ ਲੈ ਕੇ ਘਰ ਆ ਗਿਆ। ਉਸ ਵਕਤ ਜ਼ਿਲ੍ਹਾ ਹੁਸ਼ਿਆਰਪੁਰ ਦੇ ਐਸ.ਐਸ.ਪੀ. ਸ. ਪ੍ਰੀਤਮ ਸਿੰਘ ਹੁਰਾਂ ਸਨ। ਸੁਰਜੀਤ ਸਿੰਘ ਦੀ ਇਮਾਨਦਾਰੀ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਸੀ, "ਅਸੀਂ ਸੁਰਜੀਤ ਸਿੰਘ ਦੇ ਸਿਰ 'ਤੇ ਸਹੁੰ ਖਾਣ ਜੋਗੇ ਤਾਂ ਹੈਗੇ ਆ ਨਾ, ਕਿ ਸਾਡੀ ਪੁਲਿਸ ਇਮਾਨਦਾਰ ਹੈ ਤੇ ਰਿਸ਼ਵਤ ਨਹੀਂ ਲੈਂਦੀ।"

ਸੁਰਜੀਤ ਸਿੰਘ 2011 ਵਿਚ 85 ਸਾਲ ਉਮਰ ਭੋਗ ਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ, ਪਰ ਲੋਕਾਂ ਦੇ ਮਨਾਂ ਵਿਚ ਉਹ ਅੱਜ ਵੀ ਜ਼ਿੰਦਾ ਹਨ, ਉਨ੍ਹਾਂ ਦੇ ਚੰਗੇ ਕੰਮ ਜ਼ਿੰਦਾ ਹਨ।

# ਹੰਸ ਰਾਜ ਹੰਸ ਦੇ ਕੁਝ ਰਾਜ਼

(ਸਫਾ 25 ਦੀ ਬਾਕੀ)

ਹੈ, ਪਰ ਇਕ ਵਾਰ ਇਹ ਵੀ ਇਕ-ਦੂਜੇ ਵੱਲ ਪੂਰੀ ਤਰ੍ਹਾਂ ਪਿੱਠ ਕਰ ਕੇ ਖੜ੍ਹੇ ਹੋ ਗਏ ਸਨ। ਇਹ ਸਮਝੌਤਾ ਸਿਆਲ ਦੀ ਧੁੱਪੇ, ਮੈਂ ਆਪਣੇ ਘਰ ਦੀ ਛੱਤ ਹੇਠ ਸ਼ਮਸ਼ੇਰ ਅਤੇ ਹੰਸ ਨੂੰ ਆਹਮੋ-ਸਾਹਮਣੇ ਬਿਠਾ ਕੇ ਕਰਵਾਇਆ। ਇਤਫ਼ਾਕ ਇਹ ਕਿ ਉਹ ਤਾਂ ਟਿੱਚ-ਬਟਣ ਵਾਂਗ ਫਿਰ ਜੁੜ ਗਏ, ਪਰ ਸਾਡੀ ਗੁੱਸੇ-ਗਿਲੇ ਦੀ 'ਲਾ ਲਾ' ਫਿਰ ਵੀ ਹੁੰਦੀ ਰਹੀ।

ਵਕਤ ਨੇ ਬਹੁਤ ਕੁਝ ਬਦਲ ਦੇਣਾ ਹੁੰਦਾ ਹੈ। ਮੈਂ ਜਿਵੇਂ ਬਾਕੀ ਗਾਇਕਾਂ ਵਾਂਗ ਹੰਸ ਲਈ ਕੀਤਾ, ਉਹ ਹੁਣ ਵੀ ਕਰਦਾ ਰਿਹਾ ਹਾਂ। ਮੇਰੇ ਵਾਲੇ ਪੁਲ ਦੇ ਉਪਰ ਦੀ ਲੰਘਣ ਵਾਲੇ ਲੋਕਾਂ ਦੀ ਗਿਣਤੀ ਹਾਲੇ ਵੀ ਬਹੁਤ ਹੈ, ਪਰ ਹੰਸ ਹੁਣ ਬਹੁਤ ਵੱਡਾ ਬਣ ਗਿਆ ਹੈ। ਰਾਜਨੀਤੀ ਵਿਚ ਉਹਦਾ ਪ੍ਰਵੇਸ਼ ਬਾਕੀਆਂ ਵਾਂਗ ਮੈਨੂੰ ਵੀ ਚੁੱਭਦਾ ਰਿਹਾ ਹੈ। ਮੇਰੀ ਜਾਚੇ, ਉਹਨੂੰ ਇਸ ਰਾਹ ਉਤੇ ਪੈਰ ਪਿਛਾਂਹ ਹੀ ਰੱਖਣਾ ਚਾਹੀਦਾ ਹੈ। ਹੁਣ ਯੁੱਗ ਹੋਰ ਆ ਗਿਆ ਹੈ। ਉਹਦੀ ਕਲਾ ਪਿੱਛੇ ਦੌੜਨ ਵਾਲੇ ਘਟ ਗਏ ਨੇ, ਪਰ ਸਿਆਣੇ ਜ਼ਰੂਰ ਸ਼ਾਮਲ ਹੋ ਗਏ ਨੇ। ਸਮੇਂ ਨੇ ਇਕੋ ਜਿਹਾ ਰਹਿਣਾ ਵੀ ਨਹੀਂ ਹੁੰਦਾ!

ਹੰਸ ਇਕ ਵਾਰ ਮੇਰੇ ਨਾਲ ਰੱਜ ਕੇ ਲੋਹਾ-ਲਾਖਾ ਹੋਇਆ, ਇਹ ਗੱਲ ਕਹਿਣੋਂ ਮੈਂ ਰਹਾਂਗਾ ਵੀ ਨਹੀਂ:

ਦਸੰਬਰ ਮਹੀਨੇ ਵਿਚ ਜਿਵੇਂ ਸਾਲ ਦੀਆਂ ਘਟਨਾਵਾਂ 'ਅਜੀਤ' ਵਿਚ ਛਪਦੀਆਂ ਹਨ, ਉਵੇਂ ਕਈ ਵਰ੍ਹੇ 'ਪੰਜਾਬੀ ਗਾਇਕੀ: ਬੀਤਿਆ ਵਰ੍ਹਾ' ਸਿਰਲੇਖ ਹੇਠ ਮੈਂ ਲੇਖਾ-ਜੋਖਾ ਵੀ ਕਰਦਾ ਰਿਹਾ ਹਾਂ। ਘਟਨਾ 2000 ਦੀ ਹੈ। ਕਿਤੇ ਭੂਮਿਕਾ ਵਾਲੇ ਪਹਿਰੇ ਵਿਚ ਗਾਇਕੀ ਦੇ ਆਉਣ ਵਾਲੇ ਖਤਰਨਾਕ ਦੌਰ ਦੀ ਗੱਲ ਕਰਦਿਆਂ ਮੈਂ ਲਿਖ ਬੈਠਾ- 'ਬਿਨਾਂ ਸ਼ੱਕ ਅੱਜ ਹੰਸ, ਸਰਦੂਲ ਸਿਖਰ ਉਤੇ ਬੈਠੇ ਹਨ, ਪਰ ਗਾਇਕੀ ਲਈ ਆਉਣ ਵਾਲਾ ਸਮਾਂ ਅਜਿਹਾ ਆ ਰਿਹਾ ਹੈ ਕਿ ਪਤਾ ਨਹੀਂ ਕੌਣ, ਕਦੋਂ ਸਤਕ 'ਤੇ ਆ ਜਾਵੇ।' ਇਹ ਸੁਭਾਵਿਕ ਹੀ ਰਵਾਨੀ ਵਿਚ ਲਿਖਿਆ ਗਿਆ, ਮਨ ਵਿਚ ਖੋਟ ਜਾਂ ਸ਼ਰਾਰਤ ਕੋਈ ਨਹੀਂ ਸੀ। 'ਅਜੀਤ' ਦੇ ਐਤਵਾਰੀ ਮੈਗਜ਼ੀਨ ਵਿਚ ਇਹ ਪਹਿਲੇ ਲੇਖ ਵਜੋਂ ਛਪਿਆ, ਤਾਂ ਦੁਪਹਿਰੇ ਸਤਨਾਮ ਮਾਣਕ ਦਾ ਫੋਨ ਆ ਗਿਆ। ਜਿਵੇਂ ਮਾਣਕ ਦਾ ਸੁਭਾਅ ਹੀ ਹੈ- 'ਅਸੀਂ ਤੇਰੇ ਲੇਖ ਬਿਨਾਂ ਪੜ੍ਹੇ ਛਾਪਦੇ ਹਾਂ, ਤੂੰ ਹੰਸ ਬਾਰੇ ਗਲਤ ਲਿਖਿਆ, ਮਾੜੀ ਗੱਲ ਐ ਤੇਰੇ ਲਈ।' ਮੈਂ ਕਈ ਸਫ਼ਾਈਆਂ ਦਿੱਤੀਆਂ, ਪਰ ਮਾਣਕ ਨੇ ਇਹ ਕਹਿ ਕੇ ਗੱਲ ਨਿਬੇੜ ਦਿੱਤੀ, 'ਅੱਗੇ ਤੋਂ ਧਿਆਨ ਰੱਖੀਂ, ਨਹੀਂ ਤਾਂ ਭਾਜੀ ਨੇ ਐਂਟਰੀ ਬੰਦ ਕਰ ਦੇਣੀ ਆ।'

ਉਦੋਂ ਤਾਂ ਮੈਂ ਸੰਭਲ ਗਿਆ, ਜਿਵੇਂ ਭੂਚਾਲ ਨਾਲ ਭਾਂਡੇ ਹੀ ਹਿੱਲੇ ਹੋਣ, ਪਰ ਸ਼ਾਮ ਨੂੰ ਖੜਕ ਪਏ, ਮਾੜੀ ਕਿਸਮਤ ਕਿ ਮੈਂ ਹੰਸ ਨੂੰ ਫੋਨ ਕਰ ਬੈਠਾ, ਉਹ ਅੱਗਿਉਂ ਪੂਰਾ ਗਰਮ:

"...ਕੱਦ ਲਈ ਅੱਗ, ਤੂੰ ਤੋਰਦੈਂ ਸਾਨੂੰ ਸੜਕਾਂ 'ਤੇ, ਵੇਖਾਂਗੇ ਵੱਡੇ ਪੱਤਰਕਾਰ ਨੂੰ। ਤੇਰੇ ਕੋਲ ਟੁੱਟੀ ਜਿਹੀ ਮਾਰੂਤੀ ਕਾਰ ਐ, ਟੱਕਰ ਮਾਰ ਕੇ ਨਹਿਰ ਵਿਚ ਸੁੱਟ ਦਾਂ'ਗੇ..."

"ਗਾਇਕ ਗਾਉਂਦੇ ਤਾਂ ਸੀ, ਬੰਦੇ ਮਾਰਦੇ ਵੀ ਅੱਖੀਂ ਵੇਖਾਂਗੇ...!" ਪਰ ਉਹ ਮੇਰੀ ਗੱਲ ਸੁਣਨ ਤੋਂ ਪਹਿਲਾਂ ਹੀ ਫੋਨ ਕੱਟ ਗਿਆ ਸੀ।

ਫਿਰ ਵੀ ਮੈਂ ਹੰਸ ਨੂੰ ਮੁਹੱਬਤ ਤਾਂ ਕਰਦਾ ਰਿਹਾ ਹਾਂ ਕਿ ਉਹ ਅੰਦਰੋਂ ਨਹੀਂ ਕੁਝ ਕਹਿ ਸਕਦਾ...ਸਤਨਾਮ ਮਾਣਕ ਮੇਰੇ ਕੈਰੀਅਰ ਦਾ ਮਾਰਗ ਦਰਸ਼ਕ ਰਿਹਾ ਹੈ।

ਅਸਲ ਵਿਚ ਹੁਸਨ ਨਹੀਂ, ਹੁਸਨ ਦੇ ਜਲਵੇ ਹੀ ਚੇਤੇ ਰੱਖਣੇ ਚਾਹੀਦੇ ਹਨ।

## ਮਿੰਨੀ ਕਹਾਣੀ

### ਸਮਝ

"ਬਾਪੂ ਇਹ ਦੁਕਾਨ ਮੇਰੇ ਨਾਂ 'ਤੇ ਕਰ ਦੇਹ ਹੁਣ, ਕਿਉਂਕਿ ਦੁਕਾਨ ਤਾਂ ਮੈਂ ਹੀ ਸੰਭਾਲਦਾ ਹਾਂ, ਛੋਟੇ ਭਰਾ ਤਾਂ ਜੂਠੇ ਭਾਂਡੇ-ਟਿੰਡੇ ਹੀ ਸੰਭਾਲਦੇ ਨੇ," ਹਲਵਾਈ ਦੇ ਵੱਡੇ ਬੇਟੇ ਨੇ ਆਪਣੇ ਬਾਪੂ ਨੂੰ ਕਿਹਾ। "ਪਰ ਪੁੱਤਰਾ ਤੇਰੇ ਛੋਟੇ ਭਰਾ ਕੀ ਕਰਨਗੇ?" ਬਾਪੂ ਨੇ ਪੁੱਛਿਆ।

"ਉਹ ਤਾਂ ਬਾਪੂ ਕਿਸੇ ਹੋਰ ਦੁਕਾਨ 'ਤੇ ਲੱਗ ਜਾਣਗੇ ਜੂਠੇ ਭਾਂਡੇ ਮਾਂਜਣ ਵਾਸਤੇ," ਪੁੱਤਰ ਨੇ ਉਤਰ ਦਿੱਤਾ।

"ਪੁੱਤਰਾ, ਕੀ ਤੂੰ ਨਹੀਂ ਚਾਹੁੰਦਾ ਕਿ ਉਹ ਵੀ ਤੇਰੇ ਵਾਂਗ ਦੁਕਾਨ ਸੰਭਾਲਣ ਤੇ ਉਨ੍ਹਾਂ ਦੀ ਵੀ ਆਪਣੀ ਆਪਣੀ ਦੁਕਾਨ ਹੋਵੇ?" ਬਾਪੂ ਨੇ ਪੁੱਤਰ ਨੂੰ ਪੁੱਛਿਆ।

"ਬਾਪੂ ਉਹ ਤਾਂ ਅਜੇ ਬਹੁਤ ਛੋਟੇ ਨੇ, ਕਦੋਂ ਵੱਡੇ ਹੋਣਗੇ ਤੇ ਕਦੋਂ ਦੁਕਾਨ ਕਰਨਗੇ," ਪੁੱਤਰ ਨੇ ਜਵਾਬ ਦਿੱਤਾ।

"ਵੇਖ ਪੁੱਤਰਾ, ਅਸੀਂ ਵੀ ਤਿੰਨ ਭਰਾ ਸਾਂ ਪਰ ਮੇਰੇ ਬਾਪੂ ਨੇ ਸਖ਼ਤ ਮਿਹਨਤ ਕਰਕੇ ਸਾਡੇ ਸਾਰਿਆਂ ਲਈ ਇੱਕ-ਇੱਕ ਦੁਕਾਨ ਬਣਾ ਦਿੱਤੀ ਸੀ ਜਿਸ ਕਰਕੇ ਸਾਡੇ ਕੋਲ ਵੀ ਅੱਜ ਦੁਕਾਨ ਹੈ, ਜੇ ਮੇਰਾ ਵੱਡਾ ਭਰਾ ਵੀ ਮੇਰੇ ਬਾਪੂ ਨੂੰ ਫੁਸਲਾ ਕੇ ਦੁਕਾਨ ਆਪਣੇ ਨਾਂ ਕਰਾ ਲੈਂਦਾ ਤਾਂ ਮੈਂ ਵੀ ਅੱਜ ਕਿਸੇ ਦੁਕਾਨ 'ਤੇ ਜੂਠੇ ਭਾਂਡੇ ਮਾਂਜਦਾ ਹੋਣਾ ਸੀ," ਬਾਪੂ ਨੇ ਪੁੱਤਰ ਨੂੰ ਬੜੇ ਹੀ ਪਿਆਰ ਨਾਲ ਸਮਝਾਇਆ।

ਹੁਣ ਸ਼ਾਇਦ ਪੁੱਤਰ ਨੂੰ ਸਮਝ ਆ ਗਈ ਸੀ, ਉਹ ਉਠਿਆ ਤੇ ਆਪਣੇ ਛੋਟੇ ਭਰਾਵਾਂ ਨੂੰ ਬੁਲਾ ਕੇ ਉਨ੍ਹਾਂ ਨੂੰ ਦੁਕਾਨ ਦਾ ਕੰਮ ਸਮਝਾਉਣ ਲੱਗਾ। ਇਹ ਵੇਖ ਬਾਪੂ ਦੀਆਂ ਅੱਖਾਂ 'ਚ ਖੁਸ਼ੀ ਦੇ ਅੱਥਰੂ ਆ ਗਏ ਤੇ ਮਨ ਨੂੰ ਸਕੂਨ ਵੀ।

-ਨਾਇਬ ਸਿੰਘ 'ਸੈਂਪਲੇ'
ਫੋਨ: 91-98724-05203

# ਉਮਦਾ ਅਦਾਕਾਰ ਉਮਰ ਸ਼ਰੀਫ



ਫਿਲਮ 'ਲਾਰੰਸ ਆਫ ਅਰੇਬੀਆ' ਵਿਚ ਉਮਰ ਸ਼ਰੀਫ।

**ਕਿਰਤ ਕਾਸ਼ਣੀ**

ਮਿਸਰ ਦਾ ਜੰਮਪਲ ਅਤੇ ਆਪਣੀਆਂ ਗਹਿਰੀਆਂ ਅੱਖਾਂ ਨਾਲ ਸੰਵਾਦ ਰਚਾਉਣ ਵਾਲਾ ਚੋਟੀ ਦਾ ਕਲਾਕਾਰ ਉਮਰ ਸ਼ਰੀਫ 83 ਵਰ੍ਹਿਆਂ ਦੀ ਉਮਰ ਵਿਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। 'ਲਾਰੰਸ ਆਫ ਅਰੇਬੀਆ' ਅਤੇ 'ਡਾਕਟਰ ਜ਼ਿਵਾਗੋ' ਉਸ ਦੀਆਂ ਸ਼ਾਹਕਾਰ ਫਿਲਮਾਂ ਸਨ। ਫਿਲਮ 'ਲਾਰੰਸ ਆਫ ਅਰੇਬੀਆ' ਵਿਚ ਉਸ ਨੇ ਨਾਇਕ ਦੇ ਸਾਥੀ, ਕਬਾਇਲੀ ਲੀਡਰ ਸ਼ਰੀਫ ਅਲੀ ਦਾ ਅਹਿਮ ਕਿਰਦਾਰ ਨਿਭਾਇਆ ਸੀ ਅਤੇ ਉਸ ਨੂੰ ਇਸ ਕਿਰਦਾਰ ਬਦਲੇ ਸਰਵੋਤਮ ਸਹਾਇਕ ਅਦਾਕਾਰ ਦਾ ਆਸਕਰ ਪੁਰਸਕਾਰ ਮਿਲਿਆ। ਇਹ ਫਿਲਮ ਫਿਲਮਸਾਜ਼ ਡੇਵਿਡ ਲੀਨ ਨੇ 1962 ਵਿਚ ਬਣਾਈ ਸੀ। ਉਂਜ ਇਸ ਕਿਰਦਾਰ ਲਈ ਉਮਰ ਸ਼ਰੀਫ, ਡੇਵਿਡ ਲੀਨ ਦੀ ਪਹਿਲੀ ਪਸੰਦ ਨਹੀਂ ਸੀ। ਇਸ ਕਿਰਦਾਰ ਲਈ ਇਕ ਹੋਰ ਅਦਾਕਾਰ ਦੀ ਚੋਣ ਵੀ ਹੋ ਗਈ ਸੀ ਪਰ ਬਾਅਦ ਵਿਚ ਉਸ ਨੂੰ ਬਦਲ ਦਿੱਤਾ ਗਿਆ। ਇਸ ਕਿਰਦਾਰ ਦੀ ਚੋਣ ਖਾਤਰ ਫਿਲਮ ਦਾ ਨਿਰਮਾਤਾ ਸੈਮ ਸਪੀਜਲ ਉਚੇਚੇ ਤੌਰ 'ਤੇ ਕਾਹਿਰਾ (ਮਿਸਰ) ਗਿਆ ਸੀ।

ਦਰਅਸਲ ਇਸ ਕਿਰਦਾਰ ਦਾ ਸਾਰਾ ਦਾਰੋਮਦਾਰ ਉਸ ਦੀਆਂ ਅੱਖਾਂ ਅਤੇ ਅੱਖਾਂ ਦੇ ਰੰਗ ਉਤੇ ਸੀ। ਕਾਹਿਰਾ ਵਿਚ ਸਕਰੀਨ ਟੈਸਟ ਦੌਰਾਨ ਸੈਮ ਸਪੀਜਲ ਨੂੰ ਉਮਰ ਸ਼ਰੀਫ਼ ਜਚ ਗਿਆ ਅਤੇ ਉਸ ਦੀ ਅੰਗਰੇਜ਼ੀ ਬੋਲਣ ਦੀ ਮੁਹਾਰਤ ਦੀ ਬਦੌਲਤ ਇਹ ਰੋਲ ਉਸ ਨੂੰ ਮਿਲ ਗਿਆ। ਮਗਰੋਂ ਇਸ ਕਿਰਦਾਰ ਬਦਲੇ ਉਸ ਦੀ ਇੰਨੀ ਪ੍ਰਸ਼ੰਸਾ ਹੋਈ ਕਿ ਉਹ ਕੌਮਾਂਤਰੀ ਸਿਨੇਮਾ ਵਿਚ ਛਾ ਗਿਆ। ਤਿੰਨ ਸਾਲ ਬਾਅਦ ਉਸ ਦੀ ਫਿਲਮ 'ਡਾਕਟਰ ਜ਼ਿਵਾਗੋ' ਨੇ ਹੋਰ ਧੁੰਮਾਂ ਪਾ ਦਿੱਤੀਆਂ। ਇਹ ਫਿਲਮ ਰੂਸੀ ਲੇਖਕ ਬੋਰਿਸ ਪਾਸਤਰਨਾਕ ਦੇ ਇਸੇ ਨਾਂ ਵਾਲੇ ਨਾਵਲ ਉਤੇ ਆਧਾਰਿਤ ਸੀ। ਇਸ ਵਿਚ ਪਹਿਲੇ ਸੰਸਾਰ ਯੁੱਧ ਅਤੇ ਬਾਲਸ਼ਵਿਕ ਇਨਕਲਾਬ ਨੂੰ ਪੇਸ਼ ਕੀਤਾ ਗਿਆ ਸੀ। ਇਸ ਫਿਲਮ ਤੋਂ ਬਾਅਦ ਉਮਰ ਸ਼ਰੀਫ ਸੰਸਾਰ ਦੇ ਕਹਿੰਦੇ-ਕਹਾਉਂਦੇ ਅਦਾਕਾਰਾਂ ਵਿਚ ਸ਼ੁਮਾਰ ਹੋ ਗਿਆ।

ਉਸ ਦੀਆਂ ਹੋਰ ਅਹਿਮ ਫਿਲਮਾਂ ਵਿਚ 'ਦਿ ਫਾਲ ਆਫ਼ ਦਿ ਰੋਮਨ ਐਮਪਾਇਰ', 'ਦਿ ਨਾਈਟ ਆਫ਼ ਦੀ ਜਨਰਲਜ਼', 'ਫਨੀ ਗਰਲਜ਼', 'ਚੀ', 'ਦਿ ਲਾਸਟ ਵੈਲੀ', ਬਲੱਡਲਾਈਨਜ਼ ਆਦਿ ਸ਼ਾਮਲ ਹਨ। ਉਸ ਨੂੰ ਇਸੇ ਸਾਲ ਮਈ ਮਹੀਨੇ ਵਿਚ ਪਤਾ ਲੱਗਾ ਕਿ ਉਹ ਅਲਜ਼ਾਈਮਰ ਦੇ ਰੋਗ ਤੋਂ ਪੀੜਤ ਹੈ। ਉਸ ਦੇ ਪੁੱਤਰ ਤਾਰਿਕ ਅਲ-ਸ਼ਰੀਫ਼ ਮੁਤਾਬਕ ਉਸ ਦੇ ਅੱਬਾ ਨੂੰ ਆਪਣੇ ਕਰੀਅਰ ਤੇ ਫਿਲਮਾਂ ਬਾਰੇ ਹੁਣ ਕੁਝ ਕੁਝ ਹੀ ਚੇਤਾ ਰਹਿ ਗਿਆ ਸੀ। ਉਹ ਅਕਸਰ 'ਡਾਕਟਰ ਜ਼ਿਵਾਗੋ' ਅਤੇ 'ਲਾਰੰਸ ਆਫ਼ ਅਰੇਬੀਆ' ਨੂੰ ਆਪਸ ਵਿਚ ਰਲਗਡ ਕਰ ਦਿੰਦਾ ਸੀ। ਆਖਰਕਾਰ ਦਿਲ ਦੇ ਦੌਰੇ ਕਾਰਨ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ।





ਹਮਾਮਾ

## ਮਾਈਕਲ ਤੋਂ ਉਮਰ ਸ਼ਰੀਫ

*1954 ਵਿਚ ਉਮਰ ਸ਼ਰੀਫ਼ ਦੀ ਫਿਲਮ 'ਸਟਰਗਲ ਇੰਨ ਦਿ ਵੈਲੀ' ਆਈ ਸੀ ਜਿਸ ਵਿਚ ਫਤੀਨ ਹਮਾਮਾ ਨਾਇਕਾ ਸੀ। ਇਹ ਫਿਲਮ ਕਰਦਿਆਂ ਦੋਵੇਂ ਪਿਆਰ ਵਿਚ ਪੈ ਗਏ ਅਤੇ 1955 ਵਿਚ ਵਿਆਹ ਕਰਵਾ ਲਿਆ। ਉਮਰ, ਕੈਥੋਲਿਕ ਪਰਿਵਾਰ ਵਿਚੋਂ ਸੀ ਅਤੇ ਉਸ ਦਾ ਨਾਂ ਮਾਈਕਲ ਸ਼ਾਲਹੋਬ ਸੀ। ਹਮਾਮਾ ਨਾਲ ਵਿਆਹ ਮੌਕੇ ਉਸ ਨੇ ਇਸਲਾਮ ਕਬੂਲ ਲਿਆ ਅਤੇ ਨਵਾਂ ਨਾਂ ਉਮਰ ਸ਼ਰੀਫ਼ ਰੱਖ ਲਿਆ ਹੈ। ਉਨ੍ਹਾਂ ਦੇ ਘਰ ਤਾਰਿਕ ਨੇ 1957 ਵਿਚ ਜਨਮ ਲਿਆ। ਹਮਾਮਾ ਅਤੇ ਉਮਰ 1974 ਵਿਚ ਵੱਖ ਹੋ ਗਏ ਅਤੇ ਮਗਰੋਂ ਸ਼ਰੀਫ ਨੇ ਕਿਸੇ ਨਾਲ ਵਿਆਹ ਨਹੀਂ ਕਰਵਾਇਆ। ਉਹ ਕਹਿੰਦਾ ਹੁੰਦਾ ਸੀ ਕਿ ਪਿਆਰ ਤਾਂ ਸਿਰਫ਼ ਇਕ ਵਾਰ ਹੀ ਹੁੰਦਾ ਹੈ। 6 ਮਹੀਨੇ ਪਹਿਲਾਂ ਹੀ 17 ਜਨਵਰੀ 2015 ਨੂੰ ਹਮਾਮਾ ਦੀ ਮੌਤ ਹੋ ਗਈ ਸੀ।*

# ਵੰਗਾਰ ਦਾ ਵਕਤ: ਦਹਾਕਾ 1950 ਤੋਂ 60



ਆਵਾਜ਼ ਦੇ ਕਹਾਂ ਹੈ... -10-

ਕੁਲਦੀਪ ਕੌਰ

ਫੋਨ: +91-98554-04330

1950ਵਿਆਂ ਦੇ ਅਖੀਰ ਵਿਚ ਜਦੋਂ ਫਿਲਮ ਸੰਸਾਰ ਵਿਚ ਦਲੀਪ ਕੁਮਾਰ ਦੀ ਤੂਤੂ ਬੋਲ ਰਹੀ ਸੀ, ਵੱਖ ਵੱਖ ਨਿਰਦੇਸ਼ਕ ਵੱਖ ਵੱਖ ਵਿਸ਼ਿਆਂ 'ਤੇ ਫਿਲਮਾਂ ਬਣਾ ਰਹੇ ਸਨ। 1957 ਵਿਚ ਸੁਬੋਧ ਮੁਖਰਜੀ ਨੇ ਦੇਵਾਨੰਦ ਅਤੇ ਨੂਤਨ ਨੂੰ ਲੈ ਕੇ ਫਿਲਮ ਬਣਾਈ 'ਪੇਇੰਗ ਗੈਸਟ'। ਇਹ ਦੌਰ ਸ਼ੰਮੀ ਕਪੂਰ ਵਰਗੇ ਅਲਬੇਲੇ ਨਾਇਕ ਦੇ ਉਭਰਨ ਦਾ ਦੌਰ ਵੀ ਸੀ ਜਿਸ ਨੇ ਭਾਰਤੀ ਸਿਨੇਮਾ ਵਿਚ ਨਾਇਕ ਦੇ ਅਕਸ ਨੂੰ ਨਿਵੇਕਲੀ ਰੰਗਤ ਦਿੱਤੀ। ਨਾਸਿਰ ਹੁਸੈਨ ਦੁਆਰਾ ਨਿਰਦੇਸ਼ਿਤ ਪਹਿਲੀ ਹੀ ਫਿਲਮ 'ਤੁਮ ਸਾ ਨਹੀਂ ਦੇਖਾ' ਰਾਹੀ ਸ਼ੰਮੀ ਕਪੂਰ ਕਹਿੰਦੇ-ਕਹਾਉਂਦੇ ਅਦਾਕਾਰਾਂ ਦੇ ਬਰਾਬਰ ਆਣ ਖਲੋਇਆ। ਉਧਰ ਕਾਮੇਡੀ ਦੇ ਖੇਤਰ ਵਿਚ ਕਿਸ਼ੋਰ ਕੁਮਾਰ ਦਾ ਆਪਣਾ ਦਰਸ਼ਕ ਵਰਗ ਸੀ। ਫਿਲਮ 'ਚਲਤੀ ਕਾ ਨਾਮ ਗਾੜੀ' ਵਿਚ ਨਾਇਕ ਜਿਥੇ ਸਮਾਜਕ ਵਿਹਾਰ 'ਤੇ ਤਿੱਖਾ ਵਿਅੰਗ ਕਰਦਾ ਹੈ, ਉਥੇ ਹਲਕੇ-ਫੁਲਕੇ ਢੰਗ ਨਾਲ ਹਾਲਾਤ ਦਾ ਮੁਕਾਬਲਾ ਕਰਨ ਦਾ ਸੁਨੇਹਾ ਵੀ ਦਿੰਦਾ ਹੈ। 1958 ਵਿਚ ਹੀ ਸ਼ਕਤੀ ਸਾਮੰਤ ਦੀ ਫਿਲਮ 'ਹਾਵੜਾ ਬ੍ਰਿਜ' ਰਿਲੀਜ਼ ਹੋਈ। ਇਸ ਫਿਲਮ ਦੀ ਵਿਸ਼ੇਸ਼ ਖਿੱਚ ਸੀ ਇਸ ਫਿਲਮ ਦਾ ਸੰਗੀਤ ਅਤੇ ਗਾਣੇ। ਫਿਲਮ ਦੇ ਗਾਣੇ 'ਆਈਏ ਮਿਹਰਬਾਨ' ਅਤੇ 'ਮੇਰਾ ਨਾਮ ਚੁਨ ਚੁਨ ਚੁਨ' ਨੇ ਮਧੂਬਾਲਾ ਨੂੰ ਲੱਖਾਂ ਦਰਸ਼ਕਾਂ ਦੀ ਚਹੇਤੀ ਬਣਾ ਦਿੱਤਾ। 1958 ਵਿਚ ਹੀ ਆਈ ਫਿਲਮ 'ਫਿਰ ਸੁਬਹ ਹੋਗੀ'। ਇਹ ਫਿਲਮ ਰੂਸੀ ਨਾਵਲਕਾਰ ਦੋਸਤੋਵਸਕੀ ਦੇ ਨਾਵਲ 'ਕਰਾਈਮ ਐਂਡ ਪਨਿਸ਼ਮੈਂਟ' ਉਤੇ ਆਧਾਰਿਤ ਸੀ। ਫਿਲਮ ਵਿਚ ਮੁੱਖ ਭੂਮਿਕਾਵਾਂ ਰਾਜ ਕਪੂਰ ਅਤੇ ਮਾਲਾ ਸਿਨਹਾ ਨੇ ਨਿਭਾਈਆਂ। ਫਿਲਮ ਦਾ ਕਥਾਨਕ ਬਹੁਤ ਮਾਰਮਿਕ ਅਤੇ ਉਸ ਸਮੇਂ ਬਣ ਰਹੇ ਸਿਨੇਮਾ ਨਾਲੋਂ ਵੱਖਰਾ ਸੀ। ਫਿਲਮ ਦਾ ਸੰਗੀਤ ਖਯਾਮ ਨੇ ਤਿਆਰ ਕੀਤਾ ਸੀ ਤੇ ਗੀਤ ਸਾਹਿਰ ਲੁਧਿਆਣਵੀ ਨੇ ਲਿਖੇ ਸਨ। ਫਿਲਮ ਦਾ ਗਾਣਾ 'ਵੋ ਸੁਬਹ ਕਭੀ ਤੋਂ ਆਏਗੀ' ਆਪਣੀ ਪੇਸ਼ਕਾਰੀ ਅਤੇ ਉਮੀਦ ਦੇ ਰੰਗ ਕਾਰਨ ਬੇਹੱਦ ਮਕਬੂਲ ਹੋਇਆ। ਇਸ ਤੋਂ ਬਿਨਾਂ 'ਚੀਨ ਔਰ ਅਰਬ ਹਮਾਰਾ, ਹਿੰਦੋਸਤਾਂ ਹਮਾਰਾ/ਰਹਿਨੇ ਕੋ ਘਰ ਨਹੀਂ ਹੈ, ਸਾਰਾ ਜਹਾਂ ਹਮਾਰਾ' ਵਿਚਲੇ ਵਿਅੰਗ ਅਤੇ ਯਥਾਰਥ ਨੇ ਇਸ ਗਾਣੇ ਨੂੰ ਅਮਰ ਕਰ ਦਿੱਤਾ।













*ਖੱਬਿਓਂ... ਫਿਲਮ ਫਿਰ ਸੁਬਹ ਹੋਗੀ,ਪੇਇੰਗ ਗੈਸਟ, ਧੂਲ ਕਾ ਫੂਲ ਅਤੇ ਗੂੰਜ ਉਠੀ ਸ਼ਹਿਨਾਈ ਦੇ ਪੋਸਟਰ। ਇਨ੍ਹਾਂ ਫਿਲਮਾਂ ਨੇ 1950ਵਿਆਂ ਦੌਰਾਨ ਫਿਲਮ ਸੰਸਾਰ ਦਾ ਪੂਰਾ ਠੁਕ ਬੰਨ੍ਹਿਆ ਅਤੇ ਅਗਾਂਹ ਲਈ ਰਸਤੇ ਬਣਾਏ।*

ਇਸ ਫਿਲਮ ਦਾ ਤੀਜਾ ਗਾਣਾ 'ਫਿਰ ਨਾ ਕੀਜੇ ਮੇਰੀ ਗੁਸਤਾਖ ਨਿਗਾਹੀਂ ਕਾ ਗਿਲਾ, ਦੇਖੀਏ ਆਪ ਨੇ ਫਿਰ ਪਿਆਰ ਸੇ ਦੇਖਾ ਮੁਝਕੋ' ਸਿਰਫ ਸਾਹਿਰ ਵਰਗਾ ਸ਼ਾਇਰ ਹੀ ਲਿਖ ਸਕਦਾ ਸੀ।

1960 ਦੇ ਦੌਰ ਨੂੰ ਦੋ ਹੋਰ ਫਿਲਮਾਂ ਕਾਰਨ ਵੀ ਯਾਦ ਕੀਤਾ ਜਾਦਾ ਹੈ; ਪਹਿਲੀ ਸੀ 'ਗੂੰਜ ਉਠੀ ਸ਼ਹਿਨਾਈ' ਅਤੇ ਦੂਜੀ ਸੀ 'ਧੂਲ ਕਾ ਫੂਲ'। 'ਗੂੰਜ ਉਠੀ ਸ਼ਹਿਨਾਈ' ਦੀ ਸਭ ਤੋਂ ਵੱਡੀ ਖਾਸੀਅਤ ਸੀ, ਪ੍ਰਸਿੱਧ ਸ਼ਹਿਨਾਈ ਵਾਦਕ ਉਸਤਾਦ ਬਿਸਮਿੱਲਾ ਖਾਨ ਦੀ ਸ਼ਹਿਨਾਈ ਦੀਆਂ ਧੁਨਾਂ। ਫਿਲਮ ਦਾ ਬਿਰਤਾਂਤ ਵੀ ਇਕ ਸ਼ਹਿਨਾਈ ਵਾਦਕ ਦੀ ਜ਼ਿੰਦਗੀ 'ਤੇ ਆਧਾਰਿਤ ਸੀ। 'ਧੂਲ ਕਾ ਫੂਲ' ਫਿਲਮ ਬੀ.ਆਰ. ਚੋਪੜਾ ਦੇ ਭਰਾ ਯਸ਼ ਚੋਪੜਾ ਨੇ ਨਿਰਦੇਸ਼ਿਤ ਕੀਤੀ ਸੀ। ਇਸ ਫਿਲਮ ਵਿਚ ਮੁੱਖ ਅਦਾਕਾਰ ਸਨ ਰਾਜਿੰਦਰ ਕੁਮਾਰ, ਮਾਲਾ ਸਿਨਹਾ, ਲੀਨਾ ਚਿਟਨਿਸ ਅਤੇ ਨੰਦਾ। ਯਸ਼ ਚੋਪੜਾ ਉਸ ਸਮੇਂ ਸਤਾਈ ਸਾਲ ਦੇ ਨੌਜਵਾਨ ਸਨ ਅਤੇ ਜਵਾਹਰ ਲਾਲ ਨਹਿਰੂ ਤੋਂ ਬਹੁਤ ਪ੍ਰਭਾਵਿਤ ਸਨ। ਇਸ ਫਿਲਮ ਵਿਚ ਇਕ ਮੁਸਲਮਾਨ ਇਕ ਹਿੰਦੂ ਬੱਚੇ ਜੋ ਬਿਨਾਂ ਵਿਆਹ ਤੋਂ ਪੈਦਾ ਹੋਇਆ ਹੈ, ਨੂੰ ਪਾਲਦਾ ਹੈ। ਫਿਲਮ ਦਾ ਗਾਣਾ 'ਤੂੰ ਹਿੰਦੂ ਬਨੇਗਾ ਨਾ ਮੁਸਲਮਾਨ ਬਣੇਗਾ, ਇਨਸਾਨ ਕੀ ਔਲਾਦ ਹੈ, ਇਨਸਾਨ ਬਣੇਗਾ' ਨਹਿਰੂ ਦੀ ਧਰਮ ਨਿਰਪੱਖਤਾ ਅਤੇ ਸਮਾਜਵਾਦੀ ਨੀਤੀਆਂ ਦਾ ਝਲਕਾਰਾ ਸੀ। ਜੇ ਗੁਰੂ ਦੱਤ ਦੀਆਂ ਫਿਲਮਾਂ ਨੂੰ ਛੱਡ ਦਿੱਤਾ ਜਾਵੇ ਤਾਂ 1950 ਤੋਂ 1960 ਤੱਕ ਦਾ ਸਿਨੇਮਾ ਮੁੜ-ਘਿੜ ਕੇ ਰਾਸ਼ਟਰ ਨਵ-ਨਿਰਮਾਣ ਦੇ ਆਸ-ਪਾਸ ਘੁੰਮਦਾ ਨਜ਼ਰ ਆਉਂਦਾ ਹੈ। ਇਸ ਦੌਰ ਦੇ ਸਿਨੇਮਾ ਨੇ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸਮਾਜਕ ਮੁੱਦਿਆਂ ਨੂੰ ਲੋਕਾਈ ਦੇ ਵੱਡੇ ਹਿੱਸਿਆਂ ਤੱਕ ਪਹੁੰਚਾਉਣ ਦਾ ਕੰਮ ਕੀਤਾ। ਨਵਾਂ ਨਵਾਂ ਆਜ਼ਾਦ ਹੋਇਆ ਮੁਲਕ ਆਪਣੇ ਨੌਜਵਾਨਾਂ 'ਤੇ ਟੇਕ ਲਗਾਈ ਬੈਠਾ ਸੀ। ਸਿਨੇਮਾ ਇਸੇ ਨੌਜਵਾਨ ਨੂੰ ਨਵੇਂ ਰਾਹ ਲੱਭਣ ਲਈ ਵੰਗਾਰ ਰਿਹਾ ਸੀ। ਰਾਜ ਕਪੂਰ 'ਜਾਗਤੇ ਰਹੋ' ਦਾ ਹੋਕਾ ਦੇ ਰਿਹਾ ਸੀ, ਬੀ.ਆਰ. ਚੋਪੜਾ 'ਨਵੇਂ ਦੌਰ' ਦਾ ਰਾਹ ਤਲਾਸ਼ ਰਿਹਾ ਸੀ, ਸ਼ੰਮੀ ਕਪੂਰ ਦਾ 'ਜੰਗਲੀ' ਵਾਲਾ ਪਿਆਰ ਦਰਸ਼ਕਾਂ ਦੇ ਗਲੇ ਉਤਰਨਾ ਸ਼ੁਰੂ ਹੋ ਗਿਆ ਸੀ।

ਸਾਲ 1960 ਵਿਚ ਬਣੀ ਫਿਲਮ 'ਮੁਗਲ-ਏ-ਆਜ਼ਮ' ਨੂੰ ਭਾਰਤੀ ਸਿਨੇਮਾ ਵਿਚ ਇਕਮੋੜ ਦੇ ਤੌਰ 'ਤੇ ਦੇਖਿਆ ਜਾ ਸਕਦਾ ਹੈ। 'ਮੁਗਲ-ਏ-ਆਜ਼ਮ' ਦੇ ਨਿਰਦੇਸ਼ਕ ਕੇ. ਆਸਿਫ ਦੀ ਇਹ ਸ਼ਾਹਕਾਰ ਫਿਲਮ ਸੀ। ਇਹ ਫਿਲਮ ਤਕਰੀਬਨ ਦਸ ਸਾਲ ਵਿਚ ਪੂਰੀ ਹੋਈ। ਫਿਲਮ ਖੂਬਸੂਰਤ ਅਦਾਕਾਰਾ ਮਧੂਬਾਲਾ ਦੇ ਕਰੀਅਰ ਦੀ ਵੀ ਮਹਤੱਵਪੂਰਨ ਫਿਲਮ ਸੀ ਅਤੇ ਨਿੱਜੀ ਪੱਧਰ 'ਤੇ ਵੀ ਉਹ ਅਤੇ ਦਲੀਪ ਕੁਮਾਰ ਆਪਣੀ ਮੁਹੱਬਤ ਨੂੰ ਰੇਤ ਵਾਂਗ ਕਿਰਦਿਆਂ ਦੇਖ ਰਹੇ ਸਨ। ਫਿਲਮ ਦੇ ਦੂਜੇ ਅੱਧ ਤੋਂ ਬਾਅਦ ਉਨ੍ਹਾਂ ਦੀ ਆਪਸੀ ਗੱਲਬਾਤ ਵੀ ਬੰਦ ਹੋ ਚੁੱਕੀ ਸੀ। ਇਸ ਫਿਲਮ ਤੋਂ ਬਾਅਦ ਹੀ ਦਿਲ ਦੀ ਮਰੀਜ਼ ਹੋਣ ਕਾਰਨ ਡਾਕਟਰਾਂ ਨੇ ਮਧੂਬਾਲਾ ਨੂੰ ਨਵੀਆਂ ਭੂਮਿਕਾਵਾਂ ਸਾਈਨ ਕਰਨ ਤੋਂ ਮਨਾ ਕਰ ਦਿੱਤਾ ਸੀ। ਇਸ ਫਿਲਮ ਤੋਂ ਬਾਅਦ ਦੇ ਸਿਨੇਮਾ ਵਿਚ ਇਕ ਪਾਸੇ ਕਾਲੇ-ਚਿੱਟੇ ਦੌਰ ਦੀ ਰੁਮਾਨੀਅਤ ਦਾ ਜਾਦੂ ਉਤਰਨਾ ਸ਼ੁਰੂ ਹੋ ਗਿਆ ਸੀ, ਦੂਜੇ ਪਾਸੇ ਇਸੇ ਸਿਨੇਮਾ ਦੇ ਗਰਭ ਵਿਚੋਂ ਨਵੇਂ ਕਲਾ ਅੰਦੋਲਨ ਦਾ ਜਨਮ ਹੋਣਾ ਸੀ।

(ਚਲਦਾ)


"Healthy Body & Healthy Mind"
Sikh Sports Association of USA proud to announce
9th Annual Games
Grand Sponsors
Harbans Ahluwalia
Inder Dosanjh
Jag Kapoor
Raj Bhanot
Rajinderpal Dhillon
Charnjeet Bath
Ravinder Singh
Alok Bhatia
Dr.Jasvir Gill
Jasbir Thandi
SIKH SPORTS ASSOCIATION OF U.S.A.
• July 25-26, 2015 • Saturday & Sunday
James Logan High School, Union City
(1800 H St, Union City, CA 94587)
• FREE ENTRANCE • FREE PARKING
Diamond Sponsors
Billy Bath
Dr.Charanjeet Uppal
Amolak Gakhal
Harry Sidhu
Sardool Samra
Joe Johal
Darshan Mundy
Daljeet Sagoo
Navdeep Grewal
Dalwinder Dhoot
Narinder Sahota
Sukhjit Nahal
Paul Sihota
Harmit Toor
Bhagwant Mangat
Raj Mangat
Bhagdeep Dhaliwal
Dr. J.S.Natt
Jaswinder Gill
Manraj Natt
Platinum Sponsors
Avtar Gill,
Nijar Bros,
Jaswant Sra
Balwinder Brar,
Lakhwinder Brar
Dr Hardev Mangat
Att. Jaspreet Singh
Pritam Grewal
Sam Chatha
Captain Aulakh
Gary Singh
Davinder Chana
Avtar Dhami
Gursharan Sekhon
Avtar Tari
Kashmir Dhugga
Iqbal Hundal
Surjit Hothi
Lakhbir Singh
Amarjit Sidhu
Sudesh Atwal
Sukhdev Bainiwal
Harjinder Johal
Dr.SS Gill
Manjit Sandhu
Inderjit Thind
Darshan Kahlon
Mehnga Singh
Darshan Aujla
Bikramjit Kahlon
Jang Badesha
Kirpal Khanna
Iqbal Gakhal
Shamsher Baraich
Kashmir Shai
Raj Chahal
Jagmohan Kailey
Avtar Heerey
Amritpal Tiwana
Late Swinder S.Kahlon
Hardeep Aulakh
Jagraj Sahota
Basketball
Rana Kahlon
510.378.8560
Kabaddi
Kulwant Nijjar
510.299.0224
Kabaddi
Gurdawar Mann
510.468.9381
Track N Field
Puran Singh
510.731.8531
Flag Football
Raaj Raman
209.679.8326
Tennis
Gurdarshan Chakkal
408.750.7191
Field Hockey
Bhupinder Parmar
510.305.8351
Soccer
Davinder Singh
510.552.1572
Volleyball
Kuldeep Sidhu
925.890.4750
Sandeep Chahal | 408.931.5200
Register your team at www.sikhsports.com | Catering : Moonlight Indian Cuisine, Hayward
Sikh Sports Association is 501 3(c) non profit Organization | General Information 1.866.499.0032

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

We can sell your house in short sale at no cost to you.

Selling Homes from Gilroy to Sacramento, CA

Call us before visiting any model homes to save big time.



105 Machado Court,
Tracy, CA 95376
3 Bedrooms, 2.5 Bathrooms,
2 Car Garage
Living Area: 1812 Sq. Ft
Lot: 4948 Sq. Ft.
Asking: $379,000



2728 Jackson Ave.,
Tracy, CA 95377
6 Bedrooms, 4.5 Baths,
2 Car Garage
Area: 3128 Sq. Ft
Lot: 6534 Sq Ft
** Coming Soon **




1849 Girard Drive,
Milpitas CA 95035
3 Bedrooms, 2 Baths,
2 Car Garage
Area 1163 Sq. Ft
Lot 5663 Sq. Ft.
Asking: $699,000



541 Micheletos Way,
Manteca, CA 95336
5 Bedrooms, 3 Bathrooms,
3 Car Garage
Living Area: 3305 Sq. Ft
Lot: 6408 Sq. Ft.
Asking: $420,000



2781 Determine Drive,
Atwater, CA 95301
4-Plex - 3 Bedrooms
2 Bathrooms each unit
Living Area: 3890 Sq. Ft
Lot: 10890 Sq. Ft
Asking: $265,000

**JUST SOLD**

1. 2622 Daniel Hansen Way, Tracy, CA 95377
2. 29180 Marshbrook Dr., Hayward CA 94545
3. 240 Lloyd Ave., Fremont, CA 94536
4. 1337 Gentry Ln., Tracy, CA 95377
5. 1643 Orleans Dr., San Jose CA 95122
6. 4902 Miramare, Stockton, CA 95206
7. 3268 Jonathen Street, Stockton CA 95206
8. 2535 Karen Ct. Union City, CA 94587
9. 1253 Henry Long Blvd., Stockton CA 95206
10. 2506 Dry Creek Way Stockton, CA 95206

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

Grand Master Award Winner 2012, 2013 & 2014

Commercial Unit
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
DHMS, Loan Broker
@ 510-207-9067
CA BRE Lic.#01180969
NMLS# 352095